# ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ
# ਲੋਕ-ਤੱਤ

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ
ਪੀ. ਐਚ. ਡੀ. ਦੀ ਡਿਗਰੀ ਲਈ ਪ੍ਰਸਤੁਤ
ਸੋਧ-ਪ੍ਰਬੰਧ
1982

PANJAB UNIVERSITY

ਨਿਗਰਾਨ ;
ਡਾ. ਸੁਰਿੰਦਰ ਸਿੰਘ ਕੋਹਲੀ
ਡਾਇਰੈਕਟਰ, ਪੰਜਾਬ ਸਟੇਟ ਯੂਨੀਵਰਸਿਟੀ
ਟੈਕਸਟ-ਬੁਕ ਬੋਰਡ, ਚੰਡੀਗੜ੍ਹ ।

ਪ੍ਰਸਤੁਤ ਕਰਤਾ :
ਅਮਰਜੀਤ ਢੀਂਗਰਾ
ਲੈਕਚਰਾਰ,
ਡੀ. ਏ. ਵੀ. ਕਾਲਜ਼ ਫਾਰ ਗਰਲਜ਼
ਯਮੁਨਾ ਨਗਰ

# ਤ ਤ ਕ ਰਾ


| ਲੜੀ ਨੰ: | ਕੀ ? | ਕਿਥੇ ਪੰਨਾ |
|---|---|---|
| | ਭੂਮਿਕਾ | 1-4 |
| 1- | ਅਧਿਆਇ ਪਹਿਲਾ : ਲੋਕ ਤੱਤ ਅਤੇ ਲੋਕ ਧਾਰਾ | 5-17 |
| 2- | ਅਧਿਆਇ ਦੂਜਾ : ਗੁਰੂ ਅਰਜਨ- ਬਾਣੀ ਦੇ ਵਿਸ਼ੇ ਤੇ ਵਿਵਰਣ | 18-62 |
| 3- | ਅਧਿਆਇ ਤੀਜਾ : ਗੁਰੂ ਅਰਜਨ- ਬਾਣੀ ਤੇ ਲੋਕ-ਕਾਵਿ ਰੂਪ | 63-[illegible] |
| 4- | ਅਧਿਆਇ ਚੌਥਾ : ਗੁਰੂ ਅਰਜਨ-ਬਾਣੀ ਤੇ ਲੋਕ-ਧਰਮ | [illegible] |
| 5- | ਅਧਿਆਇ ਪੰਜਵਾਂ : ਗੁਰੂ ਅਰਜਨ-ਬਾਣੀ ਵਿਚ ਪੌਰਾਣਿਕ ਸੰਕੇਤ | [illegible] |
| 6- | ਅਧਿਆਇ ਛੇਵਾਂ : ਗੁਰੂ ਅਰਜਨ-ਬਾਣੀ ਵਿਚ ਲੋਕ-ਛੰਦ ਤੇ ਅਲੰਕਾਰ | [illegible] |
| 7- | ਅਧਿਆਇ ਸਤਵਾਂ : ਗੁਰੂ ਅਰਜਨ - ਬਾਣੀ ਵਿਚ ਸੰਗੀਤਾਤਮਕਤਾ | [illegible]-175 |
| 8- | ਅਧਿਆਇ ਅਠਵਾਂ : ਗੁਰੂ ਅਰਜਨ- ਬਾਣੀ [illegible] ਤੇ ਲੋਕ- ਬੋਲੀ | 176-201 |
| 9- | ਨਿਸ਼ਕਰਸ਼ | [illegible] |
| 10- | ਪੁਸਤਕ - ਸੂਚੀ | [illegible] |


***

# ਭੂ ਮਿ ਕਾ

ਗੁਰਬਾਣੀ ਵਿਚ ਮੇਰੀ ਰੁਚੀ ਤੇ ਝੁਕਾ ਬਚਪਨ ਤੋਂ ਹੀ ਰਿਹਾ ਹੈ ਜੋ ਸੁਭਾਵਿਕ ਮੈਨੂੰ ਵਿਰਸੇ ਵਿਚ ਮਿਲਿਆ ਹੈ । ਜਦੋਂ ਮੈਂ ਪੀ.ਐਚ. ਡੀ. ਲਈ ਵਿਸ਼ੇ ਦੀ ਚੋਣ ਕਰਨੀ ਸੀ ਤਾਂ ਸਭ ਤੋਂ ਪਹਿਲਾਂ ਮੈਨੂੰ ਗੁਰਬਾਣੀ ਤੇ ਕੰਮ ਕਰਨ ਦਾ ਖ਼ਿਆਲ ਆਇਆ । ਮੈਂ ਆਪਣੇ ਮਨ ਦੀ ਭਾਵਨਾ ਉਦੋਂ ਦੇ ਪੰਜਾਬੀ ਵਿਭਾਗ ਦੇ ਅਧਿਅਕਸ਼, ਡਾ. ਸੁਰਿੰਦਰ ਸਿੰਘ ਕੋਹਲੀ ਜੀ ਨੂੰ ਦੱਸੀ ਤਾਂ ਉਨ੍ਹਾਂ ਨੇ ਮੇਰੇ ਨਾਲ ਸਹਿਮਤੀ ਪ੍ਰਗਟ ਕੀਤੀ ਤੇ ਮੈਨੂੰ ਗੁਰੂ ਅਰਜਨ ਦੇਵ ਦੀ ਬਾਣੀ ਦੇ ਕਿਸੇ ਪੱਖ ਉਤੇ ਕੰਮ ਕਰਨ ਦੀ ਸਲਾਹ ਦਿੱਤੀ । ਜਦੋਂ ਮੈਂ ਵੇਖਿਆ ਕਿ ਗੁਰੂ ਅਰਜਨ ਦੇਵ ਦੀ ਬਾਣੀ ਤੇ ਡਾ. ਕਰਤਾਰ ਸਿੰਘ ਸੂਰੀ, ਡਾ. ਮਹਿੰਦਰ ਕੌਰ ਗਿੱਲ ਅਤੇ ਡਾ. ਰਮਿੰਦਰਜੀਤ ਕੌਰ ਵਾਲੀਆ ਆਦਿ ਵਿਦਵਾਨ ਪੀ. ਐਚ. ਡੀ. ਕਰ ਚੁੱਕੇ ਹਨ ,ਇਸ ਤੋਂ ਛੁੱਟ ਹੋਰ ਕਈ ਖੋਜਾਰਥੀ ਗੁਰੂ ਅਰਜਨ ਬਾਣੀ ਦੇ ਵੱਖ ਵੱਖ ਪਹਿਲੂਆਂ ਉਤੇ ਖੋਜ-ਕਾਰਜ ਕਰ ਰਹੇ ਹਨ, ਤਾਂ ਮੈਂ ਗੁਰੂ ਅਰਜਨ-ਬਾਣੀ ਦਾ ਕੋਈ ਨਵੇਕਲਾ ਤੇ ਅਛੂਤਾ ਪੱਖ ਲੱਭਣਾ ਸ਼ੁਰੂ ਕੀਤਾ । ਇਸੇ ਦੌਰਾਨ ਮੈਨੂੰ ਡਾ. ਜੋਗਿੰਦਰ ਸਿੰਘ ਕੈਰੋਂ ਦੇ ਗੁਰਬਾਣੀ ਵਿਚ ਲੋਕ-ਤੱਤ ਅਤੇ ਲੋਕਧਾਰਾ ਵਿਸ਼ੇਸ਼ਕ ਲੇਖ ਅਤੇ ਪੁਸਤਕ ਪੜ੍ਹਨ ਦਾ ਅਵਸਰ ਪ੍ਰਾਪਤ ਹੋਇਆ, ਜਿਨ੍ਹਾਂ ਵਿਚ ਗੁਰੂ ਨਾਨਕ ਬਾਣੀ ਤੇ ਗੁਰੂ ਅਰਜਨ ਬਾਣੀ ਦਾ ਅਧਿਐਨ ਇਸ ਪੱਖ ਤੋਂ ਕੀਤਾ ਗਿਆ ਸੀ । ਮੇਰੀ ਦਿਲਚਸਪੀ ਇਸ ਖੇਤਰ ਵੱਲ ਵਧਣ ਲੱਗੀ ਤੇ ਜਿਉਂ ਜਿਉਂ ਮੈਂ ਇਸ ਵਿਸ਼ੇ ਤੇ ਪੁਸਤਕਾਂ ਪੜ੍ਹਦੀ ਗਈ ਮੇਰੇ ਸਾਹਮਣੇ ਗੁਰੂ ਅਰਜਨ ਬਾਣੀ ਦਾ ਨਵੇਕਲਾ ਤੇ ਅਸਲੋਂ ਹੀ ਨਵਾਂ ਪੱਖ ਉਜਾਗਰ ਹੋਣ ਲੱਗਾ ਤੇ ਮੈਨੂੰ ਗੁਰਬਾਣੀ ਨੂੰ ਇਕ ਵੱਖਰੇ ਦ੍ਰਿਸ਼ਟੀਕੋਣ ਤੋਂ ਵੇਖਣ ਤੇ ਪਰਖਣ ਦਾ ਅਹਿਸਾਸ ਹੋਇਆ । ਮੈਨੂੰ ਮਹਿਸੂਸ ਹੋਇਆ ਕਿ ਗੁਰੂ ਅਰਜਨ ਬਾਣੀ ਦਾ ਬਹੁਤਾ ਅਧਿਐਨ ਜਾਂ ਤਾਂ ਵਿਸ਼ੈ- ਗਤ ਹੋਇਆ ਹੈ ਜਾਂ ਰੂਪਗਤ, ਪਰ ਗੁਰਬਾਣੀ ਵਿਚ ਲੋਕ-ਤੱਤ ਜਿਸ ਸ਼ਿੱਦਤ ਨਾਲ ਅਭਿਵਿਅਕਤ ਹੋਇਆ ਹੈ, ਉਸ ਵੱਲ ਧਿਆਨ ਨਹੀਂ ਦਿੱਤਾ ਗਿਆ ।

ਲੋਕ-ਤੱਤ ਗੁਰੂ -ਅਰਜਨ ਬਾਣੀ ਦੇ ਵਿਸ਼ੇ-ਵਸਤੂ ਵਿਚ ਹੀ ਨਹੀਂ, ਸਗੋਂ ਕਾਵਿ-ਰੂਪਾਂ, ਬਿੰਬਾਵਲੀ, ਛੰਦਾਬੰਦੀ, ਅਲੰਕਾਰ, ਸੰਗੀਤ ਅਤੇ ਰਾਗ, ਪੌਰਾਣਿਕ ਤੇ ਮਿਥਿਹਾਸਕ ਸੰਕੇਤਾਂ ਅਤੇ ਭਾਸ਼ਾ ਸ਼ੈਲੀ ਆਦਿ ਵਿਚ ਵੀ ਓਤ-ਪੋਤ ਹੈ । ਗੁਰਮਤਿ ਦਾ ਲੋਕ- ਜੀਵਨ ਨਾਲ ਅਨਿੱਖੜ ਤੇ ਅਟੁੱਟ ਸੰਬੰਧ ਹੈ । ਦਰਅਸਲ ਵਿਚ ਗੁਰਮਤਿ ਲਹਿਰ ਇਕ ਲੋਕ- ਲਹਿਰ ਸੀ ਜੋ ਜਨ-ਜੀਵਨ

ਨਾਲ ਇਕ ਸੁਰ ਤੇ ਇਕ-ਰਸ ਸੀ । ਇਸੇ ਲਈ ਲੋਕ-ਜੀਵਨ ਵਿਚਲੇ ਵਿਸ਼ਵਾਸ, ਰਹੁ-ਰੀਤਾਂ, ਪਰੰਪਰਾਵਾਂ ਅਤੇ ਮਨੌਤਾਂ ਆਦਿ, ਜਿਨ੍ਹਾਂ ਉੱਤੇ ਲੋਕ-ਸੰਸਕ੍ਰਿਤੀ ਦਾ ਨਿਰਮਾਣ ਹੋਇਆ ਹੁੰਦਾ ਹੈ, ਗੁਰੂ ਅਰਜਨ ਬਾਣੀ ਵਿਚ ਪ੍ਰਤੀ ਬਿੰਬਤ ਹਨ । ਲੋਕ-ਮਨ ਸਮੁੱਚੀ ਜਾਤੀ ਦਾ ਮਨ ਹੁੰਦਾ ਹੈ ਤੇ ਇਸ ਮਨ ਦੀ ਅਭਿਵਿਅਕਤੀ ਗੁਰੂ ਅਰਜਨ ਬਾਣੀ ਵਿਚ ਕਿਸ ਪ੍ਰਕਾਰ ਤੇ ਕਿਸ ਮਾਤਰਾ ਵਿਚ ਹੋਈ ਹੈ, ਇਹੋ ਜਾਣਨਾ ਇਸ ਖੋਜ ਦਾ ਮੁੱਖ ਮੰਤਵ ਹੈ ।

ਇਸ ਖੋਜ ਪ੍ਰਬੰਧ ਦੀ ਵਿਉਂਤ ਇਸ ਪ੍ਰਕਾਰ ਹੈ । ਇਸ ਨੂੰ ਅੱਠਾਂ ਅਧਿਆਵਾਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ '<u>ਲੋਕ-ਤੱਤ ਅਤੇ ਲੋਕ ਧਾਰਾ</u>' ਉੱਤੇ ਵਿਚਾਰ ਕੀਤਾ ਗਿਆ ਹੈ ਅਤੇ ਲੋਕ-ਧਾਰਾ ਦੀ ਪਰਿਭਾਸ਼ਾ, ਵਿਸ਼ਾ-ਖੇਤਰ, ਸੀਮਾ, ਮਹੱਤਵ ਆਦਿ ਦੀ ਸਪਸ਼ਟਤਾ ਧਾਰਨਾ ਕਰਨ ਉਪਰੰਤ ਨਾਲ ਵਿਚ ਲੋਕ-ਤੱਤ ਤੋਂ ਭਾਵ, ਲੋਕ-ਤੱਤ ਦਾ ਖੇਤਰ ਅਤੇ ਲੋਕ-ਤੱਤ ਦੇ ਅੰਗ-ਪ੍ਰਤੀ-ਅੰਗਾਂ ਦਾ ਵਰਣਨ ਕੀਤਾ ਗਿਆ ਹੈ ।

ਦੂਸਰੇ ਅਧਿਆਇ ਵਿਚ <u>ਗੁਰੂ ਅਰਜਨ ਦੇਵ ਦੀ ਸਮੁੱਚੀ ਬਾਣੀ ਦਾ ਵਿਸਤ੍ਰਿਤ ਅਧਿਐਨ</u> ਕੀਤਾ ਗਿਆ ਹੈ ਅਤੇ ਉਨ੍ਹਾਂ ਦਾ ਵੇਰਵਾ ਦਿੱਤਾ ਗਿਆ ਹੈ । ਹਰ ਰਾਗ ਵਿਚ ਜਿਤਨੀ ਜਿਤਨੀ ਬਾਣੀ ਰਚੀ ਗਈ ਹੈ, ਉਸ ਦਾ ਵੇਰਵੇ ਤੇ ਉਸੀ ਪੱਖੋਂ ਸੰਖੇਪ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ ਹੈ ।

ਤੀਸਰੇ ਅਧਿਆਇ ਦਾ ਸੰਬੰਧ <u>ਗੁਰੂ ਅਰਜਨ ਬਾਣੀ ਵਿਚ ਪ੍ਰਯੁਕਤ ਕਾਵਿ-ਰੂਪਾਂ</u> ਨਾਲ ਹੈ। ਇਹ ਸਾਰੇ ਕਾਵਿ-ਰੂਪ ਉਸ ਸਮੇਂ ਬੜੇ ਪ੍ਰਚਲਿਤ ਤੇ ਲੋਕ-ਪ੍ਰਿਯ ਸਨ । ਇਹ ਜਨ-ਜੀਵਨ ਵਿਚੋਂ ਹੀ ਜਨਮੇ ਤੇ ਵਿਕਸਤ ਹੋਏ ਹੋਣ ਕਰਕੇ ਲੋਕ-ਤੱਤ ਨਾਲ ਭਰਪੂਰ ਹਨ । ਗੁਰੂ ਅਰਜਨ ਦੇਵ ਜੀ ਦਾ ਅਧਿਆਤਮਕ ਵਾਰਾਂ ਨੂੰ ਲੋਕ-ਵਾਰਾਂ ਦੀਆਂ ਧੁਨੀਆਂ ਤੇ ਗਾਉਣ ਦਾ ਉਪਦੇਸ਼ ਗੁਰੂ ਅਰਜਨ ਦੇਵ ਦੀਆਂ ਬਾਣੀਆਂ ਦੀ ਕਾਵਿਕ ਨਾਮਾਵਲੀ ਦਾ ਲੋਕ-ਧਾਰਾ ਨਾਲ ਸੰਬੰਧ ਆਦਿ ਨੂੰ ਵੀ ਇਸੇ ਅਧਿਆਇ ਵਿਚ ਵਰਣਨ ਦਾ ਵਿਸ਼ਾ ਬਣਾਇਆ ਗਿਆ ਹੈ ।

ਚੌਥਾ ਅਧਿਆਇ "<u>ਗੁਰੂ ਅਰਜਨ-ਬਾਣੀ ਤੇ ਲੋਕ-ਧਰਮ</u>" ਹੈ । ਇਸ ਵਿਚ ਤਤਕਾਲੀਨ ਧਰਮ ਦੀ ਪਤਨਮਈ ਅਵਸਥਾ ਦਾ ਵਰਣਨ ਕੀਤਾ ਗਿਆ ਹੈ ਤੇ ਦੱਸਿਆ ਗਿਆ ਹੈ ਕਿ ਉਨ੍ਹਾਂ ਧਾਰਮਿਕ ਅੰਧ-ਵਿਸ਼ਵਾਸਾਂ, ਜਿਵੇਂ ਕਿ ਨਿਰਜੀਵ ਪਦਾਰਥਾਂ ਦੀ ਪੂਜਾ, ਪਿਤਰ-ਪੂਜਾ, ਪਿੰਡ, ਪਤਲ਼ ਤੇ ਸ਼ਰਾਧ, ਜੰਞੂ, ਤੀਰਥ-ਇਸ਼ਨਾਨ ਆਦਿ ਦਾ ਗੁਰੂ ਅਰਜਨ ਦੇਵ ਨੇ ਆਪਣੀ ਬਾਣੀ ਵਿਚ ਕਿਵੇਂ ਖੰਡਨ ਕੀਤਾ ਹੈ ਤੇ ਨਵੀਆਂ ਸਥਾਪਨਾਵਾਂ ਤੇ ਨਵੀਆਂ ਕਦਰਾਂ-ਕੀਮਤਾਂ ਦਾ ਪ੍ਰਤੀਪਾਦਨ ਕਿਵੇਂ ਕੀਤਾ । ਕਿਸ ਪ੍ਰਕਾਰ ਉਸ ਸਮੇਂ ਦੀਆਂ ਪ੍ਰਚਲਿਤ ਰਹੁ-ਰੀਤਾਂ ਤੇ ਪੂਜਾ-ਵਿਧੀਆਂ ਨੂੰ ਨਵੇਂ ਅਰਥ ਦੇ ਕੇ ਕੇਵਲ ਵਾਹਿਗੁਰੂ ਦੇ ਸਿਮਰਨ ਵਲ ਪ੍ਰੇਰਿਤ ਕੀਤਾ ।

ਪੰਜਵਾਂ ਅਧਿਆਇ "ਗੁਰੂ ਅਰਜਨ-ਬਾਣੀ ਵਿਚ ਪੌਰਾਣਿਕ ਸੰਕੇਤ" ਹੈ । ਬਹੁਤ ਸਾਰੇ ਧਾਰਮਿਕ ਤੇ ਵਿਸ਼ਵਾਸ਼ ਜਿਹੜੇ ਕਿ ਆਦਿ-ਕਾਲ ਤੋਂ ਚਲੇ ਆ ਰਹੇ ਹਨ ਤੇ ਜਿਨ੍ਹਾਂ ਦੀਆਂ ਕੜੀਆਂ ਪੁਰਾਣਾਂ ਦੀਆਂ ਕਥਾਵਾਂ ਵਿਚ ਉਪਲਬਧ ਹਨ, ਅਤੇ ਜਿਹੜੇ ਲੋਕ-ਜੀਵਨ ਵਿਚ ਰਚੇ ਮਿਚੇ ਜਾਂ ਘੁਲੇ ਹਨ, ਇਸ ਵਿਚ ਵਰਣਿਤ ਕੀਤੇ ਗਏ ਹਨ । ਜਿਹੜੇ ਉਨ੍ਹਾਂ ਸਭਨਾਂ ਘਟਨਾਵਾਂ, ਕਥਾਵਾਂ ਤੇ ਪਾਤਰਾਂ ਆਦਿ ਦੇ ਸੰਕੇਤ ਗੁਰੂ ਅਰਜਨ- ਬਾਣੀ ਵਿਚੋਂ ਖੋਜੇ ਗਏ ਹਨ, ਜਿਨ੍ਹਾਂ ਦਾ ਸੰਬੰਧ ਕਿਸੇ ਨਾ ਕਿਸੇ ਪੁਰਾਣ ਆਖਿਆਨ ਨਾਲ ਸੀ ਅਤੇ ਗੁਰੂ ਸਾਹਿਬ ਨੇ ਜਿਨ੍ਹਾਂ ਰਵਾਇਤਾਂ ਦੁਆਰਾ ਕਟੜਤਾ ਅਤੇ ਕੁਰੀਤੀਆਂ ਦਾ ਵਿਰੋਧ ਕਰਦੇ ਹੋਏ, ਰੱਬੀ ਸਿਆਣਪ ਤੇ ਸੱਚੀ ਪ੍ਰਭੂ-ਭਗਤੀ ਦਾ ਪ੍ਰਤਿਪਾਦਨ ਕੀਤਾ ਹੈ ।

ਛੇਵੇਂ ਅਧਿਆਇ ਵਿਚ ਗੁਰੂ ਅਰਜਨ ਬਾਣੀ ਵਿਚਲੇ ਲੋਕ- ਚਿੰਨ੍ਹਾਂ ਤੇ ਅਲੰਕਾਰਾਂ ਦਾ ਸਵਿਸਥਾਰ ਵਰਣਨ ਕੀਤਾ ਗਿਆ ਹੈ ਅਤੇ ਉਸ ਸਮੇਂ ਦੇ ਲੋਕ- ਜੀਵਨ ਦੇ ਵਿਭਿੰਨ ਪੱਖਾਂ, ਕਿੱਤਿਆਂ, ਧੰਦਿਆਂ, ਰਸਮਾਂ ਅਤੇ ਪ੍ਰਕ੍ਰਿਤੀ ਆਦਿ ਨਾਲ ਸੰਬੰਧਤ ਚਿੰਨ੍ਹ- ਸਿਰਜਣਾ ਤੇ ਚਿੰਨ੍ਹ-ਵਿਧਾਨ ਦੀ ਗੱਲ ਕੀਤੀ ਗਈ ਹੈ ।

ਸਤਵੇਂ ਅਧਿਆਇ ਵਿਚ ਗੁਰੂ ਅਰਜਨ ਤੇ ਲੋਕ- ਸੰਗੀਤ ਨੂੰ ਲਿਆ ਗਿਆ ਹੈ । ਗੁਰੂ ਅਰਜਨ ਦੀ ਸੰਗੀਤ ਪ੍ਰਤਿਭਾ ਅਤੇ ਰਾਗ ਤੇ ਸੰਗੀਤ ਦੇ ਸਾਧਨਾਂ ਦੁਆਰਾ ਗੁਰਬਾਣੀ ਦੇ ਪ੍ਰਭਾਵ- ਉਤਪਾਦਨ ਵਿਚ ਵਾਧਾ ਕੀਤੇ ਜਾਣਾ, ਰਾਗਾਂ ਤੇ ਰਾਗਣੀਆਂ ਵਿਚ ਬਾਣੀ ਦੀ ਰਚਨਾ ਆਦਿ ਦਾ ਉਲੇਖ ਕੀਤਾ ਹੈ । ਲੋਕ-ਧਾਰਾ ਦੇ ਪੱਖ ਤੋਂ ਇਨ੍ਹਾਂ ਦੀ ਪ੍ਰਸੰਗਤਾ ਕੀਤੀ ਗਈ ਹੈ ।

ਅਠਵੇਂ ਅਧਿਆਇ ਵਿਚ ਗੁਰੂ ਅਰਜਨ ਦੇਵ ਦੀ ਬਾਣੀ ਦਾ ਭਾਸ਼ਾਗਤ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ ਤੇ ਦਸਿਆ ਗਿਆ ਹੈ ਕਿ ਆਪਣੀ ਬਾਣੀ ਵਿਚ ਲੋਕ-ਤੱਤ ਕਿਸ ਵੱਡੀ ਮਾਤਰਾ ਵਿਚ ਵਿਦਮਾਨ ਸਨ । ਵੱਖ ਵੱਖ ਭਾਸ਼ਾਵਾਂ ਜਾਂ ਬੋਲੀਆਂ ਜੋ ਉਸ ਸਮੇਂ ਪ੍ਰਚਲਿਤ ਸਨ, ਗੁਰੂ ਸਾਹਿਬ ਦੀ ਬਾਣੀ ਵਿੱਚੋਂ ਉਪਲਬਧ ਹ ਹਨ- ਇਨ੍ਹਾਂ ਸਭਨਾਂ ਦਾ ਵਿਸ਼ਲੇਸ਼ਣਾਤਮਕ ਅਧਿਐਨ ਇਸ ਅਧਿਆਇ ਵਿਚ ਕੀਤਾ ਗਿਆ ਹੈ । ਇਸ ਦੇ ਨਾਲ ਹੀ ਲੋਕ- ਅਖਾਣਾਂ ਦੀ ਪਰੰਪਰਾ ਦਾ ਉਲੇਖ ਕਰਕੇ ਗੁਰੂ ਅਰਜਨ- ਬਾਣੀ ਵਿਚ ਪ੍ਰਯੁਕਤ ਹੋਏ ਅਖਾਣਾਂ ਨੂੰ ਵੀ ਪ੍ਰਸਤੁਤ ਕੀਤਾ ਗਿਆ ਹੈ ਜੋ ਪਰਮ- ਸਚਿਆਈਆਂ ਦੇ ਲਿਖਾਇਕ ਹਨ ।

ਅੰਤ ਵਿਚ '<u>ਨਿਸ਼ਕਰਸ਼</u>' ਦਿੱਤੇ ਗਏ ਹਨ , ਜਿਨ੍ਹਾਂ ਦੁਆਰਾ ਅਸੀਂ ਇਸ ਸ਼ੋਧ- ਪ੍ਰਬੰਧ ਵਿਚ ਨਿਰਧਾਰਿਤ ਕੀਤੀਆਂ ਸਥਾਪਨਾਵਾਂ ਦਾ ਸੰਖੇਪ ਵਰਨਨ ਕੀਤਾ ਹੈ ।

ਅਖੀਰ ਵਿਚ ਮੈਂ ਆਪਣੇ ਸਤਿਕਾਰਯੋਗ ਨਿਰਦੇਸ਼ਕ, ਡਾ. ਸੁਰਿੰਦਰ ਸਿੰਘ ਕੋਹਲੀ ਦਾ ਹਾਰਦਿਕ ਧੰਨਵਾਦ ਕਰਦੀ ਹਾਂ ਜਿਨ੍ਹਾਂ ਦੀ ਸੂਝ-ਬੂਝ ਤੇ ਵਿਦਵਤਾ-ਪੂਰਣ ਅਗਵਾਈ ਤੇ ਪ੍ਰੇਰਣਾ ਸਦਕਾ ਇਹ ਸ਼ੋਧ-ਪ੍ਰਬੰਧ ਮੁਕੰਮਲ ਹੋ ਸਕਿਆ ਹੈ ।

ਅਮਰਜੀਤ ਕੌਰ ਢੀਂਗਰਾ

ਅਮਰਜੀਤ ਕੌਰ ਢੀਂਗਰਾ

<u>ਯਮੁਨਾ ਨਗਰ</u>

ਅਧਿਆਇ ਪਹਿਲਾ

# ਲੋਕ - ਤੰਤ੍ਰ ਅਤੇ ਲੋਕ-ਧਾਰਾ

•••

## ਲੋਕ - ਤੰਤ ਅਤੇ ਲੋਕ-ਧਾਰਾ

'ਲੋਕ' ਉਸ ਵਰਗ ਨੂੰ ਆਖ ਸਕਦੇ ਹਾਂ ਜੋ ਅਪਣੀ ਧਰਮ ਵਿਚ ਪੂਰਨ ਵਿਸ਼ਵਾਸ ਰਖਦਾ ਹੋਵੇ । ਰੀਤਾਂ, ਰਸਮਾਂ, ਪੂਜਣਾਂ, ਕਰਮਾਂ, ਵਹਿਮਾਂ ਤੇ ਸੰਸਕਾਰਾਂ ਨਾਲ ਉਸ ਦਾ ਜੀਵਨ ਜੁੜਿਆ ਹੋਵੇ । ਪਰੰਪਰਾ ਉਸ ਦੇ ਜੀਵਨ- ਪ੍ਰਵਾਹ ਦੀ ਮੂਲ ਚੇਤਨਾ ਹੋਵੇ । ਅਜਿਹੇ 'ਲੋਕ' ਦਾ ਵਿਸ਼ਵਾਸ ਇਨਾਂ ਪ੍ਰਬਲ ਹੁੰਦਾ ਹੈ ਕਿ ਉਸ ਦਾ ਹਰ ਕਰਮ, ਹਰ ਖਿਆਲ ਸਭ ਲੋਕ-ਮਨ ਨਾਲ ਇਕਸੁਰ ਹੁੰਦਾ ਹੈ। ਉਸ ਦੀ ਹਰ ਅਭਿਵਿਅਕਤੀ ਮੂਲ-ਲੋਕ-ਪ੍ਰਵਿਰਤੀ ਨਾਲ ਸੰਬੰਧਿਤ ਹੁੰਦੀ ਹੈ। ਅਜਿਹਾ ਲੋਕ ਵਿਅਕਤੀ ਜੋ ਕੁਝ ਉਚਾਰਦਾ ਬੋਲ ਵਿਚ ਲਿਆਉਂਦਾ ਹੈ, ਜਿਨ੍ਹਾਂ ਵਿਧੀਆਂ ਰਾਹੀਂ ਸਿਰਜਣਾ ਕਰਦਾ ਹੈ, ਜੋ ਕਹਿੰਦਾ ਹੈ, ਜਿਨ੍ਹਾਂ ਵਿਸ਼ਵਾਸਾਂ ਤੇ ਧਾਰਨਾਵਾਂ ਦਾ ਧਾਰਨੀ ਹੁੰਦਾ ਹੈ, ਉਹ ਸਭ ਲੋਕ- ਤੱਤ ਹੁੰਦੇ ਹਨ। ਇਹ ਲੋਕ-ਮਨ ਦੀ ਅਭਿਵਿਅਕਤੀ ਹੁੰਦੇ ਹਨ ਅਤੇ ਇਨ੍ਹਾਂ ਦੀ ਉਤਪਤੀ ਸਹਿਜ ਸੁਭਾ ਹੁੰਦੀ ਹੈ । ਇਹ ਲੋਕ-ਤੱਤ ਲੋਕ ਵਿਅਕਤੀ ਤੇ ਪਹਿਲਾਂ ਹੀ ਵਿਆਪਕ ਹੁੰਦੇ ਹਨ ਜਿਨ੍ਹਾਂ ਨੂੰ ਉਹ ਭੋਗਦਾ ਹੈ, ਮਾਣਦਾ ਹੈ ਤੇ ਮੂਲ ਸਾਮੂਹਿਕ ਰੂਪ ਵਿਚ ਸਹਿਜ ਸੁਭਾ ਸਿਰਜਦੀ ਚਲੀ ਜਾਂਦਾ ਹੈ ।

ਡਾ. ਹਜ਼ਾਰੀ ਪ੍ਰਸਾਦ ਦ੍ਵਿਵੇਦੀ ਦੇ ਵਿਚਾਰ ਅਨੁਸਾਰ ਲੋਕ ਦਾ ਅਰਥ 'ਜਨਪਦ' ਜਾਂ 'ਗ੍ਰਾਮ' ਨਹੀਂ ਸਗੋਂ ਨਗਰਾਂ ਤੇ ਪਿੰਡਾਂ ਵਿਚ ਫੈਲੀ ਹੋਈ ਉਹ ਜਨਤਾ ਹੈ ਜਿਸ ਦੇ ਵਿਵਹਾਰਕ ਗਿਆਨ ਦਾ ਆਧਾਰ ਪੋਥੀਆਂ ਨਹੀਂ[1] । ਲੋਕ ਤੇ ਲੋਕ-ਤਤ ਦੇ ਸੰਬੰਧ ਵਿਚ ਡਾ. ਸਤਿੰਦਰ ਲਿਖਦੇ ਹਨ ਕਿ ਲੋਕ ਮਨੁੱਖੀ ਸਮਾਜ ਦਾ ਉਹ ਵਰਗ ਹੈ ਜੋ ਪਰੰਪਰਾ ਦੇ ਪ੍ਰਵਾਹ ਵਿਚ ਜੀਉਂਦਾ ਹੈ ਅਜਿਹੇ ਲੋਕ ਦੀ ਅਭਿਵਿਅਕਤੀ ਵਿਚ ਜੋ ਤੱਤ ਮਿਲਦੇ ਹਨ ਉਹ ਲੋਕ-ਤੱਤ ਅਖਵਾਉਂਦੇ ਹਨ[2] । ਡਾ. ਜੋਗਿੰਦਰ ਸਿੰਘ ਕੈਰੋਂ ਨੇ ਲੋਕ ਦੇ ਤੀਨ ਲਛਣ— ਵਿਰਸੇ ਨਾਲ ਜੁੜਿਆ ਹੋਇਆ, ਲੋਕ-ਮਨ ਦੀਆਂ ਪ੍ਰਵਿਰਤੀਆਂ ਦਾ ਧਾਰਨੀ ਅਤੇ ਲੋਕ-ਰੂੜੀਆਂ ਦਾ ਪੂਰਨ ਸਿਰਜਕ ਵਾਹਕ— ਦੱਸੇ ਹਨ । ਆਪ ਲਿਖਦੇ ਹਨ- "ਲੋਕ ਵਿਅਕਤੀ ਪਰੰਪਰਾ ਨਾਲ ਬੱਝਿਆ, ਲੋਕ-ਧਾਰਾ ਦੀਆਂ ਰੂੜੀਆਂ ਦਾ ਉਹ ਪੂਰਨ ਸਿਰਜਕ ਹੈ ਜਿਸਦੇ ਬਹੁਤੇ ਸਾਂਸਕ੍ਰਿਤਕ ਕਰਮ ਲੋਕ-ਮਨ ਦੀ ਹੀ ਅਭਿਵਿਅਕਤੀ ਹਨ ਅਤੇ ਜਿਸ ਦੇ ਜੀਵਨ ਦਾ ਸਾਰਾ ਪ੍ਰਵਾਹ ਲੋਕ-ਸੰਸਕ੍ਰਿਤੀ ਵਿਚੋਂ ਹੀ ਗੁਜ਼ਰਦਾ ਹੋਇਆ ਉਸੇ ਵਿਚ ਜਾ ਸਮਾਉਂਦਾ ਹੈ[3] ।"

ਲੋਕ-ਤੱਤ ਸੰਬੰਧੀ ਜਾਣਕਾਰੀ ਦੇਂਦੇ ਹੋਏ ਡਾ. ਸੋਹਿੰਦਰ ਸਿੰਘ ਬੇਦੀ ਲਿਖਦੇ ਹਨ : "ਲੋਕ-ਤੱਤ ਕਿਸੇ ਜਾਤੀ ਦੀਆਂ ਰਸਮਾਂ, ਮਨੌਤਾਂ, ਪਰੰਪਰਾਵਾਂ ਤੇ ਵਿਸ਼ਵਾਸਾਂ ਦੇ ਉਹ ਅੰਸ਼ ਹਨ, ਜਿਨ੍ਹਾਂ ਦੀ ਲੋਕ ਰੂੜ੍ਹੀ ਉੱਤੇ ਉਸ ਜਾਤੀ ਦੀ ਲੋਕ ਸੰਸਕ੍ਰਿਤੀ ਉਸਰੀ ਹੁੰਦੀ ਹੈ। ਇਹ ਪਰੰਪਰਾ ਦੇ ਪ੍ਰਵਾਹ ਦੇ ਉਹ ਪੈਟਰਨ ਹਨ, ਜਿਹੜੇ ਕੇਵਲ ਪੁਰਖਿਆਂ ਦੇ ਸਹਿਜ-ਅਨੁਭਵ ਤੇ ਜੀਵਨ ਵਿਚ ਹੀ ਨਹੀਂ ਰਮੀ ਹੁੰਦੀ, ਸਗੋਂ ਉਨ੍ਹਾਂ ਦੇ ਅਚੇਤ ਮਨ ਵਿਚ ਵੀ ਸਮਾਈ ਹੁੰਦੀ ਹਨ।[4]"

ਲੋਕ-ਤੱਤਾਂ ਦਾ ਆਧਾਰ ਮਨੋਵਿਗਿਆਨਕ ਸ਼ਬਦਾਵਲੀ ਵਿਚ ਮੂਲ-ਲੋਕ-ਪ੍ਰਵਿਰਤੀਆਂ ਹਨ ਜਿਨ੍ਹਾਂ ਨੂੰ ਆਮ ਲੋਕ ਜਾਦੂ, ਟੂਣਾ, ਟੋਣਾ, ਮੋਹ, ਸ਼ੰਕਾ ਦਾ ਨਾਮ ਦੇਂਦੇ ਹਨ। ਭਾਰਤੀ ਸਾਧੂ ਮੁਨੀਆਂ ਨੇ ਇਨ੍ਹਾਂ ਵਿਕਾਰਾਂ ਤੇ ਕਾਬੂ ਪਾਣ ਅਤੇ ਆਪਣੀ ਆਤਮਾ ਦਾ ਵਿਕਾਸ ਕਰਨ ਲਈ ਨਵਿਰਤੀ ਮਾਰਗ ਤੇ ਚਲਣ ਦਾ ਵਧੇਰੇ ਉਪਦੇਸ਼ ਦਿੱਤਾ ਹੈ। ਉਨ੍ਹਾਂ ਦੇ ਵਿਚਾਰ ਵਿਚ ਇਨ੍ਹਾਂ ਪ੍ਰਵਿਰਤੀਆਂ ਦਾ ਪ੍ਰਗਟਾਵ ਕਰਨ ਵਾਲੇ ਵਿਕਾਰ ਸਰੀਰਕ, ਮਾਨਸਿਕ ਤੇ ਆਤਮਿਕ ਸ਼ਕਤੀਆਂ ਦੀ ਅਧੋਗਤੀ ਦੇ ਮੂਲ ਕਾਰਨ ਹੁੰਦੇ ਹਨ। "ਉਹ ਇਨ੍ਹਾਂ ਨੂੰ ਮਾਇਆ ਦਾ ਰੂਪ ਮੰਨ ਕੇ ਹਮੇਸ਼ਾਂ ਨਿੰਦਨੀਯ ਸਮਝਦੇ ਰਹੇ ਹਨ।[5]"

ਅਸਲ ਵਿਚ ਇਹ ਪ੍ਰਵਿਰਤੀਆਂ ਮਨੁੱਖੀ ਜੀਵਨ ਤੇ ਮਨੁੱਖੀ ਵਿਅਕਤਿਤਵ ਦੇ ਨਿਰਮਾਣ ਵਿਚ ਮਹੱਤਵ-ਪੂਰਨ ਹਿੱਸਾ ਪਾਉਂਦੀਆਂ ਹਨ। ਸਿਖ ਗੁਰੂਆਂ ਨੇ ਇਸੇ ਲਈ ਨਵਿਰਤੀ ਮਾਰਗ ਦੀ ਥਾਂ ਪਰਵਿਰਤੀ ਮਾਰਗ ਅਪਨਾਉਣ ਲਈ ਤੇ ਪਰਵਿਰਤੀਆਂ ਦਾ ਸਹੀ ਉਪਯੋਗ ਕਰਨ ਲਈ ਪ੍ਰੇਰਿਆ ਹੈ।

ਫਰਾਇਡ ਨੇ ਪ੍ਰਗਟ ਰੂਪਾਂ ਵਿਚ ਵਿਅਕਤਿਤਵ ਦੇ ਨਿਰਮਾਣ ਵਿਚ ਮੂਲ-ਪ੍ਰਵਿਰਤੀਆਂ ਦੇ ਮਹੱਤਵ ਨੂੰ ਸਵੀਕਾਰਿਆ ਹੈ। "ਮੂਲ ਪ੍ਰਵਿਰਤੀ ਇਕ ਅਜੇਹੀ ਸਹਿਜਾਤ ਅਵਸਥਾ ਹੈ ਜਿਹੜੀ ਮਨੋਵਿਗਿਆਨਕ ਪ੍ਰਕਿਰਿਆਵਾਂ ਦਾ ਦਿਸ਼ਾ-ਬੋਧ ਕਰਦੀ ਹੈ। ਉਹ ਸਾਡੀ ਕੁਦਰਤੀ ਜਿਹੀ ਵਿਅਕਤਿਤਵ ਨੂੰ ਸਮੁੱਚ ਵਿਚ ਅਸਰ ਹੁੰਦੀ ਹੈ, ਮੂਲ ਪ੍ਰਵਿਰਤੀਆਂ ਤੋਂ ਪ੍ਰਾਪਤ ਹੁੰਦੀ ਹੈ ਅਤੇ ਇਸ ਦਾ ਆਖਰੀ ਨਿਸ਼ਾਨਾ ਜਿਸਮਾਨੀ ਜ਼ਰੂਰਤਾਂ ਨੂੰ ਪੂਰਾ ਕਰਨਾ ਹੁੰਦਾ ਹੈ।[6]" ਪਰ ਐਲ.ਐਲ. ਥਰਸਟਨ ਨੇ ਇਨ੍ਹਾਂ ਨੂੰ ਸਹਿਜਾਤ ਤੇ ਜਮਾਂਦਰੂ ਨਹੀਂ ਮੰਨਿਆ ਸਗੋਂ ਇਨ੍ਹਾਂ ਉਪਰ ਸਮਾਜਕ ਵਾਤਾਵਰਣ ਦਾ ਪ੍ਰਭਾਵ ਮੰਨਿਆ ਹੈ। ਇਥੋਂ ਤਕ ਕਿ ਉਨ੍ਹਾਂ ਪ੍ਰਵਿਰਤੀਆਂ ਦੇ ਭਾਵਨਾਤਮਕ ਰੂਪ ਵਿਚ ਰਹੱਸਵਾਦ ਦਾ ਅੰਗ ਦੱਸਿਆ ਹੈ। ਹਰ ਪ੍ਰਵਿਰਤੀ ਦੇ ਤਿੰਨ ਰੂਪ ਹੁੰਦੇ ਹਨ– ਪ੍ਰਾਪਤ ਕਰਨ ਦੀ ਭਾਵਨਾ, ਕੰਮ ਕਰਨ ਦੀ ਭਾਵਨਾ ਤੇ ਉਸ ਦਾ ਭਾਵਨਾਤਮਕ ਰੂਪ। ਜਿਸ ਤਰ੍ਹਾਂ ਮੋਹ ਜਾਂ ਲਗਨ ਦੀ ਪ੍ਰਵਿਰਤੀ

ਦੇ ਤਿੰਨ ਰੂਪ ਹਨ, ਭੋਜਨ ਕਰਨ ਦੀ ਇੱਛਾ, ਭੋਜਨ ਕਰਨਾ ਤੇ ਫਿਰ ਸੰਤੁਸ਼ਟੀ ਪ੍ਰਾਪਤ ਹੋਣਾ । ਇਸੇ ਤਰ੍ਹਾਂ ਭੁਖ ਦੀ ਪ੍ਰਵਿਰਤੀ ਦੇ ਤਿੰਨ ਰੂਪ ਹਨ— ਭੋਜਨ ਦੀ ਖੁਸ਼ਬੋ, ਭੋਜਨ ਪ੍ਰਾਪਤੀ ਲਈ ਉੱਦਮ ਤੇ ਫਿਰ ਪ੍ਰਾਪਤ ਹੋਣ ਪਿੱਛੋਂ ਸੰਤੁਸ਼ਟੀ । ਇਸੇ ਤਰ੍ਹਾਂ ਹਰ ਪ੍ਰਵਿਰਤੀ ਦੇ ਲਾਲਸਾ, ਉੱਦਮ ਤੇ ਸੰਤੁਸ਼ਟੀ ਤਿੰਨ ਰੂਪ ਹਨ । ਮਿਕਡੂਗਲ ਦੇ ਵਿਚਾਰ ਵਿਚ ਖਾਸ ਮੁੱਖ ਪ੍ਰਵਿਰਤੀਆਂ ਹਨ --- ਭੁਖ, ਨਫ਼ਰਤ, ਜਿਗਿਆਸਾ, ਡਰ, ਕ੍ਰੋਧ, ਕਾਮ ਇੱਛਾ, ਮਾਤਰੀ ਇੱਛਾ, ਸਹਿ ਇੱਛਾ, ਰੋਹਬ ਜਾਂ ਉੱਚਤਾ ਦੀ ਇੱਛਾ, ਹੀਣਤਾ ਦੀ ਇੱਛਾ, ਸਿਰਜਣਾ ਜਾਂ ਸਿਰਜਨ ਸ਼ਕਤੀ ਦੀ ਇੱਛਾ, ਮੇਲ ਜਾਂ ਸੰਗ੍ਰਹਿ ਦੀ ਇੱਛਾ ।[7] ਫਰਾਇਡ, ਐਡਲਰ ਤੇ ਯੁੰਗ ਕਾਮ, ਉੱਚਤਾ ਤੇ ਸਿਰਜਨ- ਸ਼ਕਤੀ ਦੀ ਪ੍ਰਵਿਰਤੀ ਨੂੰ ਵਧੇਰੇ ਮਹੱਤਵਪੂਰਨ ਮੰਨਦੇ ਹਨ । ਕੋਈ ਵੀ ਮੂਲ- ਪ੍ਰਵਿਰਤੀ ਭਾਵੇਂ ਘੱਟ ਜਾਂ ਵਧ ਮਹਾਨਤਾ ਵਾਲੀ ਹੋਵੇ, ਪਰ ਉਸ ਦੀ ਪੂਰਤੀ ਵਿਅਕਤੀ ਨੂੰ ਸ਼ਾਂਤ ਕਰਦੀ ਹੈ ਤੇ ਅਸ਼ਾਂਤ ਅਵਸਥਾ ਵਿਚੋਂ ਬਾਹਰ ਕਢਦੀ ਹੈ। ਗੁਰੂ ਸਾਹਿਬਾਨ ਨੇ ਸਾਰੀ ਹੱਦ ਤਕ ਮੂਲ ਪ੍ਰਵਿਰਤੀਆਂ ਲਈ ਸਮਾਜਕ ਦ੍ਰਿਸ਼ਟੀਕੋਣ ਨੂੰ ਸੰਜੋਗ ਠਹਿਰਾਇਆ ਹੈ । ਕੁਝ ਪ੍ਰਵਿਰਤੀਆਂ ਨੂੰ ਸਮਾਜ- ਸਾਤ ਦੇ ਤੌਰ ਤੇ ਵੀ ਪ੍ਰਗਟ ਕੀਤਾ ਹੈ । ਜਿਵੇਂ ਸਿਰਜਨ, ਮੇਲ, ਆਦਿਕ ਪਰ ਫਰਾਇਡ ਦੀ ਤਰ੍ਹਾਂ ਅਧਿਕਾਰੀ ਦ੍ਰਿਸ਼ਟੀਕੋਣ ਧਾਰਨ ਨਹੀਂ ਕੀਤਾ । ਕਈ ਥਾਵਾਂ ਉੱਪਰ ਤਾਂ ਆਪ ਨੇ ਪ੍ਰਵਿਰਤੀਆਂ ਦਾ ਉਦਾਤੀਕਰਣ ਕੀਤਾ ਹੈ ਜਿਵੇਂ ਮੂਲ ਸੈਕਸ-ਪ੍ਰਵਿਰਤੀ, ਕਾਮ ਦੀ ਇੱਛਾ। ਹੈ ਜਿਸ ਤੇ ਪ੍ਰੀਤ-ਭਾਵ ਉਤਪੰਨ ਹੁੰਦੇ ਹਨ ਤੇ ਜੋ ਪ੍ਰੇਮ ਦੇ ਖੇਤਰ ਵਿਚ ਹੀ ਮਿਲਣ ਦਾ ਰੂਪ ਧਾਰਨ ਕਰ ਲੈਂਦੇ ਹਨ । ਪਰ ਗੁਰੂ ਸਾਹਿਬਾਨ ਨੇ ਇਸ ਦਾ ਉਦਾਤੀਕਰਣ ਕਰਕੇ ਇਸ ਨੂੰ ਮਨੁੱਖੀ ਪ੍ਰੇਮ ਤੇ ਰੱਬੀ ਪ੍ਰੇਮ ਵਿਚ ਬਦਲ ਦਿਤਾ । ਇਸ ਨਾਲ ਵਿਅਕਤੀ ਦੀ ਇਕ ਹੋਰ ਮੂਲ ਪ੍ਰਵਿਰਤੀ-ਪ੍ਰਗਟ ਹੋਣ ਦੀ ਇੱਛਾ— ਦੀ ਵੀ ਪੂਰਤੀ ਹੁੰਦੀ ਹੈ ਜੋ ਵਿਅਕਤੀ ਸੁਖ ਦੀ ਅਨੁਭੂਤੀ ਰਾਹੀਂ ਸਥਿਰ ਅਵਸਥਾ ਦਾ ਧਾਰਨੀ ਹੁੰਦਾ ਹੈ । ਕਈ ਪ੍ਰਕਾਰ ਅਨੁਭੂਤੀਆਂ— ਡਰ, ਈਰਖਾ, ਕ੍ਰੋਧ, ਘਿਰਣਾ, ਵੈਰ- ਵਿਰੋਧ ਹਨ ਤੇ ਤਰ੍ਹਾਂ ਪ੍ਰਕਾਰ ਅਨੁਭੂਤੀਆਂ ਹਨ ਰੱਬ ਨਾਲ ਪ੍ਰੀਤ, ਜਪ-ਤਪ, ਪੂਜਾ ਪਾਠ, ਸਤਸੰਗ, ਧਿਆਨ, ਭਗਤੀ, ਦਇਆ ਅਤੇ ਦਾਨ ਆਦਿਕ । ਵਿਅਕਤੀ ਨੂੰ ਅਜਿਹੀਆਂ ਦੁਖਾਤਮਕ ਜਾਂ ਸੁਖਾਤਮਕ ਅਨੁਭੂਤੀਆਂ ਦਾ ਪੂਰਾ ਗਿਆਨ ਹੁੰਦਾ ਹੈ ਤੇ ਸਭ ਕੁਝ ਉਸ ਦੇ ਚੇਤਨਾਤਮਕ ਅਨੁਭਵਾਂ ਦੇ ਅੰਤਰਗਤ ਵਾਪਰਦਾ ਹੈ। ਪਰ ਵਿਰਤੀਆਂ ਦਾ ਸੰਬੰਧ ਮਨ ਦੀ ਅਚੇਤਨ ਅਵਸਥਾ ਨਾਲ ਹੁੰਦਾ ਹੈ। ਇਹ ਵਿਅਕਤੀ ਦੀ ਮਾਨਸਿਕ ਅਵਸਥਾ ਅਨੁਸਾਰ ਅਚੇਤਨ ਵਿਚੋਂ ਚੇਤਨ ਵਿਚ ਉਭਰਦੀਆਂ ਹਨ ਤੇ ਉਹ ਜਿਨ੍ਹਾਂ ਅਨੁਸਾਰ ਕਰਮ ਕਰਦਾ ਹੈ ।

ਮੂਲ-ਲੋਕ-ਪ੍ਰਵਿਰਤੀਆਂ ਵਿਚੋਂ ਉਪਜੀ ਤੱਤ ਸਾਨੂੰ ਲੋਕ-ਸਾਹਿਤ, ਪੌਰਾਣਿਕ ਸੰਕੇਤਾਂ, ਲੋਕ-ਕਲਾ, ਲੋਕ ਰਸੂ-ਰੀਤਾਂ, ਲੋਕ-ਵਿਸ਼ਵਾਸਾਂ, ਲੋਕ-ਬੋਲੀ, ਲੋਕ ਮਨੋਰੰਜਨ ਤੇ ਲੋਕ ਧੰਦਿਆਂ ਵਿਚ ਉਪਲਬਧ ਹੁੰਦੇ ਹਨ। ਇਹ ਲੋਕ - ਤਤ ਨਿਮਨ ਲਿਖਤ ਹਨ :-

1- <u>ਲੋਕ-ਸਾਹਿਤ ਦੇ ਤੱਤ</u> : ਲੋਕ ਕਾਵਿ-ਰੂਪ, ਲੋਕ-ਗੀਤ, ਲੋਕ-ਕਹਾਣੀਆਂ, ਲੋਕ-ਬੋਲੀ, ਲੋਕ-ਛੰਦ, ਕਥਾਨਕ ਰੂੜ੍ਹੀਆਂ ਆਦਿਕ।

2- <u>ਪੌਰਾਣਿਕ ਸੰਕੇਤ</u> : ਵਰਣ-ਆਸ਼੍ਰਮ ਵਿਧਾਨ ਤੇ ਕਰਮ ਕਾਂਡ, ਕਥਾ, ਲੋਕੋਕਤੀ, ਕਹਾਵਤਾਂ, ਅਖਾਣ, ਮੁਹਾਵਰੇ ਆਦਿਕ।

3- <u>ਲੋਕ-ਕਲਾ ਦੇ ਤੱਤ</u>: ਲੋਕ-ਸੰਗੀਤ ਦੀਆਂ ਧੁਨਾਂ, ਕਸੀਦਾ, ਦਸਤਕਾਰੀ, ਚਿਤਰਕਾਰੀ, ਨ੍ਰਿਤ, ਮੂਰਤੀ ਕਲਾ, ਨਾਟਕ ਕਲਾ ਤੇ ਇਮਾਰਤਸਾਜ਼ੀ ਆਦਿਕ।

4- <u>ਲੋਕ ਰਸੂ ਰੀਤਾਂ ਦੇ ਤੱਤ</u>: ਤਿਉਹਾਰ, ਉਤਸਵ, ਪੂਜਾ ਵਿਧੀਆਂ (ਆਰਤੀ, ਮੂਰਤੀ ਪੂਜਾ, ਸੀਤਲਾ ) ਲੋਕ- ਧਰਮ (ਕਰਮ ਕਾਂਡ, ਖੱਟ ਕਰਮ, ਹੋਮ ਜਗ ਤੀਰਥ-ਇਸ਼ਨਾਨ, ਪੂਰਬ ਸਾਧੂ ਵਰਤ, ਸੂਤਕ, ਪਾਤਕ, ਜੂਠ, ਛਿੱਟ, ਚੌਕਾਚਾਰ, ਵਰਤ ਆਦਿਕ )।

5- <u>ਲੋਕ-ਵਿਸ਼ਵਾਸਾਂ ਦੇ ਤੱਤ</u>: ਮੰਤਰ, ਤਵੀਤ, ਸ਼ਗਨ, ਅਪਸ਼ਗਨ, ਜਾਦੂ ਟੂਣਾ ਆਦਿਕ।

6- <u>ਲੋਕ ਮਨੋਰੰਜਨ</u> : ਨਾਟਕ, ਖੇਡਾਂ, ਸਾਂਗ, ਚੌਪੜ, ਪੁੱਗੀ ਆਦਿਕ।

7- ਲੋਕ ਰੂਪਕ ਵਿਕਾਸ ਤੇ ਲੋਕ- ਬੋਲੀ।

8- ਲੋਕ ਧੰਦਿਆਂ ਦੇ ਤੱਤ -

ਇਹ ਤੱਤ ਸਮੇਂ ਦੇ ਬੀਤਣ ਨਾਲ, ਮਾਨਸਿਕ ਤੇ ਬੌਧਿਕ ਵਿਕਾਸ ਨਾਲ, ਸਭਿਆਚਾਰਕ ਤਬਦੀਲੀ ਨਾਲ ਨਸ਼ਟ ਨਹੀਂ ਹੁੰਦੇ, ਸਗੋਂ ਰੂਪ ਵਟਾ ਕੇ ਫਿਰ ਪ੍ਰਗਟ ਹੋ ਜਾਂਦੇ ਹਨ। ਇਹ ਪ੍ਰਾਚੀਨ ਤੇ ਆਦਿਮ ਲੋਕ-ਮਨ ਦੀ ਅਭਿਵਿਅਕਤੀ ਹੁੰਦਿਆਂ ਹੋਇਆਂ ਵੀ ਬਣਦੇ, ਬਦਲਦੇ ਤੇ ਹੋਂਦ ਵਿਚ ਆਉਂਦੇ ਰਹਿੰਦੇ ਹਨ। ਕੁਝ ਵਿਦਵਾਨਾਂ ਦਾ ਮੱਤ ਹੈ ਕਿ ਇਹ ਖ਼ਤਮ ਹੋ ਜਾਂਦੇ ਹਨ। ਪਰ ਅਸਲ ਵਿਚ ਇਨ੍ਹਾਂ ਦੀ ਹੋਂਦ ਜ਼ਰੂਰ ਕਾਇਮ ਰਹਿੰਦੀ ਹੈ, ਭਾਵੇਂ ਬਦਲਵੇਂ ਰੂਪ ਵਿਚ ਹੀ ਹੋਵੇ। ਜਿਸ ਤਰ੍ਹਾਂ ਸਾਹਿਤ ਵਿਚ ਮਾਨਵੀਕਰਣ ਦੀ ਰੁਚੀ ਦਾ ਆਧਾਰ

ਮੂਲ-ਲੋਕ-ਪ੍ਰਵਿਰਤੀ ਸਰਬਚੇਤਨਵਾਦ ਹੈ । ਇਹ ਆਦਮ ਪ੍ਰਵਿਰਤੀ ਹੈ । "ਇਹੋ ਮੂਲ-ਲੋਕ-ਪ੍ਰਵਿਰਤੀਆਂ ਧਰਮ, ਦਰਸ਼ਨ, ਆਚਾਰ ਅਤੇ ਸਾਹਿਤ ਦੀਆਂ ਜੜ੍ਹਾਂ ਹੁੰਦੀਆਂ ਹਨ, ਇਹੋ ਲੋਕ-ਪ੍ਰਵਿਰਤੀਆਂ ਸਾਡੀ ਲੋਕ-ਧਾਰਾ ਨੂੰ ਜਨਮ ਦੇਂਦੀਆਂ ਹਨ ।"- - - " ਲੋਕ ਪ੍ਰਵਿਰਤੀਆਂ ਦਾ ਸੰਬੰਧ ਮਨ ਦੀ ਜਿਸ ਅਵਚੇਤਨ ਅਵਸਥਾ ਨਾਲ ਹੈ, ਉਸ ਨੂੰ ਲੋਕ-ਮਨ ਕਿਹਾ ਜਾਂਦਾ ਹੈ"- - - - "ਲੋਕ-ਮਨ ਅਵਚੇਤਨ ਮਨ ਵਿਚ ਸਮਾਇਆ ਹੁੰਦਾ ਹੈ ਤੇ ਸਮੇਂ ਸਮੇਂ ਮਨੁੱਖ ਦੀ ਮਾਨਸਿਕ ਸਥਿਤੀ ਦੇ ਰੂਪ ਵਿਚ ਅਵਚੇਤਨ ਵਿਚੋਂ ਚੇਤਨ ਵਿਚ ਉਭਰਦਾ ਰਹਿੰਦਾ ਹੈ[9] ।" ਡਾ. ਹਜ਼ਾਰੀ ਪ੍ਰਸਾਦ ਦ੍ਵਿਵੇਦੀ ਨੇ ਲੋਕ-ਮਨ ਦੀ ਥਾਂ ਲੋਕ ਚਿਤ ਦੀ ਵਰਤੋਂ ਕੀਤੀ ਹੈ । ਉਨ੍ਹਾਂ ਦੇ ਵਿਚਾਰ ਵਿਚ "ਲੋਕ ਚਿਤ ਸੇ ਤਾਤਪਰਯ ਉਸ ਜਨਤਾ ਕੇ ਚਿਤ ਸੇ ਹੈ ਜੋ ਪਰੰਪਰਾ ਪ੍ਰਥਿਤ ਪੌਰਾਣਿਕ ਵਿਸ਼ਵਾਸਪਰਕ ਧਾਰਨਾਓਂ ਔਰ ਉਨ ਪਰ ਕੀ ਗਈ ਟੀਕਾ ਟਿਪਣੀਓਂ ਸੇ ਸਾਹਿਤ ਸੇ ਅਧਿਸ਼ਿਤ ਹੋਤਾ ਹੈ[10] ।"

ਲੋਕ-ਮਨ ਨੂੰ ਵਿਦਵਾਨਾਂ ਨੇ ਚਾਰ ਸ਼੍ਰੇਣੀਆਂ ਵਿਚ ਵੰਡਿਆ ਹੈ :-

1- ਪੂਰਵ ਕਲਪਣਾ :- ਅਜਿਹਾ ਲੋਕ-ਮਨ ਯਥਾਰਥ ਤੇ ਕਲਪਨਾ ਵਿਚ ਭੇਦ ਨਹੀਂ ਕਰ ਸਕਦਾ ।

2- ਆਤਮਮੂਲਕ ਚਿੰਤਨ: ਅਜਿਹੀ ਸੋਚਣੀ ਵਾਲਾ ਲੋਕ-ਮਨ ਜੜ੍ਹ-ਚੇਤਨ, ਪ੍ਰਾਣੀ- ਅਪ੍ਰਾਣੀ ਨੂੰ ਆਤਮਾ ਨਾਲ ਯੁਕਤ ਕਰਦਾ ਹੈ ।

3- ਟੂਣਾ ਚਿੰਤਨ : ਅਜਿਹਾ ਮਨ ਜਾਦੂ, ਟੂਣੇ, ਮੰਤਰਾਂ ਤੇ ਤਵੀਤਾਂ ਵਿਚ ਵਿਸ਼ਵਾਸ਼ ਰਖਦਾ ਹੈ ।

4- ਅਨੁਸ਼ਠਾਨ ਚਿੰਤਨ : ਅਜਿਹਾ ਮਨ ਵਿਸ਼ੇਸ਼ ਵਿਧੀ ਨਾਲ ਕੰਮ ਕਰਨ ਤੇ ਮਨ ਇੱਛਤ ਫ਼ਲ ਪਰਾਪਤ ਕਰਨ ਦੀ ਆਸ ਰਖਦਾ ਹੈ[11] ।

ਇਸ ਤਰ੍ਹਾਂ ਲੋਕ-ਮਨ ਲੋਕ-ਤਤਾਂ ਨੂੰ ਅਭਿਵਿਅਕਤ ਕਰਦਾ ਹੈ ਤੇ ਲੋਕ-ਮਨ ਵਿਚ ਮੂਲ ਲੋਕ- ਪ੍ਰਵਿਰਤੀਆਂ ਦਾ ਵਾਸਾ ਹੁੰਦਾ ਹੈ। ਲੋਕ- ਤਤ ਜਾਤੀਗਤ-ਪ੍ਰਵਾਹ ਅਤੇ ਸੰਸਕ੍ਰਿਤੀ ਵਿਚ ਸਹਿਜ ਰੂਪ ਵਿਚ ਹੀ ਉਤਪੰਨ ਹੁੰਦੇ ਰਹਿੰਦੇ ਹਨ ਤੇ ਜਿਨ੍ਹਾਂ ਦੀ ਝਲਕ ਹਰ ਵਿਅਕਤੀ ਵਿਚ ਮਿਲਦੀ ਹੈ, ਭਾਵੇਂ ਉਹ ਸਾਧਾਰਨ ਪ੍ਰਾਣੀ ਵਰਗਾ ਜਾਪੇ ਹੈ ਤੇ ਭਾਵੇਂ ਬੌਧਿਕ ਵਿਕਾਸ ਨਾਲ ਸਭਿਆਚਾਰ ਦੀ ਉਚੀ ਅਵਸਥਾ ਤੇ ਪਹੁੰਚਿਆ ਹੋਇਆ ਮਾਨਵ ਹੈ । ਸਮਾਂ ਬੀਤਣ ਨਾਲ, ਸਭਿਆਚਾਰਕ ਉਚਾਈਆਂ ਉਪਰ ਪਹੁੰਚਣ ਨਾਲ ਮਾਨਸਿਕ ਤੇ ਬੌਧਿਕ ਵਿਕਾਸ ਹੋਣ ਦੇ ਬਾਵਜੂਦ

ਵੀ ਇਹ ਨਸ਼ਟ ਨਹੀਂ ਹੁੰਦੇ । ਪ੍ਰਾਚੀਨ ਤੇ ਆਦਿਮ ਲੋਕ ਮਨ ਦੀ ਅਭਿਵਿਅਕਤੀ ਹੁੰਦਿਆਂ ਹੋਇਆਂ ਵੀ ਇਹ ਘਟਦੇ, ਵਧਦੇ ਤੇ ਵਿਕਾਸ ਕਰਦੇ ਰਹਿੰਦੇ ਹਨ ।

ਇਹੋ ਮੂਲ- ਲੋਕ- ਪ੍ਰਵਿਰਤੀਆਂ ਅਤੇ ਲੋਕ-ਤੱਤ ਲੋਕ-ਧਾਰਾ ਦਾ ਮੂਲ ਸ੍ਰੋਤ ਹਨ । "ਲੋਕ-ਧਾਰਾ ਦਾ ਅਧਿਐਨ ਵਸਤੂ- ਖੇਤਰ, ਰੂਪ ਤੇ ਸੂਖਮ ਕਿਰਿਆਵਾਂ ਹਨ ਜੋ ਲੋਕ-ਮਨ ਵਿਚੋਂ ਵਿਕਸਦੀਆਂ ਹਨ ।"[12] ਲੋਕ-ਧਾਰਾ ਦਾ ਖੇਤਰ ਬੜਾ ਵਿਸ਼ਾਲ ਹੈ । ਇਹ ਮਨੁੱਖੀ ਜੀਵਨ ਦੀ ਵਿਆਖਿਆ ਕਰਦਾ ਹੋਇਆ ਇਤਿਹਾਸਕ ਜਾਣਕਾਰੀ ਦੇਂਦਾ ਹੈ । ਇਸ ਵਿਚ ਉਹ ਸਾਰੀ ਸਾਮੱਗਰੀ ਆ ਜਾਂਦੀ ਹੈ ਜਿਹੜੀ ਕਲਾ, ਸਾਹਿਤ, ਰਸਮ-ਰੀਤਾਂ, ਵਿਸ਼ਵਾਸਾਂ ਆਦਿਕ ਦੇ ਰੂਪ ਵਿਚ ਸਧਾਰਣ ਸਮਾਜ ਵਿਚ ਮਿਲਦੀ ਹੁੰਦੀ ਹੈ। ਇਸ ਵਿਚ ਮਨੁੱਖਤਾ ਦੇ ਸਹਿਜ ਅਨੁਭਵ ਦਾ ਸਹਿਜ ਅਭਿਵਿਅੰਜਨ ਹੁੰਦਾ ਹੈ। ਇਹ ਲੋਕਾਂ ਦੀਆਂ ਰੀਤਾਂ, ਰਿਵਾਜਾਂ , ਵਿਸ਼ਵਾਸਾਂ, ਮਨੌਤਾਂ ਤੇ ਉਮੰਗਾਂ ਦਾ ਮੌਖਿਕ ਇਤਿਹਾਸ ਹੁੰਦਾ ਹੈ। ਇਸ ਵਿਚਲੇ ਤੱਤਾਂ ਨੂੰ ਇਸ ਪ੍ਰਕਾਰ ਵੰਡ ਸਕਦੇ ਹਾਂ :-

1- ਲੋਕ- ਮਨ : ਇਸ ਬਾਰੇ ਪਹਿਲਾਂ ਵਿਚਾਰ ਕੀਤੀ ਜਾ ਚੁਕੀ ਹੈ ।

2- ਸਾਂਸਕ੍ਰਿਤਿਕ ਤੱਤ : ਇਹੋ ਪੀੜ੍ਹੀਓ ਪੀੜ੍ਹੀ ਅਗੇ ਆਉਂਦੇ ਹਨ, ਜਿਨ੍ਹਾਂ ਵਿਚ ਲੋਕ- ਸਮੂਹ ਦਾ ਗਿਆਨ ਸ਼ਾਮਲ ਹੁੰਦਾ ਹੈ ਤੇ ਉਸ ਦਾ ਸਹਿਜ ਅਭਿਵਿਅੰਜਨ ਹੁੰਦਾ ਹੈ ।

3- ਮੌਖਿਕ ਸ਼ਿਸ਼ਟਾਚਾਰ : ਇਹ ਲੋਕ ਜੀਵਨ ਦੀ ਰੂਹ ਹੈ ਜਿਸ ਰਾਹੀਂ ਲੋਕ-ਜੀਵਨ ਦੇ ਉਨ੍ਹਾਂ ਸਾਰੇ ਸੰਸਕਾਰਾਂ ਦਾ ਗਿਆਨ ਹੁੰਦਾ ਹੈ ਜਿਨ੍ਹਾਂ ਰਾਹੀਂ ਲੋਕ ਆਪਣੇ ਸਮਾਜਕ ਜੀਵਨ ਦੇ ਆਦਰਸ਼ਾਂ ਦਾ ਫੈਸਲਾ ਕਰਦੇ ਹਨ । ਇਹ ਮੌਖਿਕ ਸ਼ਿਸ਼ਟਾਚਾਰ ਹੀ ਲੋਕ ਸੰਸਕ੍ਰਿਤੀ ਹੈ ।

ਸਿਟਥ ਐਮ. ਥਾਮਸਨ ਨੇ ਬਿਲਕੁਲ ਠੀਕ ਆਖਿਆ ਹੈ ਕਿ "ਲੋਕ-ਧਾਰਾ ਵਿਚ ਸਮਾਜ ਦਾ ਜੀਵਨ ਹਰ ਨੁਕਤੇ ਤੇ ਸਮੋਇਆ ਹੈ ।"[13] ਇਹੋ ਹੀ ਕਾਰਨ ਹੈ ਕਿ ਲੋਕ-ਧਾਰਾ ਨੂੰ ਭਿੰਨ ਭਿੰਨ ਨਾਮਾਂ ਨਾਲ ਸਾਹਿਤ ਵਿਚ ਵਰਤਿਆ ਗਿਆ ਹੈ। ਇਸ ਨੂੰ ਲੋਕ-ਵਾਰਤਾ, ਲੋਕ-ਸੰਸਕ੍ਰਿਤੀ, ਲੋਕ-ਪ੍ਰਮਾਣ, ਲੋਕ-ਪੱਖ, ਲੋਕਰਹਸ, ਲੋਕਾਇਣ, ਲੋਕਯਾਨ, ਲੋਕ-ਵੇਦ, ਲੋਕ-ਵਿਰਸਾ ਆਖਿਆ ਗਿਆ ਹੈ । ਅਸਲ ਵਿਚ ਇਹ ਸਾਰੇ ਹੀ ਤੱਤ ਲੋਕ-ਧਾਰਾ ਵਿਚ ਸ਼ਾਮਲ ਹਨ ।

"ਇਸ ਵਿਚ ਇਤਿਹਾਸ ਤੇ ਪਰੰਪਰਾ ਦਾ ਆਧਾਰ ਹੈ ਜੋ ਸਹਿਜ ਪਰਬੰਧ ਤੇ ਅਚੇਤ ਰੂਪ ਵਿਚ ਸਮਾਜ ਵਿਚ ਪਸਰਿਆ ਹੁੰਦਾ ਹੈ ਜਿਸ ਵਿਚ ਕੁਝ ਜੁੜਦਾ ਤੇ ਕੁਝ ਵਿਗੁੰਨਦਾ ਰਹਿੰਦਾ ਹੈ।"[14] ਲੋਕ-ਯਾਨ ਸੰਬੰਧੀ ਦਿੱਤੀਆਂ ਵਿਦਵਾਨਾਂ ਦੀਆਂ ਕੁਝ ਪਰਿਭਾਸ਼ਾਵਾਂ ਨਿਮਨ-ਲਿਖਤ ਹਨ :-

<u>ਡਾ. ਕਰਨੈਲ ਸਿੰਘ ਥਿੰਦ</u> ਅਨੁਸਾਰ, "ਪਰੰਪਰਾਗਤ ਰੂਪ ਵਿਚ ਪ੍ਰਾਪਤ ਲੋਕ ਸੰਸਕ੍ਰਿਤੀ ਦੇ ਅੰਗਾਂ ਅਤੇ ਪ੍ਰਾਚੀਨ ਵਿਸ਼ਵਾਸਾਂ ਦੇ ਅਵਸ਼ੇਸ਼ਾਂ ਨਾਲ ਭਰਪੂਰ ਲੋਕ-ਸਮੂਹ ਦਾ ਉਹ ਵਿਰਸਾ ਜਿਸ ਵਿਚ ਲੋਕ ਮਾਨਸ ਦੀ ਅਭਿਵਿਅਕਤੀ ਹੋਵੇ ਅਤੇ ਲੋਕ-ਸਮੂਹ ਜਿਸ ਨੂੰ ਪ੍ਰਵਾਨਦੀ ਹੈ ਤੇ ਪੀੜ੍ਹੀ ਦਰ ਪੀੜ੍ਹੀ ਅੱਗੇ ਤੋਰੇ, ਲੋਕ-ਯਾਨ ਹੈ। ਇਸ ਵਿਚ ਕਲਾ, ਸਾਹਿਤ, ਭਾਸ਼ਾ, ਅਨੁਸ਼ਠਾਨ, ਵਿਸ਼ਵਾਸ, ਰੀਤੀ, ਮਨੋਰੰਜਨ ਆਦਿ ਲੋਕ ਜੀਵਨ ਦੇ ਕਿਸੇ ਵੀ ਖੇਤਰ ਨਾਲ ਸੰਬੰਧਿਤ ਸਾਮਗ੍ਰੀ ਹੋ ਸਕਦੀ ਹੈ।"[15]

<u>ਡਾ. ਹਜ਼ਾਰੀ ਪ੍ਰਸਾਦ ਦ੍ਵਿਵੇਦੀ</u> ਅਨੁਸਾਰ, "ਲੋਕ-ਸਾਹਿਤਯ ਕਾ ਅਭਿਪ੍ਰਾਯ ਐਸਾ ਮਾਨ ਲਿਯਾ ਜਾ ਸਕਤਾ ਹੈ ਕਿ ਜੋ ਚੀਜ਼ ਲੋਕਚਿਤ ਸੇ ਸੀਧੀ ਉਤਪੰਨ ਹੋ ਕਰ ਸਰਵਸਾਧਾਰਣ ਕੋ ਆਂਦੋਲਿਤ, ਚਾਲਿਤ, ਔਰ ਪ੍ਰਭਾਵਿਤ ਕਰਤੀ ਹੈਂ ਵੇ ਹੀ ਲੋਕ ਸਾਹਿਤਯ, ਲੋਕਸ਼ਿਲਪ, ਲੋਕ-ਨਾਟਯ, ਲੋਕਕਥਾਨਕ ਆਦਿ ਨਾਮੋਂ ਸੇ ਪੁਕਾਰੀ ਜਾ ਸਕਤੀ ਹੈਂ।"[16]

<u>ਡਾ. ਸਤੇਂਦਰ</u> ਅਨੁਸਾਰ, "ਜਨ ਮਨੁਸ਼ ਕੀ ਵਹ ਸਮਸਤ ਸਾਰਥਕ ਅਭਿਵਿਅਕਤੀ ਸਮਿਲਿਤ ਮਾਨੀ ਜਾਏਗੀ ਜੋ ਲਿਖਤ ਹੋ ਯਾ ਮੌਖਿਕ ਹੋ, ਕਿੰਤੂ ਜੋ ਵਿਸ਼ਿਸ਼ਟਤਾਵਾਦੀ- ਚੇਤਨਾ ਕੀ ਨਾ ਹੋ, ਉਸੀ ਸਮਸਤ ਲੋਕ-ਤੱਤਵ ਯੁਕਤ ਅਭਿਵਿਅਕਤੀ ਲੋਕ-ਸਾਹਿਤਯ ਕੇ ਅੰਤਰਗਤ ਹੋਗੀ।"[17]

<u>ਆਰਚਰ ਟੇਲਰ</u> ਅਨੁਸਾਰ, "ਲੋਕਯਾਨ ਉਹ ਵਸਤੂ ਹੈ ਜਿਸ ਵਿਚ ਪਰੰਪਰਾ, ਮੌਖਿਕ ਸਮਿਆਚਾਰ ਜਾਂ ਰੀਤੀ ਰਿਵਾਜ ਸਮਿਲਿਤ ਹੁੰਦੇ ਹਨ।"[18]

<u>ਬੀ.ਏ.ਬਾਟਕਿਨ</u> ਅਨੁਸਾਰ, "ਲੋਕ ਯਾਨ ਕੋਈ ਮੁੱਕ ਚੁੱਕੀ ਜਾਂ ਬੀਤੇ ਸਮੇਂ ਦੀ ਵਸਤੂ ਨਹੀਂ, ਸਗੋਂ ਚਲਾਇਮਾਨ ਵਸਤੂ ਹੈ ਜੋ ਕਾਇਮ ਹੈ।"[19]

<u>ਟ੍ਰਿਸਟ੍ਰਮ ਪੀ. ਕੌਫ਼ਿਨ</u> ਅਨੁਸਾਰ, "ਲੋਕ ਯਾਨ ਕਿਸੇ ਨਿਯਮਿਤ ਰੂਪ ਵਿਚ ਬੰਨ੍ਹਿਆ ਨਹੀਂ ਰਹਿ ਸਕਦਾ - ਮੌਖਿਕ ਤਬਦੀਲੀਆਂ ਇਸ ਦੀ ਆਤਮਾ ਹਨ।"[20]

<u>ਵਿਲੀਅਮ. ਹੁਬੈਲੋਂ</u> ਅਨੁਸਾਰ, "ਲੋਕ ਯਾਨ ਭੂਤ ਦੀ ਗੂੰਜ ਪਰ ਵਰਤਮਾਨ ਦੀ ਪ੍ਰਤੀਨਿਧ ਆਵਾਜ਼ ਹੈ।"[21]

ਡਾ. ਸੋਹਿੰਦਰ ਸਿੰਘ ਬੇਦੀ ਅਨੁਸਾਰ, " ਲੋਕ ਧਾਰਾ ਉਹ ਪ੍ਰਵਾਹ ਹੈ, ਜਿਸ ਵਿਚ ਅਸੀਂ ਸਮੁੱਚੇ ਰੂਪ ਵਿਚ ਜੀ ਵਿਚਰਦੇ ਤੇ ਵਿਗਸਦੇ ਰਹਿੰਦੇ ਹਾਂ ਤੇ ਜੀਵਨ ਵਿਚ ਬਹੁਤ ਕੁਝ ਜੋ ਅਸੀਂ ਕਰਦੇ, ਮੰਨਦੇ ਤੇ ਵਿਚਾਰਦੇ ਹਾਂ, ਉਸ ਉਤੇ ਲੋਕ-ਧਾਰਾ ਦੀ ਛਾਪ ਸੁਤੇ-ਸਿਧ ਲਗੀ ਹੁੰਦੀ ਹੈ ।"[22]

ਉਪਰੋਕਤ ਲੋਕ-ਧਾਰਾ ਦੀਆਂ ਪਰਿਭਾਸ਼ਾਵਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਕੁਝ ਵਿਦਵਾਨ ਲੋਕਧਾਰਾ ਨੂੰ ਮੌਖਿਕ ਸਾਹਿਤ ਤਕ ਸੀਮਿਤ ਰਖਦੇ ਹਨ ਅਤੇ ਕੁਝ ਵਿਦਵਾਨ ਇਸ ਵਿਚ ਲੋਕ- ਜੀਵਨ ਦੇ ਹਰ ਖੇਤਰ ਨਾਲ ਸੰਬੰਧਿਤ ਸਾਮੱਗ੍ਰੀ ਸ਼ਮਿਲਿਤ ਕਰਦੇ ਹਨ । ਇਸ ਪ੍ਰਕਾਰ ਲੋਕ-ਧਾਰਾ ਦਾ ਖੇਤਰ ਅਤਾ ਵਿਸਤ੍ਰਿਤ ਹੈ। ਇਸ ਵਿਚ ਸਾਹਿਤ, ਕਲਾ, ਭਾਸ਼ਾ, ਅਨੁਸ਼ਠਾਨ, ਵਿਸ਼ਵਾਸ਼, ਰੀਤੀ, ਮਨੋਰੰਜਨ ਦੇ ਸਾਧਨ, ਲੋਕ ਸੰਸਕ੍ਰਿਤੀ ਅਥਵਾ ਮੌਖਿਕ ਗਿਆਨਕੋਸ਼ ਅਤੇ ਸਾਂਸਕ੍ਰਿਤਕ ਤਥ ਅਥਵਾ ਪਰੰਪਰਾ ਸਭ ਸ਼ਾਮਿਲ ਹਨ ।

ਲੋਕ ਧਾਰਾ ਨੇ ਹਰ ਯੁਗ ਵਿਚ, ਹਰ ਭਾਸ਼ਾ ਦੇ ਸਾਹਿਤ ਨੂੰ ਕਿਸੇ ਨਾ ਕਿਸੇ ਰੂਪ ਵਿਚ ਪ੍ਰਭਾਵਿਤ ਕੀਤਾ ਹੈ। ਸਾਹਿਤਕਾਰਾਂ ਨੇ ਇਨ੍ਹਾਂ ਨੂੰ ਇਕ ਸਰਬ-ਵਿਆਪਕ ਰੂਪ ਵਜੋਂ ਆਪਣੀ ਰਚਨਾਵਾਂ ਵਿਚ ਵਿਸ਼ੇਸ਼ ਰੂਪ ਵਜੋਂ ਵਰਤਿਆ ਹੈ। ਲੋਕ-ਧਾਰਾ ਦੇ ਵਿਸ਼ੇਸ਼ ਭਾਗ ਲੋਕ-ਮਨ ਦੀ ਅਭਿਵਿਅਕਤੀ ਦੇ ਪ੍ਰਧਾਨ ਹੋਣ ਤੇ, ਲੋਕ-ਤੱਤ ਅਖਵਾਉਂਦੇ ਹਨ । ਇਨ੍ਹਾਂ ਦੀ ਸਾਡੇ ਜੀਵਨ ਨਾਲ ਹੀ ਨਹੀਂ ਸਗੋਂ ਸਾਡੇ ਸਾਹਿਤ ਨਾਲ ਵੀ ਸਮਾਨੀ ਸਾਂਝ ਹੁੰਦੀ ਹੈ । ਜਿਹੜੇ ਸਾਹਿਤਕਾਰ ਇਨ੍ਹਾਂ ਨੂੰ ਆਪਣੀ ਰਚਨਾ ਵਿਚ ਜਿੰਨਾ ਵਧੇਰੇ ਵਰਤਦਾ ਹੈ, ਉਤਨੀ ਹੀ ਉਸ ਦੀ ਰਚਨਾ ਲੋਕ-ਪ੍ਰਿਯ, ਸਜੀਵ ਤੇ ਜੀਵਨ ਨਾਲ ਜੁੜੀ ਹੋਈ ਹੋਵੇਗੀ । ਉਹ ਲੋਕਾਂ ਦੇ ਵਿਚਾਰਾਂ ਨੂੰ ਉਭਾਰਨ ਵਿਚ, ਮਾਨਸਿਕ ਬਿਰਤੀਆਂ ਦੇ ਰੂਪਾਂਤਰ ਪ੍ਰਗਟਾਉਣ ਵਿਚ ਸਮਰਥ ਹੋਵੇਗਾ । ਆਪਣਾ ਸੁਨੇਹਾ ਲੋਕਾਂ ਤਕ ਪੁਚਾ ਕੇ ਉਨ੍ਹਾਂ ਨੂੰ ਸਮਾਜਿਕ, ਮਾਨਸਿਕ, ਤੇ ਆਤਮਿਕ ਤੌਰ ਤੇ ਉੱਚਾ ਚੁਕ ਕੇ ਉਨ੍ਹਾਂ ਦੀ ਜਾਗਣੀ ਕਰਨ ਵਿਚ ਸਹਾਇਕ ਸਿਧ ਹੋ ਸਕਦਾ ਹੈ ।

ਡਾ. ਕਰਨੈਲ ਸਿੰਘ ਥਿੰਦ ਇਨ੍ਹਾਂ ਤੱਤਾਂ ਦਾ ਵਿਸ਼ਿਸ਼ਟ ਸਾਹਿਤ ਵਿਚ ਸਮਾਵੇਸ਼ ਹੋਣ ਦੇ ਢੰਗਾਂ ਸੰਬੰਧੀ ਆਪਣੇ ਖੋਜ ਨਿਬੰਧ ਵਿਚ ਇਸ ਪ੍ਰਕਾਰ ਲਿਖਦੇ ਹਨ :-

ਹੋਰਮਨ ਅਨੁਸਾਰ —

1- ਲੋਕ-ਤਤਾਂ ਦਾ ਉਲੇਖ ਤੇ ਰੂਪ ਉਸੇ ਪ੍ਰਕਾਰ ਕਰੀ ;

2- ਪਰੰਪਰਾਗਤ ਰੂਪ ਸਥਾਪੀ ਕਰੀ;

3- ਰੂਪ ਨੂੰ ਬਦਲ ਕੇ ਅੰਤਰਮੁਖੀ ਭਾਵ ਨੂੰ ਅਭਿਵਿਅਕਤ ਕਰੇ ।

ਡੰਡਿਸ ਦੇ ਮੱਤ ਤੇ ਆਧਾਰਿਤ ਚਾਰ ਮੁੱਖ ਸਿੱਧਾਂਤ ਹਨ :-

1- ਲੋਕਧਾਰਿਕ ਸਾਮਗਰੀ ਦਾ ਸਿੱਧੇ ਰੂਪ ਵਿਚ ਸਾਹਿਤ ਲਈ ਪ੍ਰਯੋਗ;

2- ਲੋਕ ਧਾਰਿਕ ਸਾਮਗਰੀ ਦੀ ਬਦਲਵੇਂ ਰੂਪ ਵਿਚ ਵਰਤੋਂ;

3- ਲੋਕ ਧਾਰਿਕ ਸਾਮਗਰੀ ਦਾ ਸੰਕੇਤ ਅਥਵਾ ਪ੍ਰਤੀਕ ਰੂਪ ਵਿਚ ਉਲੇਖ;

4- ਲੋਕ ਰੂੜ੍ਹੀਆਂ ਦੀ ਵਰਤੋਂ।[23]

ਇਸ ਪ੍ਰਕਾਰ ਲੋਕ-ਤਤ ਵਿਸ਼ਿਸ਼ਟ ਸਾਹਿਤ ਵਿਚ ਸਿੱਧੇ ਰੂਪ ਵਿਚ, ਬਦਲਵੇਂ ਰੂਪ ਵਿਚ, ਪ੍ਰਤੀਕ ਰੂਪ ਵਿਚ ਅਤੇ ਰੂੜ੍ਹੀਆਂ ਦੇ ਰੂਪ ਵਿਚ ਵਿਦਮਾਨ ਹੁੰਦੇ ਹਨ। ਵਿਸ਼ਿਸ਼ਟ ਸਾਹਿਤ ਵਿਚ ਵਿਦਮਾਨ ਅਜਿਹੇ ਲੋਕ-ਤੱਤਾਂ ਦਾ ਉਲੇਖ ਇਸ ਪ੍ਰਕਾਰ ਹੋ ਸਕਦਾ ਹੈ :-

<u>ਲੋਕ- ਸਾਹਿਤ ਦੇ ਤੱਤ</u> : ਲੋਕ ਕਾਵਿ-ਗੀਤ, ਲੋਕ-ਬੋਲ, ਲੋਕ-ਬੁਲੀਆਂ, ਲੋਕ-ਛੰਦ, ਲੋਕ ਪ੍ਰਚਲਿਤ ਕਥਾ ਰੂਪ, ਲੋਕ-ਗੀਤਾਂ ਤੇ ਲੋਕ-ਕਥਾਵਾਂ ਦੇ ਅਭਿਪ੍ਰਾਇ, ਕਲਾਤਮਕ ਰੂੜ੍ਹੀਆਂ, ਲਘੂ ਧਾਰਨਾਵਾਂ (ਅਖਾਣ, ਮੁਹਾਵਰੇ, ਬੁਝਾਰਤਾਂ) ਆਦਿਕ।

ਸਾਹਿਤਕਾਰ ਲੋਕ ਸਾਹਿਤ ਦੇ ਵਸਤੂ ਤੇ ਪ੍ਰਤੀਕ ਲੈ ਕੇ ਉਹਨਾਂ ਨੂੰ ਸਾਹਿਤ ਰਚਨਾ ਦਾ ਆਧਾਰ ਬਣਾਉਂਦੇ ਹਨ। ਪ੍ਰਤੀਕ ਉਪਮਾਵਾਂ ਸਾਹਿਤ ਵਿਚ ਵਰਤੋਂ ਅਰਥ- ਵਿਅੰਜਨਾ ਤੇ ਆਧਾਰਿਤ ਹੁੰਦੀ ਹੈ ਤੇ ਸਾਹਿਤਕਾਰ ਅੰਤਰਮੁਖੀ ਭਾਵਨਾ ਨੂੰ ਪ੍ਰਗਟਾਉਂਦੇ ਹਨ। ਡਾ. ਤਾਰਨ ਸਿੰਘ ਗੁਰਬਾਣੀ ਵਿਚ ਹੋਈ ਪ੍ਰਤੀਕਾਂ ਦੀ ਵਰਤੋਂ ਸੰਬੰਧੀ ਲਿਖਦੇ ਹਨ :"ਆਦਿ ਗ੍ਰੰਥ ਵਿਚ ਪਿਤਾ, ਕੰਤ, ਸਜਣ, ਮਿੱਤਰ, ਸਾਜਨ, ਪਾਤਸ਼ਾਹ, ਆਦਿ ਪ੍ਰਤੀਕਾਂ ਦਾ ਗ੍ਰਹਿਤ ਤੱਥ ਪਰਮਾਤਮਾ ਹੈ ਅਤੇ ਪੰਛੀ, ਪਰਦੇਸੀ, ਪ੍ਰਾਣੀ ਦਾ ਗ੍ਰਹਿਤ ਤੱਥ ਆਤਮਾ ਹੈ।[24]" ਠੋਸ ਮਾਨਸਿਕ ਭਾਵਾਂ ਦੀ ਅਭਿਵਿਅਕਤੀ ਪ੍ਰਤੀਕਾਂ ਰਾਹੀਂ ਹੀ ਹੁੰਦੀ ਹੈ। ਇਨ੍ਹਾਂ ਤੋਂ ਨਵਾਂ ਸੰਕੇਤ ਪ੍ਰਾਪਤ ਹੁੰਦਾ ਹੈ। ਇਨ੍ਹਾਂ ਦੇ ਬਾਹਰਮੁਖੀ ਤੇ ਅੰਤਰਮੁਖੀ ਅਰਥ ਵੱਖਰੇ ਵੱਖਰੇ ਹੁੰਦੇ ਹਨ। ਇਹ ਜੀਵਨ ਸੰਬੰਧੀ ਦ੍ਰਿਸ਼ਟੀਕੋਣ ਵਿਚ ਤਬਦੀਲੀ ਲਿਆ ਸਕਣ ਦੇ ਸਮਰਥ ਹੁੰਦੇ ਹਨ। ਪ੍ਰਤੀਕਾਂ ਰਾਹੀਂ ਲੋਕ-ਤੱਤਾਂ ਦਾ ਪ੍ਰਵੇਸ਼, ਲੋਕ-ਤੱਤਾਂ ਦੀ ਹੋਈ ਵਰਤੋਂ ਨੂੰ ਸੂਖਮ ਰੂਪ ਵਿਚ ਦਰਸਾਉਂਦਾ ਹੈ।

ਇਸੇ ਤਰ੍ਹਾਂ ਜਦੋਂ ਉਦੇਸ਼ ਤੇ ਰੂਪ ਉਸੇ ਤਰ੍ਹਾਂ ਰਹੇ ਤਾਂ ਇਨ੍ਹਾਂ ਦੀ ਵਰਤੋਂ ਸਿੱਧੇ ਤੇ ਪ੍ਰਤੱਖ ਰੂਪ ਵਿਚ ਕੀਤੀ ਜਾਂਦੀ ਹੈ ਜਿਵੇਂ ਬਾਣੀ ਦੀ ਰਚਨਾ ਵਿਚ ਹੋਈ ਲੋਕ ਬੋਲੀਆਂ ਅਤੇ ਛੰਦਾਂ ਦੀ ਵਰਤੋਂ।

1- ਅਸਲ ਵਿਚ ਤਾਂ ਵਿਸ਼ਿਸ਼ਟ ਸਾਹਿਤ ਦਾ ਨਿਰਮਾਣ ਹੀ ਲੋਕ- ਸਾਹਿਤ ਦੁਆਰਾ ਹੁੰਦਾ ਹੈ ।

2- ਲੋਕ-ਕਲਾ ਦੇ ਤੱਤ ਵੀ ਵਿਸ਼ਿਸ਼ਟ ਸਾਹਿਤ ਨੂੰ ਪ੍ਰਭਾਵਿਤ ਕਰਦੇ ਹਨ । ਜਿਨ੍ਹਾਂ ਵਿਚ ਲੋਕ ਸੰਗੀਤ ਦੀਆਂ ਧੁਨਾਂ, ਤਰਜ਼ਾਂ, ਗਾਇਕੀਆਂ ਤੇ ਲੋਕ ਚਿਤਰਾਂ ਦੇ ਪ੍ਰਤੀਕ, ਲੋਕ ਨਾਚਾਂ ਤੇ ਲੋਕ ਨਾਟਕਾਂ ਦੀਆਂ ਰੂੜ੍ਹੀਆਂ ਇਸ [illegible] ਹਨ ।

3- ਅਨੁਸ਼ਠਾਨਾਂ ਦੇ ਤੱਤ :- ਇਨ੍ਹਾਂ ਤੱਤਾਂ ਨੂੰ ਵਰਤ ਕੇ ਸਾਹਿਤਕਾਰ ਲੋਕ-ਪਰੰਪਰਾ ਨੂੰ ਨਿਭਾਉਂਦਾ ਹੈ । ਇਹ ਸਮਾਜਕ ਜੀਵਨ ਵਿਚ ਉਪਲੱਬਧ ਆਚਾਰ, ਵਿਹਾਰ, ਸੰਸਕਾਰ, ਵਰਤ, ਉਤਸਵ, ਰਹੁ-ਰੀਤਾਂ, ਤੇ ਸੰਸਥਾਵਾਂ ਦਾ ਉਲੇਖ ਕਰਦੇ ਹਨ ।

4- ਲੋਕ ਵਿਸ਼ਵਾਸ ਦੇ ਤੱਤ :- ਹਰ ਵਿਸ਼ਵਾਸ ਆਪਣੇ ਆਪ ਵਿਚ ਇਕ ਲੋਕ-ਤੱਤ ਹੈ । ਲੋਕ-ਜੀਵਨ ਨੂੰ ਅਭਿਵਿਅਕਤ ਕਰਨ ਲਈ ਲੋਕ ਧਾਰਾ ਦੇ ਪਿਛੇ ਸਮੂਹਿਕ ਵਿਸ਼ਵਾਸਾਂ ਦੀ ਮਨੋਵਿਗਿਆਨਕ ਤੇ ਪਰੰਪਰਾਵਾਂ ਦੀ ਇਤਿਹਾਸਕ ਪਿਠ-ਭੂਮੀ ਹੁੰਦੀ ਹੈ ਜੋ ਲੋਕ-ਮਨ ਨੂੰ ਪ੍ਰਭਾਵਿਤ ਕਰਦੀ ਹੈ । ਇਸ ਤਰ੍ਹਾਂ ਅਨੁਸ਼ਠਾਨਾਂ ਤੇ ਵਿਸ਼ਵਾਸਾਂ ਵਿਚ ਲੋਕ-ਰੂੜ੍ਹੀਆਂ ਹੁੰਦੀਆਂ ਹਨ ਜੋ ਸਾਮੂਹਕ ਮਰਯਾਦਾ ਤੇ ਉਤਪੰਨ ਹੁੰਦੀਆਂ ਹਨ ।

5- ਲੋਕ ਮਨੋਰੰਜਨ, ਲੋਕ ਗੀਤ, ਲੋਕ ਸ਼ਬਦ ਨਿਰਮਾਣ, ਲੋਕ-ਬੋਲੀ ਦੇ ਅਜਿਹੇ ਤੱਤ ਹੁੰਦੇ ਹਨ ਜਿਨ੍ਹਾਂ ਨੂੰ ਰਚਨਾਵਾਂ ਦਾ ਆਧਾਰ ਬਣਾਇਆ ਜਾਂਦਾ ਹੈ ।

ਇਸ ਪ੍ਰਕਾਰ ਲੋਕ-ਤੱਤ ਵਿਸ਼ਿਸ਼ਟ ਸਾਹਿਤ ਵਿਚ ਆ ਕੇ ਸਾਹਿਤ ਸਮਾਜ ਤੇ ਧਰਮ ਨੂੰ ਉਤੰਗ ਤਲ ਤੇ ਲੈ ਜਾਣ ਦੇ ਸਹਾਇਕ ਬਣਦੇ ਹਨ । ਇਨ੍ਹਾਂ ਦੀ ਵਰਤੋਂ ਕਲਿਆਣਕਾਰੀ ਸਾਬਤ ਹੁੰਦੀ ਹੈ । ਗੁਰੂ ਸਾਹਿਬਾਨ ਨੇ ਇਨ੍ਹਾਂ ਦੀ ਵਰਤੋਂ ਕਰਕੇ ਵਿਅਕਤੀ ਅੰਦਰ ਬ੍ਰਹਿਮੰਡੀ ਚੇਤਨਾ ਪੈਦਾ ਕੀਤੀ ਹੈ ਤਾਂ ਜੋ ਉਸਨੂੰ ਪੂਰਨਤਾ ਦੀ ਪ੍ਰਾਪਤੀ ਹੋ ਸਕੇ । ਉਹ ਸਚਿਆਰਾ ਬਣ ਸਕੇ । ਇਸ ਪ੍ਰਕਾਰ ਆਮ ਦੀ ਖਾਸ ਤਬਦੀਲ ਦੀ ਸਾਰਥਕਤਾ ਨਿਸਚਿਤ ਕਰਦੀ ਹੈ । ਇਹ ਸਰੂਪ ਵਿਚ ਵਿਚਰਦੀ ਹੋਈ, ਲੋਕ-ਤੱਤਾਂ ਦਾ ਪ੍ਰਯੋਗ ਕਰਕੇ, ਕਰੋੜਾਂ ਨੂੰ ਮੋੜਦੀ ਹੈ ਤੇ ਲੋਕ-ਮਨ ਦੀਆਂ ਮੂਲ-ਪ੍ਰਵਿਰਤੀਆਂ ਨੂੰ ਸਿਧੇ ਰਸਤੇ ਪਾਉਣ ਦੇ ਸਮਰਥ ਹੁੰਦੀ ਹੈ ; ਜੋ ਲੋਕ ਧਾਰਾ ਨੂੰ ਜਨਮ ਦੇਂਦੀਆਂ ਹਨ । ਇਸ ਤਰ੍ਹਾਂ ਆਪ ਨੇ ਲੋਕ-ਧਾਰਾ ਦੇ ਰੂਪਾਂ ਵਿਚ ਵੀ ਤਬਦੀਲੀ ਲਿਆਂਦੀ ਹੈ ਜੋੜ ਦਿੱਤੇ ਹਨ ਤੇ ਉਨ੍ਹਾਂ ਨੂੰ ਨਵੀਂ ਸੇਧ ਦੇਣ ਦਾ ਉਪਰਾਲਾ ਕੀਤਾ ਹੈ ।

***

## <u>ਟਿਪਣੀਆਂ ਤੇ ਹਵਾਲੇ</u>

1- ਦਿਵੇਦੀ, ਡਾ. ਹਜ਼ਾਰੀ ਪ੍ਰਸਾਦ, <u>ਵਿਚਾਰ ਔਰ ਵਿਤਰਕ</u>, 1969, ਪੰਨਾ 234

2- ਡਾ. ਸਤੇਂਦਰ, <u>ਮੱਧਯੁਗੀਨ ਹਿੰਦੀ ਸਾਹਿਤਯ ਕਾ ਲੋਕਤਾਤਿਵਕ ਅਧਿਐਨ</u>, 1960, ਪੰਨਾ-5

"ਲੋਕ ਮਨੁਸ਼ਯ ਸਮਾਜ ਕਾ ਵਹ ਵਰਗ ਹੈ ਜੋ ਅਭਿਜਾਤਯ ਸੰਸਕਾਰ, ਸ਼ਾਸਤਰੀਅਤਾ ਔਰ ਪਾਂਡਿਤਯ ਕੀ ਚੇਤਨਾ ਅਥਵਾ ਅਹੰਕਾਰ ਸੇ ਸ਼ੂਨਯ ਹੈ ਔਰ ਜੋ ਏਕ ਪਰੰਪਰਾ ਕੇ ਪ੍ਰਵਾਹ ਮੇਂ ਜੀਵਿਤ ਰਹਤਾ ਹੈ। ਐਸੇ ਲੋਕ ਕੀ ਅਭਿਵਿਅਕਤੀ ਮੇਂ ਜੋ ਤਤਵ ਮਿਲਤੇ ਹੈਂ, ਵੇ ਲੋਕ-ਤਤਵ ਕਹਲਾਤੇ ਹੈਂ।"

3- ਬੇਦੀ, ਡਾ. ਸੋਹਿੰਦਰ ਸਿੰਘ- <u>ਲੋਕ ਪਰੰਪਰਾ ਅਤੇ ਸਾਹਿਤ</u>, 1978, ਪੰਨਾ 172-73

4- ਬੇਦੀ, ਡਾ. ਸੋਹਿੰਦਰ ਸਿੰਘ ਲੇਖ (ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲੋਕ-ਤੱਤ) ਪੰਨਾ- 8

5- ਦੇਵੀ ਪ੍ਰੋ.ਐਸ.- <u>ਸੁਪਨੇ ਤੇ ਮਨੋਵਿਗਿਆਨ</u>, ਪੰਨਾ- 47

6- ਦੇਵੀ ਪ੍ਰੋ.ਐਸ.- ਉਹੀ- ਪੰਨਾ 49
(ਹਵਾਲਾ Instincts and their vissicitudes — S. Freud Page 60)

7- ਦੇਵੀ ਪ੍ਰੋ. ਐਸ., ਉਹੀ, ਪੰਨਾ- 49.

(ਹਵਾਲਾ Introduction to Social Psychology- by MC Dougall)

i) To desire for food periodically (Hunger)
ii) To reject certain substances (Disgust)
iii) To explore new places and things (curiosity)
iv) To try to escape from danger ( Fear)
v) To fight when frustrated ( Anger)
vi) To have sex desire ( Mating propensity)
vii) To care tender by the young.
viii) To seek company.
ix) To seek to dominate (self assertion)
x) To accept obvious in feriority (submissive propensity
xi) To make things (constructive propensity)
xii) To collect thigs (acquisition).

8- ਕਪੂਰ, ਕੁਲਦੀਪ ਸਿੰਘ, ਰੇਡੀਓ ਟਾਕ 9-1-82 ਜਲੰਧਰ ਰਾਤੀ 8-00 ਵਜੇ।

9- ਬੇਦੀ, ਸੋਹਿੰਦਰ ਸਿੰਘ, ਲੇਖ- ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲੋਕ-ਤੱਤ, ਪੰਨਾ 8-9.

10- ਦਿਵੇਦੀ, ਡਾ. ਹਜ਼ਾਰੀ ਪ੍ਰਸਾਦ - <u>ਵਿਚਾਰ ਔਰ ਵਿਤਰਕ</u>, ਪੰਨਾ- 245.

11- ਥਿੰਦ, ਡਾ. ਕਰਨੈਲ ਸਿੰਘ, ਲੋਕ ਯਾਨ ਦਾ ਪੰਜਾਬੀ ਸਾਹਿਤ ਤੇ ਪ੍ਰਭਾਵ, ਪੰਨਾ- 34

12- ਬੇਦੀ, ਡਾ. ਸੋਹਿੰਦਰ ਸਿੰਘ, ਸੰਪ., ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲੋਕ-ਤੱਤ, ਪੰਨਾ-10

13- Richard, M. Dorson, American Folklore, p. 172
"Folklore grows around the lives of the community at every point."

14- ਬੇਦੀ, ਡਾ. ਸੋਹਿੰਦਰ ਸਿੰਘ, ਲੋਕ ਪਰੰਪਰਾ ਅਤੇ ਸਾਹਿਤ, ਪੰਨਾ- 7

15- ਥਿੰਦ, ਡਾ. ਕਰਨੈਲ ਸਿੰਘ, ਲੋਕਯਾਨ ਦਾ ਪੰਜਾਬੀ ਸਾਹਿਤ ਤੇ ਪ੍ਰਭਾਵ, ਪੰਨਾ- 34.

16 ਦਿਵੇਦੀ, ਡਾ. ਹਜ਼ਾਰੀ ਪ੍ਰਸਾਦ, ਵਿਚਾਰ ਔਰ ਵਿਤਰਕ, ਪੰਨਾ- 245.

17- ਡਾ. ਸਤੇਂਦਰ, ਮੱਧਯੁਗੀਨ ਹਿੰਦੀ ਸਾਹਿਤ੍ਯ ਕਾ ਲੋਕਤਾਤਵਿਕ ਅਧਿਐਨ, ਪੰਨਾ- 3

18- Archer Taylor, The Study of Folklore, Edited by Alan Dundes, p. 34.
"Folklore is the material that is handed on by custom and practice."

19 B. A. Botkin, The Pocket Treasury of American Folklore, p. 15
"Folklore is not some thing far away and long ago but real and living among us."

20- Tristram P. Coffin, Folklore in America, p. 14.
and Henning Cohen
(Editor).

21- Y. M. Sokolov, Russian Folklore, 1950, p. 15
"Folklore is an echo of the past, but at the same time it is also the vigorous voice of the present."

22- ਬੇਦੀ, ਡਾ. ਸੋਹਿੰਦਰ ਸਿੰਘ, ਗੁਰੂ ਨਾਨਕ ਤੇ ਲੋਕ ਪ੍ਰਭਾਵ, ਪੰਨਾ- 7.

23- ਥਿੰਦ, ਡਾ. ਕਰਨੈਲ ਸਿੰਘ, ਲੋਕਯਾਨ ਦਾ ਪੰਜਾਬੀ ਸਾਹਿਤ ਤੇ ਪ੍ਰਭਾਵ, ਪੰਨਾ- 56.

24- ਡਾ. ਤਾਰਨ ਸਿੰਘ, [illegible], ਪੰਨਾ 9-10

***

# ਅਧਿਆਇ ਦੂਜਾ

## ਗੁਰੂ ਅਰਜਨ-ਬਾਣੀ ਦੇ ਸ੍ਰੋਤ ਅਤੇ ਵਿਵਰਣ

•••

## ਗੁਰੂ ਅਰਜਨ-ਬਾਣੀ ਦੇ ਵਿਸ਼ੇ ਅਤੇ ਵਿਵਰਣ

ਗੁਰੂ ਅਰਜਨ ਦੇਵ ਜੀ ਦੀ ਬਾਣੀ[1] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੀ ਆਪ ਜੀ ਨੇ ਹੀ ਕੀਤੀ। ਇਸ ਵਿਚ ਹੋਰ ਗੁਰੂ ਸਾਹਿਬਾਨ ਤੇ ਭਗਤ ਕਵੀਆਂ ਦੀ ਬਾਣੀ ਨਾਲੋਂ ਸਭ ਤੋਂ ਵਧੀਕ ਆਪ ਜੀ ਦੀ ਬਾਣੀ ਹੈ ਜੋ ਨਿਮਨ ਲਿਖਤ ਵੇਰਵੇ ਤੋਂ ਸਪਸ਼ਟ ਹੈ :-

| | | | |
|---|---|---|---|
| 1- | ਗੁਰੂ ਅਰਜਨ ਬਾਣੀ : | ਅਸ਼ਟਪਦੀਆਂ, ਛੰਤ, ਸਲੋਕ, ਵਾਰਾਂ ਲੰਮੀਆਂ ਬਾਣੀਆਂ ਸਭ ਮਿਲਾ ਕੇ ਕੁਲ ਪਦੇ - - - - - - - - - - | 2218 |
| 2- | ਗੁਰੂ ਨਾਨਕ ਬਾਣੀ : | ਪਉੜੀਆਂ ਤੇ ਸ਼ਲੋਕਾਂ ਸਮੇਤ ਕੁਲ ਪਦੇ - - - - - - - - | 974 |
| 3- | ਗੁਰੂ ਅੰਗਦ ਬਾਣੀ : | ਸ਼ਲੋਕ - - - - - | 62 |
| 4- | ਗੁਰੂ ਅਮਰਦਾਸ ਬਾਣੀ: | ਪਉੜੀਆਂ ਤੇ ਸ਼ਲੋਕਾਂ ਸਮੇਤ ਕੁਲ ਪਦੇ - - - - - - - - | 907 |
| 5- | ਗੁਰੂ ਰਾਮਦਾਸ ਬਾਣੀ: | ਪਉੜੀਆਂ ਤੇ ਸ਼ਲੋਕਾਂ ਸਮੇਤ ਕੁਲ ਪਦੇ - - - - - - - - | 679 |
| 6- | ਗੁਰੂ ਤੇਗ ਬਹਾਦਰ ਬਾਣੀ: | ਪਦੇ- 59, ਸ਼ਲੋਕ 56 ਕੁਲ - - - - - - - - - | 115 |
| 7- | ਗੁਰੂ ਗੋਬਿੰਦ ਸਿੰਘ ਬਾਣੀ:[2] | ਸ਼ਲੋਕ - - - | 1 |

ਗੁਰੂ ਸਾਹਿਬਾਨ ਤੋਂ ਪਹਿਲਾਂ ਦੇ ਸੰਤ ਕਵੀਆਂ ਤੇ ਭਗਤਾਂ ਦੀ ਰਚਨਾ ਦਾ ਵੇਰਵਾ ਇਸ ਪ੍ਰਕਾਰ ਹੈ :-

| | | | |
|---|---|---|---|
| 1- | ਜੈ ਦੇਵ | : ਪਦੇ - 2 | 2 |
| 2- | ਸ਼ੇਖ ਫ਼ਰੀਦ | : ਪਦੇ - 4, ਸ਼ਲੋਕ -130 | 134 |
| 3- | ਨਾਮ ਦੇਵ | : ਪਦੇ- 60 | 60 |

| | | | |
|---|---|---|---|
| 4- ਤ੍ਰਿਲੋਚਨ | - | ਪਦੇ - 4 | 4 |
| 5- ਪਰਮਾਨੰਦ | - | ਪਦਾ- 1 | 1 |
| 6- ਸਧਨਾ | - | ਪਦਾ-1 | 1 |
| 7- ਬੇਣੀ | - | ਪਦੇ- 3 | 3 |
| 8- ਰਾਮਾਨੰਦ | - | ਪਦਾ- 1 | 1 |
| 9- ਧੰਨਾ | - | ਪਦੇ-4 | 4 |
| 10- ਪੀਪਾ | - | ਪਦਾ- 1 | 1 |
| 11- ਸੈਣ | - | ਪਦਾ- 1 | 1 |
| 12- ਕਬੀਰ | - | ਪਉੜੀਆਂ ਬਾਵਨ ਅੱਖਰੀ ਰਚੀਆਂ, ਥਿਤੀ, ਵਾਰ ਸੱਤੇ ਤੇ 249 ਸਲੋਕਾਂ ਸਮੇਤ | 292 |
| 13 ਰਵਿਦਾਸ | - | ਪਦੇ- 13 | 13 |

<u>ਗੁਰੂ ਸਾਹਿਬਾਨ ਦੇ ਸਮੇਂ ਹੋਏ ਭਗਤ ਕਵੀਆਂ ਤੇ ਸੰਤਾਂ ਦੀ ਰਚਨਾ</u>

| | | | |
|---|---|---|---|
| 1- ਭੀਖਣ | - | ਪਦੇ- 2 | 2 |
| 2- ਸੂਰਦਾਸ | - | ਪਦੇ- 2 | 2 |
| 3- ਸੁੰਦਰ | - | ਰਾਮਕਲੀ ਸੱਦ(6 ਪਉੜੀਆਂ) | 1 |
| 4- ਮਰਦਾਨਾ | - | ਸਲੋਕ -3 | 3 |
| 5- ਕਲ | - | ਸਵੱਈਏ- 46 ) ਸੋਰਠਾ - 3 ) | 49 |
| 6- ਕਲਸਹਾਰ | ਸਵੱਈਏ | - 4 | 4 |
| 7- ਟੱਲ | | ਸਵੱਈਆ- 1 | 1 |
| 8- ਜੱਲਪ | | ਸਵੱਈਏ-4 | 4 |
| 9- ਜੱਲ | | ਸਵੱਈਏ- 1 | 1 |
| 10- ਕੀਰਤ | | ਸਵੱਈਏ- 8 | 8 |
| 11- ਸੱਲ | | ਸਵੱਈਏ- 3 | 3 |
| 12- ਭੱਲ | | ਸਵੱਈਏ- 1 | 1 |
| 13- ਨੱਲ | | ਸਵੱਈਏ- 6 | 6 |

| | | |
|---|---|---|
| 14- ਭੀਖਾ | ਸਵੱਈਏ- 2 | 2 |
| 15- ਸਲੱਹ | ਸਵੱਈਆ-1 | 1 |
| 16- ਨਲ੍ਹ | ਸਵੱਈਏ- 7) ਰੇਡੁ- 3) ਝੂਲਨੇ - 4) | 14 |
| 17- ਗਯੰਦ | ਸਵੱਈਏ- 5 | 5 |
| 18- ਕੀਰਤ | ਸਵੱਈਏ- 7 | 7 |
| 19- ਮਥੁਰਾ | ਸਵੱਈਏ- 10 | 10 |
| 20- ਬੱਲ | ਸਵੱਈਏ - 5 | 5 |
| 21- ਹਰਿਬੰਸ | ਸਵੱਈਏ- 2 | 2 |

ਕੱਲ ਭੱਟ ਤੋ ਲੈ ਕੇ ਹਰਿਬੰਸ ਤਕ 17 ਭੱਟਾਂ ਨੇ ਗੁਰੂ ਦਰਬਾਰ ਵਿਚ ਹਾਜ਼ਰ ਹੋ ਕੇ ਗੁਰੂਆਂ ਦੀ[3] ਆਤਮਿਕ ਵਡਿਆਈ ਗਾਈ ਹੈ। ਕੁਝ ਵਿਦਵਾਨ 17 ਦੀ ਥਾਂ 11 ਭੱਟ ਲਿਖਦੇ ਹਨ। ਪਰ ਕਰਤਾ ਗੁਰ ਬਿਲਾਸ ਨੇ 17 ਭੱਟ ਲਿਖੇ[4] ਹਨ। ਪਰ ਅਸਲ ਵਿਚ ਕੋਈ ਪ੍ਰਮਾਣਿਕ ਸਬੂਤ ਨਹੀਂ ਮਿਲਦਾ ਕਿ 11 ਭੱਟ ਸਨ ਜਾਂ 17.

| | | |
|---|---|---|
| 22- ਸੱਤਾ<br>23- ਬਲਵੰਡ | 8 ਪਉੜੀਆਂ ਦੀ ਵਾਰ - 1 | 1 |

<u>ਸਾਰਾਂਸ਼</u> :-

ਉਪਰੋਕਤ ਵੇਰਵੇ ਤੋ ਨਿਸੰਦੇਹ ਕਹਿ ਸਕਦੇ ਹਾਂ ਕਿ ਗੁਰੂ ਅਰਜਨ ਰਚਿਤ ਬਾਣੀ ਦਾ ਆਕਾਰ ਸਭ ਤੋ ਵਡੇਰਾ ਹੈ। ਆਪ[5] ਨੇ ਨਿਰੰਤਰ 22 ਸਾਲ ਸੰਨ 1581 ਈ. ਤੋ ਲੈ ਕੇ 1604 ਈ. ਤਕ ਬਾਣੀ ਰਚੀ। ਪਰ ਰਚਨਾਵਾਂ ਦਾ ਰਚਨਾਕਾਲ ਨਿਸ਼ਚਿਤ ਕਰਨਾ ਔਖਾ ਹੈ। ਕੁਝ ਰਚਨਾਵਾਂ ਜੋ ਵਿਸ਼ੇਸ਼ ਘਟਨਾਵਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦੇ ਰਚਨ ਸਮੇਂ ਦਾ ਕਿਸ ਹੱਦ ਤਕ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਪਰ ਠੀਕ ਦਿਨ ਜਾਂ ਤਰੀਕ ਨਹੀਂ ਦੱਸੀ ਜਾ ਸਕਦੀ। ਕੁਝ ਰਚਨਾਵਾਂ ਦੇ ਸਮੇਂ ਦਾ ਪਤਾ ਲਗ ਸਕਦਾ ਹੈ ਜੋ ਉਨ੍ਹਾਂ ਨੇ ਸਿਖ ਇਤਿਹਾਸ ਅਨੁਸਾਰ ਆਦਿ ਗ੍ਰੰਥ ਦੀ ਤਿਆਰੀ ਦੀ ਸੰਪਾਦਨਾ ਦੇ ਸਮੇਂ ਵਿਚ ਰਚੀਆਂ ਸਨ।

ਆਪ ਦੀ ਬਾਣੀ 30 ਰਾਗਾਂ ਵਿਚ ਅੰਕਿਤ ਹੈ ਜਦੋਂ ਕਿ ਗੁਰੂ ਗ੍ਰੰਥ ਸਾਹਿਬ ਵਿਚ 31 ਰਾਗ ਹਨ ਤੇ 31ਵਾਂ ਰਾਗ (ਰਾਗ ਜੈਜਾਵੰਤੀ) ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮੀ ਸਾਹਿਬ

ਦੀ ਬੀੜ ਵਿਚ ਸੰਕਲਿਤ ਕੀਤਾ । ਇਸ ਵਿਚ ਗੁਰੂ ਤੇਗ਼ ਬਹਾਦਰ ਸਾਹਿਬ ਦੇ ਚਾਰ ਪਦੇ ਉਚਾਰੇ ਹਨ । ਕਰਤਾਰਪੁਰ ਵਾਲੀ ਬੀੜ ਵਿਚ ਤਾਂ 30 ਰਾਗ ਹੀ ਹਨ । ਰਾਗ- ਵੰਡ ਅਨੁਸਾਰ ਬਾਬੇ ਦੀ ਬਾਣੀ ਦਾ ਵੇਰਵਾ ਤੇ ਵਿਧੇ ਨਿਮਨ-ਲਿਖਤ ਹਨ :-

<u>1- ਸਿਰੀ ਰਾਗ :</u>

| | | |
|---|---|---|
| ੳ) | ਚਉਪਦੇ - 30 | 30 |
| ਅ) | ਅਸ਼ਟਪਦੀਆਂ - 3 | 3 |
| ੲ) | ਪਹਿਰੇ -1 | 1 |
| ਸ) | ਛੰਤ - 2 | 2 |
| ਹ) | ਡਖਣੇ - 5 | 5 |

(ਦੂਜੇ ਛੰਤ ਵਿਚ ਗੁਰੂ ਅਰਜਨ ਸਾਹਿਬ ਨੇ ਪੰਜ ਡਖਣੇ ਵੀ ਸ਼ਾਮਲ ਕੀਤੇ ਹਨ । ਤਤਕਰੇ ਵਿਚ ਇਨ੍ਹਾਂ ਦਾ ਜ਼ਿਕਰ ਨਹੀਂ ਕੀਤਾ ਪਰ ਛੰਤ ਦੇ ਅਰੰਭ ਵਿਚ ਇਸ ਪ੍ਰਕਾਰ ਲਿਖਿਆ ਹੈ :- "ਸਿਰੀ ਰਾਗੁ ਕੇ ਛੰਤ ਮਹਲਾ 5 ਡਖਣਾ ।" ਡਖਣੇ ਤੋਂ ਭਾਵ ਸ਼ਲੋਕ ਹੈ । ਲਹਿੰਦੀ ਬੋਲੀ ਵਿਚ ਸ਼ਲੋਕ ਨੂੰ ਡਖਣਾ ਆਖਦੇ ਹਨ । ਇਸ ਪ੍ਰਕਾਰ ਕੁਲ ਛੇ ਸ਼ਲੋਕ ਬਣੇ । )

| | | |
|---|---|---|
| ਕ) | ਵਾਰ ਵਿਚ ਸ਼ਲੋਕ - 1 | 1 |

ਉਪਰੋਕਤ ਕਾਵਿ- ਰੂਪਾਂ ਵਿਚ ਜੋ ਵਿਸ਼ੇ ਲਏ ਗਏ ਹਨ, ਉਹ ਇਸ ਪ੍ਰਕਾਰ ਹਨ :-

<u>(ੳ) ਚਉਪਦੇ :-</u> ਇਨ੍ਹਾਂ ਵਿਚ ਜੀਵਨ ਆਪਣੇ ਨੂੰ ਭੁਲਾਈ ਬੈਠੇ ਜੀਵ ਨੂੰ ਚੇਤਾਵਨੀ ਹੈ। ਇਹ ਮੋਹ ਮਾਇਆ ਵਿਚ ਗ੍ਰਸਿਆ ਹੋਇਆਂ ਪ੍ਰਾਣੀਆਂ ਨੂੰ ਕੂਕ ਕੇ ਤਾੜਨਾ ਕਿਹਾ ਹੈ । ਇਸ ਤੋਂ ਛੁਟਕਾਰਾ ਪਾਉਣ ਦਾ ਸਾਧਨ ਨਾਮ ਸਿਮਰਨ ਦਸਿਆ ਹੈ ਜਿਸ ਦੀ ਪਰਾਪਤੀ ਸਤਿਗੁਰੂ ਰਾਹੀਂ ਹੁੰਦੀ ਹੈ। ਸਤਿਗੁਰੂ ਦੀ ਸੇਵਾ ਕਰਨੀ ਚਾਹੀਦੀ ਹੈ, ਸਾਧ ਸੰਗਤ ਜ਼ਰੂਰੀ ਹੈ । ਸਾਧ ਸੰਗਤ ਦੀ ਮਹਾਨਤਾ ਵੀ ਦਸੀ ਹੈ ।

<u>(ਅ) ਅਸ਼ਟਪਦੀਆਂ</u> : ਨਾਮ ਸਿਮਰਨ ਦੇ ਗੁਣ ਗਾਏ ਹਨ ਤੇ ਦਸਿਆ ਹੈ ਕਿ ਸਤਿਗੁਰੂ ਕਿਵੇਂ ਚੇਲਿਆਂ ਉਪਰ ਕਿਰਪਾ ਪ੍ਰਗਟ ਕਰਦਾ ਹੈ ।

**(ੲ) ਪਹਿਰੇ :**[8] ਮਨੁੱਖੀ ਜੀਵਨ ਨੂੰ ਰਾਤ ਦੇ ਚਾਰ ਪਹਿਰਿਆਂ ਨਾਲ ਤੁਲਨਾਉਂਦਿਆਂ ਹੋਇਆਂ ਨਾਮ ਦੀ ਮਹਾਨਤਾ ਦਸੀ ਹੈ ਜੋ ਪਰਲੋਕ ਵਿਚ ਵੀ ਸਹਾਇਕ ਹੁੰਦਾ ਹੈ । ਇਹ ਪਵਿਤ੍ਰ ਕਰਮ ਕਰਨ ਦਾ ਸਮਾਂ ਹੈ। ਭੂਲ ਗਈ ਜੀਆ ਉਪਰ ਅਧਾਰਤ ਹੈ ।

**(ਸ)(ਹ)(ਕ) ਛੰਤ, ਵਾਰਾਂ ਤੇ ਸਲੋਕ :**

ਇਨ੍ਹਾਂ ਤਿੰਨਾਂ ਰੂਪਾਂ ਵਿਚ ਰਚਿਤ ਬਾਣੀ ਵਿਚ ਨਾਮ ਵਿਚ ਜੁੜਨ ਦਾ ਉਪਦੇਸ਼ ਦਿਤਾ ਹੈ ।

**2- ਰਾਗ ਮਾਝ :**

| | |
|---|---|
| (ੳ) ਚਉਪਦੇ - 43 | 43 |
| (ਅ) ਅਸਟਪਦੀਆਂ -5 | 5 |
| (ੲ) ਬਾਰਹਮਾਹਾ - 1 ( 14 ਪਉੜੀਆਂ ) | 1 |
| (ਸ) ਦਿਨ ਰੈਣਿ - 1 | 1 |

'ਰਾਗ ਮਾਝ' ਵਿਚ ਜੋ ਵੰਨਗੀਆਂ ਵਰਤੀ ਗਈ ਹਨ, ਉਹ ਇਸ ਪ੍ਰਕਾਰ ਹਨ:-

**(ੳ) ਚਉਪਦੇ :**

ਇਨ੍ਹਾਂ ਵਿਚ ਆਪ ਨੇ ਗੁਰੂ ਦੇ ਦਰਸ਼ਨਾਂ ਦੀ ਤਾਂਘ, ਵਿਛੋੜੇ ਤੇ ਮਿਲਾਪ ਦੀ ਅਵਸਥਾ ਦਾ ਵਰਣਨ, ਪ੍ਰਮਾਤਮਾ ਦੀ ਘਟ ਘਟ ਵਿਚ ਵਿਆਪਕਤਾ, ਜੀਵ- ਰੂਪੀ ਇਸਤ੍ਰੀਆਂ ਦਾ ਵਰਣਨ ਜੋ ਪ੍ਰਮਾਤਮਾ ਰੂਪੀ ਪਤੀ ਦੇ ਪਿਆਰ ਵਿਚ ਰੰਗੀ ਹੋਈ ਹੈ, ਪ੍ਰਮਾਤਮਾ ਦਾ ਹਰ ਰੂਪ ਵਿਚ ਉਲੇਖ (ਪਿਤਾ, ਮਾਤਾ ਭਰਾਤਾ, ਰਖਵਾਲਾ), ਨਾਮ ਜਪਣ ਨਾਲ ਸਰਬ ਸੁਖਾਂ ਦੀ ਪ੍ਰਾਪਤੀ ਅਤੇ ਗੁਰਮੁਖ ਦੀਆਂ ਨਿਸ਼ਾਨੀਆਂ ਦਸੀਆਂ ਹਨ ।

**(ਅ) ਅਸਟਪਦੀਆਂ :**

ਨਾਮ ਸਿਮਰਨ ਤੇ ਹਰੀ ਨੂੰ ਮਨ ਵਿਚ ਵਸਾਉਣ ਦੇ ਲਾਭਾਂ ਦਾ ਵਰਣਨ ਅਸਟਪਦੀਆਂ ਵਿਚ ਕੀਤਾ ਗਿਆ ਹੈ ।

**(ਹ) ਪ੍ਰਾਪਤੀਆਂ :**

ਜੀਵ-ਆਤਮਾ ਰੂਪੀ ਇਸਤਰੀ ਦਾ ਪਰਮਾਤਮਾ ਰੂਪੀ ਪਤੀ ਤੋਂ ਵਿਛੜ ਕੇ ਵਿਰਹਾ ਵਿਚ ਰੁਕਣਾ, ਮੌਸਮ ਦੇ ਬਦਲਣ ਨਾਲ ਮਾਨਸਿਕ ਹਾਲਤ ਦਾ ਬਦਲਣਾ, ਮਿਲਾਪ ਦੀ ਪ੍ਰਾਪਤੀ ਸਤਿਗੁਰੂ ਦੀ ਬਖਸ਼ਿਸ਼ ਦੁਆਰਾ ।

**(ਸ) ਨਿਤ ਨੇਮ :**

ਹਰ ਪਲ ਗੁਰ ਹੁਕਮ ਰਹਿਣ ਦਾ ਉਪਦੇਸ਼ ਹੈ ਜਿਵੇਂ ਸਤਿਗੁਰੂ ਦੀ ਸੇਵਾ, ਨਾਮ ਸਿਮਰਣ ਤੇ ਸ਼ਬਦ ਮੰਤਰ ਜਪਣੀ ।

**3- ਰਾਗ ਗਉੜੀ :** ਇਸ ਵਿਚ ਆਏ ਹੋਏ ਹੇਠ ਲਿਖੇ ਵੇਰਵੇ ਅਨੁਸਾਰ ਰਚਨਾ ਕੀਤੀ ਹੈ:

1 ੳ) ਦੁਪਦੇ - 12 }
ਅ) ਤਿਪਦੇ - 6 }
ੲ) ਚਉਪਦੇ - 147 } ਕੁਲ ਪਦੇ = 172
ਸ) ਪੰਚਪਦੇ - 7 }

| | | |
|---|---|---|
| ਹ) | ਅਸ਼ਟਪਦੀਆਂ - 15 | = 15 |
| ਕ) | ਛੰਤ - 7 | = 7 |
| ਖ) | ਸਲੋਕ ਨਾਲ ਛੰਤ - 1 | = 1 |
| ਗ) | ਬਾਵਨ ਅਖਰੀ ਸਲੋਕ - 57 | = 57 |
| | ਪਉੜੀਆਂ - 55 | = 55 |
| ਘ) | ਸੁਖਮਨੀ ਸਲੋਕ - 24 | = 24 |
| | ਅਸ਼ਟਪਦੀਆਂ - 24 | = 24 |
| ਙ) | ਥਿਤੀ ਸਲੋਕ - 17 | = 17 |
| | ਪਉੜੀਆਂ - 17 | = 17 |
| ਚ) | ਵਾਰ - ਸਲੋਕ - 50 | = 50 |
| | ਪਉੜੀਆਂ - 26 | = 26 |

ਰਾਗ ਗਉੜੀ ਦੇ ਦੁਪਦੇ, ਤਿਪਦੇ, ਚਉਪਦੇ ਤੇ ਪੰਚਪਦੇ ਕੁਲ 172 ਹਨ ।

ਜਿਨ੍ਹਾਂ ਵਿਚ ਗਉੜੀ ਗੁਆਰੇਰੀ ਚਉਪਦੇ, ਗਉੜੀ ਚੇਤੀ ਦੁਪਦੇ, ਗਉੜੀ ਬੈਰਾਗਣ ਗਉੜੀ ਪੂਰਬੀ

ਗਉੜੀ ਮਾਲਵਾ, ਗਉੜੀ ਮਾਲਾ, ਗਉੜੀ ਮਾਝ ਦੇ ਪਦੇ ਵੀ ਸੰਮਿਲਿਤ ਹਨ। ਰਾਗ ਗਉੜੀ ਦੇ ਪਦਿਆਂ ਵਿਚ ਮਾਇਆ ਵਿਚ ਗਲਤਾਨ ਜੀਵਾਂ ਦਾ ਉਲੇਖ, ਮਨੁੱਖਾ ਜੀਵਨ ਜੋ ਕਈ ਜੂਨਾਂ ਭੁਗਤਣ ਤੋਂ ਬਾਦ ਪ੍ਰਾਪਤ ਹੋਇਆ ਹੈ, ਉਸ ਦਾ ਮਹੱਤਵ, ਵਾਹਿਗੁਰੂ ਦੀ ਬਖਸ਼ਿਸ਼ ਸਦਕਾ ਮਾਇਆ ਤੋਂ ਛੁਟਕਾਰਾ ਤੇ ਸਤਿਗੁਰੂ ਦੁਆਰਾ ਨਾਮ ਦੀ ਪ੍ਰਾਪਤੀ ਦਰਸਾਈ ਗਈ ਹੈ। ਇਸ ਤੋਂ ਛੁੱਟ ਗਉੜੀ ਚੇਤੀ ਵਿਚ ਪਰਮਾਤਮਾ ਦੀ ਸਰਬ-ਵਿਆਪਕਤਾ, ਗਉੜੀ ਬੈਰਾਗਣਿ ਵਿਚ ਜੀਵ ਆਤਮਾ ਦੀ ਪਰਮਾਤਮਾ ਤੇ ਮਿਲਾਪ ਲਈ ਲੋਚਾ, ਗਉੜੀ ਪੂਰਬੀ ਵਿਚ ਦਰਸ਼ਨਾਂ ਦੀ ਪਿਆਸੀ ਜੀਵ-ਆਤਮਾ ਦੀ ਪੁਕਾਰ ਹੈ। ਗਉੜੀ ਮਾਲਵਾ ਵਿਚ ਕੀਰਤਨ ਦੀ ਮਹਾਨਤਾ, ਗਉੜੀ ਮਾਲਾ ਵਿਚ ਸਤਿਗੁਰ ਦੇ ਮਿਲਾਪ ਨਾਲ 'ਹਰਖ-ਸੋਗ', 'ਜਨਮ-ਮ੍ਰਿਤੁ', ਦੁਖ-ਸੁਖ ਆਦਿ ਵਿਚ ਕੋਈ ਅੰਤਰ ਨਹੀਂ ਰਹਿ ਜਾਂਦਾ, ਸਹਿਜ ਦੀ ਪ੍ਰਾਪਤੀ ਹੁੰਦੀ ਹੈ। ਗਉੜੀ ਮਾਝ ਵਿਚ ਪ੍ਰਭੂ ਨੂੰ ਮਨ-ਤਨ ਭੇਟ ਕਰਨਾ, ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ ਲਈ ਉਸ ਪਾਸ ਅਰਦਾਸ, ਪ੍ਰਭੂ ਦੇ ਨਾਮ ਦੀ ਮਹਿਮਾ, ਪ੍ਰਭੂ ਉਤੇ ਪੂਰਨ ਮਾਣ ਦੇ ਵਿਸ਼ੇ ਲਏ ਹਨ।

(ਗ) ਅਸ਼ਟਪਦੀਆਂ :

ਗਉੜੀ ਗੁਆਰੇਰੀ ਦੀਆਂ 15 ਅਸ਼ਟਪਦੀਆਂ ਵਿਚ ਮਨ ਦੇ ਚੰਚਲ ਤੇ ਨਿਮਰਤਾ ਦੀ ਤੁਲਨਾ ਕਰਦਿਆਂ ਹੋਇਆਂ ਵਿਕਾਰੀ, ਹਉਮੈ-ਗ੍ਰਸਤ ਨੂੰ ਤਾੜਨ ਲਈ ਪ੍ਰੇਰਿਆ ਹੈ। ਸਤਿਗੁਰੂ ਦੀ ਪ੍ਰਾਪਤੀ ਰਾਹੀਂ ਵਾਹਿਗੁਰੂ ਦੀ ਜੋਤ ਦਾ ਪ੍ਰਕਾਸ਼ ਮਨ ਤੇ ਹਿਰਦੇ ਵਿਚ ਹੁੰਦਾ ਹੈ। ਮੌਤ ਦੀ ਅਟਲਤਾ ਦਾ ਵੀ ਉਲੇਖ ਹੈ।

ਬਾਵਨ ਅਖਰੀ :

ਇਸ ਵਿਚ 57 ਸ਼ਲੋਕ ਤੇ 55 ਪਉੜੀਆਂ ਹਨ। ਹਰ ਪਉੜੀ ਨਾਲ ਇਕ ਸ਼ਲੋਕ ਹੈ। ਇਕ ਸ਼ਲੋਕ ਆਦਿ ਅਤੇ ਅੰਤ ਤੇ ਇਕੋ ਹੀ ਹੈ। ਇਹ ਸਾਂਗਰਹੀ ਵਰਣੀ ਰਚਨਾ ਹੈ। ਹਰ ਪਉੜੀ ਦਾ ਆਰੰਭ ਸੰਸਕ੍ਰਿਤ ਵਰਣ ਨਾਲ ਹੋਇਆ ਹੈ। ਉਪਰੋਕਤ ਇਨ੍ਹਾਂ ਵਰਣਾਂ ਦਾ ਗੁਰਮੁਖੀ ਵਰਣਮਾਲਾ ਵਾਲਾ ਹੈ; ਸੰਸਕ੍ਰਿਤ ਵਰਣਮਾਲਾ ਦੇ 52(ਬਵੰਜਾ) ਅੱਖਰ ਹਨ ਪਰ ਕੱਕੇ ਤੋਂ ਪਹਿਲਾਂ ਤੇ ਰਾਰੇ ਤੋਂ ਪਿਛੋਂ ਦਾ ਕ੍ਰਮ ਪੂਰਾ ਨਹੀਂ। ਇਨ੍ਹਾਂ ਦਾ ਕ੍ਰਮ ਇਸ ਪ੍ਰਕਾਰ ਹੈ:-

ਓਅੰ, ਓਅੰ, ਸਸਾ, ਧਧਾ, ਙੰਙਾ, ਖਾ, ਊ, ਏ, ਰੇ, ਰਾਰ, ਲਲਾ, ਲਲਾ,
ਆ, ਪਾਧਾ, ਬ, ਙੰਙਾ, ਕਕਾ, ਖਖਾ, ਗਗਾ, ਘਘਾ, ਙੰਙਾ, ਚਚਾ, ਛਛਾ, ਜਜਾ,
ਝਝਾ, ਞੰਞਾ, ਟ, ਠਠਾ, ਡਡਾ, ਢਢਾ, ਣਾਣਾ, ਤਤਾ, ਥਥਾ, ਦਦਾ, ਧਧਾ, ਨੰਨਾ,
ਪਪਾ, ਫਫਾ, ਬਬਾ, ਭਭਾ, ਮਮਾ, ਮਮਾ, ਯਯਾ, ਰਾਰਾ, ਲਲਾ, ਵਵਾ, ੜਾੜਾ,

ਸਸਾ, ਖਖਾ, ਜਜਾ, ਰੈ, ਨ, ਓ, ਙ, ਰੇ ॥- ਸੰਸਕ੍ਰਿਤ ਵਰਣਮਾਲਾ ਦੇ 52 ਅੱਖਰਾਂ ਉਪਰ ਹੈ। ਇਸ ਦਾ ਨਾਮ ਬਾਵਨ ਅਖਰੀ ਰਖਿਆ ਗਿਆ ਹੈ। ਇਸ ਵਿਚ ਆਪ ਨੇ ਗੁਰੂ ਦੀ ਮਹਾਨਤਾ ਮਹਿਮਾ ਦਾ ਮਨੁਖ ਨੂੰ ਵਿਕਾਰਾਂ ਰਹਿਤ ਕਰ ਲੈ ਜਾਣਾ, ਬ੍ਰਹਮ ਗਿਆਨ ਤੇ ਨਾਮ ਸਿਮਰਨ ਦਾ ਮਨ ਮੰਦਰ ਨੂੰ ਰੁਸ਼ਨਾਉਣਾ ਆਦਿਕ ਵਿਚਾਰ ਲਏ ਹਨ।

ਸੁਖਮਨੀ :

ਗਉੜੀ ਸੁਖਮਨੀ ਆਪ ਦੀ ਸਭ ਤੋਂ ਲੰਮੇਰੀ ਰਚਨਾ ਹੈ। ਇਸ ਵਿਚ 24 ਸਲੋਕ ਤੇ 24 ਅਸ਼ਟਪਦੀਆਂ ਹਨ। ਰੂਪਕ ਤੌਰ ਤੇ ਇਹ ਪ੍ਰਬੰਧ ਕਾਵਿ ਦੀ ਸ਼ੈਲੀ ਦੀ ਰਚਨਾ ਹੈ।[10] ਡਾ. ਸੁਰਿੰਦਰ ਸਿੰਘ ਕੋਹਲੀ ਇਸ ਨੂੰ ਪਿੰਗਲਿਕ ਪ੍ਰਬੰਧ ਆਖਦੇ ਹਨ।[11] ਪ੍ਰੋ ਸੋਹਿੰਦਰ ਸਿੰਘ ਇਸ ਨੂੰ ਭਾਰਤੀ ਸਾਹਿਤ ਦਾ ਰਹੱਸਵਾਦਿਕ ਸਿਖਰ ਮੰਨਦੇ ਹਨ।[12] ਇਹ ਪ੍ਰਬੰਧ ਕਾਵਿ ਦੀ ਸ਼ੈਲੀ ਦੀ ਅਧਿਆਤਮਿਕ ਵਿਚਾਰ ਧਾਰਾਪੂਰਵਕ ਹੈ ਇਸ ਵਿਚ ਗੁਰਮਤਿ ਦੇ ਸਿਧਾਂਤਾਂ ਦੀ ਵਿਆਖਿਆ ਹੈ। ਇਸ ਤੋਂ ਗੁਰੂ ਅਰਜਨ ਸਾਹਿਬ ਦਾ ਸਮੁਚਾ ਜੀਵਨ ਦਰਸ਼ਨ ਪ੍ਰਗਟ ਹੁੰਦਾ ਹੈ। ਨਾਮ ਸਿਮਰਨ ਦੀ ਮਹਾਨਤਾ-ਸਿਮਰਨ ਦੇ ਗੁਣ ਦੱਸੇ ਹਨ। ਆਤਮਾ ਦੀਆਂ ਅਵਸਥਾਵਾਂ ਦਾ ਵਰਣਨ, ਮਨੁਖ ਦੀ ਅਕ੍ਰਿਤਘਣਤਾ ਪਰਮਾਤਮਾ ਦੀਆਂ ਦਾਤਾਂ ਵਿਚ ਹੀ ਉਲਝਿਆ ਰਹਿਣਾ, ਦਾਤਾਰ ਨੂੰ ਭੁਲ ਜਾਣਾ, ਭੇਖਧਾਰੀ ਬਣ ਕੇ ਪਖੰਡ ਕਰਨੇ, ਅੰਦਰਲੇ ਰੋਗ ਤੇ ਬਾਹਰਲੇ ਰੋਗ ਹੋਣਾ, ਸਾਧ - ਸੰਗਤ ਦੀ ਵਡਿਆਈ, ਬ੍ਰਹਮਗਿਆਨੀ ਦੀ ਪਛਾਣ, ਹੁਕਮ ਅੰਦਰ ਰਹਿਣ ਦਾ ਉਪਦੇਸ਼, ਵਾਹਿਗੁਰੂ ਨਾਲ ਪ੍ਰੀਤ, ਸੰਤ ਦੀ ਨਿੰਦਾ ਤੇ ਸੰਤ ਦੇ ਦੋਖੀ ਦੀ ਬੁਰੀ ਦਸ਼ਾ ਦਾ ਬਿਆਨ ਕੀਤਾ ਹੈ।

ਵਾਰ ਤੇ ਸਲੋਕ :

ਇਨ੍ਹਾਂ ਵਿਚ ਜੀਵਾਤਮਾ ਦੀ ਪਰਮਾਤਮਾ ਦੇ ਮਿਲਾਪ ਲਈ ਤੜਪ ਹੈ। ਮਿਲਾਪ ਤੋਂ ਬਾਅਦ ਪੂਰਨ ਵਿਸਮਾਦ ਤੇ ਸ਼ਾਂਤੀ ਵਾਲੀ ਦਸ਼ਾ ਦਾ ਵਰਣਨ ਹੈ। ਪਰ ਇਹ ਦਸ਼ਾ ਅਵਸਥਾ ਵਾਹਿਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦੀ ਹੈ। ਨਾਮ ਸਿਮਰਨ ਦਾ ਉਪਦੇਸ਼ ਹੈ ਜਿਸ ਨਾਲ ਵਾਹਿਗੁਰੂ ਦੀ ਕ੍ਰਿਪਾ ਦੇ ਪਾਤਰ ਬਣ ਸਕਦੇ ਹਾਂ। ਵਾਰਾਂ ਦੀ ਗਿਣਤੀ ਸਤ ਹੈ।

ਇਸ ਪਿਛਲੀ ਸਲੋਕ ਵਿਚ ਵੀ ਵਾਹਿਗੁਰੂ ਦੀਆਂ ਵਡਿਆਈਆਂ ਗਾਈਆਂ ਹਨ ਤੇ ਪਰਮਾਤਮਾ ਨੂੰ ਸਿਮਰਨ ਲਈ ਪ੍ਰੇਰਿਆ ਹੈ।

**ਥਿਤੀ ਸਲੋਕ ਤੇ ਪਉੜੀਆਂ :**

ਇਸ ਵਿਚ 17 ਸਲੋਕ ਤੇ 17 ਹੀ ਪਉੜੀਆਂ ਹਨ । ਗੁਰੂ ਸਾਹਿਬ ਨੇ ਕਰਮ ਕਾਂਡ ਤੋਂ ਵਰਜਦੇ ਹੋਏ 14 ਹੀ ਥਿਤਾਂ ਦਾ ਅਧਿਆਤਮਕ ਵਰਣਨ ਕੀਤਾ ਹੈ । ਅਸਲ ਥਿਤ ਤੇ ਵਰਤ ਤੋਂ ਜਾਣੂ ਕਰਵਾਇਆ ਹੈ । ਪਾਰਬ੍ਰਹਮ ਦੀ ਯਾਦ ਹੀ ਅਸਲ ਸੰਪੂਰਨ ਵਰਤ ਹੈ ।

**ਗਉੜੀ ਕੀ ਵਾਰ :**

ਇਸ ਵਿਚ 50 ਸਲੋਕ ਤੇ 26 ਪਉੜੀਆਂ ਹਨ । ਹਰ ਦੂ ਪਉੜੀਆਂ ਉਪਰ ਸਲੋਕ ਨੂੰ ਦੇਣਾ ਤੇ ਜ਼ਰੂਰੀ ਲਿਖਿਆ ਹੈ । ਆਪ ਦੇ 42 ਸਲੋਕ ਗਉੜੀ ਕੀ ਵਾਰ ਮਹਲਾ 5 ਨਾਲ ਤੇ 8 ਸਲੋਕ 'ਗਉੜੀ ਕੀ ਵਾਰ ਮਹਲਾ 4 ਨਾਲ ਹਨ । ਆਪ ਦਾ ਇਕ ਸਲੋਕ ਅੰਤ ਨਾਲ ਹੈ ਜਿਸ ਦਾ ਉਲੇਖ ਅੰਤ ਵਿਚ ਕੀਤਾ ਹੈ। 'ਗਉੜੀ ਕੀ ਵਾਰ' ਵਿਚ ਆਪ ਨੇ ਮਨੁਖ ਦੀ ਅਸਲ ਖੁਸ਼ੀ, ਅੰਨਦ ਦਾ, ਤੇ ਸਿਮਰਨ ਦਾ ਵਿਚਾਰ ਕੀਤਾ ਹੈ ।

**4- ਰਾਗ ਆਸਾ :**

ਇਸ ਰਾਗ ਵਿਚ 163 ਪਦੇ ਹਨ । ਵੇਰਵਾ ਇਸ ਪ੍ਰਕਾਰ ਹੈ :-

| | | |
|---|---|---|
| ਦੁਪਦੇ | - | 23 |
| ਤਿਪਦੇ | - | 9 |
| ਚਉਪਦੇ | - | 105 |
| ਪੰਚਪਦੇ | - | 3 |
| ਪੜਤਾਲ ਦੁਪਦੇ- | | 4 |
| ਪੜਤਾਲ ਚਉਪਦੇ- | | 1 |
| ਕਾਫ਼ੀਆਂ ਚਉਪਦੇ- | | 18 |
| | ਕੁਲ : | 163 |

ਡਾ. ਸੁਰਿੰਦਰ ਸਿੰਘ ਕੋਹਲੀ ਨੇ ਕੁਲ ਗਿਣਤੀ 168 ਪਦੇ ਲਿਖੀ ਹੈ ।[13] ਦੁਪਦੇ 23 ਦੀ ਥਾਂ 25, ਤਿਪਦੇ 13 ਦੀ ਥਾਂ 9, ਚਉਪਦੇ 105 ਦੀ ਥਾਂ 107 ਲਿਖੇ ਹਨ । ਪਰ ਗੁਰੂ ਅਰਜਨ ਸਾਹਿਬ ਨੇ ਅੰਤ ਤੇ ਗਿਣਤੀ ਵੀ 163 ਹੀ ਦਿਤੀ ਹੈ ।

ਇਸ ਤੋਂ ਛੁਟ ਗੁਰੂ ਅਰਜਨ ਸਾਹਿਬ ਨੇ ਅਸ਼ਟਪਦੀਆਂ- 2, ਪਿਹਰੜੇ- 3, ਛੰਤ- 14, ਤੇ ਛੰਤਾਂ ਨਾਲ ਸਲੋਕ- 5 ਉਚਾਰੇ ਹਨ। ਇਨ੍ਹਾਂ ਵਿੱਚੋਂ ਹੇਠਾਂ ਲਿਖੇ ਵਿਸ਼ੇ ਵਿਚਾਰੇ ਗਏ ਹਨ।

**ਪਦੇ :**

ਇਨ੍ਹਾਂ ਵਿਚ ਮਾਇਆ ਵਿਚ ਗਲਤਾਨ ਹੋਣ ਨਾਲ ਨੁਕਸਾਨ, ਸਤਿਗੁਰ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਬ੍ਰਹਮ ਦਾ ਗਿਆਨ, ਜਨਮ ਮਰਨ ਤੋਂ ਮੁਕਤੀ, ਸਾਧ ਸੰਗਤ ਦੀ ਵਡਿਆਈ, ਮਨੁਖਾ ਜੀਵਨ ਦੀ ਮਹੱਤਤਾ ਤੇ ਪਰਮੇਸ਼ਰ ਦੀ ਸ਼ਰਣੀ ਲਈ ਪ੍ਰੇਰਿਆ ਹੈ।

**ਅਸ਼ਟਪਦੀਆਂ :**

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਪੰਜ ਚੋਰਾਂ ਨੂੰ ਤਿਆਗਣ ਦਾ ਉਪਦੇਸ਼ ਹੈ ਤੇ ਸੱਚ ਧਰਮ, ਗਿਆਨ, ਸ਼ਾਂਤੀ ਤੇ ਸਹਿਜ ਪੰਜਾਂ ਗੁਣਾਂ ਨੂੰ ਧਾਰਣ ਕਰਨ ਲਈ ਪ੍ਰੇਰਿਆ ਹੈ। ਗੁਰ ਕ੍ਰਿਪਾ ਕਰਨ ਨਾਲ ਸੁਖ- ਸਾਗਰ ਦਾ ਮਿਲਾਪ ਤੇ ਜੀਵ ਦਾ ਅਨੰਦ ਤੇ ਚੈਨ ਦੀ ਅਵਸਥਾ ਵਿਚ ਆ ਜਾਣ ਦਾ ਜ਼ਿਕਰ ਹੈ।

**ਪਿਹਰੜੇ :**

ਇਨ੍ਹਾਂ ਵਿਚ ਜੀਵ ਦਾ ਵਿਛੋੜੇ ਵਿਚ ਤੜਫਨਾ ਵਿਖਾਇਆ ਗਿਆ ਹੈ।

**ਛੰਤ ਅਤੇ ਸਲੋਕ :**

14 ਛੰਤ ਹਨ ਤੇ 5 ਸਲੋਕ ਛੰਤਾਂ ਨਾਲ ਰਚੇ ਹਨ। ਇਨ੍ਹਾਂ ਵਿਚ ਪਾਰਬ੍ਰਹਮ ਦੇ ਮਿਲਾਪ ਤੋਂ ਪ੍ਰਾਪਤ ਅਨੰਦ ਤੇ ਚੈਨ ਦਾ ਉਲੇਖ ਹੈ।

**5- ਰਾਗ ਗੂਜਰੀ :**

ਇਸ ਰਾਗ ਵਿਚ ਕੀਤੀ ਰਚਨਾ ਇਸ ਪ੍ਰਕਾਰ ਹੈ :

| | | |
|---|---|---|
| ਦੁਪਦੇ | - | 19 |
| ਤਿਪਦੇ | - | 1 |
| ਚਉਪਦੇ | - | 10 |
| ਪੰਚਪਦੇ | - | 2 |
| ਕੁਲ ਪਦੇ : | | 32 |

ਅਸ਼ਟਪਦੀਆਂ - 2

ਵਾਰ (ਸ਼ਲੋਕ - 42- 42
(ਪਉੜੀਆਂ- 21 21

ਪਦੇ 1 ਜਿਨ੍ਹਾਂ ਵਿਚ ਮਨੁਖ ਨੂੰ ਸੰਤੋਖ, ਸੰਜਮ ਧਾਰਣ ਕਰਨ ਲਈ, ਹੰਕਾਰ, ਪਖੰਡ ਨੂੰ ਤਿਆਗਣ ਲਈ ਪ੍ਰੇਰਿਆ ਹੈ। ਪ੍ਰਭੂ- ਭੱਗਤ ਦੀ ਪ੍ਰੇਰਨਾ ਹੈ ਤੇ ਨਾਮ ਸਿਮਰਣ ਦੇ ਲਾਭ ਦਸੇ ਹਨ। ਗੁਰੂ ਦੀ ਕਿਰਪਾ ਨਾਲ ਪਰਮ ਪਦ ਦੀ ਪ੍ਰਾਪਤੀ ਹੁੰਦੀ ਹੈ। ਪਰਮਾਤਮਾ ਪਤਿਤ- ਪਾਵਨ, ਵਿਸ਼ਵ-ਪਾਲਕ ਆਦ ਹੈ। ਸੰਸਾਰ ਨਾਸ਼ਮਾਨ ਹੈ ਤੇ ਪ੍ਰਭੂ ਕ੍ਰਿਪਾ ਕਰਨ ਵਾਲਾ ਹੈ।

ਅਸ਼ਟਪਦੀਆਂ :

ਪ੍ਰਭੂ ਦੇ ਸਰਗੁਣ ਸਰੂਪ ਦਾ ਉਲੇਖ ਕੀਤਾ ਹੈ ਜਿਸ ਦੀਆਂ ਅਖੀਆਂ ਕਿਰਤ ਸਲਾਹ ਤੇ ਪਈ ਹਨ। ਜਿੰਨੀ ਵੀ ਵਡਿਆਈ ਕਰੀਏ, ਥੋੜ੍ਹੀ ਹੈ। ਉਹ ਤਾਂ ਪਤਿਤਾਂ ਨੂੰ ਉਧਾਰਨ ਵਾਲਾ ਹੈ।

ਵਾਰ :

ਜਿਸ ਦੇ ਸ਼ਲੋਕਾਂ ਤੇ ਪਉੜੀਆਂ ਵਿਚ ਸਤਿਗੁਰੂ ਨੂੰ ਪਿਆਰ ਕਰਨ ਨਾਲ, ਪ੍ਰਭੂ ਦਾ ਸਾਖਿਆਤ ਹੋਣਾ ਦਸਿਆ ਹੈ, ਹੁਕਮ ਦੀ ਮਹਾਨਤਾ ਦਸ ਕੇ ਇਹ ਪ੍ਰਗਟਾਇਆ ਹੈ ਕਿ ਪ੍ਰਭੂ ਦੀ ਕਿਰਪਾ ਨਾਲ ਹੀ ਸ਼ੁਭ ਫਲ ਪ੍ਰਾਪਤ ਹੁੰਦੇ ਹਨ। ਵਿਕਾਰਾਂ ਨੂੰ ਤਿਆਗਣ, ਸਿਮਰਨ ਤੇ ਕੀਰਤਨ ਲਈ ਉਦਮ ਦਾ ਉਪਦੇਸ਼ ਦਿਤਾ ਹੈ। ਸਿਮਰਨ ਕਰਨ ਨਾਲ ਨਾਮ ਦੀ ਪ੍ਰਾਪਤੀ ਤੇ ਵਿਸਾਰਣ ਨਾਲ ਨੁਕਸਾਨ ਹੁੰਦੇ ਹਨ।

6- ਰਾਗ ਦੇਵਗੰਧਾਰੀ :

ਜਿਸ ਵਿਚ 36 ਦੁਪਦੇ ਅਤੇ 2 ਚਉਪਦੇ ਹਨ। ਗੁਰੂ ਸਾਹਿਬ ਨੇ ਮਨੁੱਖ ਨੂੰ ਪ੍ਰਭੂ ਦੇ ਚਰਣਾਂ ਨਾਲ ਜੁੜਣ ਲਈ ਪ੍ਰੇਰਿਆ ਹੈ। ਸਾਧ ਸੰਗਤ ਕਰਨ ਨਾਲ ਮੈਲ ਉਤਰਦੀ ਹੈ, ਵੈਰ ਵਿਰੋਧ, ਦਵੈਤ-ਭਾਵ ਮਿਟਾਉਣ ਲਈ ਕਿਹਾ ਹੈ ਤੇ ਨਾਮ ਜਪਣ ਲਈ ਸਿਖਿਆ ਦਿਤੀ ਹੈ।

**7- ਰਾਗ ਬਿਹਾਗੜਾ :**

ਇਸ ਵਿਚ 1- ਚਉਪਦਾ, 9-ਛੰਤ ਤੇ 2 ਸ਼ਲੋਕ ਤੇ 1 ਪਉੜੀ 'ਬਿਹਾਗੜੇ ਕੀ ਵਾਰ ਮਹਲਾ 4 ਵਿਚ ਉਚਾਰੀ ਹਨ। ਚਉਪਦੇ ਵਿਚ ਦਸਿਆ ਹੈ ਕਿ ਸਾਧ ਸੰਗਤ ਵਿਛੁੜਿਆਂ ਤੇ ਛੁਟਕਾਰਾ ਦੁਆਉਂਦੀ ਹੈ।

ਛੰਤਾਂ ਵਿਚ ਦਸਿਆ ਹੈ ਕਿ ਪ੍ਰਭੂ ਦੀ ਪ੍ਰਾਪਤੀ ਗੁਰੂ ਰਾਹੀਂ ਹੁੰਦੀ ਹੈ। ਪ੍ਰਭੂ ਦੀ ਯਾਦ, ਉਸ ਨੂੰ ਸਿਮਰਨਾ, ਕੁਦਰਤੀ ਤੇ ਆਤਮਕ ਰੂਪ ਵਿਚ ਮਨੁਖ ਦੀ ਹਰ ਇੱਛਾ ਪੂਰੀ ਕਰਦੀ ਹੈ। ਮਨ, ਜਨ ਪ੍ਰੇਮ ਵਿਚ ਆ ਜਾਂਦਾ ਹੈ ਤੇ ਸਭੇ ਸਾਰੇ ਗੁਣਾਂ ਨਾਲ ਭਰਪੂਰ ਹੋ ਜਾਂਦਾ ਹੈ।

ਸ਼ਲੋਕ ਤੇ ਪਉੜੀ ਵਿਚ ਦਸਿਆ ਹੈ ਕਿ ਪ੍ਰਭੂ ਦੀ ਕਿਰਪਾ ਹੋਵੇ ਤਾਂ ਹੀ ਗੁਰੂ ਰਾਹੀਂ ਨਾਮ ਸਿਮਰਿਆ ਜਾਂਦਾ ਹੈ। ਅਜਿਹਾ ਸਰੀਰ ਪਰਵਾਨਯੋਗ ਹੈ ਜਿਸ ਰਾਹੀਂ ਪਰਮਾਤਮਾ ਦੇ ਗੁਣ ਗਾਇਨ ਕੀਤੇ ਜਾਂਦੇ ਹਨ।

**8- ਰਾਗ,ਵਡਹੰਸ :**

ਇਸ ਰਾਗ ਵਿਚ 1-ਤਿਪਦੇ, 7-ਚਉਪਦੇ, 1-ਪੰਚਪਦੇ = 9 ਪਦੇ 3- ਛੰਤ, 4- ਸ਼ਲੋਕ, ਛੰਤਾਂ ਨਾਲ ਦਿਤੇ ਹਨ।

ਪਦੇ: ਇਨ੍ਹਾਂ ਵਿਚ ਪਰਮਾਤਮਾ ਦੇ ਉਚੇ ਦਰਬਾਰ ਦਾ ਠੀਕ ਵਿਸਥਾਰ ਹੈ ਤੇ ਪ੍ਰਭੂ ਦਰਸ਼ਨਾਂ ਦੀ ਤਾਂਘ ਦਰਸਾਈ ਹੈ।

ਛੰਤ ਤੇ ਸ਼ਲੋਕ : ਨਾਮ ਦੀ ਮਹਾਨਤਾ ਦਰਸਾਈ ਹੈ ਕਿ ਪ੍ਰਭੂ ਨਾਲ ਮਿਲਾਪ ਕਰਵਾਉਂਦਾ ਹੈ।

**9- ਰਾਗ ਸੋਰਠਿ :**

ਇਸ ਰਾਗ ਅੰਦਰ ਦੁਪਦੇ- 41, ਚਉਪਦੇ - 52, ਪੰਚਪਦੇ- 1 = 94 ਤੇ ਅਸ਼ਟਪਦੀਆਂ - 3 ਉਚਾਰੀਆਂ ਹਨ।

<u>ਪਉੜੀ</u> ਦੇ ਵਿਚ ਨਿਮਨ ਵਿਚਾਰ ਹਨ :

1- ਪਰਮਾਤਮਾ ਦਾ ਅਪਾਰ ਹੁਕਮ ਵਰਤ ਰਿਹਾ ਹੈ ।

2- ਉਹ ਸਰਬਸ਼ਕਤੀਮਾਨ, ਸਮਰਥ ਹੈ ਜਦੋਂ ਕਿ ਮਨੁਖ ਮੁਥਾਜ ਤੇ ਨਿਤਾਣਾ ਹੈ ।

3- ਸਿਮਰਨ ਕਰਨ ਨਾਲ ਮਨੁਖ ਸਰੀਰਕ ਤੌਰ ਤੇ ਦੁਖ ਹੋ ਕੇ ਨਵੇਂ ਤਾਂ ਸਰੀਰ ਦੀ ਅਰੋਗ ਤੇ ਮਨ ਦੀ ਸੁਖੀ ਹੁੰਦਾ ਹੈ । ਕਿਉਂ ਕਿ ਸਿਮਰਨ ਨਾਲ ਹੀ ਕਈਆਂ ਮੁਸ਼ਕਿਲਾਂ ਦੂਰ ਹੁੰਦੀਆਂ ਹਨ ।

4- ਕਈ ਪਿਛਲੀਆਂ ਘਟਨਾਵਾਂ ਦਾ ਸੰਕੇਤ ਕਰਕੇ ਪ੍ਰਭੂ ਦਾ ਸ਼ੁਕਰਾਨਾ ਕੀਤਾ ਹੈ, ਜਿਨ੍ਹਾਂ ਤੋਂ ਆਪਣਾ ਸਿਦਕ ਤੇ ਸਬਰ ਨਜ਼ਰ ਆਉਂਦਾ ਹੈ ।

5- ਪ੍ਰਭੂ ਸਭ ਦਾ ਪਿਤਾ ਹੈ ਉਸ ਨਾਲ ਮਨੁਖ ਨੂੰ ਜੁੜਨ ਦਾ ਉਪਦੇਸ਼ ਹੈ ।

6- ਸੰਤਾਂ ਦੀ ਵਡਿਆਈ ਕੀਤੀ ਹੈ ।

7- ਮਨੁਖ ਨੂੰ ਮਾਇਆ ਦੇ ਤਿਆਗਣ ਲਈ ਤੇ ਨਾਮ ਰਤਨ ਨੂੰ ਪ੍ਰਾਪਤ ਕਰਨ ਲਈ ਉਪਦੇਸ਼ ਕਿਤਾ ਹੈ ।

<u>ਅਸ਼ਟਪਦੀਆਂ :</u>

ਪ੍ਰਭੂ -ਪ੍ਰੀਤ ਹੀ ਮਾਇਆ ਦਾ ਮੋਹ ਨਾਸ ਕਰਦੀ ਹੈ। ਇਹ ਪ੍ਰੀਤ ਹੀ ਸਿਮਰਨ ਹੈ। ਉਹ ਹੀ ਸਚੇ ਨਾਮ ਨਾਲ ਜੁੜਦੇ ਹਨ ਜਿਨ੍ਹਾਂ ਨੂੰ ਪੂਰੇ ਸਤਿਗੁਰੂ ਦਾ ਮਿਲਾਪ ਪ੍ਰਾਪਤ ਹੋਇਆ ਹੁੰਦਾ ਹੈ। ਮਨਮੁਖੀ ਰੁਚੀਆਂ ਤੇ ਕਰਮ ਕਾਂਡ ਦੀ ਨਿੰਦਿਆ ਕੀਤੀ ਹੈ ਜੋ ਦੁਖਾਂ ਦਾ ਮੂਲ ਹਨ । ਇਸੇ ਕਰਕੇ ਤੀਰਥਨ ਵਿਚ ਮਨ ਨੂੰ ਜੋੜਨ ਲਈ ਕਿਹਾ ਹੈ ।

<u>10 ਰਾਗ ਧਨਾਸਰੀ :</u>

ਇਸ ਰਾਗ ਵਿਚ ਪੰਚਮ ਪਾਤਸ਼ਾਹ ਨੇ ਹੇਠ ਲਿਖੇ ਵੇਰਵੇ ਅਨੁਸਾਰ ਰਚਨਾ ਕੀਤੀ ਹੈ :

| | | | |
|---|---|---|---|
| ਦੁਪਦੇ | - | 31 | = 58 ਪਦੇ |
| ਤਿਪਦੇ | - | 5 | |
| ਚਉਪਦੇ | - | 18 | |
| ਪੰਚਪਦੇ | - | 2 | |
| ਪੜਤਾਲ ਦੁਪਦੇ | - | 2 | |

| | | |
|---|---|---|
| ਅਸ਼ਟਪਦੀ | - | 1 |
| ਛੰਤ | - | 1 |

<u>ਪਦੇ :</u>

ਇਨ੍ਹਾਂ ਪਦਿਆਂ ਦੀ ਕੁਲ ਗਿਣਤੀ 58 ਹੈ । ਇਨ੍ਹਾਂ ਵਿਚ ਆਪ ਨੇ ਵਿਚਾਰਿਆ ਹੈ ਕਿ ਪ੍ਰਭੂ ਦੇ ਸਿਮਰਨ ਕਰਨ ਨਾਲ ਕਰੋੜਾਂ ਅਪਰਾਧ ਇਕ ਖਿਨ ਵਿਚ ਮਿਟ ਜਾਂਦੇ ਹਨ । ਪ੍ਰਭੂ ਸ਼ਰਨੀ ਨੂੰ ਨਿਭਾਉਣ ਕਰਨ ਵਾਲਾ ਹੈ । ਜਿਹ ਜੀਵ ਨੂੰ ਜਨਮ ਮਰਨ ਦੇ ਚੱਕਰ 'ਚੋਂ ਕਢਣ ਵਾਲਾ (ਭਵਖੰਡਨ), ਦੁਖਾਂ ਨੂੰ ਦੂਰ ਕਰਨ ਵਾਲਾ (ਦੁਖ-ਭੰਜਨ) ਹੈ । ਉਸ ਦੇ ਵਿਯੋਗ ਵਿਚ ਉਸ ਦਾ ਭਗਤ ਜਾਂਦਾ ਬਿਆਕੁਲ ਹੁੰਦਾ ਹੈ। ਸਾਧ ਸੰਗਤ ਤੇ ਗੁਰੂ ਦੀ ਬਖਸ਼ਿਸ਼ ਨਾਲ ਹੀ ਮਨੁਖ ਨੂੰ ਸਮਦ੍ਰਿਸ਼ਟੀ ਦੀ ਪ੍ਰਾਪਤੀ ਹੁੰਦੀ ਹੈ। ਮਨੁੱਖ ਨੂੰ ਕਰਤਾਰ ਦਾ ਆਸਰਾ ਲੈਣਾ ਚਾਹੀਦਾ ਹੈ ।

<u>ਅਸ਼ਟਪਦੀਆਂ :</u>

ਇਸ ਵਿਚ ਮਨੁਖਾ ਜਨਮ ਦੀ ਮਹਾਨਤਾ ਦਰਸਾਈ ਹੈ। ਮਾਇਆ ਦੀਆਂ ਉਲਝਣਾਂ ਤੇ ਭਰਮਾਂ ਵਿਚੋਂ ਗੁਰੂ ਹੀ ਮਨੁਖ ਨੂੰ ਕਢ ਸਕਦਾ ਹੈ । ਉਹ ਹੀ ਵਿਚੋਲਾ ਹੈ । ਪ੍ਰਭੂ ਨਾਲ ਮਿਲਾਪ ਕਰਵਾਉਣ ਦਾ । ਗੁਰੂ ਦੀ ਬਖਸ਼ਿਸ਼ ਸੇਵਾ, ਤੇ ਸਾਧ ਸੰਗਤ ਸੰਬੰਧੀ ਵਿਚਾਰ ਪ੍ਰਗਟਾਏ ਹਨ ।

<u>ਛੰਤ :</u>

ਸਤਿਗੁਰ ਤੇ ਸਾਧ- ਸੰਗਤ ਰਾਹੀਂ ਨਾਮ ਸਿਮਰਣ ਦੀ ਪ੍ਰਾਪਤੀ ਹੁੰਦੀ ਹੈ । ਸਤਿਗੁਰ ਦਾ ਧੰਨਵਾਦ ਕੀਤਾ ਹੈ ਜਿਸ ਨੇ ਨਾਮ ਦੀ ਅਮੋਲਕ ਦਾਤ ਬਖਸ਼ੀ ਹੈ ।

<u>11- ਰਾਗ ਜੈਤਸਰੀ :</u>

14/15/16

ਇਸ ਰਾਗ ਵਿਚ ਗੁਰੂ ਅਰਜਨ ਸਾਹਿਬ ਦੇ ਲਿਖੇ ਅਨੁਸਾਰ ਦੁਪਦੇ, ਚਉਪਦੇ ਛੰਤ ਤੇ ਵਾਰ ਉਪਲਬਧ ਹਨ :-

| | | | |
|---|---|---|---|
| ਦੁਪਦੇ | - | 12 | = 13 |
| ਚਉਪਦੇ | - | 1 | |
| ਛੰਤ | - | 3 | 3 |
| ਛੰਤ ਨਾਲ ਸਲੋਕ | - | 5 | 5 |
| ਵਾਰ | - | 1 | 1 |

ਵਾਰ ਵਿਚ ਸਲੋਕ 40 ਤੇ ਪਉੜੀਆਂ 20 ਰਚੀਆਂ ਗਈਆਂ ਹਨ ।

**ਪਉੜੀ :**

ਇਨ੍ਹਾਂ ਵਿਚ ਆਪ ਨੇ ਪ੍ਰਗਟਾਇਆ ਹੈ ਕਿ ਸਾਰੇ ਜਿਊਂਦੇ ਪ੍ਰਾਣੀ ਜਨਮਾਂ ਦੇ ਕਾਰਨ ਸੰਜੋਗ ਵਸ ਹਨ । ਜੋਨੀ ਦੇ ਸੰਬੰਧੀ ਸਾਡਾ ਸਹਾਇਕ ਨਹੀਂ ਹੋ ਸਕਦਾ ਹੈ । ਹਰੀ ਦਾ ਨਾਮ ਹੀ ਸਹਾਇਕ ਹੁੰਦਾ ਹੈ। ਜੋ ਮਨੁਖ ਦੀ ਹਰ ਆਸ਼ਾ ਮਨਸ਼ਾ ਪੂਰੀ ਕਰਦਾ ਹੈ। ਨਾਮ ਰੋਗਨਾਸ਼ੀ ਹੈ, [illegible] ਤੇ ਮੇਲ ਵਿਚ ਕਰਕੇ ਸਿੱਖ ਨੂੰ ਪ੍ਰਭੂ ਨਾਲ ਜੋੜਦਾ ਹੈ ।

**ਛੰਤ ਤੇ ਛੰਤਾਂ ਨਾਲ ਸ਼ਲੋਕ:**

ਗੁਰੂ ਗੁਰਮੰਤ੍ਰ ਦੇ ਕੇ ਸਾਨੂੰ ਸੰਸਾਰ ਰਾਹੀਂ ਹਰੀ ਨਾਲ ਜੋੜਦਾ ਹੈ । ਪ੍ਰਭੂ ਅਗਮ, ਅਪਾਰ ਹੈ ਤੇ ਉਹ ਹੀ ਸਰਬ-ਕਲਾ ਸਮਰਥ ਹੈ। ਮਨੁਖ ਨੂੰ ਪ੍ਰਭੂ ਨਾਲ ਹੀ ਜੁੜਨਾ ਚਾਹੀਦਾ ਹੈ ਜੋ ਦਾਸਾਂ ਪਾਸ ਦਿਸਦਾ ਹੈ ਤੇ ਸਰਬ-ਸੁਖ ਦੇਂਦਾ ਹੈ ।

**ਵਾਰ :**

ਇਸ ਵਿਚ 40 ਸ਼ਲੋਕ ਤੇ 20 ਪਉੜੀਆਂ ਹਨ। ਹਰ ਪਉੜੀ ਨਾਲ ਦੋ ਸ਼ਲੋਕ ਹਨ । 17 ਇਹ ਸ਼ਲੋਕ ਪ੍ਰਾਕ੍ਰਿਤ ਜਾਂ ਗਾਥਾ ਵਿਚ ਹੈ ਜੁਗਤਾ ਸ਼ਲੋਕ [illegible] ਪੰਜਾਬੀ ਬੋਲੀ ਵਿਚ ਹੈ । ਪਉੜੀ ਤੇ ਦੋਹਾਂ ਸ਼ਲੋਕਾਂ ਦਾ ਵਿਸ਼ਾ ਇਕ ਹੀ ਹੈ । ਇਸ ਵਾਰ ਵਿਚ ਮਨੁੱਖ ਨੂੰ ਸੰਸਾਰ ਦੀ ਨਾਸ਼ਮਾਨਤਾ ਤੋਂ ਚੇਤੰਨ ਕੀਤਾ ਹੈ। ਸਿਖਿਆ ਦਿਤੀ ਹੈ ਕਿ [illegible] ਵਿਚ ਨਹੀਂ [illegible] ਨਾਲ ਜੁੜਨਾ ਚਾਹੀਦਾ ਹੈ। ਨਾਮ ਸਿਮਰਨਾ ਚਾਹੀਦਾ ਹੈ ਜਿਸ ਨਾਲ ਸਭ ਸੁਖ ਪ੍ਰਾਪਤ ਹੁੰਦੇ ਹਨ । ਪਾਪਾਂ ਦਾ ਖੰਡਨ ਹੁੰਦਾ ਹੈ । ਆਤਮਬੁੱਧ ਦਾ ਚੰਦਰ ਪ੍ਰਗਾਸ ਹੁੰਦਾ ਹੈ । ਪਰ ਨਾਮ ਸਿਮਰਨ ਦੀ ਪ੍ਰਾਪਤੀ ਗੁਰੂ ਦੀ ਕ੍ਰਿਪਾ ਰਾਹੀਂ ਹੁੰਦੀ ਹੈ ।

**12- ਰਾਗ ਟੋਡੀ :**

ਇਸ ਵਿਚ ਗੁਰੂ ਅਰਜਨ ਸਾਹਿਬ ਦੇ

| | | | |
|---|---|---|---|
| ਦੁਪਦੇ | - | 25 | ਕੁੱਲ 30 ਪਦੇ |
| ਚਉਪਦੇ | - | 4 | |
| ਪੰਚਪਦੇ | - | 1 | |

ਇਨ੍ਹਾਂ ਪਦਿਆਂ ਵਿਚ ਗੁਰੂ ਅਰਜਨ ਦੇਵ ਜੀ ਨੇ ਵਿਸ਼ੇਸ਼ ਗੁਣਾਂ ਦੀ ਪ੍ਰਾਪਤੀ ਸਤਿਗੁਰੂ ਰਾਹੀਂ ਹੁੰਦੀ ਹੈ ਤੇ ਮਨੁੱਖ ਮਾਇਆ ਦੇ ਪ੍ਰਭਾਵ ਤੋਂ ਛੁਟਕੇ ਨਿਕਲ ਸਕਦਾ ਹੈ ਦਰਸਾਏ ਗਏ ਹਨ । ਇਸ ਤੋਂ ਇਲਾਵਾ ਪ੍ਰਭੂ ਨੂੰ ਵਿਸਾਰਣ ਨਾਲ ਮਨੁੱਖ ਦੀ ਜੋ

ਕੁਲਵਧਾ ਹੁੰਦੀ ਹੈ ? ਨੂੰ ਵਿਆਕੁਲ ਕਰਦਿਆਂ ਲਿਖਿਆ ਹੈ ਕਿ ਮਨੁਖ ਦਾ ਜੀਵਨ ਕੁਲਵਧਾ ਕਰਦਾ ਹੋ ਜਾਂਦਾ ਹੈ ਤੇ ਜੀਵ ਦੁਖਾਂ ਹੁੰਦਾ ਹੈ। ਪ੍ਰਭੂ ਪਾਸ ਅਰਦਾਸ ਮਨੁੱਖ ਨੂੰ ਤਿੰਨਾਂ ਤਾਪਾਂ ਤੋਂ ਛੁਟਕਾਰਾ ਦੁਆਉਂਦੀ ਹੈ। (ਤਜੇ ਤਾਪ ਨਿਵਾਰਣ ਦਾਤਾ ਸੁਖ ਹੈਂ ਸੁਖ ਰਾਸਿ) ਤਾ ਕਉ ਬਿਘਨੁ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸਿ ॥) ਹੈ। ਇਹ ਤਿੰਨ ਤਾਪ ਹਨ : ਆਧਿ ( ਮਨ ਦੇ ਦੁਖ), ਬਿਆਧ (ਸਰੀਰ ਦੇ ਦੁਖ), ਉਪਾਧਿ (ਕੁਟੰਬ ਦੇ ਦੁਖ ) ।

## 13- ਰਾਗ ਬੈਰਾੜੀ ।

ਇਸ ਵਿਚ ਇਕ ਰੂਪਕ ਹੀ ਰਖਿਆ ਹੈ। ਸੰਤ ਜਨਾਂ ਦੀ ਸੰਗਤ ਦੀ ਵਡਿਆਈ ਦਸੀ ਹੈ। ਗੁਰੂ ਦੀ ਕਿਰਪਾ ਨਾਲ ਚਿੰਤਨ ਬੁਧੀ ਮਿਲਦੀ ਹੈ, ਜਿਹੜੀ ਸਤਿਗੁਰ ਸ਼ਬਦ ਨਾਲ ਸਹਜ-ਸੁਖ ਦੀ ਪ੍ਰਾਪਤੀ ਹੁੰਦੀ ਹੈ।

## 14 - ਰਾਗ ਤਿਲੰਗ ।

ਇਸ ਵਿਚ ਦੁਪਦਾ - 1, ਚਉਪਦੇ- 4 ਹਨ (ਕੁਲ ਪੰਜ ਪਦੇ ਹਨ )। ਇਨ੍ਹਾਂ ਫ਼ਾਰਸੀ ਸ਼ਬਦਾਂ ਵਾਲਿਆਂ ਪਦਿਆਂ ਵਿਚ ਪਰਮਾਤਮਾ ਦੀ ਸਹਜ ਸੁਭਾਵੀ ਮਾਨਤਾ ਦਸੀ ਹੈ। ਮਨੁੱਖ ਨੂੰ ਪ੍ਰਭੂ ਆਸਰਾ ਲੈਣ ਦਾ ਉਪਦੇਸ਼ ਹੈ, ਪਰਮੇਸ਼ੁਰ ਦੀਆਂ ਬਖਸ਼ਿਸ਼ਾਂ ਪ੍ਰਤੀ ਕ੍ਰਿਤਗਤਾ (ਸ਼ੁਕਰਗੁਜ਼ਾਰੀ) ਦੇ ਭਾਵ ਪ੍ਰਗਟਾਏ ਹਨ।

## 15- ਰਾਗ ਸੂਹੀ ।

ਇਸ ਵਿਚ ਆਪ ਜੀ ਨੇ

| | | | |
|---|---|---|---|
| ਦੁਪਦੇ | - | 5 | ਕੁਲ ਪਦੇ =58 |
| ਤਿਪਦੇ | - | 2 | |
| ਚਉਪਦੇ | - | 47 | |
| ਪੰਚਪਦੇ | - | 2 | |
| ਪੜਤਾਲ ਦੁਪਦੇ | - | 2 | |
| ਅਸਟਪਦੀਆਂ | - | 3 | " " 5 |
| ਕਾਫ਼ੀ ਅਸਟਪਦੀਆਂ | - | 2 | |
| ਕੁਚੱਜੀ | - | 1 | |
| ਛੰਤ | - | 11 | |

ਉਚਾਰੇ ਹਨ। ਇਨ੍ਹਾਂ ਵਿਚੋਂ ਆਪ ਨੇ ਹੇਠ ਲਿਖੇ ਅਨੁਸਾਰ ਵੰਡੀ ਅਪਣਾਏ ਹਨ :-

**ਪਦੇ ।**

1- ਪਰਮਾਤਮਾ ਨਿਰਗੁਣ ਤੇ ਸਰਗੁਣ ਦੋਹਾਂ ਰੂਪਾਂ ਵਿਚ ਵਿਆਪਕ ਹੈ ।

2- ਸਿਮਰਨ ਲਈ ਪ੍ਰੇਰਣਾ ਤੇ ਮਾਇਆ ਨੂੰ ਤਿਆਗਣ ਦਾ ਉਪਦੇਸ਼ ।

3- ਪ੍ਰਭੂ ਪਾਸ ਅਰਦਾਸ ,ਬੇਨਤੀ ਤਾਂ ਜੋ ਉਸ ਦੀ ਕ੍ਰਿਪਾ ਪ੍ਰਾਪਤ ਹੋਵੇ ।

4- ਹੁਕਮ ਦੀ ਮਹਾਨਤਾ, ਪ੍ਰਭੂ ਦਾ ਭਾਣਾ ਖ਼ੁਸ਼ੀ ਨਾਲ ਮੰਨਣਾ ਹੈ ਜਿਸ ਉਪਰ ਫਿਰ ਉਹ ਆਪ ਖ਼ੁਸ਼ੀ ਮਿਲਣ ਦੀ ਨਦਰ ਕਰਦਾ ਹੈ ।

5- ਪ੍ਰਭੂ ਦਾ ਅੰਤ ਕੋਈ ਨਹੀਂ ਪਾ ਸਕਦਾ ।

6- ਸੰਤਾਂ ਦੀ ਵਡਿਆਈ ਦੱਸੀ ਹੈ ।

7- ਸਾਧ ਸੰਗਤ ਦੀ ਵਡਿਆਈ ਤੇ ਮਹਾਨਤਾ ਦਰਸਾਈ ਹੈ ।

8- ਪ੍ਰਭੂ ਦਾ ਕੀਰਤਨ ਕਰਨਾ ਚਾਹੀਦਾ ਹੈ ।

9- ਸਤਿਗੁਰੂ ਪ੍ਰਭੂ ਨਾਲ ਮਿਲਾਪ ਦਾ ਸਾਧਨ ਹੈ ।

**ਅਸ਼ਟਪਦੀਆਂ ।**

ਇਨ੍ਹਾਂ ਵਿਚ ਪ੍ਰਭੂ ਪਾਸ ਬੇਨਤੀ ਕੀਤੀ ਹੈ, ਨਾਮ ਸਿਮਰਨ ਦੀ ਦਾਤ ਬਖਸ਼, ਨਾਮ ਵਿਹੂਣਾ ਜੀਵ ਅਤਿ-ਦੁਖੀ ਹੁੰਦਾ ਹੈ ।

**ਗੁਣਵੰਤੀ ।**

ਕ੍ਰਿਤਗਯਤਾ ਦੇ ਭਾਵ ਪ੍ਰਗਟਾਏ ਹਨ - ਉਸ ਨੂੰ ਗੁਰ ਸਿਖ ਕਹ ਜੋ ਗੁਰ ਸਬਦ ਨਾਲ ਜੋੜਦਾ ਹੈ ਤੇ ਮਨ ਦੀ ਚੰਚਲਤਾ ਨੂੰ ਮਿਟਾਂਦਾ ਹੈ। ਗੁਰਮੁਖ ਵਿਚ ਹੀ ਕ੍ਰਿਤਗਯਤਾ ਦੇ ਭਾਵ ਪ੍ਰਗਟਾਏ ਹਨ ।

**ਛੰਤ।** ਇਨ੍ਹਾਂ ਵਿਚ ਮਾਇਆ ਦੇ ਪ੍ਰਭਾਵ ਤੋਂ ਬਚਣ ਲਈ ਜੀਵ ਨੂੰ ਪ੍ਰੇਰਣਾ ਦਿਤੀ ਹੈ । ਨਾਮ ਸਿਮਰਣ ਨਾਲ ਸੁਹਾਗ ਤੇ ਨਾਮ ਸਿਮਰਣ ਦੇ ਗੁਣ ਦਸੇ ਹਨ ।

**16- ਰਾਗ ਵਿਸ਼ਲੇਸ਼ਣ ।**

ਇਸ ਵਿਚ ਕੁਲ 129 ਪਦੇ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:-

| | | | |
|---|---|---|---|
| ਦੁਪਦੇ | - | 71 | |
| ਚਉਪਦੇ | - | 55 | |
| ਪੰਚਪਦੇ | - | 1 | = 129 |
| ਪੜਤਾਲ ਦੁਪਦੇ | - | 1 | |
| ਪੜਤਾਲ ਤਿਪਦੇ | - | 1 | |

ਅਸ਼ਟਪਦੀਆਂ - 2
ਛੰਤ - 5
ਛੰਤਾਂ ਨਾਲ ਸ਼ਲੋਕ - 1

**ਪਦੇ :**

ਇਨ੍ਹਾਂ ਪਦਿਆਂ ਵਿਚਲੇ ਵਿਚਾਰ ਇਸ ਪ੍ਰਕਾਰ ਹਨ :-

1- ਪ੍ਰਭੂ ਪ੍ਰੇਮ ਦਾ ਅਲੌਕਿਕ ਸੁਆਦ ਹੈ ।
2- ਪ੍ਰਭੂ ਦੀ ਬਖਸ਼ਿਸ਼ ਹੋਵੇ ਤਾਂ ਹੀ ਸਤਿਗੁਰੂ ਦੀ ਸੇਵਾ ਪ੍ਰਾਪਤ ਹੁੰਦੀ ਹੈ ।
3- ਪ੍ਰਭੂ ਦੀ ਬਖਸ਼ਿਸ਼ ਪ੍ਰਾਪਤੀ ਲਈ ਬੇਨਤੀ ਕਰਨੀ ਚਾਹੀਦੀ ਹੈ ।
4- ਸਾਧ-ਸੰਗਤ ਮਨੁੱਖ ਲਈ ਜ਼ਰੂਰੀ ਹੈ ।
5- ਮਾਇਆ ਦੇ ਪ੍ਰਭਾਵ ਤੋਂ ਸਿਮਰਨ ਬਚਾ ਸਕਦਾ ਹੈ ।
6- ਸੰਤਾਂ ਤੇ ਗੁਰੂ ਦੁਆਰਾ ਨਾਮ ਸਿਮਰਿਆ ਜਾ ਸਕਦਾ ਹੈ। ਤਾਂ ਹੀ ਸਿਫ਼ਤ ਸਲਾਹ ਕੀਤੀ ਜਾ ਸਕਦੀ ਹੈ ।
7- ਬ੍ਰਹਮ ਸਰਬ ਵਿਆਪਕ ਹੈ ।

**ਅਸ਼ਟਪਦੀਆਂ :**

ਪ੍ਰਭੂ - ਪ੍ਰੇਮ ਦਾ ਪ੍ਰਗਟਾਵਾ ਇਨ੍ਹਾਂ ਅਸ਼ਟਪਦੀਆਂ ਦਾ ਮੁੱਖ ਵਿਸ਼ਾ ਹੈ ।

**ਛੰਤ:**

ਨਾਮ ਸਿਮਰਨ ਦੀ ਵਡਿਆਈ ਤੇ ਪਰਮਾਤਮਾ ਦੇ ਮਿਲਾਪ ਨਾਲ ਜੋ ਅਕਹਿ ਅਨੰਦ ਦੀ ਪ੍ਰਾਪਤੀ ਹੁੰਦੀ ਹੈ, ਉਸ ਦਾ ਵਰਣਨ ਕੀਤਾ ਹੈ ।

## 17- ਰਾਗ ਜੈਤ :

ਇਸ ਵਿਚ ਕੁਲ 22 ਪਦੇ ਹਨ । ਇਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

ਦੁਪਦੇ - 1 }
ਚਉਪਦੇ - 21 } = 22
ਅਸ਼ਟਪਦੀ - 1

**ਪਦੇ:** ਪਦਿਆਂ ਵਿਚ ਜੀਵਆਤਮਾ ਸੰਬੰਧੀ ਤੇ ਪਰਮਾਤਮਾ ਸੰਬੰਧੀ ਅਧਿਆਤਮਿਕ ਵਿਚਾਰ ਪ੍ਰਗਟ ਕੀਤੇ ਹਨ । ਆਤਮਾ ਨੂੰ ਅਮਰ ਦੱਸਿਆ ਹੈ ।

**ਅਸ਼ਟਪਦੀ :**

ਅਸ਼ਟਪਦੀ ਵਿਚ ਸਤਿਗੁਰੂ ਦੀ ਵਡਿਆਈ ਦਾ ਗਾਇਨ ਕੀਤਾ ਹੈ ।

**<u>18- ਰਾਗੁ ਰਾਮਕਲੀ :</u>**

'ਰਾਗੁ ਰਾਮਕਲੀ' ਵਿਚ ਉਪਲਬਧ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਵੇਰਵਾ ਇਸ ਪ੍ਰਕਾਰ ਹੈ :

| | | | |
|---|---|---|---|
| ਦੁਪਦੇ | - | 2 | } |
| ਤਿਪਦੇ | - | 1 | } |
| ਚਉਪਦੇ | - | 53 | } = 60 ਪਦੇ |
| ਪੰਚਪਦੇ | - | 2 | } |
| ਪੜਤਾਲਦੁਪਦੇ | - | 2 | } |
| ਅਸ਼ਟਪਦੀਆਂ | - | 8 | |
| ਸਲੋਕ | - | 1 | ( ਇਹ ਸਤਵੀਂ ਅਸ਼ਟਪਦੀ ਨਾਲ ਹੈ, ਜੋ ਦੁਹਰਾਇਆ ਗਿਆ ਹੈ। ਪਹਿਲਾਂ ਪੰਨਾ 320 ਉਤੇ ਵੀ ਆਇਆ ਹੈ ਨੌਵੀਂ ਪਉੜੀ ਦਾ ਦੂਜਾ ਸਲੋਕ ਹੈ। ) |
| ਛੰਤ | - | 6 | } |
| ਛੰਤਾਂ ਨਾਲ ਸਲੋਕ | - | 4 | } |
| ਰੁਤੀ ਛੰਤ | - | 8 | } ਵਿਸ਼ੇਸ਼ ਰਚਨਾ ਹੈ। |
| ਸਲੋਕ | - | 16 | } |
| ਵਾਰ ਸਲੋਕ | - | 44 | |
| ਪਉੜੀਆਂ | - | 22 | |

<u>ਪਦੇ :</u> ਇਨ੍ਹਾਂ ਵਿਚ ਨਿਮਨ ਲਿਖਤ ਵਿਸ਼ੇ ਲਏ ਗਏ ਹਨ :-

1- ਨਾਮ ਸਿਮਰਣ ਤੇ ਪ੍ਰਭੂ ਭਗਤੀ ਲਈ ਪ੍ਰੇਰਿਆ ਹੈ।

2- ਸਤਿਗੁਰੂ ਦੀ ਮਾਨਤਾ ਪ੍ਰਗਟਾਈ ਹੈ, ਵਡਿਆਈ ਕੀਤੀ ਹੈ।

3- ਪ੍ਰਮਾਤਮਾ ਅਤੁਲ ਅਥਾਹ, ਅਡੋਲ, ਨਿਮਾਣਿਆਂ ਦਾ ਮਾਣ ਤੇ ਮਨੁੱਖ ਦਾ ਰਖਿਅਕ ਹੈ, ਜੇਕਰ ਉਸ ਦਾ ਆਸਰਾ ਲਵੈ ਤਾਂ ਉਹ ਹਰ ਪ੍ਰਕਾਰ ਦੀ ਚਿੰਤਾ ਤੋਂ ਮੁਕਤ ਹੋ ਸਕਦਾ ਹੈ ਜੇ ਉਸ ਉਪਰ ਪ੍ਰਭੂ ਦੀ ਕਿਰਪਾ ਹੁੰਦੀ ਹੈ।

4- ਪ੍ਰਭੂ ਦੀ ਸਿਫ਼ਤ ਸਲਾਹ ਤੇ ਪ੍ਰਭੂ ਦੀ ਪ੍ਰੀਤ ਮਨ ਵਿਚ ਵਸਾਉਣ ਦਾ ਉਪਦੇਸ਼ ਹੈ।

5- ਅਸਲੀ ਜੋਗੀ, ਜਿਸ ਦੇ ਗੁਣ ਪ੍ਰਗਟਾਏ ਹਨ।

6- ਸੱਚੇ ਸੰਤਾਂ-ਸਾਧਾਂ ਦੀ ਵਡਿਆਈ ਤੇ ਭਗਤਾਂ ਦੇ ਗੁਣਾਂ ਦਾ ਜ਼ਿਕਰ ਕੀਤਾ ਹੈ।

7- ਗੋਬਿੰਦ ਨੂੰ ਨਿਰਮੋਲਕ ਹੀਰਾ, ਬਾਣੀ ਨੂੰ ਪੂੰਜੀ ਕਿਹਾ ਹੈ ਤੇ ਇਸ ਦਾ ਭੇਦ ਖੋਲ੍ਹਦੇ ਹਨ, ਸੰਤ।

**ਅਸ਼ਟਪਦੀਆਂ ਤੇ ਸਲੋਕ :**

ਅਸ਼ਟਪਦੀਆਂ ਤੇ ਸਲੋਕਾਂ ਵਿਚ ਆਪ ਨੇ ਹੇਠ ਲਿਖੇ ਵਿਚਾਰ ਅਪਣਾਏ ਹਨ :

1- ਜੋਗੀਆਂ, ਸੰਨਿਆਸੀਆਂ, ਸੰਸਾਰੀਆਂ, ਸ਼ੇਖੀਆਂ, ਪੰਡਤਾਂ ਦੇ ਕਰਮ, ਧਰਮ ਮਨ ਨੂੰ ਤਸੱਲੀ ਨਹੀਂ ਦੇਂਦੇ, ਸਿਰਫ਼ ਸਿਮਰਨ ਹੀ ਉੱਤਮ ਹੈ ।

2- ਸਿਮਰਨ ਦੀ, ਨਾਮ ਜਪਣ ਦੀ ਪ੍ਰਾਪਤੀ ਪ੍ਰਭੂ ਦੀ ਕ੍ਰਿਪਾ ਹੋਵੇ ਤਾਂ ਹੀ ਹੁੰਦੀ ਹੈ ।

3- ਨਾਮ ਮਨ ਨੂੰ ਸ਼ੁਧਤਾ ਬਖਸ਼ਦਾ ਹੈ ।

**ਰੁੱਤ ਤੇ ਸਲੋਕ :**

1- ਪਰਮਾਤਮਾ ਸਰਬ ਵਿਆਪਕ ਤੇ ਹਾਜ਼ਰ-ਹਜ਼ੂਰ ਹੈ ।

2- ਸਰਬ ਸਮਰਥ ਹੈ ਤੇ ਬੇਅੰਤ ਗੁਣਾਂ ਦਾ ਮਾਲਕ ਹੈ ।

3- ਸਗਲ ਮਾਇਆ ਜੋ ਉਸੇ ਦੀ ਹੀ ਸਾਜੀ ਹੋਈ ਹੈ, ਉਸ ਲਾਲਚ ਦੀ ਵਜ੍ਹਾ ਪ੍ਰਭੂ ਤੋਂ ਵਿਛੜਿਆ ਹੋਇਆ ਹੈ ।

4- ਪ੍ਰਭੂ ਦੇ ਨਾਮ ਸਿਮਰਨ ਨਾਲ ਵਿਯੋਗ ਦੂਰ ਹੁੰਦਾ ਹੈ। ਮਨੁੱਖ ਸੁਭਾਗੀ ਬੰਦਾ ਬਣ ਜਾਂਦਾ ਹੈ ।

ਸਲੋਕਾਂ ਵਿਚ ਰੁੱਤਾਂ ਦਾ ਵੀ ਜ਼ਿਕਰ ਹੈ ।

**ਰੁੱਤੀ :** ਇਸ ਵਿਚ ਪੰਜਾਬ ਦੀਆਂ ਛੇ ਰੁੱਤਾਂ ਦਾ ਵਿਵਰਣ ਕੀਤਾ ਹੈ । ਪਰਮਾਤਮਾ ਦੇ ਮਿਲਾਪ ਲਈ ਪ੍ਰਬਲ ਤਾਂਘ ਦਰਸਾਂਦੀ ਹੈ। ਇਹ ਆਪ ਦੀ ਵਿਸ਼ਿਸ਼ਟ ਰਚਨਾ ਹੈ ।

**ਵਾਰ ਰਾਮਕਲੀ :**

1- ਸਤਿਗੁਰੂ ਦੀ ਵਡਿਆਈ ਦਸੀ ਹੈ ।

2- ਸਤਿਗੁਰੂ ਰਾਹੀਂ ਹੀ ਨਾਮ ਤੇ ਭਗਤੀ ਪ੍ਰਾਪਤ ਹੁੰਦੇ ਹਨ ।

3- ਭਗਤੀ ਹੀ ਭਗਤ ਤੇ ਪ੍ਰਭੂ ਨੂੰ ਮਿਲਾਉਂਦੀ ਹੈ । ਪ੍ਰਭੂ, ਭਗਤੀ ਦੇ ਰਾਹੀਂ ਭਗਤ ਦੇ ਹੋ ਜਾਂਦੇ ਹਨ ।

**19- ਰਾਗੁ ਨਟ ਨਰਾਇਣ ।**

ਇਸ ਵਿਚ ਪਦਿਆਂ ਦਾ ਵੇਰਵਾ ਇਸ ਪ੍ਰਕਾਰ ਹੈ ।

| | | | |
|---|---|---|---|
| ਦੁਪਦੇ | - | 7 | = 10 ਪਦੇ ਹਨ । |
| ਤਿਪਦੇ | - | 1 | |
| ਚਉਪਦੇ | - | 1 | |
| ਪੜਤਾਲ ਦੁਪਦੇ | - | 1 | |

ਇਨ੍ਹਾਂ ਵਿਚ ਪਰਮਾਤਮਾ ਦੀ ਸਿਫ਼ਤ ਸਲਾਹ ਕੀਤੀ ਹੈ । ਪ੍ਰਭੂ ਦੇ ਮਿਲਾਪ ਲਈ ਵਿਆਕੁਲਤਾ ਦਰਸਾਈ ਗਈ ਹੈ ।

**20- ਰਾਗੁ ਮਾਲੀ ਗਉੜਾ ।**

ਇਸ ਵਿਚ ਆਪ ਨੇ ਕੁਲ 8 ਪਦੇ ਰਚੇ ਹਨ ।-

| | | | |
|---|---|---|---|
| ਦੁਪਦੇ | - | 3 | = 8 ਪਦੇ |
| ਚਉਪਦੇ | - | 5 | |

ਇਨ੍ਹਾਂ ਵਿਚ ਗੁਰੂ ਦੀ ਸਿਫ਼ਤ, ਨਾਮ ਸਿਮਰਣ ਦੇ ਫਲ ਦਸੇ ਹਨ । ਪ੍ਰਭੂ ਨੂੰ ਤਰਸ ਵਾਨ ਦਸਿਆ ਤੇ ਉਸ ਪਾਸੋਂ ਕ੍ਰਿਪਾ - ਜਲ ਮੰਗਿਆ ਹੈ ।

**21- ਰਾਗੁ ਮਾਰੂ ।**

ਇਸ ਵਿਚ ਆਪ ਜੀ ਨੇ 30 ਪਦੇ ਲਿਖੇ ਹਨ । ਜਿਵੇਂ

| | | | |
|---|---|---|---|
| ਦੁਪਦੇ | - | 9 | = 30 ਪਦੇ |
| ਚਉਪਦੇ | - | 19 | |
| ਪੰਚਪਦੇ | - | 1 | |
| ਇਕਪਦੇ | - | 1 | |
| ਅੰਜੁਲੀ - ਚਉਪਦਾ | - | 1 | = 2 ਪਦੇ। |
| ਪੰਚਪਦਾ | - | 1 | |
| ਅਸ਼ਟਪਦੀਆਂ | - | 6 | = 8 |
| ਅੰਜੁਲੀਆਂ ਅਸ਼ਟਪਦੀਆਂ | - | 2 | |

ਮਾਰੂ ਮ:5

ਸੋਲਹੇ - 14

ਵਾਰ ਮ:5

ਸ਼ਲੋਕ - 69

ਪਉੜੀਆਂ - 23

ਵਾਧੂ ਮ:3 ਨਾਲ

ਸ਼ਲੋਕ - 2

ਪਉੜੀ - 1

ਮੂਲ ।

1- ਸਾਰੀ ਸ੍ਰਿਸ਼ਟੀ ਪ੍ਰਮੇਸ਼ਰ ਦੇ ਭੈਅ ਵਿਚ ਚਲ ਰਹੀ ਹੈ, ਪਰ ਪ੍ਰਭੂ ਖੁਦ ਭੈਅ- ਰਹਿਤ ਹੈ ।

2- ਪ੍ਰਭੂ ਵਿਸ਼ਵ-ਪਾਲਣ ਵਾਲਾ ਹੈ ।

3- ਉਸ ਨੂੰ (ਪ੍ਰਮੇਸ਼ਰ ਨੂੰ ) ਸਦਾ ਯਾਦ ਰਖਣਾ ਚਾਹੀਦਾ ਹੈ ।
'ਚਰਨ ਕਮਲ ਸੇਵਕ ਸਾਧ ਗੁਰ ਮੰਤ੍ਰ ਚਿਤੈ ਚਿਤਾਰਿ' (1006)

4- ਕੀਰਤਨ ਨਾਲ ਜਮ ਡੰਡੇ ਤੋਂ ਸਾਰੇ ਹਨ ।

5- ਪ੍ਰਭੂ ਨੂੰ ਭੁਲਾਉਣ ਨਾਲ ਘੋਰ ਦੁਖਾਂ ਦੀ ਪ੍ਰਾਪਤੀ ਹੁੰਦੀ ਹੈ ।

6- ਸਤਿਗੁਰੂ ਰਾਹੀਂ ਕਰਮਾਂ ਤੇ ਭਰਮਾਂ ਦਾ ਨਾਸ ਹੁੰਦਾ ਹੈ ।

7- ਬ੍ਰਹਿਮੰਡ ਨਿਰਗੁਣ ਬ੍ਰਹਮ ਦਾ ਹੀ ਪਸਾਰਾ ਹੈ । ਉਹ ਸਭ ਘਟ ਘਟ ਵਿਚ ਵਿਆਪਕ ਹੈ ।

ਮਾਰੂ ਅੰਜੁਲੀ ਮ:5 ਘਰੁ- 7:

ਜਿਸ ਵਿਚ ਜਿਸ ਚਲਾਉਣਾ ਤੇ ਜਿਸ ਪੰਘਰਣਾ ਹੈ। ਮਨੁੱਖ ਨੂੰ ਹਰੀ ਆਪ ਭਰਮਾਉਂਦਾ ਹੈ । ਹਰ ਹਾਲਤ ਵਿਚ ਉਹ ਰਖਿਅਕ ਹੈ । ਉਹ ਹੀ ਕੰਮ ਆਉਂਦਾ ਹੈ। ਉਹ ਕਰਨ ਕਾਰਨ ਸਮਰਥ ਹੈ। ਉਸ ਪੂਰਨ ਆਰਾਧ ਨੂੰ ਸਦਾ ਚਾਹੀਦਾ ਹੈ । ਪ੍ਰਭੂ - ਯਾਦ ਵਿਚ ਸੁਖਨ ਦੀ ਪ੍ਰਾਪਤੀ ਹੈ । 18 ਜਿਸ ਨੂੰ ਗਉੜੀ ਡਾ. ਮਹਿੰਦਰ ਕੌਰ ਗਿੱਲ ਨੇ ਅਸ਼ਟੰਕ ਰਚਨਾ ਲਿਖਿਆ ਹੈ ।" ਪੰਚਮ ਗੁਰੂ ਦੀਆਂ ਕੁਝ ਰਚਨਾਵਾਂ ਅੰਜੁਲੀਆਂ ਕਰਕੇ ਜਾਂ/ ਅੰਕਾਂ ਵਜੋਂ ਛੋਟੀਆਂ ਹੋਣ ਕਰਕੇ ਲੰਮੇਰੀਆਂ ਰਚਨਾਵਾਂ ਦੇ ਅੰਤਰਗਤ ਨਹੀਂ ਰਖੀਆਂ ਜਾ ਸਕਦੀਆਂ । ਵਿਸ਼ੇਸ਼ ਸਿਰਲੇਖ ਵਾਲੀਆਂ ਬਾਣੀਆਂ ਹੋਣ ਕਰਕੇ ਪਦਿਆਂ ਵਿਚ ਵੀ ਨਹੀਂ ਸਮਾ ਸਕਦੀਆਂ । ਡਾ. ਤਾਰਨ ਸਿੰਘ ਨੇ ਅਜਿਹੀਆਂ ਰਚਨਾਵਾਂ ਨੂੰ ਸੰਮਿਸ਼ਰਤ ਬਾਣੀ ਦਾ ਨਾਮ ਦਿੱਤਾ ਹੈ (ਗੁਰੂ ਨਾਨਕ ਚਿੰਤਨ ਤੇ ਕਲਾ, ਪੰਨਾ 85- 86 ) ਪਰ ਅਸੀਂ ਅਜਿਹੀਆਂ ਰਚਨਾਵਾਂ ਨੂੰ

'ਅਸਫੁਟਕ ਰਚਨਾਵਾਂ' ਦੇ ਸਿਰਲੇਖ ਹੇਠ ਵਿਚਾਰਨਾ ਵਧੇਰੇ ਉਚਿਤ ਸਮਝਿਆ ਹੈ।[19]

"ਇਨ੍ਹਾਂ ਰਚਨਾਵਾਂ ਦਾ ਸਿਰਲੇਖ ਲੋਕ ਕਾਵਿ-ਰੂਪਾਂ ਦੇ ਨਾਮ ਹਨ ਤੇ ਇਨ੍ਹਾਂ ਰਚਨਾਵਾਂ ਵਿਚ ਅਧਿਆਤਮਕ ਵਸਤੂ ਉਸੇ ਰੂਪ ਵਿਚ ਢਾਲੀ ਗਈ ਹੈ ਜਿਵੇਂ ਲੋਕ-ਕਾਵਿ ਰੂਪਾਂ ਵਿਚ ਸੰਸਾਰਕ ਵਿਚਾਰ ਤੇ ਲੋਕ-ਭਾਵ ਦੇ ਸਕਦੇ" ( ਡਾ. ਰਤਨ ਸਿੰਘ )

<u>ਅਸ਼ਟਪਦੀਆਂ</u> :

ਮਨੁੱਖੀ ਜਨਮ ਦੀ ਸਰਬ ਸ੍ਰੇਸ਼ਟਤਾ ਦਸੀ ਹੈ। ਪ੍ਰਭੂ ਦੀ ਕ੍ਰਿਪਾ ਹੋਵੇ ਤਾਂ ਹੀ ਸਾਧ-ਸੰਗਤ ਵਿਚ ਜਾ ਕੇ ਹਰੀ ਨੂੰ ਯਾਦ ਕਰ ਸਕਦਾ ਹੈ। ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਨੂੰ ਤਿਆਗ ਕੇ ਸਿਮਰਨ ਵਿਚ ਜੁੜਨ ਵਾਲੇ ਮਨੁੱਖ ਦਾ ਹੀ ਜੀਵਨ ਸਫਲ ਹੈ।

<u>ਸੰਪੂਰਨੀਆਂ ਅਸ਼ਟਪਦੀਆਂ</u>:

ਜਿਨ੍ਹਾਂ ਦੀ ਗਿਣਤੀ ਦੋ ਹੈ। ਇਨ੍ਹਾਂ ਦਾ ਭਾਵ ਕੇਂਦਰੀ ਹੈ। ਮਾਇਆ ਮਨੁੱਖ ਲਈ ਬੇਚੈਨੀ ਦਾ ਕਾਰਣ ਹੈ। ਥੋੜ੍ਹੀ ਵੀ ਤੇ ਬਹੁਤੀ ਵੀ ਦੋਵੇਂ ਤਰ੍ਹਾਂ ਹੀ ਦੁਖਦਾਇਕ ਹੈ। ਸਾਧ-ਸੰਗਤ ਵਿਚ ਜਾ ਕੇ ਹੀ ਮਨੁੱਖ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੁੰਦਾ ਹੈ। ਸਤਿਗੁਰੂ ਦੀ ਕਿਰਪਾ ਜੀਵਨ ਵਿਚ ਸੰਤੁਲਨ ਲਿਆਉਂਦੀ ਹੈ। ਇਸ ਪ੍ਰਕਾਰ ਜੀਵ ਨੂੰ ਦੁਖ ਸੁਖ - ਸਮ ਪ੍ਰਤੀਤ ਹੁੰਦੇ ਹਨ।

<u>ਸੋਲਹੇ</u> :

ਜਿਨ੍ਹਾਂ ਦੀ ਗਿਣਤੀ 14 ਹੈ। ਇਹ ਆਪ ਜੀ ਦੀ ਵਿਸ਼ੇਸ਼ ਰਚਨਾ ਹੈ।[19] ਅਕਾਲ-ਪੁਰਖ ਪ੍ਰਭੂ ਖ਼ੁਦ ਅਨੰਦ ਹੈ, ਅਨੰਦ ਸਰੂਪ ਹੈ। ਸਾਰੇ ਬ੍ਰਹਿਮੰਡ ਦਾ ਪਸਾਰਾ ਉਸ ਦਾ ਪਸਾਰਾ ਹੀ ਹੈ। ਉਹ ਅਗਮ ਅਪਾਰ ਹੈ। ਜਿਹੜੇ ਉਸ ਨੂੰ ਸਿਮਰਦੇ ਹਨ, ਉਹ ਉਸ ਵਰਗੇ ਹੀ ਹੋ ਜਾਂਦੇ ਹਨ। ਸਤਿਗੁਰੂ ਦੀ ਕ੍ਰਿਪਾ ਨਾਲ ਹੀ ਪ੍ਰਭੂ ਦਾ ਵਿਸਾਲ ਪ੍ਰਾਪਤ ਹੁੰਦਾ ਹੈ। ਪ੍ਰਭੂ ਨਿਰਗੁਣ ਤੇ ਸਰਗੁਣ ਦੋਹਾਂ ਰੂਪਾਂ ਵਿਚ ਵਰਤਦਾ ਹੈ। ਉਸ ਸਰਬ-ਸ਼ਕਤੀਮਾਨ ਦੇ ਅਨੇਕਾਂ ਨਾਮ ਹਨ। ਉਸ ਦੀ ਯਾਦ ਵਿਚ ਰਹਿਣ ਵਾਲਾ ਆਪ ਤਰਦਾ ਹੈ ਤੇ ਹੋਰਨਾਂ ਨੂੰ ਤਾਰਦਾ ਹੈ। ਜੋ ਪ੍ਰਭੂ ਦਾ ਸਿਮਰਨ ਕਰਦਾ ਹੈ, ਉਸ ਦੇ ਸਗਲ ਮਨੋਰਥ ਪੂਰਨ ਹੁੰਦੇ ਹਨ। ਪ੍ਰਭੂ ਦੇ ਪ੍ਰਚਲਿਤ ਨਾਵਾਂ ਦਾ ਵਰਣਨ ਕੀਤਾ ਹੈ ਤੇ 'ਸਤਿਨਾਮ' ਨੂੰ ਪਰਾ ਪੂਰਬਲਾ ਕਿਹਾ ਹੈ।

੫੨

<u>ਵਾਰ ਮਹਲਾ 5 ਨਾਲ ਦੇ ਸ਼ਲੋਕ ਤੇ ਪਉੜੀਆਂ</u>:

ਇਸ ਵਿਚ ਦਸਿਆ ਹੈ ਕਿ ਪ੍ਰਭੂ ਦੀ ਰਜ਼ਾ ਵਿਚ ਹੀ ਸੁਖ ਦੀ ਪ੍ਰਾਪਤੀ ਹੁੰਦੀ ਹੈ। ਪੂਰਬ-ਲਿਖੇ ਕਰਮਾਂ ਅਨੁਸਾਰ ਹੀ ਮਨੁੱਖ ਨੂੰ ਸਾਧ ਦੀ ਸੰਗਤ ਮਿਲਦੀ ਹੈ। ਮਾਇਆ ਦੇ ਪ੍ਰਭਾਵ ਤੋਂ ਕੇਵਲ ਗੁਰੂ ਹੀ ਬਚਾ ਸਕਦਾ ਹੈ।

ਮਾਰੂ ਵਾਰ ਮਹਲਾ 5 ਵਿਚ 69 ਸ਼ਲੋਕ ਤੇ 23 ਪਉੜੀਆਂ ਹਨ। ਸ਼ਲੋਕ ਸਾਰੇ ਸ਼ਬਦ 'ਡਖਣੇ' ਦੀ ਵਰਤੋਂ ਕੀਤੀ ਹੈ। ਪ੍ਰਭੂ ਦੇ ਦਰਸ਼ਨਾਂ ਦੀ ਤਾਂਘ ਬੜੀ ਪ੍ਰਬਲ ਹੈ। ਸਤਿਗੁਰੂ ਦਾ ਮਿਲਾਪ ਹੋਵੇ ਤਾਂ ਵਿਛੋੜਾ ਦੂਰ ਹੋ ਸਕਦਾ ਹੈ ਤੇ ਜੀਵਨ ਸਫਲ ਹੋ ਸਕਦਾ ਹੈ। ਇਹ ਸਭਾ ਮਾਰਗ ਕਠਿਨ ਮਾਰਗ ਹੈ। ਪ੍ਰਭੂ ਮਿਲਾਪ ਵਿਚ ਸਭ ਸੁਖ ਹਨ। ਇਨ੍ਹਾਂ ਸੁਖਾਂ ਨੂੰ ਪ੍ਰਾਪਤ ਕਰਨ ਦੀ ਪ੍ਰੇਰਨਾ ਦਿੱਤੀ ਹੈ ਜਿਹੜੇ ਪ੍ਰਭੂ ਦੇ ਨੇੜੇ ਲਿਆਉਂਦੇ ਹਨ।

## 22- ਰਾਗ ਤੁਖਾਰੀ :

ਇਸ ਵਿਚ ਇਕ ਛੰਤ ਹੈ। ਨਾਮ ਦੀ ਮਹਿਮਾ ਦਸਦੇ ਹੋਏ ਇਸ ਰਾਗ ਵਿਚ ਫੁਰਮਾਉਂਦੇ ਹਨ ਕਿ ਨਾਮ ਦੀ ਪ੍ਰਾਪਤੀ ਉਸ ਮਨੁੱਖ ਨੂੰ ਹੀ ਹੁੰਦੀ ਹੈ ਜਿਸ ਉਪਰ ਸਤਿਗੁਰੂ ਦੀ ਕ੍ਰਿਪਾ ਹੋਵੇ ਤੇ ਜਿਸ ਅੰਦਰ ਪ੍ਰਾਪਤੀ ਦੀ ਪ੍ਰਬਲ ਤਾਂਘ ਸਰਗਰਮ ਰਹੀ ਹੋਵੇ।

## 23- ਰਾਗ ਕੇਦਾਰਾ :

ਇਸ ਰਾਗ ਵਿਚ ਸ਼ਬਦ = 15 , ਛੰਤ = 1 ਰਚਿਆ ਹੈ।

**ਸ਼ਬਦ:**

1 ਸੰਤਾਂ ਦੀ ਸੰਗਤ ਵਿਚ ਹੀ ਆਤਮਕ ਜਾਗ੍ਰਿਤੀ ਪ੍ਰਾਪਤ ਹੁੰਦੀ ਹੈ।

2- ਗੁਰਮੁਖ ਸਹਿਜ ਅਵਸਥਾ 'ਚ ਪਹੁੰਚ ਜਾਂਦੇ ਹਨ। ਤਿੰਨਾਂ ਗੁਣਾਂ ਤੋਂ ਉਪਰ ਉਠ ਜਾਂਦੇ ਹਨ ਤੇ ਲੋੜ ਅਨੁਸਾਰ ਇਨ੍ਹਾਂ ਦੀ ਵਰਤੋਂ ਕਰਦੇ ਹਨ। (ਰਜ - ਵੱਡਾ ਹੋਣ ਦੀ ਖਾਹਿਸ਼), (ਤਮ - ਗੁੱਸਾ ਤੇ ਲੋਭ), (ਸਤ ਗੁਣ - ਦੁਖ ਸੁਖ ਉਸ ਉਪਰ ਅਸਰ ਨਹੀਂ ਕਰਦਾ)। ਗੁਰਮੁਖ ਚੌਥੀ ਅਵਸਥਾ 'ਚ ਰਹਿੰਦੇ ਹਨ।

3- ਪਰਮਾਤਮਾ ਨੇ ਆਤਮਾ ਦੇ ਪ੍ਰਗਟ ਹੋਣ ਸਮੇਂ ਦੇ ਅਨੰਦ ਤੇ ਮਹਾਂ-ਸੁਖ ਦਾ ਵਿਸਤਾਰ ਕੀਤਾ ਹੈ।

**ਛੰਤ:**

ਛੰਤਾਂ ਵਿਚ ਫੁਰਮਾਇਆ ਹੈ ਕਿ ਪ੍ਰਭੂ ਨੂੰ ਵਿਸਾਰਨ ਨਾਲ ਮਨੁਖ ਨਰਕੀ-ਜੀਵਨ ਜੀਊਂਦਾ ਹੈ। ਪ੍ਰਭੂ-ਪ੍ਰਾਪਤੀ ਸਾਧ-ਸੰਗ ਵਿਚ ਸੌਖ ਨਾਲ ਹੁੰਦੀ ਹੈ। ਪ੍ਰਭੂ ਆਪਣੇ ਭਗਤਾਂ ਦੇ ਸਭ ਔਗੁਣ ਭੁਲਾ ਕੇ ਆਪਣੇ ਨਾਲ ਜੋੜ ਲੈਂਦਾ ਹੈ।

**24- ਰਾਗ ਭੈਰਉ :-**

ਦੁਪਦੇ - 2
ਤਿਪਦੇ - 1
ਚਉਪਦੇ - 50+ 1= 51 (ਪੰਨਾ 1160 ਉਪਰ ਕਬੀਰ ਦੇ ਪਦਿਆਂ ਦੇ ਵਿਚ ) ।
ਪੰਚਪਦੇ - 3
ਪੜਤਾਲ ਦੁਪਦੇ- 1 ਕੁਲ ਪਦੇ = 58
ਅਸ਼ਟਪਦੀਆਂ - 3

**ਪਦੇ:**

ਪਦਿਆਂ ਵਿਚ ਹੇਠ ਲਿਖੇ ਵਿਚਾਰਾਂ ਨੂੰ ਵਿਸ਼ਾ ਬਣਾਇਆ ਗਿਆ ਹੈ:-

1- ਪਰਮਾਤਮਾ ਜਨਮ ਮਰਨ ਦੇ ਚੱਕਰ ਤੇ ਰਹਿਤ ਹੈ। ਅਜੂਨੀ ਸੈਭੰ ਹੈ । 'ਜਨਮ ਮਰਨ ਤੇ ਰਹਤ ਨਾਰਾਇਣ'

2- ਅਜਿਹੇ ਪਰਮਾਤਮਾ ਨੂੰ ਯਾਦ ਕਰਨ ਵਾਲਾ ਮਨੁਖ ਸਦਾ ਸੁਖੀ ਰਹਿੰਦਾ ਹੈ।

3- ਇਕ ਨਿਰੰਕਾਰ ਦੇ ਮੇਲ ਕਰਨ ਲਈ ਪ੍ਰੇਰਦੇ ਹਨ, ਕਰਮਾਂ,ਵਹਿਮਾਂ,ਵਰਤਾਂ ਨੇਮਾਂ ,ਮੂਰਤੀ ਪੂਜਾ ਨੂੰ ਨਹੀਂ ਮੰਨਦੇ ਕਿਉਂਕਿ ਇਹ ਹਉਮੈ ਭਾਵ ਪੈਦਾ ਕਰਦੇ ਹਨ ।

4- ਸੰਤ ਸੰਗ ਦੀ ਵਡਿਆਈ ਦਸਦੇ ਹਨ, ਨਾਮ ਨੂੰ ਉਤਮ ਮੰਨਦੇ ਹਨ,ਨਾਮ ਦੀ ਪ੍ਰਾਪਤੀ ਸਤਿਗੁਰੂ ਦੀ ਸੇਵਾ ਨਾਲ ਹੁੰਦੀ ਹੈ ।

5- ਨਾਮ ਸਿਮਰਨ ਦੇ ਫਲ ਦਸੇ ਹਨ ।

6- ਇਸ ਤੋਂ ਇਲਾਵਾ ਸਿੰਘ ਅਤੇ ਪਾਪੀ ਦੀ ਤੁਲਨਾ ਦਸੀ ਹੈ ।

**ਅਸ਼ਟਪਦੀਆਂ:**

ਇਹਨਾਂ ਵਿਚ ਨਾਮ ਵਸਾਉਣ ਲਈ ਉਪਦੇਸ਼ ਦੇਂਦੇ ਹਨ । ਪਾਰਬ੍ਰਹਮ ਦੀ ਅਨੰਤ ਸ਼ਕਤੀ ਦਾ ਵਰਣਨ ਕਰਦੇ ਹਨ । ਸਤਿਗੁਰੂ ਦਾ ਸ਼ੁਕਰਾਨਾ ਕੀਤਾ ਹੈ ।

**25- ਰਾਗ ਬਸੰਤ :**

ਦੁਪਦੇ - 1 }
ਚਉਪਦੇ - 20 } = 21 ਪਦੇ

ਅਸ਼ਟਪਦੀਆਂ - 2
ਵਾਰ - ਪਉੜੀਆਂ- 3

**ਪਦੇ :**

ਇਨ੍ਹਾਂ ਪਦਿਆਂ ਵਿਚ ਵਿਚਾਰੇ ਗਏ ਵਿਸ਼ੇ ਇਸ ਪ੍ਰਕਾਰ ਹਨ :

1- ਜਿਨ੍ਹਾਂ/ ਉਪਰ ਪ੍ਰਭੂ ਦੀ ਕਿਰਪਾ ਹੋਵੇ, ਉਨ੍ਹਾਂ ਦੇ ਹਿਰਦੇ ਵਿਚ ਨਾਮ ਦਾ ਵਾਸਾ ਹੁੰਦਾ ਹੈ ।

2- ਨਾਮ ਦੇ ਵਸੀਲੇ ਨਾਲ ਆਤਮਾ ਤੇ ਪਰਮਾਤਮਾ ਇਕ ਮਿਕ ਹੁੰਦੇ ਹਨ । ਅਨੰਦ ਦੀ ਪ੍ਰਾਪਤੀ ਹੁੰਦੀ ਹੈ ।

3- ਅਜਿਹੇ ਜੀਵਾਂ ਨੂੰ ਸਦਾ ਹੀ ਬਸੰਤ ਵਰਗਾ ਖੇੜਾ ਪ੍ਰਾਪਤ ਰਹਿੰਦਾ ਹੈ ।

4- ਸਾਧ ਸੰਗਤ ਵਿਚ ਜਾ ਕੇ ਗੁਰਮਤ ਲੈ ਕੇ ਸਿਫ਼ਤ ਸਲਾਹ ਦਾ ਉਪਦੇਸ਼ ਦਿੜ੍ਹਾ ਹੈ ਜਿਸ ਨਾਲ ਦੁਬਿਧਾ ਦੂਰ ਹੋ ਜਾਂਦੀ ਹੈ ।

**ਅਸ਼ਟਪਦੀਆਂ :**

1- ਨਾਮ ਦੇ ਜਪਣ ਨਾਲ ਵਡੇ ਵਡੇ ਪਾਪੀ, ਕੁਕਰਮੀ, ਸਭ ਤਰ ਜਾਂਦੇ ਹਨ ।

**ਛੰਤ:**

ਵਾਰ ਦੀਆਂ ਤਿੰਨ ਪਉੜੀਆਂ ਹੀ ਹਨ । ਇਨ੍ਹਾਂ ਵਿਚ ਨਾਮ ਜਪਣ ਨਾਲ ਤਨ, ਮਨ ਪਵਿੱਤਰ ਹੋਣ ਬਾਰੇ ਉਪਦੇਸ਼ ਦਿੱਤਾ ਗਿਆ ਹੈ ।

**26- ਰਾਗ ਸਾਰੰਗ :**

| | | | |
|---|---|---|---|
| ਦੁਪਦੇ | - | 111 | } = 139 |
| ਚਉਪਦੇ | - | 17 | |
| ਪੰਚਪਦੇ | - | 1 | |
| ਪੜਤਾਲ ਦੁਪਦੇ | - | 10 | |
| ਅਸ਼ਟਪਦੀਆਂ | - | 2 | |
| ਛੰਤ | - | 1 | |
| ਵਾਰ ਵਿਚ ਸ਼ਲੋਕ | - | 3 | } ਸਾਰੰਗ ਵਾਰ ਮਹਲਾ 4 ਵਿਚ |
| ਵਾਰ ਵਿਚ ਪਉੜੀਆਂ | - | 1 | |

**ਪਦੇ:**

ਇਨ੍ਹਾਂ ਵਿਚ ਹੇਠਾਂ ਲਿਖੇ ਵਿਚਾਰ ਅੰਕਿਤ ਹਨ:

1- ਪਰਮਾਤਮਾ ਸਭਨਾਂ ਵੱਸਦਾ ਹੈ ।

2- ਸਤਿਗੁਰੂ ਅਗਿਆਨਤਾ ਦੂਰ ਕਰਦਾ ਹੈ ਤੇ ਬੁੱਧਿ ਵਿਵੇਕ /ਉਪਜਾਉਂਦਾ ਹੈ ।

3- ਸਾਧ ਪੁਰਖ ਅਮਲ ਤੇ ਸਦਾਚਾਰੀ ਹੁੰਦੇ ਹਨ, ਉਨ੍ਹਾਂ ਉਤੇ ਅਮਲ ਕਰਨ ਦਾ ਉਪਦੇਸ਼ ਕੀਤਾ ਗਿਆ ਹੈ ।

4- ਸਤਸੰਗੀ ਹੀ ਭਵ-ਸਾਗਰ ਤੋਂ ਪਾਰ ਉਤਾਰਦੀ ਹੈ ।

**<u>ਅਸ਼ਟਪਦੀਆਂ:</u>**

1- ਸਤਿਗੁਰੂ ਰਾਹੀਂ ਪ੍ਰਭੂ ਦਾ ਅਗਮ ਅਗਾਧ ਰੂਪ ਪ੍ਰਗਟ ਹੋ ਜਾਂਦਾ ਹੈ ।

2- ਸੰਸਾਰੀ ਰਸਿਆਂ ਦੇ ਮੁਕਾਬਲੇ ਵਿਚ ਨਾਮ /ਪ੍ਰਭੂ-ਸਿਮਰਨ ਦਾ ਪ੍ਰਤਾਪ ਹੁੰਦਾ ਹੈ ।

3- ਉਸ ਦੀ ਸਰਣ ਵਿਚ ਮਨ ਨੂੰ ਖੇੜਾ ਪ੍ਰਸੰਨਤਾ ਹੋ ਜਾਂਦਾ ਹੈ । ਅਗਿਆਨਤਾ ਦਾ ਅੰਧਕਾਰ ਦੂਰ ਹੋ ਜਾਂਦਾ ਹੈ ।

**<u>ਛੰਤ:</u>**

ਇਕ ਛੰਤ ਹੈ । ਇਸ ਵਿਚ ਪ੍ਰਭੂ ਨੂੰ ਸੰਤ ਸੰਗਿ ਰਾਹੀਂ ਪਛਾਣਿਆ ਜਾਣ ਅਤੇ ਸਾਧ ਸੰਗਤ ਵਿਚ ਪ੍ਰਭੂ-ਨਾਮ ਜਪਣ ਦਾ ਉਪਦੇਸ਼ ਦਿੱਤਾ ਗਿਆ ਹੈ ।

**<u>ਵਾਰ:</u>**

ਵਾਰ ਵਿਚ ਤਿੰਨ ਸਲੋਕ ਤੇ 3 ਪਉੜੀਆਂ ਹਨ । ਇਸ ਵਿਚ ਇਹ ਵਿਚਾਰ ਦਿੱਤੇ ਗਏ ਹਨ:-

1- ਪ੍ਰਭੂ ਦੀ ਕਿਰਪਾ ਹੋਵੇ ਤਾਂ ਪ੍ਰਭੂ ਨਾਲ ਪ੍ਰੀਤ ਲਗਦੀ ਹੈ ।

2- ਪ੍ਰਭੂ ਪ੍ਰੀਤ ਇਕ ਵਾਰ ਲਗ ਜਾਵੇ ਤਾਂ ਫਿਰ ਕਦੀ ਫਿਕੀ ਨਹੀਂ ਪੈਂਦੀ ।

3- ਪ੍ਰਭੂ ਪ੍ਰੀਤ ਸਾਧ ਸੰਗਤ ਵਿਚ ਜਾ ਕੇ ਲਗਦੀ ਹੈ ।

4- ਪ੍ਰਭੂ ਅੱਗੇ ਅਰਦਾਸ ਆਪਣੇ ਸੇਵਕਾਂ ਉਪਰ ਕ੍ਰਿਪਾ ਦ੍ਰਿਸ਼ਟੀ ਕਰਨਾ ।

5- ਪ੍ਰਭੂ ਨਾਲ ਮੇਲ ਗੁਰੂ ਦੇ ਸ਼ਬਦ ਦੁਆਰਾ ਹੁੰਦਾ ਹੈ । ਗੁਰੂ ਦਾ ਸ਼ਬਦ ਪ੍ਰਭੂ ਨਾਲ ਜੋੜਦਾ ਹੈ ।

**27- ਰਾਗ ਮਲ੍ਹਾਰ ।**

| | | | |
|---|---|---|---|
| ਦੁਪਦੇ | - | 14 | = 30 ਪਦੇ |
| ਤਿਪਦੇ | - | 1 | |
| ਚਉਪਦੇ | - | 7 | |
| ਪੜਤਾਲ ਦੁਪਦੇ | - | 7 | |
| ਪੜਤਾਲ ਤਿਪਦੇ | - | 1 | |
| ਛੰਤ | - | 1 | |
| ਵਾਰ ਵਿਚ ਸ਼ਲੋਕ | - | 3 | |
| ਵਾਰ ਵਿਚ ਪਉੜੀਆਂ | - | 1 (ਮਲਾਰ ਮ: 1 ਨਾਲ 27ਵੀਂ ਪਉੜੀ ) | |

**ਪਦੇ ।**

ਇਨ੍ਹਾਂ ਪਦਿਆਂ ਵਿਚ ਨਿਮਨ ਲਿਖਤ ਵਿਚਾਰ ਅੰਕਿਤ ਕੀਤੇ ਮਿਲਦੇ ਹਨ।

1- ਪ੍ਰਭੂ ਦੇ ਭਗਤ ਦੀ ਉਸ ਮਾਨਸਕ ਦਸ਼ਾ ਦਾ ਉਲੇਖ ਹੈ ਜੋ ਉਹ ਪ੍ਰਭੂ- ਪਤੀ ਦੇ ਘਰ ਆਉਣ ਸਮੇ ਉਡੀਕ ਸਮੇਂ ਰਖਦਾ ਹੈ ।

2- ਪ੍ਰਭੂ ਨੂੰ ਪਿਤਾ ਤੇ ਭਗਤ ਨੂੰ ਬਾਲਕ ਰੂਪ ਵਿਚ ਚਿਤਰਿਆ ਹੈ ।

3- ਸਤਿਗੁਰੂ ਬਾਣੀ ਦਾ ਮੀਂਹ ਵਸਾਉਂਦਾ ਹੈ ।

4- ਪ੍ਰਭੂ ਦਾ ਸਿਮਰਨ ਕਰਨ ਨਾਲ ਪਾਪੀ ਤੋਂ ਪਾਪੀ ਲੋਕ ਤਰ ਜਾਂਦੇ ਹਨ । ਭਵ-ਸਾਗਰ ਤੋਂ ਪਾਰ ਉਤਰਨ ਦਾ ਵਸੀਲਾ ਭਗਤੀ ਹੀ ਹੈ ।

**ਛੰਤ।**

ਇਸ ਵਿਚ ਪ੍ਰਭੂ ਦੀ ਵਿਆਪਕਤਾ ਦਾ ਉਲੇਖ ਹੈ । ਉਹ ਸ੍ਰਿਸ਼ਟੀ ਦੇ ਹਰ ਘਟ ਵਿਚ ਰਮਿਆ ਹੋਇਆ ਹੈ। ਉਸ ਨੂੰ ਮਿਲਣ ਲਈ ਤੀਬਰ ਤਾਂਘ ਦਰਸਾਂਦੀ ਹੈ ।

**ਸ਼ਲੋਕ ਤੇ ਪਉੜੀ ।**

ਮਲ੍ਹਾਰ ਕੀ ਵਾਰ ਮਹਲਾ ੧ ਨਾਲ ਤਿੰਨ ਸ਼ਲੋਕ ਤੇ ਇਕ ਪਉੜੀ ਆਪ ਜੀ ਦੀ ਹੈ । ਇਸ ਵਿਚ ਦਸਿਆ ਹੈ ਕਿ ਗੁਰੂ ਦੀ ਸਿਖਿਆ ਉਪਰ ਅਮਲ ਕਰਨ ਨਾਲ ਨਾਮ ਨਿਧਾਨ ਦੀ ਪ੍ਰਾਪਤੀ ਹੁੰਦੀ ਹੈ । ਨਾਮ ਪ੍ਰਮੇਸ਼ਰ ਨਾਲ ਜੋੜਦਾ ਹੈ ਤੇ ਪ੍ਰਮੇਸ਼ਰ ਹਰ ਹਾਲਾਤ ਵਿਚ ਹਰ ਥਾਂ ਤੇ ਰਖਿਅਕ ਹੁੰਦਾ ਹੈ। [illegible] ਪਾਲਦਾ ਹੈ ।

**28- ਰਾਗੁ ਕਾਨੜਾ :**

ਇਸ ਵਿਚ ਹੇਠ ਲਿਖੇ ਅਨੁਸਾਰ ਬਾਣੀ ਅੰਕਤ ਹੈ :

| | | | |
|---|---|---|---|
| ਦੁਪਦੇ | - | 41 | = 50 ਪਦੇ |
| ਤਿਪਦੇ | - | 2 | |
| ਚਉਪਦੇ | - | 7 | |
| ਛੰਤ | - | 1 | |

**ਪਦੇ :**

ਇਨ੍ਹਾਂ ਵਿਚਲੇ ਵਿਸ਼ੇ ਨਿਮਨ ਅੰਕਿਤ ਹਨ :-

1- ਸਤਿਗੁਰੂ ਦੀ ਵਡਿਆਈ ਦਾ ਵਰਨਣ ਕੀਤਾ ਗਿਆ ਹੈ ।

2- ਪ੍ਰਭੂ -ਜਸ ਦਾ ਕੀਰਤਨ ਗਾਇਨ ਕਰਨਾ ਚਾਹੀਦਾ ਹੈ ।

3- ਪ੍ਰਭੂ-ਭਗਤੀ ਉੱਤਮ ਹੈ ।

4- ਸਾਧ ਸੰਗਤ ਕਰਨ ਨਾਲ ਮਨ ਦੀ ਅਵਸਥਾ ਸਮ-ਦ੍ਰਿਸ਼ਟੀ ਵਾਲੀ ਹੋ ਜਾਂਦੀ ਹੈ ।

5- ਸਿਮਰਨ ਦੇ ਲਾਭ ਦੱਸੇ ਹਨ ।

**ਛੰਤ :**

1- ਨਾਮ ਦੇ ਰਸ ਨੂੰ ਪ੍ਰਗਟਾਇਆ ਹੈ ।

2- ਹਰੀ ਮਿਲਾਪ ਤੇ ਪ੍ਰਭ ਦੇ ਪ੍ਰੇਮ ਦਾ ਵਰਨਣ ਕੀਤਾ ਗਿਆ ਹੈ ।

3- ਸਾਧ- ਸੰਗਤ ਵਿਚ ਵਿਚਰਨ ਦੇ ਫਲ ਤੇ ਵਿਸ਼ਰਾਮ ਕੀਤੀ ਮਿਲਦੀ ਹੈ ।

**29- ਰਾਗੁ ਕਲਿਆਣ :**

ਇਸ ਰਾਗ ਅਧੀਨ ਕੇਵਲ ਪਦੇ ਹੀ ਲਿਖੇ ਗਏ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

| | | | |
|---|---|---|---|
| ਚਉਪਦੇ | - | 8 | = 10 ਪਦੇ |
| ਛਿਪਦੇ | - | 2 | |

**ਪਦੇ:** ਇਨ੍ਹਾਂ ਪਦਿਆਂ ਵਿਚ ਨਾਮ ਨੂੰ ਵਿਸ਼ਾ ਬਣਾਇਆ ਗਿਆ ਹੈ । ਨਾਮ ਦੀ ਵਡਿਆਈ ਕਰਦਿਆਂ ਲਿਖਿਆ ਹੈ ਕਿ ਨਾਮ ਦੀ ਪ੍ਰਾਪਤੀ ਉਨ੍ਹਾਂ ਨੂੰ ਹੀ ਹੁੰਦੀ ਹੈ ਜਿਨ੍ਹਾਂ ਦੀ ਲਗਨ ਪੂਰੀ ਤੇ ਦ੍ਰਿੜ੍ਹ ਹੁੰਦੀ ਹੈ । ਇਸ ਤੋਂ ਇਲਾਵਾ ਪ੍ਰਮਾਤਮਾ ਪਾਸੋਂ ਮਿਹਰ ਦੀ ਮੰਗ ਕੀਤੀ ਹੈ ।

**30- ਰਾਗ ਪ੍ਰਭਾਤੀ ।**

ਇਸ ਰਾਗ ਵਿਚ ਹੇਠ ਲਿਖੇ ਵੇਰਵੇ ਅਨੁਸਾਰ ਬਾਣੀ ਸੰਕਲਤ ਹੈ ।

| | | | |
|---|---|---|---|
| ਦੁਪਦੇ | - | 1 | = 15 ਪਦੇ |
| ਚਉਪਦੇ | - | 12 | |
| ਪੜਤਾਲ ਦੁਪਦੇ | - | 2 | |
| ਅਸ਼ਟਪਦੀਆਂ | - | 3 | |

**ਪਦੇ:** ਪਦਿਆਂ ਵਿਚ ਹੇਠ ਲਿਖੇ ਅਨੁਸਾਰ ਵਿਸ਼ੇ ਲਏ ਗਏ ਹਨ :-

1- ਸਵਾਸ ਸਵਾਸ ਸਿਮਰਨ ਕਰਨ ਦਾ ਉਪਦੇਸ਼ ਕੀਤਾ ਹੈ ।

2- ਪ੍ਰਮਾਤਮਾ ਦੇ ਦਰਸ਼ਨਾਂ ਦੀ ਸਿੱਕ ਦਰਸਾਈ ਹੈ ।

3- ਨਾਮ ਜਪਣ ਨਾਲ ਦੁਖ ਕਲੇਸ਼ਾਂ ਦਾ ਨਾਸ ਹੋਣ ਦੀ ਸੋਝੀ ਹੁੰਦੀ ਹੈ ।

4- ਸਤਿਗੁਰੂ ਦੀ ਸੇਵਾ ਦੀ ਉਪਮਾ ਕੀਤੀ ਗਈ ਹੈ ।

**ਅਸ਼ਟਪਦੀਆਂ:**

1- ਨਾਮ ਸਿਮਰਨ ਮਾਨਸਿਕ ਰੂਪ ਵਿਚ ਪਰਿਵਰਤਨ ਲਿਆਉਂਦਾ ਹੈ।

2- ਸੇਵਾ ਤੇ ਮਨੁੱਖ ਉੱਚਾ ਉਠਦਾ ਹੈ । ਪ੍ਰੇਮਾ-ਭਗਤੀ ਵਿਚ ਜੁੜਦਾ ਹੈ ।

3- ਮਾਇਆ ਨਾਲੋਂ ਵਿਛੋੜਾ ਤੋੜ ਲੈਂਦਾ ਹੈ ।

**31- ਰਾਗ ਜੈਜਾਵੰਤੀ ।** ਇਸ ਰਾਗ ਵਿਚ ਆਪ ਦੀ ਕੋਈ ਰਚਨਾ ਉਪਲੱਬਧ ਨਹੀਂ ਹੈ ।

ਉਪਰੋਕਤ ਵਰਣਿਤ ਰਾਗ-ਬੱਧ ਬਾਣੀ ਤੋਂ ਅਤਿਰਿਕਤ ਆਪ ਜੀ ਨੇ ਰਾਗ ਮੁਕਤ ਬਾਣੀ ਵੀ ਰਚੀ ਹੈ ਜਿਹੜੀ ਇਸ ਪ੍ਰਕਾਰ ਹੈ:-

| | | | |
|---|---|---|---|
| 1- | ਸਹਸਕ੍ਰਿਤੀ ਸ਼ਲੋਕ | - | 67 |
| 2- | ਗਾਥਾ ਸ਼ਲੋਕ | - | 24 |
| 3- | ਫੁਨਹੇ ਸ਼ਲੋਕ | - | 23 |
| 4- | ਚਉਬੋਲੇ ਸ਼ਲੋਕ | - | 11 |
| 5- | ਸਵੱਈਏ | - | 20 ਸਲੋਕ |
| 6- | ਸਲੋਕ ਵਾਰਾਂ ਤੇ ਵਧੀਕ | - | 22 |
| 7- | ਮੁੰਦਾਵਣੀ | - | 2 ਸਲੋਕ |

ਹੁਣ ਅਸੀਂ ਇਨ੍ਹਾਂ ਸ਼ਲੋਕਾਂ ਵਿਚ ਲਏ ਵਿਸ਼ੇ ਬਾਰੇ ਕੁਝ ਵਿਸਤਾਰ ਨਾਲ ਵਿਚਾਰ ਕਰਾਂਗੇ ।

**ਮੁੱਖ ਸਦਾਚਾਰ ਵ੍ਰਿਤੀ:**

ਇਨ੍ਹਾਂ ਵਿਚ ਗੁਰਮਤਿ ਦੇ ਸਿਧਾਂਤਾਂ ਨੂੰ ਪ੍ਰਗਟਾਇਆ ਗਿਆ ਹੈ ।

1- ਪ੍ਰਭੂ ਪਿਆਰ ਦੇ ਮੁਕਾਬਲੇ ਵਿਚ ਦੁਨਿਆਵੀ ਪਿਆਰ ਤੁੱਛ ਹਨ ।

2- ਪ੍ਰਭੂ ਨਿਰਭਉ ਹੈ ।

3- ਸਰੀਰਕ ਆਤੁਰਤਾਵਾਂ ਭੁੱਖਾਂ ਹਨ, ਨਾਮ ਸਿਮਰਨ ਨਾਲ ਇਨ੍ਹਾਂ ਤੇ ਕਾਬੂ ਪਾਇਆ ਜਾ ਸਕਦਾ ਹੈ ।

4- ਨਾਮ ਰਸਤੇ ਆਲਸ ਨਹੀਂ ਕਰਨਾ ਚਾਹੀਦਾ ।

5- ਸਿਮਰਨ ਸਾਡੀ ਕਿਸਮਤ ਬਦਲਦਾ ਹੈ ।

6- ਪ੍ਰਭੂ ਰਖੇ ਤਾਂ ਕੋਈ ਮਾਰ ਨਹੀਂ ਸਕਦਾ ।

**ਰਸ ।**

ਸਾਰਾ ਵਿਚ ਦੱਸਿਆ ਗਿਆ ਹੈ ਕਿ ਰੱਬ ਦੀ ਸਿਮਰਨ ਤੇ ਲਾਭ ਨਹੀਂ ਚੁੱਕਾ ਸਕਦੇ । ਮਨੁੱਖਾਂ ਕੋਈ ਸਮਰਥਾਵਾਨ ਹੈ, ਰੱਬ ਇਹਤੀ ਵਸ ਦਾ ਹੈ ਜਿਹੜੇ ਸਭ ਕੁਝ ਸਮਰਥਾਵਾਨ ਹੈ । ਪ੍ਰਭੂ ਸਿਮਰਨ ਦੀ ਉਪਮਾ ਤੇ ਸਤਸੰਗ ਦੀ ਵਡਿਆਈ ਦਰਸਾਈ ਗਈ ਹੈ । ਨਾਲ ਸਿਮਰਨ ਨਾਲ ਵਿਕਾਰਾਂ ਦਾ ਨਾਸ਼ ਹੋਣ ਤੇ ਸ਼ਾਂਤੀ - ਰਸ ਤੇ ਅਨੰਦ ਦੀ ਪ੍ਰਾਪਤੀ ਦਾ ਵਰਣਨ ਕੀਤਾ ਮਿਲਦਾ ਹੈ ।

**ਰੂਪ।**

ਇਸ ਵਿਚ ਹੇਠ ਲਿਖੇ ਅਨੁਭਵ ਵਿਚਾਰ ਅੰਕਿਤ ਹਨ :

1- ਪ੍ਰਭੂ ਦੇ ਚਰਨਾਂ ਦੀ ਪ੍ਰਾਪਤੀ ਕਰਕੇ ਉਸਤਤ ਕਰਦੇ ਹਨ । ਪਰ ਵਿਰਤ ਸਕਾਰ ਜਿੰਨੀ ਵੀ ਕੀਤੀ ਜਾਵੇ, ਥੋੜ੍ਹੀ ਹੁੰਦੀ ਹੈ ।

2- ਪ੍ਰੀਤਮ ਦੇ ਦਿਲ ਵਿਚ ਵਾਸ ਨਾਲ ਸਾਰੇ ਭੰਡਾਰ ਤੇ ਸੁੱਖ ਪ੍ਰਾਪਤ ਹੋ ਜਾਂਦੇ ਹਨ ।

3- ਸ਼ਰਤ ਕੇਵਲ ਇਹ ਹੈ ਕਿ ਪ੍ਰਭੂ ਮਿਲਾਪ ਲਈ ਕਾਮ, ਕ੍ਰੋਧ ਨੂੰ ਦਬਾ ਕੇ ਦਿਲ ਨੂੰ ਨਿਰਮਲ ਕੀਤਾ ਜਾਵੇ ।

**ਚਉਬੋਲੇ ।**

ਇਸ ਰਚਨਾ ਦੇ 11 ਸਲੋਕ ਹਨ । ਜੋ ਚਾਰ ਤੁਕਾਂ ਪ੍ਰਤੀ[21] ਬਾਣੀ ਹੋਏ ਹਨ । ਇਸੇ ਲਈ ਇਸ ਰਚਨਾ ਦਾ ਨਾਮ 'ਚਉਬੋਲੇ' ਹੈ । ਇਥੇ ਹੇਠ ਲਿਖੇ ਇਹੋ ਅਪਣਾਏ ਗਏ ਹਨ :-

1- ਪ੍ਰੇਮ ਦੀ ਮਹਾਨਤਾ ਦਰਸਾਈ ਗਈ ਹੈ ।

2- ਪ੍ਰੇਮ ਮੁੱਲ ਵਿਕਣ ਵਾਲੀ ਵਸਤੂ ਨਹੀਂ ਹੈ ।

3- ਨਿਮਰਤਾ ਵਾਲੇ ਹਿਰਦੇ ਵਿਚ ਇਸ ਦਾ ਵਾਸਾ ਹੈ ।

4- ਪ੍ਰੇਮ ਵਿਚ ਅਟੁਟ ਸਨੇਹ ਵਾਲੀ ਦ੍ਰਿੜ੍ਹ ਲਗਨ ਪੈਦਾ ਹੋਣੀ ਚਾਹੀਦੀ ਹੈ ।

5- ਪ੍ਰੇਮ ਦਾ ਬਿਖੜਾ ਮਾਰਗ ਹੈ, ਸਿਰ ਦੇ ਕੇ ਇਸ ਦੀ ਪ੍ਰਾਪਤੀ ਹੁੰਦੀ ਹੈ ।

<u>ਸਲੋਕ :</u>

ਕਬੀਰ ਤੇ ਫ਼ਰੀਦ ਦੇ ਸਲੋਕਾਂ ਨਾਲ X ਦਰਜ ਕੀਤੇ ਗਏ ਮਿਲਦੇ ਹਨ । ਭਗਤਾਂ ਦੇ ਭਾਵਾਂ ਨੂੰ ਸਪਸ਼ਟ ਕਰਨ ਲਈ ਤੇ ਆਪਣਾ ਦ੍ਰਿਸ਼ਟੀਕੋਣ ਪ੍ਰਗਟਾਉਣ ਲਈ ਇਨ੍ਹਾਂ ਦੀ ਰਚਨਾ ਕੀਤੀ ਗਈ ਹੈ ।

<u>ਸਵੈਯੇ ਸ੍ਰੀ ਮੁਖਬਾਕ ਮਹਲਾ 5</u>

ਇਨ੍ਹਾਂ ਵਿਚ ਨਿਰੰਕਾਰ ਦੀ ਉਸਤਤਿ ਹੈ । ਗੁਰੂ ਨਾਨਕ ਸਾਹਿਬ ਪ੍ਰਤੀ ਸ਼ਰਧਾ ਪ੍ਰਗਟਾਈ ਗਈ ਹੈ ।

<u>ਸਲੋਕ ਵਾਰਾਂ ਤੇ ਵਧੀਕ:</u>

ਇਨ੍ਹਾਂ ਵਿਚ ਦਸਿਆ ਗਿਆ ਹੈ ਕਿ ਪਰਮਾਤਮਾ ਸੱਚਾ ਮਿਤਰ ਹੈ । ਬਾਕੀ ਦੁਨਿਆਵੀ ਮਿੱਤਰ ਸਭ ਝੂਠੇ ਹਨ । ਗੁਰਮੁਖਾਂ ਦੀ ਉਸਤਤ ਕਰਦਿਆਂ ਦਸਿਆ ਹੈ ਕਿ ਉਹ ਸੱਚੇ ਰੰਗ ਵਿਚ ਰੰਗੇ ਹੁੰਦੇ ਹਨ । ਇਸ ਦੇ ਉਲਟ ਮਾਇਆਧਾਰੀ ਲੋਕਾਂ ਬਾਰੇ ਦਸਿਆ ਹੈ ਕਿ ਉਹ ਰਸਾਤਲ ਵਲ ਜਾ ਰਹੀ ਅਵਸਥਾ ਵਿਚ ਹੀ ਸਾਰਾ ਜੀਵਨ ਗੁਜ਼ਾਰ ਕੇ ਚਲੇ ਜਾਂਦੇ ਹਨ ।

<u>ਮੁੰਦਾਵਣੀ :</u>

ਇਹ ਦੋ ਸਲੋਕ ਹਨ । ਪਹਿਲੇ ਵਿਚ ਪ੍ਰਭ ਦਾ ਪਸਾਰਾ ਦਸਦੇ ਹੋਏ ਗੁਰੂ ਗ੍ਰੰਥ ਸਾਹਿਬ ਦਾ ਮਹਾਤਮ ਪ੍ਰਗਟਾਇਆ ਹੈ । ਦੂਜੇ ਵਿਚ ਗ੍ਰੰਥ ਸਾਹਿਬ ਦੇ ਨਿਰਵਿਘਨ ਸੰਪਾਦਨ ਲਈ ਵਾਹਿਗੁਰੂ ਦਾ ਧੰਨਵਾਦ ਕੀਤਾ ਹੈ । ਡਾ. ਜੌਹਲੀ[22] ਅਨੁਸਾਰ ਇਹ ਇਕ ਮੋਹਰ ਹੈ ਜਿਸ ਵਿਚ ਦੋ ਸਲੋਕ ਦਰਜ ਹਨ ।

ਸੋ ਨਿਸਚੈ ਹੀ ਅਸੀਂ ਇਹ ਕਹਿ ਸਕਦੇ ਹਾਂ ਕਿ ਗੁਰੂ ਅਰਜਨ ਬਾਣੀ ਬਾਕੀ ਗੁਰੂ ਸਾਹਿਬਾਨ ਤੇ ਭਗਤ ਕਵੀਆਂ ਨਾਲੋਂ ਵਧੀਕ ਹੈ। ਇਹ ਮਨੁੱਖ ਨੂੰ ਰੂਹਾਨੀਅਤ ਦੀ ਖੁਸ਼ੀ ਵਾਸਤੇ ਮਾਰਗ ਦਰਸਾਉਂਦੀ ਹੈ । ਕੰਮ ਖੁਸ਼ੀਆਂ ਤੋਂ ਪ੍ਰਾਪਤ ਸੁਖ-ਚੈਨ ਥੋੜ੍ਹ-ਚਿਰਾ ਹੁੰਦਾ ਹੈ ਅਤੇ ਆਤਮਾ ਨੂੰ ਰਸਾਤਲ ਵਲ ਲਿਜਾਂਦਾ ਹੈ ਅਤੇ ਨਿਰਾਸ਼ਤਾ ਉਪਜਾਉਂਦਾ ਹੈ । ਇਸ ਦੇ ਉਲਟ ਪ੍ਰਭੂ ਮਿਲਾਪ ਤੋਂ ਪ੍ਰਾਪਤ ਹੋਣ ਵਾਲੀ ਖੁਸ਼ੀ ਸਦੀਵੀ ਚੈਨ ਬਖਸ਼ਦੀ ਹੈ । ਇਸ ਦਾ ਸਾਧਨ ਨਾਮ ਹੈ ,ਕੀਰਤਨ ਰਾਹੀਂ ਪ੍ਰਭੂ ਦੀ ਸਿਫ਼ਤ ਸਲਾਹ ਕਰਨਾ ਹੈ । ਇਹ ਪ੍ਰੇਮ ਸਾਧ ਸੰਗਤ ਵਿਚ ਵਧਦਾ ਫੁਲਦਾ ਹੈ ,ਸਤਿਗੁਰੂ ਦੀ ਓਟ ਪ੍ਰਭੂ ਨਾਲ ਜੋੜਦੀ ਹੈ, ਹਉਮੈ ਨੂੰ ਖ਼ਤਮ ਕਰਦੀ ਹੈ । ਆਤਮਾ ਤੇ ਪਰਮਾਤਮਾ ਵਿਚ ਇਕ-ਮਿਕਤਾ ਕਾਇਮ ਹੁੰਦੀ ਹੈ । ਜੀਵ ਨੂੰ ਦੁਖ ਸੁਖ ਦੇ ਘੇਰੇ ਤੋਂ ਬਾਹਰ ਕੱਢ ਕੇ ਸਹਿਜ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ ।

ਆਪ ਦੀ ਬਾਣੀ ਦਾ ਸੰਖਿਪਤ ਵੇਰਵਾ ਹੇਠ ਲਿਖੇ ਅਨੁਸਾਰ ਹੈ :-

**1- ਸਿਰੀ ਰਾਗੁ**

(ੳ) ਚਉਪਦੇ - 30
(ਅ) ਅਸ਼ਟਪਦੀਆਂ - 3
(ੲ) ਪਹਿਰੇ - 1
(ਸ) ਛੰਤ - 2
(ਹ) ਦੁਪਦੇ - 5
(ਕ) ਵਾਰ ਵਿਚ ਸਲੋਕ 1

**2- ਰਾਗ ਮਾਝ :**

ੳ) ਚਉਪਦੇ - 43
ਅ) ਅਸ਼ਟਪਦੀਆਂ - 5
ੲ) ਬਾਰਹ ਮਾਹਾ 1 (14 ਪਉੜੀਆਂ)
ਸ) ਦਿਨ ਰੈਣਿ - 1

**3-ਰਾਗ ਗਉੜੀ :**

ੳ) ਦੁਪਦੇ - 12
ਅ) ਤਿਪਦੇ - 6
ੲ) ਚਉਪਦੇ - 147
ਸ) ਪੰਚਪਦੇ - 7

= 172 ਪਦੇ

ਹ) ਅਸ਼ਟਪਦੀਆਂ - 15

ਕ) ਛੰਤ - 7

ਖ) ਸ਼ਲੋਕ ਨਾਲ ਛੰਤ- 1

ਗ) ਬਾਵਨ ਅਖਰੀ ਸ਼ਲੋਕ- 57

ਪਉੜੀਆਂ - 55

ਘ) ਸੁਖਮਨੀ ਸ਼ਲੋਕ- 24

ਅਸ਼ਟਪਦੀਆਂ- 24

ਙ) ਥਿਤੀ ਸ਼ਲੋਕ - 17

ਪਉੜੀਆਂ 17

ਚ) ਵਾਰ ਸ਼ਲੋਕ - 50

ਪਉੜੀਆਂ 26

<u>4- ਰਾਗ ਆਸਾ :</u>

ੳ) ਦੁਪਦੇ - 23

ਅ) ਤਿਪਦੇ - 9

ੲ) ਚਉਪਦੇ - 105

ਸ) ਪੰਚਪਦੇ - 3

ਹ) ਪੜਤਾਲ ਦੁਪਦੇ - 4

ਕ) ਪੜਤਾਲ ਚਉਪਦੇ 1

ਖ) ਤਾੜੀਆ ਚਉਪਦੇ- 18

} <u>ਕੁਲ 163 ਪਦੇ</u>

ਅਸ਼ਟਪਦੀਆਂ - 2 , ਬਿਰਹੜੇ - 3 , ਛੰਤ - 14 , ਛੰਤਾਂ ਨਾਲ ਸਲੋਕ - 5.

<u>5- ਰਾਗ ਗੂਜਰੀ :</u>

ੳ) ਦੁਪਦੇ - 19

ਅ) ਤਿਪਦੇ - 1

ੲ) ਚਉਪਦੇ - 10

ਸ) ਪੰਚਪਦੇ - 2

} = <u>32 ਪਦੇ</u>

ਹ) ਅਸ਼ਟਪਦੀਆਂ - 2

ਕ) ਵਾਰ - ਸ਼ਲੋਕ - 42

ਪਉੜੀਆਂ - 21

**6- ਰਾਗ ਦੇਵਗੰਧਾਰੀ :**

| | | | | |
|---|---|---|---|---|
| ੳ) | ਦੁਪਦੇ | - | 36 | } 38 ਪਦੇ |
| ਅ) | ਚਉਪਦੇ | - | 2 | |

**7- ਰਾਗ ਬਿਹਾਗੜਾ :**

| | | | | |
|---|---|---|---|---|
| ੳ) | ਚਉਪਦਾ | - | 1 | |
| ਅ) | ਛੰਤ | - | 9 | |
| ੲ) | ਸਲੋਕ | - | 2 | |
| ਸ) | ਵਾਰ ਪਉੜੀ | - | 1 | ( ਬਿਹਾਗੜੇ ਕੀ ਵਾਰ ਮਹਲਾ 4 ਨਾਲ ਸੰਮਿਲਤ ਹੈ ) । |

**8- ਰਾਗ ਵਡਹੰਸ :**

| | | | | |
|---|---|---|---|---|
| ੳ) | ਤਿਪਦੇ | - | 1 | } 9 ਪਦੇ |
| ਅ) | ਚਉਪਦੇ | - | 7 | |
| ੲ) | ਪੰਚਪਦੇ | - | 1 | |
| ਸ) | ਛੰਤ | - | 3 | |
| ਹ) | ਸਲੋਕ ਛੰਤਾਂ ਨਾਲ | - | 4 | |

**9- ਰਾਗ ਸੋਰਠਿ :**

| | | | | |
|---|---|---|---|---|
| ੳ) | ਦੁਪਦੇ | - | 41 | } 94 ਪਦੇ |
| ਅ) | ਚਉਪਦੇ | - | 52 | |
| ੲ) | ਪੰਚਪਦੇ | - | 1 | |
| ਸ) | ਅਸ਼ਟਪਦੀਆਂ | - | 3 | |

**10- ਰਾਗ ਧਨਾਸਰੀ :**

| | | | | |
|---|---|---|---|---|
| ੳ) | ਦੁਪਦੇ | - | 31 | } 58 ਪਦੇ |
| ਅ) | ਤਿਪਦੇ | - | 5 | |
| | ਚਉਪਦੇ | — | 18 | |
| ੲ) | ਪੰਚਪਦੇ | - | 2 | |
| ਸ) | ਪੜਤਾਲ ਦੁਪਦੇ | - | 2 | |
| ਹ) | ਅਸ਼ਟਪਦੀ | - | 1 | |
| ਕ) | ਛੰਤ | - | 1 | |

**11-ਰਾਗ ਜੈਤਸਰੀ:**

ੳ) ਦੁਪਦੇ - 12 } 13 ਪਦੇ
ਅ) ਚਉਪਦੇ - 1 }
ੲ) ਛੰਤ - 3
ਸ) ਛੰਤਾਂ ਨਾਲ ਸਲੋਕ- 5
ਹ) ਵਾਰ - ਸਲੋਕ 40
ਪਉੜੀਆਂ 20

**12- ਰਾਗ ਟੋਡੀ :**

ੳ) ਦੁਪਦੇ - 25 }
ਅ) ਚਉਪਦੇ - 4 } 30 ਪਦੇ
ੲ) ਪੰਚਪਦੇ - 1 }

**13- ਰਾਗ ਬੈਰਾੜੀ :**

ੳ) ਦੁਪਦਾ - 1

**14-ਰਾਗ ਤਿਲੰਗ:**

ੳ) ਦੁਪਦੇ - 1 } ੫ ਪਦੇ
ਅ) ਚਉਪਦੇ - 4 }

**15-ਰਾਗ ਸੂਹੀ**

ੳ) ਦੁਪਦੇ - 5 }
ਅ) ਤਿਪਦੇ - 2 }
ੲ) ਚਉਪਦੇ - 47 } = 58 ਪਦੇ
ਸ) ਪੰਚਪਦੇ - 2 }
ਹ) ਪੜਤਾਲ ਦੁਪਦੇ - 2 }

ਕ) ਅਸ਼ਟਪਦੀਆਂ - 3 } = 5 ਅਸ਼ਟਪਦੀਆਂ
ਖ) ਲਾਂਬੀ ਅਸ਼ਟਪਦੀਆਂ- 2 }
ਗ) ਗੁਣਵੰਤੀ - 1
ਘ) ਛੰਤ - 11

**16- ਰਾਗ ਬਿਲਾਵਲ:**

ੳ) ਦੁਪਦੇ - 71 }
ਅ) ਚਉਪਦੇ - 55 }
ੲ) ਪੰਚਪਦੇ - 1 } 129 ਪਦੇ
ਸ) ਪੜਤਾਲ ਦੁਪਦੇ- 1 }
ਹ) ਪੜਤਾਲ ਤਿਪਦੇ- 1 }
ਕ) ਅਸਟਪਦੀਆਂ - 2
~~ਖ) ਅਸਟਪਦੀਆਂ~~ - 2
ਗ) ਛੰਤ - 5
ਘ) ਸਲੋਕ ਛੰਤਾਂ ਨਾਲ- 1

**17- ਰਾਗ ਗੋਂਡ :**

ੳ) ਦੁਪਦੇ - 1 }
ਅ) ਚਉਪਦੇ - 21 } 22 ਪਦੇ
ੲ) ਅਸਟਪਦੀ - 1

**18- ਰਾਗ ਰਾਮਕਲੀ:**

ੳ) ਦੁਪਦੇ - 2 }
ਅ) ਤਿਪਦੇ - 1 }
ੲ) ਚਉਪਦੇ - 53 } = 60 ਪਦੇ
ਸ) ਪੰਚਪਦੇ - 2 }
ਹ) ਪੜਤਾਲ ਦੁਪਦੇ- 2 }

ਕ) ਅਸਟਪਦੀਆਂ - 8
ਖ) ਸਲੋਕ - 1 (ਸਤਵੀਂ ਅਸਟਪਦੀ ਨਾਲ ਹੈ । ਦੁਹਰਾਇਆ ਗਿਆ ਹੈ, ਪਹਿਲਾਂ ਪੰਨਾ-920 ਉਤੇ ਲੱਗੀ ਪਉੜੀ ਦਾ ਦੂਜਾ ਸਲੋਕ ਹੈ)
ਗ) ਛੰਤ - 6
ਘ) ਛੰਤਾਂ ਨਾਲ ਸਲੋਕ - 4
ਙ) ਰੁਤੀ ਛੰਤ-8, ਸਲੋਕ-16
ਚ) ਵਾਰ - ਸਲੋਕ 44
ਪਉੜੀਆਂ 22

**19- ਰਾਗ ਨਟ ਨਰਾਇਣ :**

| | | | |
|---|---|---|---|
| ੳ) ਦੁਪਦੇ | - | 7 | = 10 ਪਦੇ |
| ਅ) ਤਿਪਦੇ | - | 1 | |
| ੲ) ਚਉਪਦੇ | - | 1 | |
| ਸ) ਪੜਤਾਲ ਦੁਪਦੇ | - | 1 | |

**20- ਰਾਗ ਮਾਲੀ ਗਉੜਾ :**

| | | | |
|---|---|---|---|
| ੳ) ਦੁਪਦੇ | - | 3 | = 8 ਪਦੇ |
| ਅ) ਚਉਪਦੇ | - | 5 | |

**21- ਰਾਗ ਮਾਰੂ :**

| | | | |
|---|---|---|---|
| ੳ) ਦੁਪਦੇ | - | 9 | = 30 ਪਦੇ |
| ਅ) ਚਉਪਦੇ | - | 19 | |
| ੲ) ਪੰਚਪਦੇ | - | 1 | |
| ਸ) ਤਿਪਦੇ | - | 1 | |
| ਹ) ਅੰਜਲੀ | - ਚਉਪਦਾ | 1 | = 2 ਪਦੇ |
| | - ਪੰਚਪਦਾ | 1 | |
| ਕ) ਅਸਟਪਦੀਆਂ | - | 6 | |
| ਖ) ਅੰਜੁਲੀਆਂ ਅਸਟਪਦੀਆਂ | | 2 | |
| ਗ) ਸੋਲਹੇ | - | 14 | |
| ਘ) ਵਾਰ ਮ: 5 | - ਸਲੋਕ | 69 | |
| | ਪਉੜੀਆਂ- | 23 | |
| ਙ) ਵਾਰ ਮਹਲਾ 3 ਨਾਲ | - ਸਲੋਕ | - 2 | |
| | ਪਉੜੀ | - 1 | |

**22- ਰਾਗ ਤੁਖਾਰੀ:**

| | | |
|---|---|---|
| ੳ) ਛੰਤ | - | 1 |

**23- ਰਾਗ ਕੇਦਾਰਾ:**

| | | |
|---|---|---|
| ੳ) ਦੁਪਦੇ | - | 15 |
| ਅ) ਛੰਤ | - | 1 |

**24- ਰਾਗੁ ਭੈਰਉ :**

| | | | |
|---|---|---|---|
| ੳ) ਦੁਪਦੇ | - | 2 | = 58 ਪਦੇ (ਪੰਨਾ 1160 ਉਪਰ ਕਬੀਰ ਦੇ ਪਦਿਆਂ ਵਿਚ) । |
| ਅ) ਤਿਪਦੇ | - | 1 | |
| ੲ) ~~ਤਿਪਦੇ~~ | - | ~~1~~ | |
| ਸ) ਚਉਪਦੇ | - | 50+ 1 | |
| ਹ) ਪੰਚਪਦੇ | - | 3 | |
| ਕ) ਪੜਤਾਲ ਦੁਪਦੇ | - | 1 | |
| ਖ) ਅਸਟਪਦੀਆਂ | - | 3 | |

**25- ਰਾਗੁ ਬਸੰਤ :**

| | | | |
|---|---|---|---|
| ੳ) ਦੁਪਦੇ | - | 1 | = 21 ਪਦੇ |
| ਅ) ਚਉਪਦੇ | - | 20 | |
| ੲ) ਅਸਟਪਦੀਆਂ | - | 2 | |
| ਸ) ਵਾਰ- ਪਉੜੀਆਂ | - | 3 | |

**26- ਰਾਗੁ ਸਾਰੰਗ :**

| | | | |
|---|---|---|---|
| ੳ) ਦੁਪਦੇ | - | 111 | = 139 ਪਦੇ |
| ਅ) ਚਉਪਦੇ | - | 17 | |
| ੲ) ਪੰਚਪਦੇ | - | 1 | |
| ਸ) ਪੜਤਾਲ ਦੁਪਦੇ | - | 10 | |
| ਹ) ਅਸਟਪਦੀਆਂ | - | 2 | |
| ਕ) ਛੰਤ | - | 1 | |
| ਖ) ਵਾਰ ਵਿਚ ਸ਼ਲੋਕ | - | 3 | ( ਸਾਰੰਗ ਵਾਰ ਮਹਲਾ 4 ਵਿਚ ) |
| ਪਉੜੀਆਂ | - | 1 | |

**27- ਰਾਗੁ ਮਲਾਰ :**

| | | | |
|---|---|---|---|
| ੳ) ਦੁਪਦੇ | - | 14 | = 30 ਪਦੇ |
| ਅ) ਤਿਪਦੇ | - | 1 | |
| ੲ) ਚਉਪਦੇ | - | 7 | |
| ਸ) ਪੜਤਾਲ ਦੁਪਦੇ | - | 7 | |
| ਹ) ਪੜਤਾਲ ਤਿਪਦੇ | - | 1 | |

ਕ) ਛੰਤ - 1

ਖ) ਵਾਰ ਵਿਚ ਸਲੋਕ - 3

ਗ) ਵਾਰ ਵਿਚ ਪਉੜੀਆਂ - 1 (ਮਲਾਰ ਪ: 1 ਨਾਲ 27ਵੀਂ ਪਉੜੀ)

**28- ਰਾਗ ਕਾਨੜਾ :**

ੳ) ਦੁਪਦੇ - 41 }
ਅ) ਤਿਪਦੇ - 2 } = 50 ਪਦੇ
ੲ) ਚਉਪਦੇ - 7 }

ਸ) ਛੰਤ - 1

**29- ਰਾਗ ਕਲਿਆਣ :**

ੳ) ਦੁਪਦੇ - 8 }
ਅ) ਤਿਪਦੇ - 2 } = 10 ਪਦੇ

**30- ਰਾਗ ਪ੍ਰਭਾਤੀ:**

ੳ) ਦੁਪਦੇ - 1 }
ਅ) ਚਉਪਦੇ - 12 } = 15 ਪਦੇ
ੲ) ਪੜਤਾਲ ਦੁਪਦੇ - 2 }

ਸ) ਅਸ਼ਟਪਦੀਆਂ - 3

**31- ਰਾਗ ਜੈਜਾਵੰਤੀ :**

ਕੋਈ ਬਾਣੀ ਨਹੀਂ ਮਿਲਦੀ ਹੈ।

ਇਸ ਤੋਂ ਛੁਟ ਅੰਤ ਦੀ ਰਾਗ ਮੁਕਤ ਬਾਣੀ ਹੈ ਜੋ ਨਿਮਨ - ਅੰਕਿਤ ਹੈ :-

1) ਸਹੱਸਕ੍ਰਿਤੀ ਸਲੋਕ - 67
2) ਗਾਥਾ ਸਲੋਕ - 24
3) ਫੁਨਹੇ ਸਲੋਕ - 23
4) ਚਉਬੋਲੇ ਸਲੋਕ - 11
5) ਸਵਈਏ - 20
6) ਸਲੋਕ ਵਾਰਾਂ ਤੇ ਵਧੀਕ - 22
7) ਮੁੰਦਾਵਣੀ ਸਲੋਕ - 2

•••

## ਟਿਪਣੀਆਂ ਤੇ ਹਵਾਲੇ

1-ੳ ਡਾ. ਤਾਰਨ ਸਿੰਘ, ਬਾਣੀ ਤੇ ਧੁਨੀ, ਪੰਨਾ- 88

"ਸੋਚ ਨਾਲ ਘੜੀ ਰਚਨਾ ਕਵਿਤਾ ਹੈ, ਬਾਣੀ ਨਹੀਂ ਹੈ।"

ਅਤੇ

"ਬਾਣੀ ਦਾ ਵਿਸ਼ ਧੁਨੀ ਹੈ ਜੋ ਭਗਤੀ ਨਾਲ ਪ੍ਰਾਪਤ ਹੁੰਦੀ ਹੈ।

ਬਾਣੀ ਧੁਰ ਸਚਾਈ ਵਾਲਾ ਵਾਕ ਕਹਿ ਸਕਣ ਦੀ ਸਮਰਥਾ ਹੈ।

ਨਾਮ ਬਾਣੀ ਨੂੰ ਉਪਜਾਂਦਾ ਹੈ ਤੇ ਬਾਣੀ ਨਾਮ ਉਪਜਾਂਦੀ ਹੈ।"

(ਪੰਨਾ 139)

ਇਸ ਸੰਬੰਧ ਵਿਚ ਗੁਰੂ ਸਾਹਿਬ ਨੇ ਉਚਾਰਿਆ ਹੈ :-

'ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥

(ਰਾਗ ਤਿਲੰਗ ਮਹਲਾ, ਪਹਿਲਾ, ਆਦਿ ਗ੍ਰੰਥ, ਪੰਨਾ 722)

'ਜਪਿ ਮਨ ਮੇਰੇ ਗੋਵਿੰਦ ਕੀ ਬਾਣੀ ॥
ਸਾਧੂ ਜਨ ਰਾਮੁ ਰਸਨ ਵਖਾਣੀ ॥

( ਆਦਿ ਗ੍ਰੰਥ, ਪੰਨਾ 192)

'ਪ੍ਰਭ ਕੀ ਉਸਤਤਿ ਸਾਧ ਕੀ ਰਸਨਾ ॥

(ਆਦਿ ਗ੍ਰੰਥ, ਪੰਨਾ 263)

'ਜੈਸੀ ਪ੍ਰਭੂ ਜਣਾਈ ਤੈਸੀ ਰਸਨ ਤੇਰ ਭਣੀ।"

(ਆਦਿ ਗ੍ਰੰਥ, ਪੰਨਾ 456)

'ਹਉ ਆਪਹੁ ਬੋਲਿ ਨ ਜਾਣਦਾ
ਮੈ ਕਹਿਆ ਸਭੁ ਹੁਕਮਾਉ ਜੀਉ ॥'

(ਆਦਿ ਗ੍ਰੰਥ, ਪੰਨਾ 763)

ਬਾਣੀ ਕੇਵਲ ਗੁਰੂ ਰਾਹੀਂ ਹੀ ਪ੍ਰਗਟ ਹੁੰਦੀ ਹੈ :-

'ਪ੍ਰਭ ਕੀ ਉਸਤਤਿ ਸਾਧ ਕੀ ਰਸਨਾ'।

(ਆਦਿ ਗ੍ਰੰਥ, ਪੰਨਾ 263 )

'ਸਤਿਗੁਰ ਵਿਚ ਆਪੁ ਰਖਿਓਨੁ ਕਰਿ
ਪਰਗਟੁ ਆਖਿ ਸੁਣਾਇਆ।"

(ਆਦਿ ਗ੍ਰੰਥ, ਪੰਨਾ 466)

2-

2- Kohli, Dr. Surinder Singh, A Critical Study of Adi Granth, 1976, p.7.

"He is said to have written one shloka in response to a shaloka of his father, though his authorship of the sholoka is not mentioned in Adi Granth."

3- ਮਤਰ, ਰਤਨਜੀਤ ਸਿੰਘ, ਗੁਰਮਤਿ ਪ੍ਰਕਾਸ਼, ਗੁਰੂ ਨਾਨਕ ਅੰਕ, ਸਤੰਬਰ,1969(ਪ੍ਰਤਿਕਾ ਪੰਨਾ- 329)

"ਤਿੰਨ ਵਾਰਾਂ ਰਾਮਕਲੀ ਰਾਗ ਵਿਚ ਹਨ, ਜਿਸ ਵਿਚ ਤੀਜੀ ਤੇ ਪੰਜਵੇਂ ਪਾਤਸ਼ਾਹ ਦੀਆਂ ਰਚਨਾ ਦੇ ਨਾਲ ਸਤਾ ਬਲਵੰਡ ਅਤੇ ਸੱਤੇ ਡੂਮ ਦੀ ਉਹ ਵਾਰ ਹੈ, ਜਿਸ ਵਿਚ ਪਹਿਲੇ ਪੰਜਾਂ ਪਾਤਸ਼ਾਹਾਂ ਵਿਚ ਇਕਜੋਤ ਗੁਰਤਾ ਦੀ ਵਡਿਆਈ ਕੀਤੀ ਗਈ ਹੈ, ਬਿਲਕੁਲ ਓਸੀ ਤਰ੍ਹਾਂ ਜਿਵੇਂ 11ਭੱਟਾਂ ਦੇ ਸਵੈਯਾਂ ਵਿਚ।"

4- Kohli, Dr. Surinder Singh A Critical Study of Adi Granth, 1976, p.9

"There are some who follow the line of the author of Gur Bilas of VI Guru (like Dr Charn Singh) who believe that there were seventeen bhatts, but there are some who classify the composition of the bards under eleven names. There is practically no material available regarding the bhatts. For those who believe in eleven bhatts, Kalya and Kalya Sahay are the same and Jal and Jalan are one and the same."

5- ਸੂਰੀ, ਡਾ. ਕਰਤਾਰ ਸਿੰਘ, 'ਗੁਰੂ ਅਰਜਨ ਤੇ ਸੰਤ ਦਾਦੂ ਦਿਆਲ: ਇਕ ਤੁਲਨਾਤਮਕ ਅਧਿਐਨ, ਪੰਨਾ- 105.

6- ਕੋਹਲੀ, ਡਾ. ਸੁਰਿੰਦਰ ਸਿੰਘ- ਪਰਖ ਮੈਗਜ਼ੀਨ, ਅੰਕ- 2, ਪੰਨਾ- 8

"ਆਪਣੇ ਗੁਰੂਆਂ ਦੇ ਸਾਰੇ ਰਾਗਾਂ ਵਿਚ ਲਿਖੇ ਕਿ ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਚੜ੍ਹਾਏ, ਆਪਣੀ ਬਾਣੀ ਲਿਖੀ।"

7- ਸੂਰੀ, ਡਾ. ਕਰਤਾਰ ਸਿੰਘ, ਗੁਰੂ ਅਰਜਨ ਤੇ ਸੰਤ ਦਾਦੂ ਦਿਆਲ ; ਇਕ ਤੁਲਨਾਤਮਕ ਅਧਿਐਨ), ਪੰਨਾ- 106

8- ਗਿੱਲ, ਡਾ., ਮਹਿੰਦਰ ਕੌਰ, ਗੁਰੂ ਅਰਜਨ ਜੀਵਨ ਤੇ ਬਾਣੀ, ਪੰਨਾ 101

ਰਾਗ-ਪ੍ਰਬੰਧ ਬਾਣੀ ਵਿਚ ਅਸ਼ਟਪਦ ਰਚਨਾਵਾਂ

(1) ਸਿਰੀ ਰਾਗ - ਪਹਿਰੇ
(2) ਮਾਝ ਰਾਗ - ਦਿਨ ਰੈਣਿ
(3) ਆਸਾ ਰਾਗ - ਬਿਰਹੜੇ
(4) ਸੂਹੀ ਰਾਗ - ਗੁਣਵੰਤੀ

(5) ਰਾਮਕਲੀ - ਰੁਤੀ

(6) ਮਾਰੂ ਰਾਗ - ਅੰਜੁਲੀਆਂ

(7) ਮਾਰੂ ਰਾਗ- ਸੋਹਲੇ

"ਇਨ੍ਹਾਂ ਰਚਨਾਵਾਂ ਨੂੰ ਡਾ. ਤਾਰਨ ਸਿੰਘ ਸਮੱਸਿਆਵੀ ਨਾਂਵ ਦਿੰਦੇ ਹਨ। ਇਹ ਰਚਨਾਵਾਂ ਆਕਾਰ ਵਜੋਂ ਛੋਟੀਆਂ ਹੋਣ ਕਰਕੇ ਲੰਮੀਆਂ ਰਚਨਾਵਾਂ ਦੇ ਅੰਤਰਗਤ ਨਹੀਂ ਰਖੀਆਂ ਜਾ ਸਕਦੀਆਂ।"

ਡਾ. ਤਾਰਨ ਸਿੰਘ, <u>ਗੁਰੂ ਨਾਨਕ ਚਿੰਤਨ ਤੇ ਕਲਾ</u>, ਪੰਨਾ- 1

<u>ਰਾਗ ਮੁਕਤ ਬਾਣੀ</u>

ਸਹੱਸਕ੍ਰਿਤੀ, ਫੁਨਹੇ, ਚਉਬੋਲੇ, ਮੁੰਦਾਵਣੀ

<u>ਮਿਸ਼ਰਤ ਬਾਣੀ</u>

ਇਸ ਤਰ੍ਹਾਂ ਦੀ ਬਾਣੀ ਹੈ (1) ਜਿਸ ਗੁਰੂ ਤੇ ਭਗਤ ਜਾਂ ਦੋ ਗੁਰੂਆਂ ਦੇ ਨਾਮ ਹੇਠ ਦਰਜ ਕੀਤੇ ਸ਼ਲੋਕ,

(2) ਉਹ ਸਲੋਕ ਜੋ ਦੋ ਵਾਰ ਅੰਕਿਤ ਕੀਤੇ ਗਏ ਹਨ,

(3) ਉਹ ਬਾਣੀ ਜਿਸ ਦੇ ਆਰੰਭ ਵਿਚ ਮਹਲਾ 5 ਪਰ ਅੰਤ ਵਿਚ ਕਬੀਰ ਦਾ ਨਾਮ ਹੈ।

ਇਸ ਵਿਚ ਕੁਲ 13 ਸ਼ਲੋਕ ਹਨ।

9- ਰਾਗ ਗਉੜੀ ਗੁਆਰੇਰੀ ਚਉਪਦੇ ਕੇ ਸੰਗ ਮਹਲਾ 5, ਆਦਿ ਗ੍ਰੰਥ।
(ਚਉਪਦਿਆਂ ਦਾ ਆਕਾਰ ਤੇ ਰੂਪ ਵੀ ਲੰਮੀਆਂ ਰਚਨਾਂ ਵਾਲਾ ਹੁੰਦਾ ਹੈ।

10- ਸੂਰੀ, ਡਾ., ਜਗਤਾਰ ਸਿੰਘ, <u>ਗੁਰੂ ਅਰਜਨ ਤੇ ਸੰਤ ਦਾਦੂ ਦਿਆਲ (ਇਕ ਤੁਲਨਾਤਮਕ ਅਧਿਐਨ</u>), ਪੰਨਾ 108

11- ਕੋਹਲੀ, ਡਾ. ਸੁਰਿੰਦਰ ਸਿੰਘ, <u>ਪਰਖ</u>, ਰੀਸਰਚ ਬੁਲਿਟਨ, ਅੰਕ-2, 1969, ਪੰਨਾ- 13

12- ਪ੍ਰੋ. ਜੋਗਿੰਦਰ ਸਿੰਘ, <u>ਸਿੱਖ ਸਾਹਿਤ ਦੀ ਪੰਜਵੀਂ ਤੇ ਪਹਿਲੀ ਗੁਰੂ ਸਰੋਤ ਸੁਖਸਾਗਰ</u>, ਪੰਨਾ- 18

13- ਕੋਹਲੀ, ਡਾ. ਸੁਰਿੰਦਰ ਸਿੰਘ, <u>ਪਰਖ</u> ਰੀਸਰਚ ਬੁਲਿਟਨ, ਅੰਕ-2, 1969, ਪੰਨਾ- 4

14- ਓਹੀ - ਪੰਨਾ- 5
'ਕੋਹਲੀ ਸਾਹਿਬ ਨੇ ਬੰਦ ਮਾਤ੍ਰਾ ਵਿਚ 11 ਚੁਪਦੇ, 3 ਛਪੁਪਦੇ ਲਿਖੇ ਹਨ, ਪਰ ਅਸਲ ਵਿਚ 12 ਚੁਪਦੇ ਅਤੇ 1 ਛਪੁਪਦਾ ਹੈ। ਕੁਲ ਪਦੇ 13 ਹਨ। ਡਾ. ਜਗਤਾਰ ਸਿੰਘ ਸੂਰੀ ਤੇ ਡਾ. ਮਹਿੰਦਰ ਕੌਰ ਗਿੱਲ ਨੇ ਬੰਦ ਮਾਤ੍ਰਾ 13 ਹੀ ਲਿਖੀ ਹੈ।

15- ਸੂਰੀ, ਡਾ. ਕਰਤਾਰ ਸਿੰਘ, ਗੁਰੂ ਨਾਨਕ ਤੇ ਸੰਤ ਦਾਦੂ ਦਿਆਲ (ਇਕ ਤੁਲਨਾਤਮਕ ਅਧਿਐਨ), ਪੰਨਾ 112.

16- ਗਿੱਲ, ਡਾ. ਮਹਿੰਦਰ ਕੌਰ, ਗੁਰੂ ਨਾਨਕ ਦੇਵ ਜੀਵਨ ਤੇ ਬਾਣੀ, 1975, ਪੰਨਾ 102

17 ਡਾ. ਤਾਰਨ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ- 390

18- ਗਿੱਲ ਡਾ. ਮਹਿੰਦਰ ਕੌਰ, ਗੁਰੂ ਨਾਨਕ ਦੇਵ ਜੀਵਨ ਤੇ ਬਾਣੀ, 1975, ਪੰਨਾ 103

19- ਸੂਰੀ, ਡਾ., ਕਰਤਾਰ ਸਿੰਘ, ਗੁਰੂ ਨਾਨਕ ਤੇ ਸੰਤ ਦਾਦੂ ਦਿਆਲ, ਇਕ ਤੁਲਨਾਤਮਕ ਅਧਿਐਨ ), ਪੰਨਾ 116

20- ਕੋਹਲੀ, ਡਾ. ਸੁਰਿੰਦਰ ਸਿੰਘ, ਪਰਖ ਰੀਸਰਚ ਬੁਲਿਟਨ, 1969, ਪੰਨਾ- 13 (ਅੰਕ-2)

"ਕਬੀਰ ਦੀ ਬਾਣੀ ਵਿਚ ਇਕ ਗੁਣ ਹੈ ਜੋ [illegible]
ਪੰਜਾਬ ਦੇ [illegible] ਵਿਚ ਬੋਲੀ ਜਾਣ ਵਾਲੀ [illegible] ਵਿਚ ਲਿਖਿਆ
ਗਿਆ ਹੈ।"

21- ਸੂਰੀ, ਡਾ. ਕਰਤਾਰ ਸਿੰਘ, ਗੁਰੂ ਨਾਨਕ ਤੇ ਸੰਤ ਦਾਦੂ ਦਿਆਲ, ਇਕ ਤੁਲਨਾਤਮਕ ਅਧਿਐਨ, 1969, ਪੰਨਾ 122.

22 Kohli, Dr. Surindar Singh, A Critical Study of Adi Granth, 1976, p.11.
"Sundavani or the [illegible] committing of two chickens."

23- Duncan Greenlees, The Gospel of the Guru Granth Sahib, 1975, p. lxxix.
"His poems, a spontaneous inspired out flow, are so musical, it is hard even for a foreigner to read them, they so demand to be sung — there is much repetition, but every line seems new and fresh, it is so instinct with the simplicity of creation. His themes are ever love, devotion and union with the Beloved after the long agony of separation."

***

PUNJABI UNIVERSITY PATIALA
34007

## ਅਧਿਆਇ ਤੀਜਾ

## ਗੁਰੂ ਅਰਜਨ ਬਾਣੀ ਅਤੇ ਲੋਕ-ਕਾਵਿ ਰੂਪ

## ਗੁਰੂ ਅਰਜਨ ਬਾਣੀ ਅਤੇ ਲੋਕ-ਕਾਵਿ ਰੂਪ

ਗੁਰੂ ਅਰਜਨ ਦੇਵ ਜੀ ਦੀ ਬਾਣੀ ਨੂੰ ਵਾਚਣ ਸਮੇਂ ਸਭ ਤੋਂ ਪਹਿਲਾਂ ਜਾਣੋ ਸਾਹਮਣੇ ਆਪ ਜੀ ਦੀ ਬਾਣੀ ਦੀ ਨਾਮਾਵਲੀ ਆਉਂਦੀ ਹੈ। ਇਹ ਨਾਮਾਵਲੀ ਉਨ੍ਹਾਂ ਕਾਵਿ-ਰੂਪਾਂ ਦਾ ਬੋਧ ਕਰਾਉਂਦੀ ਹੈ, ਜਿਨ੍ਹਾਂ ਦਾ ਪ੍ਰਯੋਗ ਆਪ ਨੇ ਆਪਣੀ ਸਮੂਹ ਕਾਵਿ-ਰਚਨਾ ਵਿਚ ਕੀਤਾ ਹੈ। ਇਹ ਕਾਵਿ-ਰੂਪ ਪ੍ਰਮੁੱਖ ਤੌਰ ਤੇ ਲੋਕ-ਤੱਤਾਂ ਦੇ ਧਾਰਨੀ ਹਨ।

ਪਰੰ, ਅਧਿਐਨੀਆਂ ਨੇ ਇਨ੍ਹਾਂ ਨੂੰ ਵਖ ਕੇ ਬਾਣੀ ਸਭ ਵਿਸ਼ੇਸ਼ ਕਿਸੇ ਨਾ ਕਿਸੇ ਸੰਸਕਾਰ, ਰਸਮ, ਰਹੁ-ਰੀਤ, ਲੋਕ-ਪ੍ਰਵਿਰਤੀ ਜਾਂ ਸਾਧਾਰਨ ਲੋਕ-ਕਾਵਿ ਨਾਲ ਸੰਬੰਧਿਤ ਹਨ ਜਿਵੇਂ ਕਿ ਆਪ ਦੀਆਂ ਰਚਨਾਵਾਂ ਦੇ ਸਿਰਲੇਖ ਹਨ ਪਹਿਰੇ, ਬਾਰਹ ਮਾਹਾ, ਦਿਨ ਰੈਣਿ, ਬਾਵਨ ਅਖਰੀ, ਸੁਖਮਨੀ, ਥਿਤੀ, ਘੋੜੀਆਂ, ਕੁਚਜੀ, ਰੁਤੀ, ਅੰਜੁਲੀਆਂ, ਸੋਹਲੇ, ਛੰਤ, ਗੁਣਵੰਤੀ, ਡਖਣੇ, ਸਲੋਕ, ਮੁੰਦਾਵਣੀ ਤੇ ਵਾਰਾਂ।

ਪਹਿਰੇ, ਬਾਰਹ ਮਾਹਾ, ਦਿਨ ਰੈਣਿ, ਥਿਤੀ, ਰੁਤੀ ਤਾਂ ਲੋਕ-ਕਾਵਿ ਰੂਪਾਂ ਦੇ ਨਾਂਵਾਂ ਉਤੇ ਹੀ ਰਖੇ ਗਏ ਹਨ। ਇਨ੍ਹਾਂ ਦਾ ਸੰਬੰਧ ਰੁਤਾਂ, ਥਿਤਾਂ, ਵਾਰਾਂ ਅਤੇ ਦਿਨਾਂ ਮਹੀਨਿਆਂ ਨਾਲ ਹੈ। ਇਨ੍ਹਾਂ ਦਾ ਮੁੱਢ ਉਨ੍ਹਾਂ ਵੇਲਿਆਂ ਤੋਂ ਬੱਝਾ ਜੋ ਹਨ ਮਹੀਨੇ ਦੀ ਸੰਗਰਾਂਦ, ਚੰਦਰਮਾ ਦੀ ਪਹਿਲੀ ਤਿਥ ਜਾਂ ਨਵੇਂ ਮੌਸਮ ਦੇ ਸ਼ੁਰੂ ਵਿਚ ਕੀਤੀਆਂ ਜਾਂਦੀਆਂ ਹਨ। ਪਰਮ ਪੁਰਾਤਨ ਵਿਚ ਅਜਿਹੇ ਕਰਮ ਕਾਂਡਾਂ ਦਾ ਉਲੇਖ ਆਉਂਦਾ ਹੈ ਜੋ ਕਰਮ-ਕਾਂਡ ਕਰਨ ਵਾਲੇ ਲਈ ਹਨ ਪਥਰ੍ਹ, ਥਿਤ, ਤੇ ਮਹੀਨੇ ਜਾਂ ਰੁਤ ਦੇ ਅਰੰਭ ਵਿਚ ਕਰਨੇ ਜ਼ਰੂਰੀ ਹਨ। "ਏਹ ਸਾਰੀਆਂ ਕ੍ਰਿਆਵਾਂ ਤੇ ਮੰਤ੍ਰ ਆਦਿ ਨੇ ਇਕਤ ਰੂਪ ਵਿਚ 'ਯਜੁਰ ਵੇਦ' ਦਾ ਰੂਪ ਧਾਰਿਆ। ਸਭ ਕੁਝ ਰਸਮੀ ਹੋ ਗਿਆ। ਵਿਰਲੇ ਹਥ ਤੇ ਅਰਥ ਗੁੰਮ ਹੋ ਗਏ।— ਜਿੰਨੀ ਜਿੰਨੀ ਗੱਲ ਹੈ ਵਿਖਾਵੇ ਤੇ ਜ਼ੋਰ ਦਿਤਾ ਜਾਣ ਲਗ ਪਿਆ— ਲੋਕਾਂ ਆਪਣੇ ਪ੍ਰਬਲ ਨਿਸਚਾ ਵਿਚ ਸਮਝਦਾ ਹੈ ਕਿ ਇਹ ਮੰਤ੍ਰ ਕਰਮ ਸਭ ਤੋਂ ਪ੍ਰਧਾਨ ਧਰਮ ਹੈ। ਇਹ ਕਰਮ ਕਾਂਡ ਦਾ ਮਤ ਮੀਮਾਂਸਾ ਦੇ ਸਮੇਂ ਤਾਂ ਬਹੁਤ ਹੀ ਰਸਮੀ ਹੋ ਗਿਆ ਤੇ ਪ੍ਰਧਾਨ ਨਿਸਚਾ ਜੀਵਨ ਦਾ ਹੋ ਗਿਆ। ਜੋਗ ਪਰਾਧਨੀ ਲਈ ਇਹ ਜ਼ਰੂਰੀ ਹੋ ਗਿਆ ਕਿ ਕੁਝ ਨ ਕਰਮ ਕਿਸੇ ਖਾਸ ਤ੍ਰਿਕਾਲ ਕੀਤੇ ਜਾਣ ਜਦੋਂ ਉਹ ਕਰਮ ਆਪਣੀ ਵਿਧਾਨੇ ਮਤ੍ਰ ਤੇ ਬਿਨਾਂ ਕਿਸੇ ਭੇਦ ਸਮਝ ਦੇ ਹੀ ਕਰੇ। ਕਰਮਾਂ ਦਾ ਸਬੰਧ ਜਾਂ ਵਿਰਲੇ ਹੀ ਕੁਝ ਕਿਸੇ ਜ਼ਰੂਰੀ ਨਹੀਂ ਸੀ, ਜਿੰਨੀ ਕਿ ਕਰਮਾਂ ਨੂੰ ਕਿਸੇ ਖਾਸ ਰੁਤੇ ਨਾਲ ਜੋੜਨਾ ਆਦਿ।"

ਗੁਰੂ ਅਰਜਨ ਦੇਵ ਜੀ ਨੇ ਮਨੁੱਖਾਂ ਨੂੰ ਇਨ੍ਹਾਂ ਕਰਮ ਕਾਂਡਾਂ ਦੇ ਚੱਕਰ ਵਿਚੋਂ ਕੱਢਣ ਲਈ ਹੀ ਇਨ੍ਹਾਂ ਦੇ ਹੀ ਕਾਵਿ - ਰੂਪਾਂ ਵਿਚ ਆਪਣੀ ਗੱਲ ਕਹਿ ਕੇ ਇਨ੍ਹਾਂ ਨੂੰ ਅਸਲੋਂ ਅਧਿਆਤਮਕ ਦਾ ਰੰਗ ਚੜ੍ਹਾਇਆ ਹੈ । ਡਾ. ਰਤਨ ਸਿੰਘ ਲਿਖਦੇ ਹਨ — "ਇਨ੍ਹਾਂ ਰਚਨਾਵਾਂ ਵਿਚ ਅਧਿਆਤਮਕ ਵਸਤੂ ਉਸੇ ਰੂਪ ਵਿਚ ਢਾਲੀ ਗਈ ਹੈ ਜਿਵੇਂ ਲੋਕ - ਕਾਵਿ ਰੂਪਾਂ ਵਿਚ ਸੰਸਾਰਕ ਵਿਚਾਰ ਤੇ ਲੋਕ-ਭਾਵ ਹੋ ਸਕਦੇ [2] ।"

'ਪਹਿਰੇ' ਜੋ ਕਿ ਇਕ ਪੁਰਾਤਨ ਲੋਕ ਕਾਵਿ-ਰੂਪ ਹੈ ਤੇ ਜਿਸ ਦੇ ਪ੍ਰਚਲਿਤ ਅਰਥ ਹਨ ਦਿਨ ਜਾਂ ਰਾਤ ਦਾ ਚੌਥਾ ਹਿੱਸਾ, ਇਸ ਸਿਰਲੇਖ ਦੇ ਅੰਤਰਗਤ ਆਪ ਨੇ ਸਿਰੀ ਰਾਗ ਵਿਚ ਇਕ ਸ਼ਬਦ ਜੋ ਪੰਜ ਪਹਿਰਿਆਂ ਵਾਲਾ ਹੈ, ਰਚਿਆ ਹੈ । ਇਸ ਵਿਚ ਮਨੁੱਖੀ ਜੀਵਨ ਨੂੰ ਰਾਤ ਦੇ ਚਾਰ ਪਹਿਰਾਂ ਨਾਲ ਤੁਲਨਾਇਆ ਹੈ। ਪਹਿਲਾ ਪਹਿਰ ਜੀਵ ਗ੍ਰਿਹਣੀ ਵਿਚ ਸਮਾਧ ਧਾਰਦੇ ਬ੍ਰਹਮਪਦ ਵਿਚ ਗੁਜ਼ਾਰਦਾ ਹੈ, ਦੂਜੇ ਪਹਿਰ ਵਿਚ ਜੋਬਨ ਦੀ ਮਸਤੀ ਵਿਚ ਗਰਕ ਰਹਿੰਦਾ ਹੈ, ਤੀਜੇ ਪਹਿਰ ਵਿਚ ਅਗਿਆਨੀ ਜੀਵ ਧਨ ਦੌਲਤ ਨੂੰ ਇਕੱਠਾ ਕਰਨ ਵਿਚ ਲੱਗਾ ਰਹਿੰਦਾ ਹੈ ਤੇ ਬ੍ਰਿਧਅਵਸਥਾ ਵਿਚ ਰਹਿਆ ਰਹਿੰਦਾ ਹੈ, ਇਕ ਘੜੀ ਵੀ ਨਿਰੰਕਾਰ ਨੂੰ ਚਿਤਾਰਦਾ ਨਹੀਂ । ਚੌਥੇ ਪਹਿਰ ਵਿਚ ਜੀਵ ਨੂੰ ਅੰਤ ਸਮੇਂ ਦੇ ਵਿਸ਼ਵ ਕ੍ਰਮ ਤੋਂ ਚੇਤੰਨ ਕਰਦੇ ਹੋਏ ਵਣਜਾਰਨ ਵਿਚ ਸਤਿਗੁਰੂ ਦੀ ਸੇਵਾ ਵਲ ਪ੍ਰੇਰਦੇ ਹਨ :-

"ਸਭਨੀ ਛੈਲਿ ਗੁਰਮੁਖਿ ਬੰਧਿਆਨੀ, ਸੇਵਿ ਸਤਿਗੁਰ ਚਰਨ ਹੋਇ ॥"[3]

ਸਤਿਗੁਰੂ ਦੀ ਸੇਵਾ ਹੀ ਕਲਿਆਣੀ ਕਰਦੀ ਹਨ । ਨਾਮ ਦਾ ਮਹਾਤਮ ਗਾਉਂਦੇ ਹਨ । ਜੋ ਪਰਲੋਕ ਵਿਚ ਸਹਾਇਕ ਹੁੰਦਾ ਹੈ ।

"ਗੁਰਮੁਖਿ ਨਾਮੁ ਸਮਾਲਿ ਤੂੰ ਵਣਜਾਰਿਆ ਮਿਤ੍ਰਾ
ਤੇਰਾ ਦਰਗਹ ਬੇਲੀ ਹੋਇ ।"[4]

ਪੰਜਵੇਂ ਪਹਿਰ ਵਿਚ ਚੇਤੰਨ ਕਰਦੇ ਹਨ ਕਿ ਚਾਰੇ ਪਹਿਰ ਹੀ ਕਰਮ ਕਰਨ ਦਾ ਸਮਾਂ ਹੈ ਕਿਉਂਕੇ ਫਲ ਕਰਮਾਂ ਉਪਰ ਹੀ ਆਧਾਰਿਤ ਹੈ । -

"ਕਰਮ ਧਰਤੀ ਸਰੀਰੁ ਜੁਗ ਅੰਤਰਿ
ਜੋ ਬੋਵੈ ਸੋ ਖਾਤਿ ॥"[5]

ਇਸ 'ਪਹਿਰੇ' ਵਿਚ ਆਪ ਨੇ 'ਵਣਜਾਰਿਆ ਮਿਤ੍ਰਾ' ਰੂਪਕ ਵਰਤਿਆ ਹੈ । ਵਣਜਾਰਾ ਮਨੁੱਖੀ ਆਤਮਾ ਦਾ ਪ੍ਰਤਿਰੂਪ ਹੈ ਜਿਸ ਨੇ ਜੀਵਨ-ਰੂਪੀ ਵਪਾਰ ਨੂੰ ਸਫਲ ਬਣਾਉਣਾ ਹੈ । 'ਵਣਜਾਰਿਆ ਮਿਤ੍ਰਾ', 'ਸਭਨੀ ਛੈਲਿ ਨੇ ਵਣਜਾਰਿਆ ਮਿਤ੍ਰਾ' ਆਦਿਕ ਰੂਪਕਾਂ ਤੇ ਤੁਕਾਂਤ ਨਾਲ, ਅੰਤਰ ਤੁਕਾਂਤ ਦਾ ਪ੍ਰਯੋਗ ਕਰਕੇ ਜਿਵੇਂ ਕਿ, ਗੁਰਮੁਖਿ ਨਾਮ ਸਮਾਲਿ, ਤਰ ਜੋਬਨ, ਤਰ ਸੁਆਮੀ ਸਹਾਈ ਹੋਇ, ਅਨੁਪ੍ਰਾਸਾਂ ਦੀ ਵਰਤੋਂ 'ਸਭਨੀ ਛੈਲਿ ਗੁਰਮੁਖਿ ਬੰਧਿਆਨੀ ਸੇਵਿ ਸਤਿਗੁਰ ਚਰਨ ਹੋਇ' ਆਦਿਕ ਦੀ ਵਰਤੋਂ ਕਰਕੇ ਲੋਕ ਕਾਵਿ ਵਾਲਾ ਰਸੂ ਮੰਡਲ ਸਿਰਜਿਆ ਹੈ ।

ਉਪਰਲੀ ਪਦ੍ਯ-ਵੰਡ ਵੀ ਲੋਕ- ਵਿਧੀ ਵਾਲੀ ਹੈ ਜਿਸ ਵਿਚ ਕਾਲ-ਚਿਤ੍ਰਣ ਤੇ ਵਿਕਾਸ ਕੀਤਾ ਹੈ। ਇਥੇ ਲੋਕ- ਵਿਧੀ ਆਪ ਨੇ ਜਿਵੇਂ ਰਾਤ ਦੇ ਪਹਿਰਿਆਂ ਵਿਚ ਪਹਰ ਵਿਚ ਵਰਤੀ ਹੈ ਤੇ ਕਾਲ- ਵਿਕਾਸ ਕੀਤਾ ਹੈ :-

"ਪਹਿਲਾ ਪਹਰੁ ਧੰਧੈ ਗਇਆ, ਦੂਜੈ ਭਰਿ ਸੋਇਆ ।
ਤੀਜੈ ਝਾਖ ਝਖਾਇਆ, ਚਉਥੈ ਭੋਰੁ ਭਇਆ ॥
ਕਦ ਹੀ ਚਿਤਿ ਨ ਆਇਓ ਜਿਨਿ ਜੀਉ ਪਿੰਡੁ ਦੀਆ ॥"[6]

ਇਸ ਤਰ੍ਹਾਂ ਗੁਰਮੁਖੀ ਕਾਵਿ ਸਾਰੀ ਲੋਕ ਗੀਤਾਂ ਦੀ ਭਾਵਨਾ ਵਰਤ ਕੇ ਅਧਿਆਤਮਕ ਅਰਥਾਂ ਦਾ ਵਿਕਾਸ ਕਰਵਾਇਆ ਹੈ।

ਬਾਰਹ ਮਾਹਾ ਜਿਵੇਂ ਪੰਜਾਬੀਆਂ ਦਾ ਲੋਕ-ਪ੍ਰਿਯ ਕਾਵਿ-ਰੂਪ ਹੈ, ਉਵੇਂ ਸਾਰੇ ਭਾਰਤ ਵਿਚ ਵੀ ਇਹ ਹਰਮਨ ਪਿਆਰਾ ਹੈ। ਹਰ ਦੇਸੀ ਮਹੀਨੇ ਦੇ ਪਹਿਲੇ ਦਿਨ (ਸੰਗਰਾਂਦ) ਨੂੰ ਇਸ ਦਾ ਪਾਠ ਕੀਤਾ ਜਾਂਦਾ ਹੈ। ਇਸ ਵਿਚ ਦੇਸੀ ਸੰਮਤ ਦੇ ਬਾਰਾਂ ਮਹੀਨਿਆਂ ਦੇ ਨਾਵਾਂ ਨੂੰ ਆਧਾਰ ਬਣਾ ਕੇ, ਹਰ ਬਦੇ ਜਾਂਦੇ ਹਨ ਜਦ ਵੀਰਾਂ ਦੀ ਲੋੜੀ ਪ੍ਰੀਤ ਭੰਗ ਕਰਦੀ। ਇਸ ਦਾ ਅਰੰਭ ਚੇਤ ਦੇ ਮਹੀਨੇ ਤੋਂ ਕੀਤਾ ਜਾਂਦਾ ਹੈ। ਇਸ ਦਾ ਵਿਸ਼ਾ- ਵਸਤੂ ਵਿਛੋੜੇ ਦਾ ਦੁਖ, ਮਿਲਾਪ ਦੀ ਤਾਂਘ ਤੇ ਮਿਲਾਪ ਦਾ ਸੁਖ ਹੁੰਦਾ ਹੈ।

ਗੁਰੂ ਅਰਜਨ ਦੇਵ ਨੇ ਬਾਰਹ ਮਾਹਾ ਰਾਗ ਮਾਝ ਵਿਚ ਉਚਾਰਿਆ ਹੈ। ਇਸ ਵਿਚ ਚੌਦਾਂ ਬੰਦ ਬਣੇ ਹਨ। ਪਹਿਲੀ ਤੇ ਅੰਤਲੀ ਪਉੜੀ ਵਿਚ ਪਾਰਬ੍ਰਹਮ ਪਾਸੋਂ ਮਿਹਰ ਦੀ ਮੰਗ ਕੀਤੀ ਹੈ ਤਾਂ ਜੋ ਉਸ ਦਾ ਨਾਮ ਜਪ ਸਕੀਏ। ਜਿਸ ਦਿਨ ਉਸ ਨੂੰ ਯਾਦ ਕਰਦੇ ਹਾਂ, ਉਹ ਦਿਨ, ਉਹ ਮਹੀਨਾ ਸਭ ਸੁਭ ਹਨ।

"ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥"[7]

ਬਾਕੀ ਰਹੀਆਂ ਬਾਰ੍ਹਾਂ ਪਉੜੀਆਂ ਦਾ ਅਰੰਭ ਦੇਸੀ ਮਹੀਨੇ ਦੇ ਨਾਵਾਂ ਨਾਲ ਕੀਤਾ ਹੈ। ਇਨ੍ਹਾਂ ਵਿਚ ਵਿਛੋੜੇ ਦਾ ਦੁਖ ਇਸ ਸੋਹਣੇ ਢੰਗ ਨਾਲ ਮਿਲਾਪ ਦੀ ਤਾਂਘ ਤੇ ਮਿਲਾਪ ਦੀ ਖੁਸ਼ੀ ਨੂੰ ਵਡੇ ਸੁੰਦਰ ਸ਼ਬਦਾਂ, ਚਿੱਤਰਾਂ ਤੇ ਵਿਚਾਰਾਂ ਵਿਚ ਉਲੀਕਿਆ ਹੈ :-

"ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥[8]
ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ ॥
ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥
ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥"[9]

ਆਪ ਨੇ ਜੀਵ ਆਤਮਾ ਰੂਪੀ ਇਸਤ੍ਰੀ ਦੀ ਬਦਲਦੀਆਂ ਰੁਤਾਂ ਨਾਲ ਬਦਲਦੀ ਮਾਨਸਿਕ ਅਵਸਥਾ

ਨੂੰ ਕਈ ਰੂਪਮਾਨਾਂ ਨਾਲ ਰੂਪਮਾਨ ਕੀਤਾ ਹੈ। ਸਤਿਗੁਰੂ ਜੀ ਕਰਤਾ ਰਾਹੀਂ ਹੀ ਇਸ ਸੇਧਾਂ ਦੀ ਪ੍ਰਾਪਤੀ ਦਸਾਂਦੇ ਹਨ :

"ਸੰਤ ਸਹਾਈ ਰਾਮ ਹੈ, ਕਰਿ ਕਿਰਪਾ ਲੀਆ ਮਿਲਾਇ ॥" [10]

ਇਸ ਵਿਚ ਲੋਕ-ਕੈਨੀ ਵਾਲੀ ਸਰਲਤਾ, ਸਪੂਰਨਤਾ, ਰਵਾਨਗੀ ਤੇ ਸੁਭਾਵਿਕਤਾ ਦਾ ਕਲਾਤਮਕ ਸੁਹਜਾਤਮਕ ਰੁਤੀਆਂ ਤੇ ਗੁਣਾਂ ਦਾ ਸੁਮੇਲ ਮਿਲਦਾ ਹੈ :-

ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥
ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥
ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥
ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥
ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥
ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥
ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥
ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥
ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ।" [11]

ਇਸ ਵਿਚ ਰੁਹਾਨੇ ਦਾ ਮੇਲ, ਰੁਤੀਆਂ ਤੇ ਗੁਣਾਂ ਦਾ ਸੁਮੇਲ ਮੇਲ ਸਮਾਉਂਦਾ ਹੈ। ਇਸ ਤਰਾਂ ਵਿਰਲੀਆਂ ਕੁਝ ਤੁਕਾਂ ਲੋਕ-ਤੁਕਾਂ ਨੂੰ ਉਘਾੜਦੀਆਂ ਹੋਈਆਂ ਅਖਾਣ ਬਣ ਗਈਆਂ ਹਨ ਜਿਹਾ ਕਿ

1- 'ਹੇਤੁ ਕੂੜੈ ਕੇ ਰਾਵਣੀ ਕਿਤੈ ਨ ਆਵੈ ਕਾਮ ॥' [12]
2- ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥' [13]
3- ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥' [14]
4- ਸਭੇ ਮਾਣਹਿ ਰਲੀਆਂ ਉਤਰਹਿ ਸਭੇ [illegible] ॥' [15]

ਕਿਸਾਨ ਦਾ ਵਿਸ਼ਵਾਸ ਵੀ ਲੋਕ-ਬਾਣੀ ਪ੍ਰਕਿਰਤੀ ਪਛਾਣੀ ਰਚ ਕੇ ਪਛਾਣੀ ਹੋਇਆ ਹੈ। ਇਸ ਤਰ੍ਹਾਂ ਆਪ ਨੇ ਲੋਕ-ਕਾਵਿ ਵਾਲਾ ਵਾਤਾਵਰਣ ਕਈ ਸਮੂਹਾਂ ਤੇ ਸੁਝੱਪਣਾਂ ਨਾਲ ਉਸਾਰਿਆ ਹੈ। ਮਹੀਨਿਆਂ ਤੇ ਮੌਸਮਾਂ ਨਾਲ ਕੁਦਰਤ ਚਿਤਰਨ ਦਾ ਅਨਿੱਖੜ ਸਬੰਧ ਜੋੜ ਕੇ ਤਰ੍ਹਾਂ ਸਾਧਾਰਨ ਮਨੁੱਖ ਨੂੰ ਲੋਕ-ਭਾਸ਼ਾ ਨਾਲ ਜਿਆਦਾ ਜੋੜਦਾ ਹੈ। ਇਹ ਹੈ ਇਸ ਬਾਣੀ ਦੀ ਵਿਸ਼ੇਸ਼ਤਾ ਅਤੇ ਮਿਲਾਪ ਹੈ ਜਿਸ ਵਿਚ ਲਗਾਤਾਰ ਉਪਜ ਹਿੱਤ ਹੈ।

ਰਾਗ ਮਾਝ ਵਿਚ ਆਪ ਨੇ 'ਦਿਨ ਰੈਣਿ' ਦੀ ਉਚਾਰਿਆ ਹੈ । ਇਹ ਵੀ ਇਕ ਲੋਕ-ਕਾਵਿ ਰੂਪ ਹੈ। ਇਸ ਵਿਚ ਆਪ ਨੇ ਦਿਨ ਤੇ ਰਾਤ ਦੇ ਹਰ ਪਲ ਦਾ ਸਦ-ਉਪਯੋਗ ਕਰਨ ਤੇ ਸ਼ੁਭ ਕਰਮ ਕਰਨ ਦੀ ਪ੍ਰੇਰਨਾ ਦਿਤੀ ਹੈ। ਸ਼ੁਭ ਕਰਮ ਸਤਿਗੁਰੂ ਦੀ ਸੇਵਾ, ਨਾਮ ਸਿਮਰਨ ਤੇ ਸਾਧ ਸੰਗਤ ਕਰਨੀ ਹਨ :-

'ਸੇਵੀ ਸਤਿਗੁਰੁ ਆਪਣਾ ਹਰਿ ਸਿਮਰੀ ਦਿਨ ਸਭ ਰੈਣਿ ॥[16]

'ਆਪਿ ਕੁਮਾਵੀ ਕਮਾਵਾ ਸਭੁ ਨਾਮ ਕਰਤਾਰ ।'[17]

'ਉਦਮੁ ਸੋਈ ਕਰਾਇ ਪ੍ਰਭ ਮਿਲਿ ਸਾਧੂ ਗੁਣ ਗਾਇ ।'[18]

ਇਸ ਲੋਕ-ਕਾਵਿ ਰੂਪ ਵਿਚ ਪਿਆਰੇ ਤੋਂ ਵਿਛੜੀ ਇਸਤਰੀ ਦਾ ਮਾਨਸਕ ਚਿਤ੍ਰਣ ਹੁੰਦਾ ਹੈ ਜੋ ਦਿਨ ਤੇ ਰਾਤ ਉਸੇ ਦੀ ਯਾਦ ਵਿਚ ਹੀ ਬਿਤਾਉਂਦੀ ਹੈ । ਗੁਰੂ ਅਰਜਨ ਸਾਹਿਬ ਨੇ ਵੀ ਜੀਵ-ਆਤਮਾ ਰੂਪੀ ਇਸਤਰੀ ਦੀ ਵਿਰਹਣਤਾ ਨੂੰ ਇਸ ਲੋਕ-ਕਾਵਿ ਰੂਪ ਵਿਚ ਗਾਇਆ ਹੈ ।

'ਥਿਤੀ' ਕਾਵਿ-ਰੂਪ ਨੂੰ ਲੋਕ-ਮਨ ਨੇ ਸ੍ਵੈ-ਪ੍ਰਗਟਾਵੇ ਲਈ ਪ੍ਰਯੋਗ ਕੀਤਾ ਗਿਆ ਹੈ । ਇਸ ਵਿਚ ਪ੍ਰੀਤਮ ਤੋਂ ਵਿਛੜੀ ਇਸਤਰੀ ਦੇ ਮਨੋਭਾਵਾਂ ਨੂੰ ਅੰਕਿਤ ਕੀਤਾ ਜਾਂਦਾ ਹੈ। ਇਸ ਵਿਚ ਚੰਦਰਮਾ ਦੀ ਚਾਲ (ਥਿਤਾਂ) ਨੂੰ ਆਧਾਰ ਬਣਾ ਕੇ ਮਾਨਸਿਕ ਚਿਤਰਣ ਕੀਤਾ ਜਾਂਦਾ ਹੈ। ਚੰਨ ਦੇ ਦੋ ਪੱਖ ਹੁੰਦੇ ਹਨ - ਹਨੇਰਾ (ਕ੍ਰਿਸ਼ਨ) ਪੱਖ ਅਤੇ ਚਾਨਣਾ (ਸ਼ੁਕਲ) ਪੱਖ । ਹਨੇਰਾ ਪੱਖ ਮੱਸਿਆ ਨੂੰ ਅਤੇ ਚਾਨਣਾ ਪੱਖ ਪੂਰਨਮਾਸ਼ੀ ਨੂੰ ਮੁਕਦਾ ਹੈ। ਇਸ ਤਰ੍ਹਾਂ ਮੱਸਿਆ ਅਤੇ ਪੁੰਨਿਆਂ ਦੇ ਅਨੁਸ਼ਠਾਨਾਂ ਦਾ ਆਧਾਰ ਵੀ ਇਹੋ ਥਿਤਾਂ ਹਨ ।

ਇਸ ਕਾਵਿ-ਰੂਪ ਵਿਚ ਹਨੇਰੇ ਪੱਖ ਵਿਚ ਵਿਛੋੜੇ ਦੀਆਂ ਰਾਤਾਂ, ਪੀੜਾਂ ਤੇ ਵਿਆਕੁਲ ਮਾਨਸਕ ਦਸ਼ਾ ਨੂੰ ਚਿਤਰਿਆ ਜਾਂਦਾ ਹੈ । ਚਾਨਣੇ ਪੱਖ ਵਿਚ ਮਿਲਾਪ ਦਾ ਸੁਖ ਉਲੀਕਿਆ ਹੁੰਦਾ ਹੈ। ਵਿਛੋੜੇ ਵਿਚ ਦੁਖੀ ਇਸਤਰੀ ਪਿਆਰੇ ਦੀ ਯਾਦ ਵਿਚ ਮਗਨ ਹੋ ਕੇ ਹਰ ਥਿਤ ਨੂੰ ਸੁਖਦਾਇਕ ਬਣਾ ਲੈਂਦੀ ਹੈ ।

ਇਹ ਕਾਵਿ-ਰੂਪ ਲੋਕਾਂ ਵਿਚ ਵੀ ਬੜਾ ਪ੍ਰਸਿੱਧ ਸੀ। ਗੋਰਖ ਨਾਥ ਦੀ ਰਚੀ 'ਪੰਦਰਹ ਥਿਤੀ' ਨਾਂ ਦੀ ਬਾਣੀ ਵੀ ਮਿਲਦੀ ਹੈ ।[19] ਇਹ ਬਾਣੀ ਅਧਿਆਤਮਕ ਰੂਪ ਵਾਲੀ ਹੈ ।

ਗੁਰੂ ਅਰਜਨ ਦੇਵ ਜੀ ਨੇ ਵੀ ਇਸ ਕਾਵਿ-ਰੂਪ ਰਾਹੀਂ ਲੋਕਾਂ ਦੀ ਤਰ੍ਹਾਂ ਅਧਿਆਤਮਕ ਰੂਪ ਵਾਲੀ ਬਾਣੀ ਰਚੀ ਹੈ । ਇਹ ਰਾਗ ਗਉੜੀ ਵਿਚ ਲਿਖੀ ਹੋਈ 17 ਸਲੋਕ ਤੇ 17 ਪਉੜੀਆਂ ਵਾਲੀ ਰਚਨਾ ਹੈ। ਇਸ ਦਾ ਆਰੰਭ 'ਏਕਮ' ਤੋਂ ਕੀਤਾ ਹੈ ਤੇ ਅਮਾਵਸ ਤੇ ਸਮਾਪਤੀ ਕੀਤੀ ਹੈ ।

ਇਸ ਵਿਚ ਆਪ ਮਨੁੱਖ ਨੂੰ ਸਮਝਾਉਂਦੇ ਹਨ :-

'ਦੁਤੀਆ ਦੁਰਮਤਿ ਦੂਰਿ ਕਰਿ ਗੁਰ ਸੇਵਾ ਕਰਿ ਨੀਤ ॥
ਰਾਮ ਰਤਨੁ ਮਨਿ ਤਨਿ ਬਸੈ ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥'[20]

ਇਸ ਤੋਂ ਉਪਰੰਤ ਸਮੇਂ ਨੂੰ ਕਰਮ-ਕਾਂਡ ਦੇ ਦ੍ਰਿਸ਼ਟੀਕੋਣ ਦਾ ਮੁਕਾਬਲਾ ਅਤੇ ਅਹਿਸਾਸ ਕਰਵਾਇਆ ਹੈ।
'ਪੰਜਵੀਂ ਥਿਤ' ਵਿਚ ਲਿਖਦੇ ਹਨ :-

'ਪੰਚਮਿ ਪੰਚ ਪ੍ਰਧਾਨ ਤੇ ਜਿਹ ਜਾਨਿਓ ਪਰਪੰਚ ॥
ਕੁਸਮ ਬਾਸ ਰੰਗੁ ਘਣੋ ਸਭ ਮਿਥਿਆ ਬਲਬੰਚ ॥'[21]

ਛੇਵੀਂ ਥਿਤ ਵਿਚ ਪਾਰਬ੍ਰਹਮ ਨੂੰ ਸਰਬੋਤਮ, ਅਪਹੁੰਚ, ਅਗਾਧ ਦਸਦੇ ਹਨ। ਸਾਰੇ ਬ੍ਰਹਿਮੰਡ ਦਾ ਪਾਸਾਰਾ ਉਸੇ ਦਾ ਹੀ ਹੈ ਤੇ ਫਿਰ ਨਾਮ ਸਿਮਰਣ ਦਾ ਮਹਾਤਮ ਦਸਦੇ ਹਨ :-

'ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ ॥---
ਦਾਤਾ ਭੁਗਤਾ ਦੇਨਹਾਰੁ ਤਿਸ ਬਿਨੁ ਅਵਰ ਨ ਜਾਇ ॥
ਸੋ ਗਾਵਹਿ ਸੋਈ ਮਿਲੈ ਨਾਨਕ ਹਰਿ ਗੁਣ ਗਾਹਿ ॥'[22]

ਅਤੇ

'ਖਸਟਮਿ ਖਟ ਸਾਸਤ੍ਰ ਕਹਹਿ ਸਿੰਮ੍ਰਿਤਿ ਕਥਹਿ ਅਨੇਕ ॥
ਊਤਮ ਊਚੋ ਪਾਰਬ੍ਰਹਮ ਗੁਣ ਅੰਤੁ ਨ ਜਾਣਹਿ ਸੇਖ ॥'[23]

ਚੌਦਾਂ ਥਿਤਾਂ ਦਾ ਉਲੇਖ ਕਰਨ ਉਪਰੰਤ ਪਾਰਬ੍ਰਹਮ ਦੇ ਗੁਣਾਂ ਦਾ ਜ਼ਾਹਿਰ ਕੀਤਾ ਹੈ ਜੋ ਚੰਦਰਮਾ ਦੀ ਤਰ੍ਹਾਂ ਘਟਦਾ ਨਹੀਂ ਸਗੋਂ "ਦਿਨ ਦਿਨ ਚੜ੍ਹੈ ਸਵਾਇਆ।" ਜੋ ਮਾਨਵ ਪੂਰਨ ਪੁਰਖ ਦੀ ਸ਼ਰਨ ਵਿਚ ਚਲਾ ਜਾਂਦਾ ਹੈ ਉਸ ਦੀ ਅਵਸਥਾ ਦਾ ਬਿਆਨ ਕੀਤਾ ਗਿਆ ਹੈ :-

'ਦੁਖ ਬਿਨਸੇ ਸਹਸਾ, ਗਇਓ ਸਰਨਿ ਗਹੀ ਹਰਿ ਰਾਇ ॥
ਮਨਿ ਚਿੰਦੇ ਫਲ ਪਾਇਆ ਨਾਨਕ ਹਰਿ ਗੁਨ ਗਾਇ ॥'[24]

ਇਸ ਤਰ੍ਹਾਂ ਵਿਚਾਰ ਨੂੰ ਲੋਕ-ਰਾਹ ਦੀ ਤਰ੍ਹਾਂ ਨਿਭਾਉਂਦੇ ਹੋਏ ਵਿਅਕਤੀ ਨੂੰ ਆਪਣੀ ਥਿਤ ਅਤੇ ਵਰਤ ਤੋਂ ਜਾਣੂ ਕਰਵਾਇਆ ਹੈ। ਕਰਮ-ਕਾਂਡ ਅਤੇ ਵਹਿਮਾਂ ਭਰਮਾਂ ਤੋਂ ਵਰਜਿਆ ਹੈ। ਏਕਾਦਸੀ ਦੇ ਵਰਤ ਸੰਬੰਧੀ ਵਿਚਾਰਾਂ ਨੂੰ ਪ੍ਰਗਟਾਉਂਦੇ ਹੋਏ ਸਦਾਚਾਰਕ ਅਰਥਾਂ ਨੂੰ ਗ੍ਰਹਿਣ ਕਰਨ ਉਤੇ ਬਲ ਦਿੰਦੇ ਆਪ ਲਿਖਦੇ ਹਨ।

ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ ॥
ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮ ॥

ਮਨਿ ਸੰਤੋਖੁ ਸਰਬ ਜੀਅ ਦਇਆ ॥
ਇਨ ਬਿਧਿ ਬਰਤੁ ਸੰਪੂਰਨ ਕਰਿਆ ॥
ਧਾਵਤ ਮਨੁ ਰਾਖੈ ਇਕ ਠਾਇ ॥
ਮਨੁ ਤਨੁ ਸੁਧੁ ਜਪਤ ਹਰਿ ਨਾਇ ॥
ਸਭ ਮਹਿ ਪੂਰਿ ਰਹੇ ਪਾਰਬ੍ਰਹਮ ॥
ਨਾਨਕ ਹਰਿ ਕੀਰਤਨੁ ਕਰਿ ਅਟਲ ਏਹੁ ਧਰਮ ॥'[25]

ਇਸ ਤਰ੍ਹਾਂ ਵਰਤਿਆਂ, ਰਸਮਾਂ ਦਾ ਖੰਡਨ ਕਰਕੇ ਇਕ ਪ੍ਰਭੂ ਦੀ ਅਰਾਧਨਾ ਵਲ ਮੋੜਿਆ ਹੈ।

ਰੁਤੀਂ ਵੀ ਇਸ ਸਮੇਂ ਵੰਡ ਉਤੇ ਆਧਾਰਿਤ ਲੋਕ-ਕਾਵਿ ਰੂਪ ਹੈ, ਜਿਸ ਵਿਚ ਖੁਸ਼ੀ ਅਤੇ ਮੰਗਲ ਦੀ ਭਾਵਨਾ ਹੁੰਦੀ ਹੈ। ਇਹ ਆਪ ਨੇ ਰਾਗ ਰਾਮਕਲੀ ਵਿਚ ਉਚਾਰੀ ਹੈ। ਇਸ ਵਿਚ ਅੱਠ ਛੰਤ ਤੇ 16 ਸਲੋਕ ਹਨ। ਇਸ ਵਿਚ ਬਾਰ੍ਹਾਂ ਮਹੀਨਿਆਂ ਵਿਚ ਖਟ-ਰਿਤੂ ਵਰਣਨ ਹੈ। ਪੰਜਾਬ ਦੀਆਂ ਛੇ ਰੁਤਾਂ ਦਾ ਉਲੇਖ ਕਰਕੇ ਪਰਮਾਤਮਾ ਦੇ ਮਿਲਾਪ ਲਈ ਪ੍ਰਬਲ ਤਾਂਘ ਦਰਸਾਈ ਹੈ। ਪ੍ਰਭੂ ਨਾਲ ਮਿਲਾਪ ਹੋਣ ਦਾ ਸਾਧਨ ਨਾਮ ਸਿਮਰਨ ਹੈ। ਪੁੰਨ ਦਾਨ ਇਸ ਦੀ ਬਰਾਬਰੀ ਨਹੀਂ ਕਰ ਸਕਦੇ :-

ਪੁੰਨ ਦਾਨ ਨਾ ਤੁਲਿ ਕਿਰਿਆ ਹਰਿ ਸਰਬ ਪਾਪਾ ਹੰਤ ਨਾਮੁ ॥
ਬਿਨਵੰਤਿ ਨਾਨਕ ਸਿਮਰਿ ਸੁਆਮੀ ਜਨਮ ਮਰਣ ਰਹੰਤ ਨਾਮੁ ॥'[26]

ਪ੍ਰਭੂ ਦੇ ਮਿਲਾਪ ਵਿਚ ਰੰਗਿਆਂ ਦੀ ਅਵਸਥਾ ਇਸ ਤਰ੍ਹਾਂ ਬਿਆਨ ਕੀਤੀ ਹੈ :-

'ਰੁਤੀ ਮਾਹ ਮੂਰਤ ਘੜੀ ਗੁਣ ਉਚਰਤ ਸੋਭਾਵੰਤ ਸੋਈ ॥
ਗੁਣ ਰੰਗਿ ਰਾਤੇ ਧੰਨਿ ਤੇ ਜਨ ਜਿਨੀ ਇਕ ਮਨਿ ਧਿਆਇਆ ॥'[27]

ਬਾਣੀ ਵਾਲੀ ਇਹ ਰੁਤਾਂ ਨੂੰ ਲੈ ਕੇ ਹਰ ਇਕ ਦੇ ਕੁਦਰਤੀ ਨਜ਼ਾਰੇ ਦੇ ਸੁਭਾਅ ~~ਤੇ ਪ੍ਰੇਮਕਰ ਉਹਨੇ~~ ਅਨੁਸਾਰ ਜੀਵਾਂ ਨੂੰ ਗੁਰ ਸਰਨ ਲਈ ਪ੍ਰਭੂ ਪ੍ਰੇਮ ਲਈ, ਪ੍ਰਭੂ ਮਿਲਾਪ ਦੀ ਪ੍ਰੇਰਨਾ ਦਿੱਤੀ ਹੈ। ਜਿਵੇਂ ਵੈਸਾਖ ਦੀ 'ਬਸੰਤ ਰੁਤ' ਜਿਸ ਵਿਚ ਰੁਖੇ ~~ਰੁਖ-ਸਖਣ ਜਾਪਦੇ ਅਤੇ~~ ਕੁਦਰਤੀ-~~ਵਰਖਾ~~-ਰੁਤ-ਰੁਖ ਹਰੇ ਹੁੰਦੇ ਹਨ, ਬਸੰਤ ਹੋਣਾ ਹੈ ਫਿਰ ਜੇਠ ਹਾੜ ਦੀ ਗਰਮੀ ਵਿਚ ਜੀਵਾਂ ਦੀ ਤਪਸ਼ ਸਾਵਣ ਭਾਦੋਂ ਦੀ ਕੁਦਰਤੀ ਵਰਖਾ ਰੁੱਤ ਵਿਚ ਮਿਲਾਪ, ਸ਼ਰਦ-ਰੁੱਤ ਦੀ ਸਰਦ ਰੁਤ ਵਿਚ ਮਿਲਾਪ ਦੀ ਤਾਂਘ, ਮੱਘਰ ਪੋਹ ਦੀ ਸਿਸ਼ੀਅਰ ਰੁੱਤ ਵਿਚ ਮਿਲਾਪ ਦੀ ਖੁਸ਼ੀ ਦੇ ਨਾਲ ਤੇ ਮਾਘ ਫੱਗਣ ਦੀ ਸਿਮਰਨ ਰੁਤ ਵਿਚ ਪ੍ਰਭੂ ਦੇ ਮਿਲਾਪ ਦੀ ਠੰਡਕ ਦਾ ਉਲੇਖ ਕੀਤਾ ਹੈ।

ਲੋਕ-ਕਾਵਿ ਰੂਪ ਦੀ ਤਰ੍ਹਾਂ ਰੂਪ, ਮੌਜੂਦਾ ਪਰਮਾਰਥੀ ਵਿਖਾਈ ਦੇ, ਪਰ ਪ੍ਰਭੂ 'ਗੁਰੂ ਨਾਲ ਇਕ ਰੋਮ ਰਾਖੋ' ਸਦਾ ਅਟੱਲ ਤੇ ਅਡੋਲ ਹੈ ਉਸ ਦੀ ਹੀ ਨਦਰ ਦੀ ਜਾਚ ਨੂੰ ਲੋਚ ਹੈ। ਇਸ ਵਿਚ ਧਿਆਨ ਦਾ ਵਿਕਾਸ ਲੋਕ-ਬਾਣੀ ਨਾਲ ਕੀ ਹੋਇਆ ਹੈ ਪ੍ਰਕ੍ਰਿਤੀ ਚਿਤਰਣ, ਪਹਿਰੇ ਦਾ ਵਰਣਨ ਮਿਲਾਪ ਰਾਹੀਂ ਗੁਰੂ ਤੇ ਮੰਡਲ ਦੀ ਕਾਮਨਾ ਨੂੰ ਪ੍ਰਗਟਾਇਆ ਹੈ, ਜਿਹੜੀ ਮੱਧ ਇਹ ਵਿਚ ਆਮ ਮਿਲਦੀ ਹੈ।

ਇਸ ਪ੍ਰਕਾਰ ਸਿੱਧੀ ਤੇ ਪ੍ਰਤੱਖ ਰੂਪ ਵਿਚ ਲੋਕ-ਕਾਵਿ ਰੂਪਾਂ ਦੀ ਵਰਤੋਂ ਕਰਕੇ ਆਪ ਮਨੁੱਖ ਦੇ ਦ੍ਰਿਸ਼ਟੀਕੋਣ ਦਾ ਮੁੱਖ ਪ੍ਰਗਟਾ ਵਿਚ ਸਮਰੱਥ ਹੋਏ ਹਨ। ਆਪਣੇ ਵਿਚਾਰਾਂ ਨੂੰ ਉਨ੍ਹਾਂ ਕਾਵਿ-ਸ਼ੈਲੀਆਂ ਵਿਚ ਪੇਸ਼ ਕੀਤਾ ਹੈ ਜੋ ਲੋਕ-ਮਨ ਨੂੰ ਪਿਆਰੀਆਂ ਹਨ। ਕਰਮ ਕਾਂਡ ਨੂੰ ਅਣਗੌਲਿਆ ਕੀਤਾ ਹੈ ਤੇ ਉਸ ਦੇ ਸਥਾਨ ਤੇ ਨਾਮ ਸਿਮਰਨ ਦੇ ਨਾਲ ਜੁੜਨੇ ਵਿਸ ਦੀ ਮਹੱਤਤਾ ਦਰਸਾਈ ਹੈ, ਜੋ ਜੀਵ ਨੂੰ ਬ੍ਰਹਮ ਨਾਲ ਇਕ ਮਿਕ ਕਰ ਦਿੰਦਾ ਹੈ ਤੇ ਜੀਵ ਦਾ ਸੰਸਾਰ ਵਿਚ ਆਉਣਾ ਸਫਲ ਹੋ ਜਾਂਦਾ ਹੈ। ਇਸ ਪ੍ਰਕਾਰ ਗੁਰੂ ਅਰਜਨ ਦੇਵ ਜੀ ਨੇ ਪਰੰਪਰਾਗਤ ਕਾਵਿ-ਰੂਪ ਦੀ ਮੂਲ ਭਾਵਨਾ ਨੂੰ ਮੁਖ ਰਖਦਿਆਂ ਹੋਇਆਂ ਰਾਗ ਮੰਡਲ ਦੇ ਗੁਰਬਾਣੀ ਰੂਪਾਂ ਨੂੰ ਪਿਛੋਕੜ ਵਿਚ ਰਖ ਕੇ, ਵਿਯੋਗ ਦੂਰ ਕਰਨ ਤੇ ਪ੍ਰਭੂ-ਪ੍ਰੇਮ ਰਾਹੀਂ ਪ੍ਰਭੂ-ਮਿਲਾਪ ਦੀ ਪ੍ਰੇਰਨਾ ਦਿੱਤੀ ਹੈ। ਆਪ ਨੇ ਸਪਸ਼ਟ ਰੂਪ ਵਿਚ ਦਿਖਾਇਆ ਹੈ ਕਿ ਹਰ ਰੁਤ ਸੁਹਾਵਣੀ ਹੈ ਜਿਸ ਵਿਚ ਪ੍ਰਭੂ ਦੇ ਗੁਣਾਂ ਦਾ ਗਾਇਨ ਹੋਵੇ।

ਉਪਰੋਕਤ ਬਾਣੀਆਂ ਤੋਂ ਇਲਾਵਾ ਕੁਝ ਹੋਰ ਅਪਾਰੰਪਰਕ ਕਾਵਿ-ਰੂਪਾਂ ਵਿਚ ਉਚਾਰੀਆਂ ਗਈਆਂ ਹਨ, ਜਿਨ੍ਹਾਂ ਵਿਚ ਸਿੱਧੀ ਤੇ ਪ੍ਰਤੱਖ ਰੂਪ ਵਿਚ ਲੋਕ-ਤੱਤਾਂ ਦੀ ਵਰਤੋਂ ਹੋਈ ਲਗਦੀ ਹੈ।

ਹੁਣ ਕੁਝ ਉਹਨਾਂ ਬਾਣੀਆਂ ਉਪਰ ਵਿਚਾਰ ਪ੍ਰਸਤੁਤ ਕਰਦੇ ਹਾਂ ਜਿਨ੍ਹਾਂ ਦਾ ਸੰਬੰਧ ਕਿਸੇ ਸੰਸਕਾਰ ਨਾਲ ਹੈ ਜਿਵੇਂ ਕਿ ਜਨਮ, ਵਿਆਹ ਜਾਂ ਮ੍ਰਿਤੂ ਆਦਿਕ। ਇਹ ਬਾਣੀਆਂ ਹਨ, ਸੋਹਿਲੇ, ਘੋੜੀਆਂ, ਅੰਜਲੀ, ਮੁੰਦਾਵਣੀ ਤੇ ਸੁਖਮਨੀ। ਇਹ ਕਾਵਿ-ਰੂਪ ਲੋਕ-ਤੱਤ ਤੇ ਹੀ ਉਸਰੇ ਤੇ ਲੋਕ ਵਿਚ ਆਏ ਹਨ ਜਿਨ੍ਹਾਂ ਦਾ ਆਧਾਰ ਕਾਵਿ-ਤੱਤ ਨਹੀਂ ਹਨ।

'ਸੋਹਿਲਾ' ਅਜਿਹਾ ਲੋਕ-ਕਾਵਿ ਰੂਪ ਹੈ ਜਿਸ ਵਿਚ ਘਰੇ ਦੇ ਜਨਮ ਅਤੇ ਵਿਆਹ ਸਮੇਂ ਦੇ ਗੀਤ ਸੰਮਿਲਿਤ ਹੁੰਦੇ ਹਨ।[28] ਜਿਨ੍ਹਾਂ ਵਿਚ ਰੱਬ, ਕਰਮਕਾਂਡੀਆਂ ਦੇ ਮਾਨ ਰੀਤਾਂ ਸਧਰਾਂ, ਲੋਆਂ ਤੇ ਸੁਪਨੇ ਰੂਪਮਾਨ ਹੁੰਦੇ ਹਨ। ਗੁਰੂ ਅਰਜਨ ਸਾਹਿਬ ਨੇ ਮਾਰੂ ਰਾਗ ਵਿਚ ਸੋਲਹੇ ਲਿਖੇ ਹਨ। ਇਸ ਵਿਚ ਸੋਲਹੇ ਤੋਂ ਭਾਵ ਹੈ ਸੋਲਹ ਪਦਿਆਂ ਦਾ ਸਮੂਹ।[29] ਇਸ ਵਿਚ ਆਪ ਨੇ 14 ਸੋਲਹੇ ਲਿਖੇ ਹਨ, ਜੋ ਗੁਣਾਂ ਅਨੁਸਾਰ ਲੋਕ-ਕਾਵਿ ਰੂਪ ਸੋਹਿਲੇ ਦੀ ਤਰ੍ਹਾਂ ਹਨ। ਪ੍ਰਭੂ ਦੀ ਸਿਫਤ ਸਲਾਹ ਹੈ, ਜਿਸ ਨੇ ਸ੍ਰਿਸ਼ਟੀ ਦੀ ਸਿਰਜਣਾ ਕੀਤੀ ਹੈ, ਸਾਰੇ ਬ੍ਰਹਿਮੰਡ ਨੂੰ ਸਾਜਿਆ ਹੈ। ਉਹ ਆਪ ਅਨੇਕ-ਸਰੂਪ ਹੈ ਤੇ ਅਨੇਕ ਪ੍ਰਕਾਰ ਕਰਦਾ ਹੈ। ਨਿਰਗੁਣ ਤੇ ਸਰਗੁਣ ਦੋਹਾਂ ਰੂਪਾਂ ਵਿਚ ਵਰਤਦਾ ਹੈ। ਉਸ ਦੀ

ਜਾਂਦੀ ਕਰਨਾ ਉਸ ਦਾ ਲੇਖ ਕਾਇਮ ਕਰ ਰਹੀ ਹੈ। ਪਾਰਬ੍ਰਹਮ ਦੀ ਵਿਆਪਕਤਾ ਸੂਚਕ ਰਚਨਾ ਤੇ ਮਨੁਖੀ ਜਨਮ ਦੀ ਉੱਤਮਤਾ ਬਾਰੇ ਤੁਕਾਂ ਇਸਤਰ੍ਹਾਂ ਹਨ :-

ਆਦਿ ਨਿਰੰਜਨੁ ਪ੍ਰਭੁ ਨਿਰੰਕਾਰਾ ॥
ਸਭ ਮਹਿ ਵਰਤੈ ਆਪਿ ਨਿਰਾਰਾ ॥
ਵਰਨ, ਜਾਤਿ, ਚਿਹਨੁ ਨਹੀ ਕੋਈ
ਸਭ ਹੁਕਮੇ ਸ੍ਰਿਸਟਿ ਉਪਾਇਦਾ ॥
ਲਖ ਚਉਰਾਸੀਹ ਜੋਨਿ ਸਬਾਈ ॥
ਮਾਣਸ ਕਉ ਪ੍ਰਭਿ ਦੀਈ ਵਡਿਆਈ ॥
ਇਸੁ ਪਉੜੀ ਤੇ ਜੋ ਨਰੁ ਚੂਕੈ,
ਸੋ ਆਇ ਜਾਇ ਦੁਖੁ ਪਾਇਦਾ ॥ "[30]

ਬ੍ਰਹਿਮੰਡ ਦੀ ਉਤਪਤੀ ਸੰਬੰਧੀ ਲਿਖਦੇ ਹਨ :-

ਜੋ ਦੀਸੈ ਸੋ ਤੇਰੋ ਰੂਪੁ ॥
ਅਨੇਕ ਤੇਰੇ ਸੂਰਤਿ ਰੂਪੀਂ ॥
ਤੂਹੀ ਅਗਮ ਨ ਜਾਪਹਿ ਜਾਤੀ ॥
ਸਗਲ ਤੁਮਾਰੀ ਧਾਰਨਾ ॥ "[31]

ਪਾਰਬ੍ਰਹਮ ਦੀ ਨਿਰਗੁਣ ਸਰੂਪ ਬਾਰੇ ਕਹਿੰਦੇ ਹਨ :-

'ਸਿਮਰੈ ਧਰਤੀ ਅਰੁ ਆਕਾਸਾ ॥
ਸਿਮਰਹਿ ਚੰਦ ਸੂਰਜੁ ਗੁਣ ਤਾਸਾ ॥
ਪਉਣ ਪਾਣੀ ਬੈਸੰਤਰ ਸਿਮਰਹਿ
ਸਿਮਰੈ ਸਗਲ ਉਪਾਰਜਨਾ ॥'[32]

ਲੇਖ-ਕਾਰ ਕਵੀਆਂ ਤੁਕਾਂ ਵਿਚ ਦਰਸਾਇਆ ਹੈ ਕਿ ਸਗਲ ਦ੍ਰਿਸ਼ਟਮਾਨ ਜੋ ਹੈ ਦੇਖ ਰਹੇ ਹਾਂ ਸਭੇ ਹੈ, ਜਿਸ ਦੇ ਅਸਾਰ ਰੂਪ ਹਨ, ਗਿਣਤੀ ਨਹੀਂ ਜਾ ਸਕਦੀ। ਇਸ ਪ੍ਰਕਾਰ ਲੇਖਕ ਨੂੰ ਰਚਨਾ ਦੀ ਸਾਰੇ ਤੇ ਰਚਨਹਾਰ ਨਜ਼ਰ ਆਇਆ ਹੈ।

'ਕੁਦਰਤਿ' ਦੀ ਇਕ ਸੁੰਦਰ ਤਸਵੀਰ ਹੈ ਜੋ ਕਵੀ ਦੇ ਜਨਮ ਸਮੇਂ ਦਾ ਦ੍ਰਿਸ਼ਟਾਂਤ ਹੈ ਜੋ ਰਾਗ-ਤੁਖਾਰ ਬਾਰਹ ਮਾਹਾ ਉਚਾਰਿਆ ਜਾਂਦਾ ਹੈ। ਲੋਕ-ਗੀਤ ਦੇ ਰੂਪ ਅਨੁਕੂਲ ਹੀ ਗੁਰੂ ਅਰਜਨ ਦੇਵ ਜੀ ਕੁਦਰਤ ਵਿਚ ਆਪਣੇ ਵਿਚਾਰਾਂ ਨੂੰ ਅਭਿਵਿਅਕਤ ਕੀਤਾ ਹੈ। ਇਸ ਸ਼ੈਲੀ ਰਾਹੀਂ ਰਚਨਾ

ਇਹ ਜੀਵ-ਆਤਮਾ ਰੂਪੀ ਇਸਤਰੀ ਜੇਠ੍ਹਾਂ ਇੰਤਜ਼ਾਰ ਕਰਨ ਪਿਛੋਂ ਪ੍ਰਭੂ ਦੇ ਵਸਾਲ ਲਈ ਤੜਪਦੀ ਹੈ ਉਸ ਦੇ ਚਰਨਾਂ ਦੀ ਸੁੱਚੀ ਤਾਂਘ ਰਖਦੀ ਹੈ :-

'ਸੰਤ ਸਭਾ ਮਹਿ ਬੈਸਿ ਕਿ ਕੀਰਤਿ ਮੈ ਕਹਾਂ ॥
ਅਰਪੀ ਸਭੁ ਸੀਗਾਰੁ ਏਹੁ ਜੀਉ ਸਭੁ ਦਿਵਾ ॥
ਆਸ ਪਿਆਸੀ ਸੇਜ ਸੁ ਕੰਤਿ ਵਿਛਾਈਐ ॥
ਹਰਿ ਹਾਂ ਮਸਤਕਿ ਹੋਵੈ ਭਾਗੁ ਤ ਸਾਜਨੁ ਪਾਈਐ ॥'[33]

ਪ੍ਰਭੂ ਦਾ ਵਸਾਲ ਨਾਮ ਸਿਮਰਨ ਤੇ ਸਤਿਗੁਰੂ ਦੀ ਸਰਨ ਰਾਹੀਂ ਪ੍ਰਾਪਤ ਹੁੰਦਾ ਹੈ ;

[illegible] ਜਾਣਾ ਅਤਿ ਪ੍ਰੇਮ ਪ੍ਰਭ ਨਾਵਰੈ ॥
ਪੰਚ ਸਤਾਵਹਿ ਦੂਤ ਕਵਨ ਬਿਧਿ ਮਾਰੀਐ ॥
ਮਾਰਿ ਤੀਖਣ ਬਾਣਹਿ ਨਾਮੁ ਪ੍ਰਭ ਧਾਈਐ ॥
ਹਰਿ ਹਾਂ ਮਹਾਂ ਬਿਖਾਦੀ ਘਾਤ ਪੂਰਨ ਗੁਰੁ ਪਾਈਐ ॥
ਮੈਨੂੰ ਨਾਮ ਜਿਨ੍ਹਾਂ ਦਿਤਾ ਤੁਸਿ ਕੇ ॥[34]

ਮੰਨਣ ਦੀ ਅਸਮਰਥਤਾ ਵਿਚ ਜਕੜੇ ਹੋਏ ਮਾਨਵ ਨੂੰ 'ਭਰਮ ਭੁਲਾਣੂ' ਦੀ ~~ਅਸਮਰਥਤਾ~~ ਪ੍ਰਾਪਤੀ ਦੇ ਦੂਰ ਕਰਨ ਦਿਆਂ ਸੁਝਾਇਆ ਹੈ :-

ਭਿਰਮੂਲ ਕਰਨ ਕੁਬਾਣਿ ਮਨੁ ਮਦ ਮਾਣਹੀ ॥
ਹਰਿ ਹਾਂ ਹਰਿ ਚੰਦਉਰੀ ਪੇਖਿ ਕਾਹੇ ਸੁਖੁ ਮਾਣਹੀ ॥ - - - -
ਤੇਰੇ ਹੋਇ ਕੁਬਾਣ ਜਾਣਿ ਏਹੈ ਬਖਸਣੀ ॥
ਹਰਿ ਹਾਂ ਬਿਨੁ ਨਾਵੈ ਤਨੁ ਜਾਣੁ ਖ੍ਰਿਆ ਸਭੁ ਸਾਹਣੀ ॥[35]

'ਫੁਨਹੇ'[36] ਵਿਚ 'ਹਰਿ ਹਾਂ' ਸ਼ਬਦ ਦਾ ਦੁਹਰਾਓ ਲੋਕ-ਗੀਤਾਂ ਵਰਗਾ ਰਸ ਪੈਦਾ ਕਰਦਾ ਹੈ ਤੇ ਨਾਲੇ ਹੋਈ ਜੀਵ-ਆਤਮਾ ਰੂਪੀ ਦੁਲਹਨ ਦੇ ਮਨੋਭਾਵਾਂ ਦਾ ਚਿਤ੍ਰਣ ਕਰਦਾ ਹੋਇਆ ਪ੍ਰੇਮ-ਲੋਕ-ਪ੍ਰਕਿਰਤੀਆਂ ਦੇ ਦ੍ਰਿਸ਼ਟੀਕੋਣ ਵਿਚ ਨਵੇਕਲੀ ਸਿਆਣਪ ਹੈ ।

'ਅੰਜਲੀ' ਹੱਥ ਜੋੜਿਆਂ ਤੇ ਪਿੱਤਰਾਂ ਨੂੰ ਪਾਣੀ ਦੀ ਭਰੀ ਅਰਪਨ ਕਰਨ ਦੀ ਰੀਤ ਨਾਲ ਸੰਬੰਧਿਤ ਕਾਵਿ-ਰੂਪ ਹੈ[37] । ਅੰਜੁਲੀ ਸ਼ਬਦ ਦਾ ਅਰਥ ਬੋਕਣੀ ਹੈ[38] । ਪਰਮ ਤੱਤ ਦੀ ਭਗਤ ਨਾਲ ਜਿਹੜੇ ਲੋਕ ਜੋੜ ਰਹੇ ਹੁੰਦੇ ਹਨ, ਉਨ੍ਹਾਂ ਦੀ ਮਨੋ ਅਭਿਵਿਅੰਜਨਾ ਗੁਰੂ ਅਰਜਨ ਦੇਵ ਜੀ ਨੇ 'ਅੰਜਲੀ' ਜਾਂ 'ਅੰਜੁਲੀਆਂ' ਨਾਂ ਦੀਆਂ ਬਾਣੀਆਂ ਵਿਚ ਕੀਤੀ ਹੈ[39] । ਰਾਗ ਮਾਰੂ ਵਿਚ ਅੰਜੁਲੀ ਤੇ ਅੰਜੁਲੀਆਂ ਰਚੀਆਂ ਹਨ । ਅੰਜੁਲੀ ਵਿਚ ਇਕ ਚਉਪਦਾ ਤੇ ਇਕ ਪੰਚਪਦਾ ਹੈ। ਅੰਜੁਲੀਆਂ ਵਿਚ ਦੋ ਅਸ਼ਟਪਦੀਆਂ ਹਨ। ਜਿਨ੍ਹਾਂ ਵਿਚ ਪ੍ਰਭੂ ਦੀ ਸਰਬਸ਼ਕਤੀਮਾਨਤਾ, ਮਨੁੱਖਾ ਜਨਮ ਦੀ ਸ੍ਰੇਸ਼ਟਤਾ,

ਸੰਸਾਰ ਦੀ ਨਾਸ਼ਮਾਨਤਾ, ਸਾਧ ਸੰਗ ਦੀ ਸੋਭਾ ਅਭਿਵਿਅਕਤ ਕਰਦੇ ਹੋਏ ਸਤਿਗੁਰੂ ਦੀ ਕਿਰਪਾ ਦਾ ਦਾਨ- ਮੰਗਿਆ ਹੈ ਜੋ ਮਨੁੱਖ ਜਿਹੜੇ ਤੇ ਮਾਇਆ ਦੇ ਮੋਹ ਉਤਾਰਦਾ ਹੈ :-

ੳ) ਸਿਰਜਣਹਾਰੈ ਕਢਿ ਲਇਅਨੁ ਆਪੇ ॥
ਸਾਧ ਸੰਤ ਸਾਚੁ ਤਿਸ ਹੈ ਜਾਪੇ ॥ 40

ਅ) ਠਾਕੁਰ ਜਨਾ ਕਾ ਨਾਮਅਧਾਰਾ ॥
ਸੰਤ ਜਨਾ ਕੇ ਸਦਿ ਪ੍ਰਾਨ ਅਧਾਰਾ ॥ 41

ੲ) ਬਿਰਧਿ ਹੋਇ ਸਭਿ ਜੋਗ ਜਿਸਹਿ ॥
ਜਿਸਿ ਤਰੀ ਜਿਸਿ ਭੋਗਿ ਮਿਠੀ ॥
ਅਸਤੁ ਉਪੇਦੁ ਕਰਿਆ ਉਠਿ ਚਲੀ
ਜਿਉ ਜਿਉ ਅਹੁਕ ਦਿਖਾਇਆ ॥ 42

ਸ) ਮਿਰਤ ਜਨੀ ਤਾ ਅਸਾਮੁ ਪਿਆਸੀ ॥
ਸੰਤਾ ਸੰਗਤਿ ਸਕਲਿ ਨ ਪਾਸੀ ॥
ਅੰਮ੍ਰਿਤ ਨਾਮੁ ਦਾਨੁ ਨਾਨਕ ਕਉ ਗੁਰ ਕੀਆ ਇਕ ਵਖਾਣਿਆ ॥ 43

ਗੁਰੂ ਅਰਜਨ ਦੇਵ ਨੇ ਇਸ ਕਾਵਿ-ਰੂਪ ਵਿਚ ਅਧਿਆਤਮਕ ਵਿਚਾਰ ਨੂੰ ਲੋਕ-ਭਾਵਾਂ ਦੇ ਅਨੁਕੂਲ ਢਾਲ ਲਿਆ ਹੈ। ਆਪਣੇ ਆਪ ਨੂੰ ਪ੍ਰਭੂ ਅੱਗੇ ਅਰਪਣ ਕਰ ਦੇਣਾ, ਨਾਮ ਮੰਗਣਾ, ਪ੍ਰਭੂ ਮਿਲਣ ਵਿਚ ਗੁਰੂ ਦੀ ਪ੍ਰੇਰਨਾ ਆਦਿ ਨੂੰ ਲੋਕ-ਰੰਗਾਂ ਨਾਲ ਓਤ ਪੋਤ ਕਰ ਦਿੱਤਾ ਹੈ। ਇਸ ਨਾਲ ਆਪ ਦੀ ਰਚਨਾ ਦੀ ਲੋਕ-ਪ੍ਰਿਅਤਾ ਵਿਚ ਹੋਰ ਵੀ ਵਾਧਾ ਹੋਇਆ ਹੈ ਤੇ ਬਾਣੀ ਨਿੱਤ ਦੇ ਜੀਵਨ ਨਾਲ ਸੰਬੰਧਿਤ ਹੋ ਗਈ ਹੈ।

'ਮੁੰਦਾਵਣੀ' ਕਾਵਿ-ਰੂਪ ਦੀ ਹੋਂਦ ਵੀ ਇਸ ਗੱਲ ਤੋਂ ਹੋਈ ਹੈ। ਜੋ ਪਹਿਲੀ ਪਠੋਹਾਰ ਦੇ ਇਲਾਕੇ ਵਿਚ ਜੰਞ ਨੂੰ ਰੋਟੀ ਖਾਣ ਸਮੇਂ 'ਥਾਲੀ' ਬੰਨ੍ਹ ਕੇ ਜਾਂਦੀ ਜਾਂਦੀ ਸੀ। ਇਸ ਰੀਤ ਕਰਕੇ ਜਾਨੀ ਕਈ ਕੋਰ ਅਤੇ ਬੁਝਾਰਤਾਂ ਮੁੰਦਾਵਣੀ ਅਖਵਾਉਂਦੀਆਂ ਸਨ। ਇਨ੍ਹਾਂ ਗੀਤਾਂ ਵਿਚ ਥਾਲੀ ਅਤੇ ਉਸ ਵਿਚ ਪਰੋਸੀਆਂ ਵਸਤੂਆਂ ਦਾ ਉਲੇਖ ਹੁੰਦਾ ਸੀ। ਮੁੰਦਾਵਣੀ ਇਸ ਨੂੰ ਡਾ. ਸੁਰਿੰਦਰ ਸਿੰਘ ਕੋਹਲੀ ਨੇ ਮੋਹਰ ਆਖਿਆ ਹੈ, ਇਸ ਵਿਚ ਗੁਰੂ ਅਰਜਨ ਦੇਵ ਜੀ ਨੇ ਦੋ ਸ਼ਲੋਕ ਰਚੇ ਹਨ। ਪਹਿਲੇ ਵਿਚ ਰੂਹਾਨੀ ਦਾ ਪਸਾਰਾ ਅਤੇ ਗੁਰੂ ਗ੍ਰੰਥ ਸਾਹਿਬ ਰੂਪੀ ਥਾਲ ਵਿਚ ਪਈਆਂ ਵਸਤੂਆਂ ਵੱਲ ਸੰਕੇਤ ਕੀਤਾ ਹੈ।

'ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ।'
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥ 44

ਦੂਜੇ ਸ਼ਲੋਕ ਵਿਚ ਵਾਹਿਗੁਰੂ ਦੀ ਰਹਿਮਤ ਦਾ ਉਲੇਖ ਹੈ ਜਿਸ ਨਾਲ ਹੀ ਨਿਰਵਿਘਨ ਸੰਪੂਰਨਤਾ ਹੋਂਦੀ ਹੈ ਤੇ ਫਿਰ ਨਾਮ ਦੀ ਮੰਗ ਕੀਤੀ ਜਿਸ ਨਾਲ ਤਨੁ ਮਨੁ ਥੀਵੈ ਵਿਚ ਆ ਜਾਂਦਾ ਹੈ।

ਡਾ. ਜੋਗਿੰਦਰ ਸਿੰਘ ਰੈਣੀ ਦੇ ਵਿਚਾਰ ਵਿਚ ਤਾਂ ਗੁਰੂ ਅਰਜਨ ਸਾਹਿਬ ਦੀ ਜੋ ਸਭ ਤੋਂ ਲੰਮੀ ਤੇ ਪ੍ਰਸਿੱਧ ਬਾਣੀ 'ਸੁਖਮਨੀ' ਹੈ ਉਸ ਦਾ ਨਾਮ ਵੀ ਜੋਗੀਆਂ ਵਿਚ ਪ੍ਰਚਲਿਤ 'ਸੁਖਮਨਾ' ਨਾੜੀ ਉਤੇ ਅਧਾਰਤ ਹੈ।[45] ਜੋਗ ਮਤ ਅਨੁਸਾਰ ਸਾਡੇ ਸਰੀਰ ਵਿਚ ਤਿੰਨ ਨਾੜੀਆਂ ਹਨ, ਇੜਾ, ਪਿੰਗਲਾ ਤੇ ਸੁਖਮਨਾ। ਸੁਖਮਨਾ ਨਾੜੀ ਧੜ ਦੇ ਮੂਲ ਤੋਂ ਲੈ ਕੇ ਰੀੜ੍ਹ ਦੀ ਹੱਡੀ ਦੇ ਨਾਲ ਨਾਲ ਚਲਦੀ ਹੋਈ ਦਿਮਾਗ ਤਕ ਪਹੁੰਚਦੀ ਹੈ। ਇਸ ਦੇ ਸੱਜੇ ਪਾਸੇ ਪਿੰਗਲਾ ਅਤੇ ਖੱਬੇ ਪਾਸੇ ਇੜਾ ਹੁੰਦੀ ਹੈ। ਅਭਿਆਸ ਦੁਆਰਾ ਜੋਗੀ ਸੁਖਮਨਾ ਨਾੜੀ ਵਿਚ ਪ੍ਰਾਣ ਚਲਾਉਂਦੇ ਹਨ ਤੇ ਅਨਹਦ ਨਾਦ ਸੁਣ ਕੇ ਪ੍ਰਸੰਨ ਚਿੱਤ ਹੁੰਦੇ ਹਨ। ਜੋਗੀ ਪ੍ਰਾਣਾਯਾਮ ਦੀ ਜੁਗਤੀ ਨਾਲ ਕੁੰਡਲਨੀ ਸ਼ਕਤੀ ਜਗਾਉਂਦੇ ਹਨ ਤੇ ਦਸਮ ਦੁਆਰ ਤੇ ਅੰਮ੍ਰਿਤ ਧਾਰ ਟਪਕਾ ਕੇ ਪੀਂਦੇ ਹਨ। ਅਭਿਆਸ ਸਮੇਂ ਉਹ ਮੰਤਰ ਦਾ ਜਾਪ ਕਰਦੇ ਹਨ ਜੋ 'ਸੁਖਮਨਾ' ਅਖਵਾਉਂਦਾ ਹੈ।[46]

ਗੁਰੂ ਅਰਜਨ ਦੇਵ ਜੀ ਨੇ ਗਉੜੀ ਰਾਗ ਵਿਚ ਸੁਖਮਨੀ ਦੀ ਰਚਨਾ ਕੀਤੀ ਹੈ ਜਿਸ ਦਾ ਉਦੇਸ਼ ਦਸਦੀ ਹੈ ਕਿ ਨਾਮ ਸਿਮਰਨ ਰਾਹੀਂ ਅਨੰਦ ਦੀ ਅਵਸਥਾ ਤਕ ਪਹੁੰਚ ਕੇ ਅੰਮ੍ਰਿਤ ਪਾਨ ਕਰਨਾ ਹੈ :-

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮ ॥
ਭਗਤ ਜਨਾ ਕੈ ਮਨਿ ਬਿਸ੍ਰਾਮ ॥ ਰਹਾਉ ॥[47]

'ਸੁਖਮਨੀ' ਤੇ 'ਅੰਮ੍ਰਿਤ' ਸ਼ਬਦਾਂ ਦੀ ਵਰਤੋਂ ਤੋਂ ਇਹ ਪ੍ਰਭਾਵ ਹੁੰਦਾ ਹੈ ਕਿ ਇਹ ਜ਼ਰੂਰ ਜੋਗ-ਮਤ ਤੋਂ ਆਏ ਹਨ।

ਉਪਰੋਕਤ ਰਚਨਾਵਾਂ ਤੋਂ ਅਤਿਰਿਕਤ ਬਾਕੀ ਦੀਆਂ ਰਚਨਾਵਾਂ ਥਿਤਵਾਰ, ਬਾਵਨ ਅਖਰੀ, ਗੁਣਵੰਤੀ, ਰੁਤੀ, ਕਰਹਲੇ ਤੇ ਵਾਰਾਂ ਅਜਿਹੇ ਲੋਕ-ਕਾਵਿ-ਰੂਪ ਹਨ ਜੋ ਆਪ ਦੇ ਸਮੇਂ ਕਾਫੀ ਪ੍ਰਚਲਿਤ ਸਨ। ਜਿਨ੍ਹਾਂ ਦਾ ਇਕ ਨਿਸ਼ਚਿਤ ਕਲਾ-ਪ੍ਰਬੰਧ ਤੇ ਚਰਿੱਤਰ ਸੀ।

'ਥਿਤਵਾਰ' ਵਿਚ ਥਿਤੀ ਤੇ ਵਾਰਾਂ ਰਚਨਾਵਾਂ ਦਾ ਲੋਕ-ਕਾਵਿ ਰੂਪ ਹੈ। ਗੁਰੂ ਅਰਜਨ ਦੇਵ ਜੀ ਨੇ ਥਿਤ ਥਿਤ ਸਮਝਾਉਣ ਵਾਲੀ ਤਿੰਨ ਥਿਤੀਆਂ ਰਚੀਆਂ ਹਨ। ਜਿਨ੍ਹਾਂ ਵਿਚ ਪਾਰਬ੍ਰਹਮ ਪਾਸ ਬੇਨਤੀ ਹੈ ਕਿ ਕਿਰਪਾ ਕਰੇ ਤੇ ਚਿੰਤਾ ਦੂਰ ਹੋਵੇ ਤੇ ਦਰਸ਼ਨ ਦੀ ਪ੍ਰਾਪਤੀ ਹੋਵੇ :-

ਸੁੰਦਰੁ ਸੁਘਰ ਸੁਜਾਣੁ ਪ੍ਰਭੁ ਮੇਰਾ ਜੀਵਨ ਦਰਸੁ ਦਿਖਾਇ ॥
ਜੋ ਜੀਅ ਤੁਝ ਤੇ ਬੀਛੁਰੇ ਪਿਆਰੇ ਜਨਮਿ ਮਰਹਿ ਬਿਖੁ ਖਾਇ ॥[48]

ਇਨ੍ਹਾਂ ਵਿਚ 'ਪਿਆਰੇ' ਸ਼ਬਦ ਦਾ ਦੁਹਰਾਓ ਲੋਕ-ਗੀਤਾਂ ਦੀ ਲੈਅ ਤੇ ਧਾਰਨਾ ਕੀਤਾ ਹੈ । ਵਸਤੂ ਲੌਕਿਕ ਹੈ। ਲੋਕ ਵਿਸ਼ਵਾਸ਼ ਹੈ ਕਿ ਸਾਧ - ਸੰਤ ਭਵ- ਸਾਗਰ ਤੋਂ ਪਾਰ ਕਰਦਾ ਹੈ । ਗੁਰੂ ਜੀ ਤਾਂ ਹੀ ਲਿਖਦੇ ਹਨ :-

ਬੰਧਨੁ ਤੁਟਿਆ ਸਾਧ ਕਾ ਨਾਨਕ ਤੇ ਸਾਗਰੁ ਪਾਰਿ ਪਰਾਹਿ ॥[49]

ਪਰ ਨਾਮ ਸਿਮਰਨ ਸਾਧਨਾ ਵਡੇਰੀ ਹੈ ਜੋ ਇਸ ਦੇ ਰਾਹ ਨੂੰ ਸੁਹੇਲਾ ਕਰਦਾ ਹੈ :-

ਇਕ ਤੇਰਿ ਸਚੁ ਸੁਹਾਵੜੇ ਪਿਆਰੇ ਜਿਤੁ ਜਪੀਐ ਹਰਿ ਨਾਉ ॥[50]

ਇਸ ਤਰ੍ਹਾਂ ਜਿੰਦਗੀ ਦੀਆਂ ਕਈ ਸਚੀ ਅਮਿਤੀ ਇਨ੍ਹਾਂ, ਲੋਕ- ਕਾਵਿ ਰੂਪਾਂ ਵਿਚ ਦਰਸਾਈਆਂ ਹਨ। ਜੀਵਨ ਦਾ ਆਦਰਸ਼ ਮੋਹ ਮਾਇਆ ਤੇ ਕਾਬੂ ਉਹੀ ਰੱਖ ਕੇ ਤੇ ਉਸ ਦਾ ਗਿਆਨ ਹੀ ਗ੍ਰਿਹਸਥ ਦਾ ਆਧਾਰ ਹੈ । ਇਸ ਤਰ੍ਹਾਂ ਗੁਰੂ ਜੀ ਦੀ ਪ੍ਰਵਿਰਤੀ ਨੂੰ ਲੋਕ-ਮੁਖੀ ਰਖਿਆ ਹੈ । ਵਿਸ਼ੇ ਦੀ ਵਿਸ਼ਾਲਤਾ ਦੇ ਅਨੁਕੂਲ ਲੋਕ-ਗੀਤਾਂ ਵਰਗਾ ਸੰਗੀਤਕ ਪੱਖ ਇਨ੍ਹਾਂ ਨੂੰ ਲੋਕ-ਜੀਵਨ ਨਾਲ ਜੋੜੀ ਰਖਦਾ ਹੈ ।

'ਬਾਵਨ ਅੱਖਰੀ' ਇਕ ਵਰਣ ਮਾਲਾ ਕਾਵਿ-ਰੂਪ ਹੈ । ਇਸ ਦੀ ਨਾ ਕੋਈ ਸੰਗੀਤਕ ਧੁਨੀ ਹੈ ਨਾ ਹੀ ਕੋਈ ਵਿਸ਼ੇਸ਼ ਛੰਦ ਦਾ ਬੰਧਨ ਸੀ । ਇਸੇ ਲਈ ਇਹ ਪਰਪੱਕ ਰੂਪ ਹੈ ਕਿ ਮੂਲ ਰੂਪ ਵਿਚ ਇਹ ਸਿਰਫ ਵਰਣਾਤਮਕ ਕਾਵਿ-ਰੂਪ ਹੀ ਸੀ । ਸੁਪ੍ਰਸਿੱਧ ਸ਼ਬਦ ਤਾਂ ਇਹੋ ਦੱਸਦੇ ਹਨ ਕਿ ਸੰਸਕ੍ਰਿਤ ਭਾਸ਼ਾ ਦੇਵਨਾਗਰੀ ਦੇ ਬਾਵਨ (ਬਵੰਜਾ) ਅੱਖਰਾਂ ਦੇ ਕ੍ਰਮ ਅਨੁਸਾਰ ਜਿਹੜੀ ਰਚਨਾ ਕੀਤੀ ਜਾਂਦੀ ਹੈ, ਉਸ ਨੂੰ ਬਾਵਨ ਅੱਖਰੀ ਕਿਹਾ ਜਾਂਦਾ ਹੈ ।

ਗੁਰੂ ਅਰਜਨ ਦੇਵ ਜੀ ਨੇ ਗਉੜੀ ਰਾਗ ਵਿਚ ਇਸ ਨੂੰ ਰਚਿਆ ਹੈ। ਇਸ ਵਿਚ ਸੰਸਕ੍ਰਿਤ ਦੇ ਅੱਖਰਾਂ ਦਾ ਕ੍ਰਮ-ਪੂਰਾ ਨਹੀਂ ਹੈ । ਆਪ ਨੇ 56 ਅੱਖਰ ਵਰਤੇ ਹਨ । ਇਨ੍ਹਾਂ ਵਿਚ 57 ਸ਼ਲੋਕ ਤੇ 55 ਪਉੜੀਆਂ ਹਨ । ਅੱਖਰਾਂ ਦਾ ਉਚਾਰਨ ਗੁਰਮੁਖੀ ਵਰਣਮਾਲਾ ਵਾਲਾ ਹੈ । ਇਸ ਵਿਚ ਆਪ ਨੇ ਅੱਖਰਾਂ ਨੂੰ ਰੱਬ- ਸਿਫਤ ਦਾ ਆਧਾਰ ਬਣਾ ਕੇ ਅਧਿਆਤਮਕ ਗਿਆਨ ਦਾ ਪ੍ਰਗਟਾ ਕੀਤਾ ਹੈ। ਇਸ ਪ੍ਰਕਾਰ ਇਕ ਪਾਸੇ ਤਾਂ ਸਾਧਾਰਨ ਲੋਕਾਂ ਨਾਲ ਸਾਂਝ ਪੈਦਾ ਕੀਤੀ ਦੂਜੇ ਪਾਸੇ ਆਪਣਾ ਸੁਨੇਹਾ ਸਰਲ ਤੇ ਠੇਠ ਰੂਪ ਦੇ ਸਿਧਾਂਤਕ ਲੋਕਾਂ ਤਕ ਵਧੀਆ ਸਪਸ਼ਟਤਾ ਨਾਲ ਪੁਚਾਇਆ । ਗੁਰੂ, ਮਾਇਆ, ਬ੍ਰਹਮ ਤੇ ਨਾਮ ਸਿਮਰਨ ਵਰਗੇ ਵਿਸ਼ਿਆਂ ਨੂੰ ਅੰਕਿਤ ਕਰਦੇ ਲੌਕਿਕ ਨੂੰ ਅਲੌਕਿਕ ਨਾਲ ਇਕਸੁਰ ਕੀਤਾ ਹੈ। ਪਉੜੀਆਂ ਦੀ ਧਾਰਨਾ ਵੀ ਲੋਕ- ਗੀਤਾਂ ਵਾਲੀ ਹੈ ।

'ਗੁਰਵੰਤੀ' ਦੀ ਇਕ ਅਜਿਹਾ ਹੀ ਕਾਵਿ-ਰੂਪ ਹੈ, ਜਿਸ ਨੂੰ ਆਪ ਦੇ ਸਮੇਂ ਵਿਚ ਵਡੀ ਮਾਨਤਾ ਪ੍ਰਾਪਤ ਸੀ। ਆਪ ਨੇ ਕੁਝ ਰਾਗਾਂ ਵਿਚ ਲਿਖਿਆ ਹੈ। ਇਸੇ ਕਾਵਿ-ਰੂਪ ਰਾਹੀਂ ਗੁਰ ਗੁਰਸਿਖ ਦੇ ਦਰਸ਼ਨ ਦੀ ਤਾਂਘ ਨੂੰ ਅਭਿਵਿਅਕਤ ਕੀਤਾ ਹੈ ਜੋ ਗੁਰੂ ਸਜਣ ਨਾਲ ਮੇਲਦਾ ਹੈ, ਵੰਡਣਾ ਚਿਤਾਰਦਾ ਹੈ।

ਆਖਾ ਬਿਰਥਾ ਜੀ ਕੀ ਗੁਰ ਸਜਣ ਦੇਹਿ ਮਿਲਾਇ ਜੀਉ ॥[51]

ਅਤੇ

ਮੈ ਚਰੁਤਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ ॥
ਜੋ ਗੁਰ ਦੇਖੈ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥[52]

ਇਸ ਤਰ੍ਹਾਂ ਲੋਕ-ਜੀਵਨ ਨਾਲ ਗੁਰੂ ਨੇ ਲੋਕ-ਮਨ ਨੂੰ ਜੋੜ ਦਿਤਾ ਹੈ।

'ਛੰਤ' ਜੋ ਛੰਦ ਦੀ ਖੁਲ੍ਹੀ ਕਿਸਮ ਰਚਨਾਵਾਂ ਨੂੰ ਪ੍ਰਗਟ ਕਰਦੇ ਹਨ। ਇਹ ਵਿਆਹ ਖੁਸ਼ੀ ਸਮੇਂ ਗਾਏ ਜਾਣ ਵਾਲੇ ਗੀਤ ਜਾਂ ਘੋੜੀਆਂ ਹਨ।[53] ਡਾ. ਸੁਰਿੰਦਰ ਸਿੰਘ ਕੋਹਲੀ ਨੇ ਛੰਤ ਨੂੰ ਛੰਦ ਕਿਹਾ ਹੈ ਜੋ ਲੋਕ-ਪ੍ਰਿਯ ਛੰਦ ਸੀ।[54] ਪੰਜਾਬੀ ਸਾਹਿਤ ਕੋਸ਼ ਵਿਚ ਲਿਖਿਆ ਹਨ "ਇਹ ਛੰਦ ਸਾਰੇ ਆਮ ਪ੍ਰਚਲਤ ਰੂਪਕ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦਾ ਸਿਰਲੇਖ ਛੰਤ ਹੈ।"[55] ਲੋਕ ਦੇ ਆਉਣ ਵਾਲੇ ਇਨ੍ਹਾਂ ਛੰਤਾਂ ਨੂੰ ਇਸੇ ਰਚਨਾ ਦਾ ਮੂਲ ਰੂਪ ਕਿਹਾ ਜਾਂਦਾ ਹੈ ਜਿਸ ਨੂੰ ਛੰਦਬੱਧੀਆਂ ਆਖਦੇ ਹਨ। ਇਸ ਤਰ੍ਹਾਂ ਕੁੜੀ ਚੋਮੁਖੀਏ ਦੀਵੇ ਬਾਲੇ ਜਾਂਦੇ ਹਨ ਤੇ ਇਕ ਥਾਲ ਵਿਚ ਰਖਕੇ ਪਾਣੀ ਤੇ ਘੁਕਾਲ ਪਾ ਕੇ ਤੇਲ ਰਖ ਦਿਤੇ ਜਾਂਦੇ ਹਨ। ਲਟਕਦੀ ਚੋਮੁਖੀਏ ਦੀਵੇ ਵਰ ਦੀਆਂ ਨੂੰ ਦੂਰ ਕੇ ਰਹੁਰਾਂਦੀ ਹੈ। ਲੋਕ ਵਿਸ਼ਵਾਸ ਹੈ ਕਿ ਹਨੇਰਾ ਦੂਰ ਕਰ ਕੇ ਰੋਸ਼ਨੀ ਨਾਲ ਪ੍ਰੇਮ ਨੂੰ ਬਾਹਰ ਰੂਪ ਦੇਣਾ ਹੈ ਤੇ ਲਾਵਾਂ ਉਪਰ ਪ੍ਰੇਮ ਦਾ ਜਾਦੂ ਮਲੀ ਪ੍ਰਗਟ ਕਿਤਾ ਹੈ। ਪੁਰਾਤਨ ਸਮੇਂ ਵਿਚ ਇਸ ਵਿਆਹੀ ਜਾਣ ਵਾਲੀ ਲੜਕੀ ਦਾ ਸਿਰਲੇਖ ਦੀ ਛੰਦਬੱਧੀਆਂ ਕੁੜੀ ਦੀ ਸਹੇਲੀਆਂ ਕਰਦੀਆਂ ਸਨ ਤੇ ਇਸੇ ਦੀ ਲਾਵਾਂ ਛੰਤ ਮੁਕਲਾਉਂਦਾ ਸੀ। ਵਿਆਹ ਦੀ ਛੋਟੀ ਦੀ ਇਸੇ ਦੀ ਸਮਾਪਤੀ ਮੰਨੀ ਸੀ।[56]

ਗੁਰੂ ਅਰਜਨ ਦੇਵ ਜੀ ਨੇ ਵੀ ਲੋਕ-ਕਾਵਿ-ਰੂਪ ਛੰਤਾਂ ਵਿਚ ਅੰਤਰਮੁਖੀ ਉਦਗਾਰ ਉਦਗਾਰਾਂ ਨੂੰ ਪ੍ਰਗਟ ਕੀਤਾ ਹੈ:-

ਜੋਹੰਦੜੋ ਹਭ ਠਾਇ ਡੇਖਿ ਨ ਕਿਥੈ ਡੂਜੜੋ ॥
ਖੁਲੇ ਕਪਾਟ ਨਾਨਕ ਸਤਿਗੁਰ ਭੇਟਤੇ ॥[57]

ਰਾਗ ਗਉੜੀ ਦੇ ਛੰਤਾਂ ਵਿਚ ਜੀਵਾਤਮਾ ਰੂਪੀ ਇਸਤਰੀ ਦਾ ਪਰਮਾਤਮਾ ਰੂਪੀ ਪਤੀ ਤੋ ਮਿਲਾਪ ਨਹੀ ਹੁੰਦਾ ਹੈ।

ਪਿਰ ਬਾਝੁ ਨਾਰੀ ਸੁਖਹ ਨਾਹੀ ਰਹੁ ਵਿਛੁੜੀ ਝੂਰਿਆਰੇ ॥
ਭਣੰਤਿ ਨਾਨਕ ਰਹਿਆ ਪਾਵਹੁ ਘਰਿ ਬਸਹੁ ਸਦਾ ਪਿਆਰੇ ॥[58]

ਪ੍ਰਭੂ ਮਿਲਾਪ ਦੀ ਖੁਸ਼ੀ ਦਾ ਜ਼ਿਕਰ ਵੀ ਵੇਖਣ ਜੋਗ ਹੈ।

ਇਨ ਬਿਧਿ ਹਰਿਆ ਕਰੇ ਤਾਮਹਿ ਮਿਟੇ ਸਗਲ ਅੰਦੇਸਾ ॥
ਭਣੰਤਿ ਨਾਨਕੁ ਤੰਤੁ ਮਿਲਿਆ ਲੋੜੀਐ ਰਾਮ ਸੋਸਾ ॥[59]

ਆਸਾ ਰਾਗ ਦੇ ਛੰਤਾਂ ਵਿਚ ਵੀ ਮਿਲਾਪ ਤੇ ਮਿਲਾਪ ਤੋਂ ਪ੍ਰਾਪਤ ਅਨੰਦ ਵਾਲੀ ਅਵਸਥਾ ਦਾ ਉਲੇਖ ਹੈ :-

ਅਨੰਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ ॥
ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ ॥ ---

ਵੇਖਿੰਦ ਸੁਣੀ ਅਨਹਦ ਬਾਣੀ ਅਚਰਜ ਸੋਭ ਬਣਾਈ ॥
ਕਹੁ ਨਾਨਕ ਪਿਰੁ ਮਿਲੈ ਸੰਜੋਗੀ ਤਾਂ ਮੈ ਸਦ ਥਿਤਿ ਪਾਈ ॥[60]

ਰਾਗ ਵਡਹੰਸ ਦੇ ਛੰਤਾਂ ਵਿਚ ਵੀ ਮਿਲਾਪ ਤੋਂ ਪ੍ਰਾਪਤ ਖੇੜੇ ਦੀ ਅਵਸਥਾ ਦਾ ਜ਼ਿਕਰ ਹੈ ਅਤੇ ਨਾਲ ਹੀ ਨਾਮ ਦੀ ਮਹਾਨਤਾ ਉਘਾੜੀ ਹੈ ਜੋ ਮਿਲਾਪ ਦਾ ਸਾਧਨ ਹੈ :-

ਨਉ ਨਿਧਿ ਪਾਈ ਵਜੀ ਵਧਾਈ ਵਾਜੇ ਅਨਹਦ ਤੂਰੇ ॥
ਕਹੁ ਨਾਨਕ ਮੈ ਵਰੁ ਘਰਿ ਪਾਇਆ ਮੇਰੇ ਲਾਥੇ ਜੀ ਸਗਲ ਵਿਸੂਰੇ ॥[61]

ਅਤੇ

ਬਿਨਵੰਤਿ ਨਾਨਕ ਸੁਖੁ ਨਾਮਿ ਸਤਗੁਰੀ ਦਰਿ ਵਜਹਿ ਅਨਹਦ ਬਾਣੀ ॥[62]

ਧਨਾਸਰੀ ਰਾਗ ਵਿਚ ਵੀ ਪ੍ਰਭੂ ਦੇ ਅਪਾਰ ਗੁਣਾਂ ਨਾਲੋ ਨਾਲ ਹੀ ਨਾਮ ਦੀ ਵਡਿਆਈ ਦਾ ਗਾਇਨ ਕੀਤਾ ਹੈ :-

ਤੇਰਾ ਦਰਸ ਅਪਾਰੁ ਨਾਮ ਅਮੋਲਕੀ ਜੀਉ ॥[63]

ਸੂਹੀ ਰਾਗ ਦੇ ਛੰਤਾਂ ਵਿਚ ਮਾਇਆ ਦੇ ਪ੍ਰਭਾਵ ਤੋਂ ਬਚਣ ਲਈ ਪ੍ਰੇਰਨਾ ਦਿੱਤੀ ਹੈ ਜੋ ਵਿਛੋੜੇ ਦਾ ਕਾਰਨ ਬਣਦਾ ਹੈ ਤੇ ਨਾਮ ਸਿਮਰਨ ਨਾਲ ਜੋੜਿਆ ਹੈ ਜੋ ਪ੍ਰਭੂ-ਪਤੀ ਦੀ ਪ੍ਰਾਪਤੀ ਕਰਾਉਂਦਾ ਹੈ। ਰਾਗ ਬਿਲਾਵਲ ਤੇ ਰਾਗ ਰਾਮਕਲੀ ਦੇ ਛੰਤਾਂ ਦਾ ਵੀ ਇਹੋ ਵਿਸ਼ਾ-ਵਸਤੂ ਹੈ। ਰਾਗ ਕੇਦਾਰਾ ਵਿਚ ਦਸਿਆ ਹੈ ਕਿ ਪ੍ਰਭੂ ਬੜਾ ਦਿਆਲ ਹੈ ਜੋ ਸਭ ਔਗੁਣ ਭੁਲਾ ਕੇ ਲੜ ਲਗਾ ਲੈਂਦਾ ਹੈ। ਰਾਗ ਮਾਰੂ ਦੇ ਛੰਤ ਵਿਚ ਮਿਲਾਪ ਲਈ ਤੀਬਰ ਤਾਂਘ ਦਾ ਵਰਣਨ ਹੈ।

ਕੋਟਿ ਜਨਮ ਭ੍ਰਮੰਤ ਜੋਨੀ ਤੇ ਨਾਮ ਸਿਮਰਤ ਤਾਰੀ ॥
ਨਾਨਕ ਦਰਸ ਪਿਆਸ ਹਰਿ ਜੀਉ ਆਪਿ ਲੈਹੁ ਸਮਾਰੀ ॥[64]

ਇਸ ਤਰ੍ਹਾਂ ਭਿੰਨ ਭਿੰਨ ਰਾਗਾਂ ਦੇ ਛੰਤਾਂ ਵਿਚ ਆਪ ਨੇ ਪ੍ਰੀਤਮ ਦਾ ਮਿਲਾਪੁ, ਮਿਲਾਪ ਤੇ ਅਕਹਿ ਅਨੰਦ ਦੀ ਪ੍ਰਾਪਤੀ, ਮਿਲਾਪ ਦਾ ਸਾਧਨ ਨਾਮ ਦ੍ਰਿੜਾਇਆ ਹੈ ਤੇ ਅਧਿਆਤਮਕ ਜੀਵਨ ਨੂੰ ਅਭਿਵਿਅਕਤ ਕੀਤਾ ਹੈ। ਇਹ ਆਤਮਾ- ਪਰਮਾਤਮਾ ਦਾ ਮੇਲ ਲੋਕ-ਕਾਵਿ-ਰੂਪ ਛੰਤ ਦਾ ਅਧਿਆਤਮਕ ਪ੍ਰਤਿਰੂਪ ਬਣ ਗਿਆ ਹੈ। ਇਸ ਵਿਚ ਲੋਕ ਗੀਤਾਂ ਵਾਲੀ ਲੈਅ, ਸਾਦਗੀ, ਸਪੱਸ਼ਟਤਾ ਤੇ ਮਿਠੀ ਬੋਲੀ ਦੀ ਚਾਸ਼ਨੀ ਹੈ। ਇਹਨਾਂ ਛੰਤਾਂ ਦੀ ਸਾਧਾਰਨ ਪ੍ਰਕਿਰਤੀ ਪੱਕੀ ਨਾਲੇ ਲੋਕ ਪੱਧਰ ਤੇ ਰਚੀ ਹੋਈ ਹੈ।

'ਡਖਣੇ' ਕਾਵਿ-ਰੂਪ[65] ਵਿਚ ਗੁਰੂ ਅਰਜਨ ਦੇਵ ਜੀ ਨੇ ਵਿਅਕਤੀ ਪ੍ਰਸੰਗ ਉਭਾਰੇ ਹਨ ਜੋ ਰਾਗ ਮਾਰੂ ਵਿਚ ਹਨ। ਇਸੇ ਲਈ ਇਸ ਰਚਨਾ ਦਾ ਸਿਰਲੇਖ ਡਖਣੇ[66] ਦਿਤਾ ਹੈ। ਜਿਨ੍ਹਾਂ ਵਿਚ ਪ੍ਰੇਮ ਦੀ ਮਹਾਨਤਾ ਗਾਈ ਹੈ, ਜੋ ਮੁਲ ਵਿਕਦੀ ਵਸਤੂ ਨਹੀਂ। ਇਸ ਦਾ ਵਾਸਾ ਨਿਰਮਲ ਹਿਰਦੇ ਵਿਚ ਹੁੰਦਾ ਹੈ। ਇਸ ਦਾ ਵਿਖਾਵਾ ਮਾਮੂਲ ਹੈ, ਪਰ ਸਾਰ ਅਟੁੱਟ ਹੈ:

ਪ੍ਰੀਤਿ ਪ੍ਰੇਮ ਤਨੁ ਖਚਿ ਰਹਿਆ ਬੀਚੁ ਨ ਰਾਈ ਹੋਤ ॥
ਚਰਨ ਕਮਲ ਮਨੁ ਬੇਧਿਓ ਬੂਝਨੁ ਸੁਰਤਿ ਸੰਜੋਗ ॥[67]

ਡਖਣੇ ਨੂੰ ਡਾ. ਸੁਰਿੰਦਰ ਸਿੰਘ ਕੋਹਲੀ ਨੇ ਮਾਤ੍ਰਿਕ ਛੰਦ ਕਿਹਾ ਹੈ[68]। ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਇਸ ਦੇ ਅਠ ਰੂਪ ਵੀ ਵਿਖਾਏ ਹਨ। ਜਿਨ੍ਹਾਂ ਵਿਚੋਂ ਇਕ ਰੂਪ ਨੂੰ ਗੁਰੂ ਅਰਜਨ ਸਾਹਿਬ ਨੇ ਆਪਣੇ ਡਖਣੇ ਵਿਚ ਪ੍ਰਯੋਗ ਕੀਤਾ ਹੈ। ਇਸ ਤਰ੍ਹਾਂ ਇਸ ਵਿਚ ਕਲਾ ਪ੍ਰਬੰਧ ਤੇ ਚਰਿਤ੍ਰ ਵਾਲੀ ਸਮਰੱਥਾ ਲੋਕ-ਕਾਵਿ-ਰੂਪ ਵਿਚ ਆਪ ਨੇ ਲੋਕ ਮਨ ਦੀ ਸੱਧਰ ਤੇ ਸੁਚੇ ਪਿਆਰ ਨਾਲ ਬੰਨ੍ਹ ਪਾਈ ਹੈ।

'ਘੋੜੀਆਂ' ਇਕ ਹੋਰ ਰਸੀ ਕਾਵਿ- ਰੂਪ ਹੈ ਤੇ ਇਸ ਦਾ ਉਦੇਸ਼ ਘੋੜੀਆਂ ਦਾ ਜੱਸ ਗਾ ਕੇ ਲੋਕ-ਰੀਤਾਂ ਵਿਚ ਘੋੜਿਆਂ ਦੇ ਉਤਸ਼ਾਹ ਭਰਨਾ ਸੀ। ਗੁਰੂ ਸਾਹਿਬਾਨ ਨੇ ਇਸ ਪ੍ਰਚਲਿਤ ਲੋਕ ਪ੍ਰਿਯ ਸਰੂਪ ਨੂੰ ਤਾਂ ਅਪਣਾ ਲਿਆ, ਪਰ ਇਸ ਦਾ ਮੁਹਾਂਦਰਾ ਰੂਹਾਨੀ ਰਸੀ ਬਣਾ ਦਿੱਤਾ। ਇਸ ਨੂੰ ਗੁਰ ਦੇ ਮੰਡਲ ਵਿਚੋਂ ਕੱਢ ਕੇ ਅਧਿਆਤਮਕ ਅਨੁਭਵਾਂ ਲਈ ਵਰਤਿਆ। ਇਸ ਤਰ੍ਹਾਂ ਅਧਿਆਤਮਕ ਰਾਹਾਂ ਦੀ ਨਵੀਂ ਪਰੰਪਰਾ ਹੋਂਦ ਵਿਚ ਆ ਗਈ। ਜਿਨ੍ਹਾਂ ਵਿਚ ਅਕਾਲ ਪੁਰਖ, ਸਤਿਗੁਰੂ ਤੇ ਗੁਰਮੁਖ ਦਾ ਜੱਸ ਗਾਇਆ ਗਿਆ। ਇਹਦੇ ਜ਼ਰੀਏ ਗੁਰਮੁਖ ਤੇ ਮਨਮੁਖ ਦਾ ਖੁਲਾਸਾ ਕਰਕੇ ਗੁਰਮੁਖ ਦੀ ਸਿਫਤ ਵਿਖਾਈ ਹੈ। ਇਸ ਤਰ੍ਹਾਂ ਪੁਰਾਣੀ ਰਸਮ ਪਰੰਪਰਾ ਦਾ ਸਰੂਪ ਹੀ ਤਬਦੀਲ ਹੋ ਗਿਆ।

ਗੁਰੂ ਅਰਜਨ ਦੇਵ ਜੀ ਨੇ ਸਿਰੀ ਰਾਗ, ਰਾਗ ਗਉੜੀ, ਰਾਗ ਗੂਜਰੀ, ਰਾਗ ਬਿਹਾਗੜਾ, ਰਾਗ ਜੈਤਸਰੀ, ਰਾਗ ਰਾਮਕਲੀ, ਰਾਗ ਮਾਰੂ, ਰਾਗ ਬਸੰਤੁ, ਰਾਗ ਸਾਰੰਗ, ਰਾਗ ਮਲਾਰ, ਆਦਿਕ ਵਿਚ ਵਾਰਾਂ ਲਿਖੀਆਂ। ਪਾਰਬ੍ਰਹਮ ਦੀ ਵਿਆਪਕਤਾ ਦਾ ਜੱਸ ਗਾਇਨ ਕਰਦੇ ਹੋਏ ਲਿਖਦੇ ਹਨ :-

ਤੂ ਪਾਰਬ੍ਰਹਮੁ ਪਰਮੇਸਰੁ ਜੋਨਿ ਨ ਆਵਹੀ ॥
ਤੂ ਹੁਕਮੀ ਸਾਜਹਿ ਸ੍ਰਿਸਟਿ ਸਾਜਿ ਸਮਾਵਹੀ ॥
ਤੇਰਾ ਰੂਪੁ ਨ ਜਾਈ ਲਖਿਆ ਕਿਉ ਤੁਝਹਿ ਧਿਆਵਹੀ ॥
ਤੂ ਸਭ ਮਹਿ ਵਰਤਹਿ ਆਪਿ ਕੁਦਰਤਿ ਦੇਖਾਵਹੀ ॥[70]

ਸਤਿਗੁਰੂ ਦੀ ਪਹਿਚਾਣ ਦਸਦੇ ਹੋਏ ਲਿਖਦੇ ਹਨ :-

ਸਤਿਗੁਰ ਨਿਰਵੈਰੁ ਪੁਤ੍ਰ ਸਤ੍ਰ ਸਮਾਨੇ
ਅਉਗਣ ਕਟੇ ਕਰੇ ਸੁਧੁ ਦੇਹਾ ॥[71]

ਸਤਿਗੁਰੂ ਦੀ ਵਡਿਆਈ ਕਰਦੇ ਹਨ :-

ਸਤਿਗੁਰੁ ਪੁਰਖੁ ਧਿਆਇ ਤੂ ਸਭਿ ਦੁਖ ਵਿਸਾਰਣਹਾਰੁ ॥[72]

ਸਿਮਰਨ ਦੀ ਮਹਿਮਾ ਗਾਇਨ ਕਰਦੇ ਹਨ:

ਨਾਨਕ ਨਾਮਿ ਅਰਾਧਿਐ ਕਾਰਜੁ ਆਵੈ ਰਾਸਿ ॥[73]

ਇਸ ਪ੍ਰਕਾਰ ਅਧਿਆਤਮਕ ਵਾਰਾਂ ਨੂੰ ਪਰਮੇਸ਼ਵਰ ਜੀਵਨ ਨਾਲ ਇਕ-ਸੁਰ ਕਰ ਦਿੱਤਾ ਹੈ। ਇਹ ਢੰਗ ਬਿਲਕੁਲ ਉਹੀ ਹੈ ਜੋ ਹੋਰ ਬਾਕੀ ਵਾਰਾਂ ਵਿਚ ਵਰਤਿਆ ਗਿਆ ਹੈ। ਹੋਰ ਬਾਕੀ ਵਾਰਾਂ ਲੌਕਿਕ ਜੀਵਨ ਨਾਲ ਇਕਸੁਰ ਹੁੰਦੀਆਂ ਹਨ। ਗੁਰੂ ਅਰਜਨ ਦੇਵ ਜੀ ਨੇ ਅਧਿਆਤਮਕ ਵਾਰਾਂ ਉਪਰ ਜੋ ਲੋਕ ਧੁਨੀਆਂ ਉਪਰ ਗਾਉਣ ਦੀ ਹਿਦਾਇਤ ਕੀਤੀ ਹੈ, ਉਹ ਇਨ੍ਹਾਂ ਵਾਰਾਂ ਨੂੰ ਲੋਕ ਜੀਵਨ ਨਾਲ ਜੋੜੀ ਰਖਦੀ ਹੈ। ਇਨ੍ਹਾਂ ਦਾ ਨਿਸ਼ਚਿਤ ਕਲਾ ਪ੍ਰਬੰਧ ਵੀ ਇਨ੍ਹਾਂ ਨੂੰ ਲੋਕ-ਮਨ ਨਾਲ ਇਕਸੁਰ ਕਰਦਾ ਹੈ।

ਇਸ ਤੋਂ ਅਤਿਰਿਕਤ ਆਪ ਦੀ ਬਾਣੀ ਦੇ ਪਦੇ, ਦੁਪਦੇ, ਤਿਪਦੇ, ਚਉਪਦੇ, ਪੰਚਪਦੇ, ਅਸ਼ਟਪਦੀਆਂ ਦੇ ਰੂਪ ਤੇ ਪੱਖੋ ਲੋਕ-ਤੱਤਾਂ ਨਾਲ ਭਰਪੂਰ ਹਨ। ਇਹ ਪਦੇ ਲੋਕ ਗੀਤਾਂ ਵਾਂਗੀ ਰੌਂਅ ਵਿਚ ਆਏ ਹਨ। ਲੋਕ ਗੀਤਾਂ ਦੀ ਰਚਨਾ ਤਾਂ ਹੁੰਦੀ ਹੀ ਪਦਿਆਂ ਵਿਚ ਹੈ ਜੋ ਲੋਕ-ਮਨ ਦਾ ਪਿਆਰਾ ਕਾਵਿ-ਰੂਪ ਹੈ। ਜਿਸ ਤਰ੍ਹਾਂ ਲੋਕ ਗੀਤਾਂ ਵਿਚ ਟੇਕ, ਰਹਾਉ, ਤਾਲ ਹੁੰਦੀ ਹੈ ਤੇ ਉਹ ਰਸਕੀ

ਵਰਤੀ ਹੁੰਦੀ ਹਨ ਉਹੀ ਤਰ੍ਹਾਂ ਆਪ ਨੇ ਇਨ੍ਹਾਂ ਦੀ ਰਚਨਾ ਕਰਕੇ ਸਿਧਾਂਤਕ ਤੇ ਧਾਰਮਿਕ ਵਿਚਾਰਾਂ ਨੂੰ ਇਨ੍ਹਾਂ ਵਿਚ ਢਾਲ ਕੇ ਕੇਵਲ ਨਵੀਂ ਦਿਸ਼ਾ ਨਹੀਂ ਦਿੱਤਾ, ਸਗੋਂ ਜਨਮਨ-ਪਿਆਰਾ ਬਣਾ ਦਿੱਤਾ ਹੈ ਤੇ ਆਪਣਾ ਸੁਨੇਹਾ ਲੋਕ-ਮਨ ਦੀਆਂ ਧੁਰ ਡੂੰਘਾਈਆਂ ਤਕ ਪਹੁੰਚਾਇਆ ਹੈ ਤਾਂ ਜੋ ਉਹ ਉਸ ਤੇ ਤੁਰ ਕੇ ਜੀਵਨ ਸਾਧੂ ਤੇ ਮਨੁੱਖਾ ਜੀਵਨ ਨੂੰ ਸਫਲ ਬਣਾ ਸਕਣ। ਸੀਹਰਫ਼ੀ ਰੂਪ ਦੇ ਪਹਿਲਾਂ ਵਿਚ ਮਾਹਿਆਂ ਵਿਚ ਵਰਤੇ ਜਾਣ/ਤੂੰ ਉਦਾਹਰਨੀ ਦਿੱਤੀ ਹੈ ਜੋ ਸਾਧ ਸੰਗ ਦੀ ਮਹਿਮਾ ਦ੍ਰਿੜਾਉਂਦੇ ਹੋਏ, ਨਾਮ ਦੀ ਪ੍ਰਾਪਤੀ ਸਤਿਗੁਰੂ ਰਾਹੀਂ ਦੱਸੀ ਹੈ :-

"ਜਿਸਨੇ ਤੂੰ ਧਿਆਇਆ ਸੋ ਸਹੁ ਤੁਸੰ ਅਮਿਤ ॥[74]

ਤੇ

"ਪੂਰਾ ਸਤਿਗੁਰੁ ਜੇ ਮਿਲੈ ਪਾਈਐ ਸਬਦੁ ਨਿਧਾਨੁ ॥[75]"

ਨਿਮਨ ਅੰਕਿਤ ਪਦੇ ਵਿਚ ਲੋਕ-ਗੀਤਾਂ ਵਰਗਾ ਰਸ ਹੈ :-

ਤੈਂ ਕਰੇਸੋ ਪਿਆਰੇ ਮੈਂ ਦਾਸ ਕਹਾਇਆ ॥
ਭੁਲਹਿ ਚੁਕਹਿ ਬਾਰਿਕ ਤੂੰ ਹਰਿ ਪਿਤਾ ਮਾਇਆ ॥
ਸੁਹੇਲਾ ਕਹਨ ਕਹਾਵਨੁ ਤੇਰਾ ਬਿਖਮੁ ਭਾਵਨੁ ॥ ਰਹਾਉ ॥
ਹਉ ਮਾਣੁ ਤਾਣੁ ਕਰਉ ਤੇਰਾ ਹਉ ਜਾਨਉ ਆਪਾ ॥
ਸਭ ਹੀ ਮਧਿ ਸਭਹਿ ਤੇ ਬਾਹਰਿ ਬੇਮੁਹਤਾਜ ਬਾਪਾ ॥[76]

ਇਸ ਤਰ੍ਹਾਂ ਲੋਕ-ਕਾਵਿ ਰੂਪਾਂ ਵਿਚ ਨਾਮ ਦੇ ਬਾਣੀ ਨੂੰ ਪ੍ਰਸਤੁਤ ਕੀਤਾ ਹੈ ਤੇ ਅਧਿਆਤਮਕ ਅਰਥਾਂ ਦਾ ਬੋਧ ਕਰਾਇਆ ਹੈ। ਬਾਣੀ ਰਾਗਾਂ ਦੇ ਪਦਿਆਂ ਵਿਚ ਵੀ ਇਸੇ ਤਰ੍ਹਾਂ ਜਾਪ ਨੂੰ ਪ੍ਰਗਮ ਨਾਲ ਇਕਸੁਰ ਕਰਨ ਦਾ ਸਫਲ ਪ੍ਰਯਤਨ ਕੀਤਾ ਹੈ। ਸਾਰੀ ਬਾਣੀ ਦੇ ਸਿਰਲੇਖ ਸਿਰਫ ਰਾਗਾਂ ਨੂੰ ਛਡ ਕੇ ਕਿਸੇ ਨਾ ਕਿਸੇ ਲੋਕ ਸੰਸਕਾਰ, ਲੋਕ ਗੀਤ, ਰਿਵਾਜ ਜਾਂ ਲੋਕ-ਕਾਵਿ ਤੇ ਰਖੇ ਗਏ ਹਨ, ਜਿਹੜਾ ਇਸ ਸਾਰੀ ਰਚਨਾ ਵਿਚ ਪ੍ਰਬਲ ਲੋਕ-ਤੱਤ ਹੋਣ ਦਾ ਸਬੂਤ ਹਨ।

## ਟਿਪਣੀਆਂ ਤੇ ਹਵਾਲੇ

1- ਡਾ. ਸ਼ੇਰ ਸਿੰਘ, ਗੁਰਮਤਿ ਦਰਸ਼ਨ, ਪੰਨਾ - 304

2- ਡਾ. ਤਾਰਨ ਸਿੰਘ, ਗੁਰੂ ਨਾਨਕ ਚਿੰਤਨ ਤੇ ਕਲਾ, ਪੰਨਾ -2

3- ਸਿਰੀ ਰਾਗੁ ਮਹਲਾ 5, ਆਦਿ ਗ੍ਰੰਥ, ਪੰਨਾ- 78

4- ਸਿਰੀ ਰਾਗੁ ਮਹਲਾ 5, ਆਦਿ ਗ੍ਰੰਥ, ਪੰਨਾ- 77

5- ਸਿਰੀ ਰਾਗੁ ਮਹਲਾ 5, ਆਦਿ ਗ੍ਰੰਥ, ਪੰਨਾ- 78

6- ਸਿਰੀ ਰਾਗੁ ਮਹਲਾ 5, ਆਦਿ ਗ੍ਰੰਥ, ਪੰਨਾ- 43

7- ਮਾਝ ਮਹਲਾ 5, ਆਦਿ ਗ੍ਰੰਥ, ਪੰਨਾ- 136

8- ਮਾਝ ਮਹਲਾ 5, ਆਦਿ ਗ੍ਰੰਥ, ਪੰਨਾ- 134

9- ਮਾਝ ਮਹਲਾ 5, ਆਦਿ ਗ੍ਰੰਥ, ਪੰਨਾ- 134

10- ਮਾਝ ਮਹਲਾ 5, ਆਦਿ ਗ੍ਰੰਥ, ਪੰਨਾ- 136

11- ਬਾਰਹ ਮਾਹਾ ਮਾਝ ਮਹਲਾ 5, ਆਦਿ ਗ੍ਰੰਥ, ਪੰਨਾ- 133

12- ਬਾਰਹ ਮਾਹਾ ਮਾਝ ਮਹਲਾ 5, ਆਦਿ ਗ੍ਰੰਥ, ਪੰਨਾ- 133

13- ਬਾਰਹ ਮਾਹਾ ਮਾਝ ਮਹਲਾ 5, ਆਦਿ ਗ੍ਰੰਥ, ਪੰਨਾ- 134

14- ਬਾਰਹ ਮਾਹਾ ਮਾਝ ਮਹਲਾ 5, ਆਦਿ ਗ੍ਰੰਥ, ਪੰਨਾ- 135

15- ਬਾਰਹ ਮਾਹਾ ਮਾਝ ਮਹਲਾ 5, ਆਦਿ ਗ੍ਰੰਥ, ਪੰਨਾ 136

16- ਮਾਝ ਮਹਲਾ 5, ਦਿਨ ਰੈਣਿ, ਆਦਿ ਗ੍ਰੰਥ, ਪੰਨਾ- 136

17- ਮਾਝ ਮਹਲਾ 5, ਦਿਨ ਰੈਣਿ, ਆਦਿ ਗ੍ਰੰਥ, ਪੰਨਾ- 137

18- ਮਾਝ ਮਹਲਾ 5, ਦਿਨ ਰੈਣਿ, ਆਦਿ ਗ੍ਰੰਥ, ਪੰਨਾ -137

19- ਦੇਖੋ, ਡਾ. ਸੋਹਿੰਦਰ ਸਿੰਘ, ਗੁਰੂ ਨਾਨਕ ਤੇ ਲੋਕ ਪ੍ਰਵਾਹ, ਪੰਨਾ 137-138.
(ਹਵਾਲਾ ਲੋਕ ਬਾਣੀ, ਅਨੂਪ ਵਿਰਕ, ਪੰਜਾਬ, ਪੰਨਾ 187-191 )

20 ਥਿਤੀ, ਗਉੜੀ ਮਹੱਲਾ 5, ਆਦਿ ਗ੍ਰੰਥ, ਪੰਨਾ 296.

21- ਉਹੀ, ਪੰਨਾ 296

22- ਉਹੀ, ਪੰਨਾ 296

23- ਉਹੀ, ਪੰਨਾ 298

24- ਉਹੀ, ਪੰਨਾ 300

25- ਗਉੜੀ ਥਿਤੀ ਮਹਲਾ 5, ਆਦਿ ਗ੍ਰੰਥ, ਪੰਨਾ- 299

26- ਰਾਮਕਲੀ ਮਹਲਾ 5, ਆਦਿ ਗ੍ਰੰਥ, ਪੰਨਾ 927

27- ਰਾਮਕਲੀ ਮਹਲਾ 5, ਰੁਤੀ, ਆਦਿ ਗ੍ਰੰਥ, ਪੰਨਾ 927

28- ਬੇਦੀ, ਸੋਹਿੰਦਰ ਸਿੰਘ, ਪੰਜਾਬੀ ਸਾਹਿਤ ਕੋਸ਼, 1972, ਪੰਨਾ 527-28
(ਸੰਪਾਦਕ ਕੋਹਲੀ, ਡਾ. ਸੁਰਿੰਦਰ ਸਿੰਘ) ।

29- ਕੋਹਲੀ, ਡਾ. ਸੁਰਿੰਦਰ ਸਿੰਘ 'ਪੰਜਾਬੀ ਸਾਹਿਤ ਕੋਸ਼' ਭਾਗ ਪਹਿਲਾ, 1972, ਪੰਨਾ 528

30 ਮਾਰੂ ਸੋਲਹੇ ਮਹਲਾ 5, ਆਦਿ ਗ੍ਰੰਥ, ਪੰਨਾ 1075

31- ਮਾਰੂ ਸੋਲਹੇ ਮਹਲਾ 5, ਆਦਿ ਗ੍ਰੰਥ, ਪੰਨਾ 1076

32- ਉਹੀ, ਪੰਨੇ 1078-79

33- ਫੁਨਹੇ ਮਹਲਾ 5, ਆਦਿ ਗ੍ਰੰਥ, ਪੰਨਾ 1361.

34- ਉਹੀ, ਪੰਨਾ 1363.

35- ਉਹੀ, ਪੰਨਾ 1363.

36- Kohli, Dr. Surinder Singh, A Critical Study of Adi Granth, 1976, p. 79.
"Phunhe mean the repetition."

37- ਬੇਦੀ, ਡਾ. ਸੋਹਿੰਦਰ ਸਿੰਘ, ਪੰਚ ਵਿਦ - ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲੋਕ-ਤੱਤ, ਪੰਨਾ- 34.

38- ਕੋਹਲੀ, ਡਾ. ਸੁਰਿੰਦਰ ਸਿੰਘ, ਪੰਜਾਬੀ ਸਾਹਿਤ ਕੋਸ਼, ਭਾਗ ਪਹਿਲਾ, ਪੰਨਾ 298

39- ਥਿੰਦ, ਡਾ. ਕਰਨੈਲ ਸਿੰਘ, ਲੋਕ ਯਾਨ ਦਾ ਪੰਜਾਬੀ ਸਾਹਿਤ ਤੇ ਪ੍ਰਭਾਵ, 1971, ਪੰਨਾ 253

40- ਮਾਰੂ ਅੰਜੁਲੀ ਮਹਲਾ 5, ਆਦਿ ਗ੍ਰੰਥ, ਪੰਨਾ 1007

41- ਉਹੀ, ਪੰਨਾ 1008

42- ਉਹੀ, ਪੰਨਾ 1019

43- ਉਹੀ, ਪੰਨਾ 1020

44- Kohli, Dr. Surinder Singh, A Critical Study of Adi Granth, 1976, p. [illegible].

45- ਬੇਦੀ, ਡਾ. ਸੋਹਿੰਦਰ ਸਿੰਘ, ਪੰਚ ਵਿਦ: ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲੋਕ-ਤੱਤ, ਪੰਨਾ- 35.

46- ਉਹੀ, ਪੰਨਾ- 35

47- ਗਉੜੀ ਸੁਖਮਨੀ ਮਹਲਾ 5, <u>ਆਦਿ ਗ੍ਰੰਥ</u>, ਪੰਨਾ 262

48- ਆਸਾ ਮਹਲਾ 5, ਬਿਰਹੜੇ ਘਰੁ 4 ਛੰਤਾ ਕੀ ਜਤਿ, <u>ਆਦਿ ਗ੍ਰੰਥ</u>, ਪੰਨਾ 431.

49- ਉਹੀ, ਪੰਨਾ 431.

50- ਆਸਾ ਮਹਲਾ 5, ਬਿਰਹੜੇ, <u>ਆਦਿ ਗ੍ਰੰਥ</u>, ਪੰਨਾ- 432

51- ਰਾਗੁ ਸੂਹੀ, ਕੁਚਜੀ, <u>ਆਦਿ ਗ੍ਰੰਥ</u>, ਪੰਨਾ 763.

52- ਉਹੀ, ਪੰਨਾ 763.

53- ਡਾ. ਤਾਰਨ ਸਿੰਘ, <u>ਨੇਮ ਤੇ ਪ੍ਰੇਮ</u>, ਪੰਨਾ 297.

54- Kohli, Dr. Surinder Singh, A critical study of Adi Granth, Page-80.
" The word chhant is derived from chhand which was a popular metre

55- ਕੋਹਲੀ, ਡਾ. ਸੁਰਿੰਦਰ ਸਿੰਘ, <u>ਪੰਜਾਬੀ ਸਾਹਿਤ ਕੋਸ਼</u>, ਭਾਗ ਦੂਜਾ, ਪੰਨਾ 321.

56- ਬੇਦੀ, ਡਾ. ਸੋਹਿੰਦਰ ਸਿੰਘ, <u>ਗੁਰੂ ਸ਼ਬਦ ਤੇ ਲੋਕ-ਪ੍ਰਵਾਹ</u>, 1971, ਪੰਨਾ 140-41

57- ਸਿਰੀ ਰਾਗੁ ਕੇ ਛੰਤ ਮਹਲਾ 5, <u>ਆਦਿ ਗ੍ਰੰਥ</u>, ਪੰਨਾ 80

58- ਰਾਗੁ ਗਉੜੀ ਛੰਤ ਮਹਲਾ 5, <u>ਆਦਿ ਗ੍ਰੰਥ</u>, ਪੰਨਾ 247.

59- ਉਹੀ, ਪੰਨਾ- 247.

60- ਰਾਗੁ ਆਸਾ ਮਹਲਾ 5, ਛੰਤ, ਘਰ 4, <u>ਆਦਿ ਗ੍ਰੰਥ</u>, ਪੰਨਾ 452

61- ਰਾਗੁ ਵਡਹੰਸ ਮਹਲਾ 5, ਛੰਤ ਘਰ 4, <u>ਆਦਿ ਗ੍ਰੰਥ</u>, ਪੰਨਾ 577

62- ਰਾਗੁ ਧਨਾਸਰੀ ਮਹਲਾ 5, <u>ਆਦਿ ਗ੍ਰੰਥ</u>, ਪੰਨਾ 578.

63- ਰਾਗੁ ਧਨਾਸਰੀ ਮਹਲਾ 5, ਛੰਤ, <u>ਆਦਿ ਗ੍ਰੰਥ</u>, ਪੰਨਾ 691

64- ਰਾਗੁ ਮਲਾਰ ਛੰਤ ਮਹਲਾ 5, <u>ਆਦਿ ਗ੍ਰੰਥ</u>, ਪੰਨਾ 1278.

65- ਬੇਦੀ, ਡਾ. ਸੋਹਿੰਦਰ ਸਿੰਘ, ਪੰਜ ਸਿਰ, ਗੁਰੂ /ਅਰਜਨ ਦੇਵ ਜੀ ਦੀ ਬਾਣੀ ਵਿਚ ਲੋਕ-ਛੰਦ,
ਪੰਨਾ- 35

66- ਸੂਰੀ, ਡਾ. ਤਰਲੋਚਨ ਸਿੰਘ, <u>ਗੁਰੂ ਅਰਜਨ ਤੇ ਸੰਤ ਦਾਦੂ ਦਿਆਲ, ਇਕ ਤੁਲਨਾਤਮਕ
ਅਧਿਐਨ</u>, ਪੰਨਾ- 122.

67- ਚਉਬੋਲੇ ਮਹਲਾ 5, <u>ਆਦਿ ਗ੍ਰੰਥ</u>, ਪੰਨਾ 1363- 64

68- ਕੋਹਲੀ, ਡਾ. ਸੁਰਿੰਦਰ ਸਿੰਘ, <u>ਪੰਜਾਬੀ ਸਾਹਿਤ ਕੋਸ਼</u> ਭਾਗ ਦੂਜਾ, ਪੰਨਾ- 302

69- ਕੋਹਲੀ, ਡਾ. ਸੁਰਿੰਦਰ ਸਿੰਘ, ਪੰਜਾਬੀ ਸਾਹਿਤ ਕੋਸ਼ ਭਾਗ ਦੂਜਾ, ਪੰਨਾ - 302

ਅੰਕ ਰੂਪ :

1- ਚਾਰ ਤੁਕਾਂ, 15 ਮਾਤਰਾ, ਅੰਤ ਲਘੂ ਗੁਰੂ ।

2- ਤੋਮਰ ਦੀ ਚਾਲ- ਤੁਕਾਂਤ ਅੰਤ ਵਿਚ ਪਰ ਦਾ ਅਨੁਪ੍ਰਾਸ ਵਧੇਰੇ ਰੱਖ

3- ਚੰਦ ਪ੍ਰਮੁੱਖ ਵਿਚ- ਮੋਰ, ਸਰਬਸ, ਰਾਜਾ ਤੇ ਚੰਦਰੰਤ ਦੇ ਮੇਲ ਜੋਲ

4- ਚਾਰ ਵੱਖ ਵੱਖ ਸਤਰਾਂ ਦੀਆਂ ਤੁਕੀਆਂ

5- ਦੂਜੇ ਚਰਣ ਦੇ ਅੰਤ ਵਿਚ ਸੰਯੋਗੀ ਗੁਰੂ

6- ਚਾਰ ਸਤਰਾਂ ਦੇ ਵੱਖ ਵੱਖ ਮੇਲ

7- ਤਾਟੰਕ ਛੰਦ ਨੂੰ ਵੀ ਚਉਬੋਲਾ ਕਿਹਾ ਜਾਂਦਾ ਹੈ ।

8- 2 ਤੁਕਾਂ, 30 ਮਾਤਰਾਂ, 16-14 ਤੇ ਬਿਸ਼ਰਾਮ
ਅੰਤ ਲਘੂ ਗੁਰੂ ਹੋਵੇ ।

70- ਮਾਝੂ ਕੀ ਵਾਰ ਮਹਲਾ 5, ਆਦਿ ਗ੍ਰੰਥ, ਪੰਨਾ 1095

71- ਰਾਮਕਲੀ ਕੀ ਵਾਰ ਮਹਲਾ 5, ਆਦਿ ਗ੍ਰੰਥ, ਪੰਨਾ 960

72- ਉਹੀ , ਪੰਨਾ- 959.

73- ਰਾਮ ਕਲੀ ਮਹਲਾ 5, ਆਦਿ ਗ੍ਰੰਥ, ਪੰਨਾ 960

74- ਸਿਰੀ ਰਾਗੁ ਮਹਲਾ 5, ਆਦਿ ਗ੍ਰੰਥ, ਪੰਨਾ 42

75- ਸਿਰੀ ਰਾਗੁ ਮਹਲਾ 5, ਆਦਿ ਗ੍ਰੰਥ, ਪੰਨਾ- 46

76- ਸਿਰੀ ਰਾਗੁ ਮਹਲਾ 5, ਆਦਿ ਗ੍ਰੰਥ, ਪੰਨਾ - 51

***

## ਅਧਿਆਇ ਚੌਥਾ

## ਗੁਰੂ ਅਰਜਨ ਬਾਣੀ ਤੇ ਲੋਕ ਧਰਮ

***

# ਗੁਰੂ ਅਰਜਨ ਬਾਣੀ ਤੇ ਲੋਕ ਧਰਮ

## ਧਰਮ ਤੇ ਲੋਕ-ਧਰਮ

ਧਰਮ, ਜੀਵ ਨੂੰ ਸੰਸਾਰ ਵਿਚ ਮਨੁੱਖ ਦਾ ਕਰਤੱਵ ਅਤੇ ਮਨੋਰਥ ਪ੍ਰਸਤੁਤ ਕਰਦਾ ਹੈ। ਇਸ ਦਾ ਉਦੇਸ਼ ਮਨੁੱਖ ਨੂੰ ਆਪਣੇ ਤੋਂ ਉੱਚੀ ਸ਼ਕਤੀਆਂ ਅਤੇ ਪਰਮ-ਸੱਤਾ ਨਾਲ ਜੋੜਨਾ ਹੈ। 'ਧਰਮ ਨਿਰੋਲ ਸ਼ਰਧਾ ਅਤੇ ਵਿਸ਼ਵਾਸ ਉੱਤੇ ਆਧਾਰਤ ਹੁੰਦਾ ਹੈ ਤੇ ਇਹ ਚਿੰਤਨ ਮਨੋਰਥਾਂ ਨੂੰ ਢੂੰਡਦਾ ਹੈ। ਜਾਦੂ, ਜਿਸਦੀ ਨੀਂਹ ਵਿਵੇਕ ਹੁੰਦੀ ਹੈ, ਧਰਮ ਨੂੰ ਇਕ ਸੇਧ ਤੇ ਅਸਰ ਦਿੰਦਾ ਹੈ ਅਤੇ ਇਹ ਵੱਖਰੇ ਕਾਰਜਾਂ ਨੂੰ ਢੂੰਡਦਾ ਹੈ। ਧਰਮ ਦਾ ਆਧਾਰ ਸ਼ਰਧਾ ਹੈ ਤੇ ਜਾਦੂ ਦਾ ਆਧਾਰ ਵਿਸ਼ਵਾਸ। ਆਦਿਮ ਸਭਿਆਚਾਰ ਵਿਚ ਦੋਹਾਂ ਦੀ ਮੇਲ ਜੋਲ ਪ੍ਰਬਲ ਹੈ ਅਤੇ ਹਰ ਮੰਤਰ ਵਿਚ ਧਰਮ ਤੇ ਜਾਦੂ ਤਾਣੀ ਪੇਟੇ ਵਾਂਗ ਓਤ-ਪੋਤ ਹੁੰਦੇ ਹਨ।'[1]

ਆਤਮਾ, ਪਰਮ-ਆਤਮਾ ਦੀ ਅੰਸ਼ ਹੈ ਅਤੇ ਬੂੰਦ ਵਾਂਗ ਹੀ ਅਜਰ-ਅਮਰ ਹੈ। ਪਰ ਮਾਇਆਵੀ ਸੰਸਾਰ ਵਿਚ ਆਕੇ ਵਿਸ਼ੇ-ਵਿਕਾਰਾਂ ਵਿਚ ਫਸ ਕੇ ਇਹ ਆਪਣਾ ਅਸਲੀ ਰੂਪ ਤੇ ਪ੍ਰਕਾਸ਼ ਭੁਲਾ ਬੈਠਦੀ ਹੈ। 'ਅਗਿਆਨਤਾ ਵੱਸ ਜੀਵਾਤਮਾ, ਅਕਾਲਪੁਰਖ ਨਾਲ ਮਿਲਾਪ ਦੇ ਸੱਚੇ ਸਦੀਵ ਆਨੰਦ ਦੀ ਥਾਂ, ਵਿਸ਼ੇ-ਵਿਕਾਰਾਂ, ਇੰਦਰੀਆਂ ਦੇ ਰਸ-ਰੰਗ ਭੋਗਾਂ ਵਿਚੋਂ ਸੁਖ ਦੀ ਤਲਾਸ਼ ਕਰ ਰਹੀ ਹੈ। ਪਰੰਤੂ ਇਹ ਨਾਂ ਤਾਂ ਥਿਰ ਹੈ ਅਤੇ ਨਾਂ ਹੀ ਇਸ ਦੇ ਸੁਖ ਅਤੇ ਭੋਗ ਥਿਰ ਹਨ। ਵਿਸ਼ੇ-ਵਿਕਾਰ ਮਨ ਦੀ ਖੁਰਾਕ ਹਨ ਅਤੇ ਮਨ ਨੂੰ ਪ੍ਰਸੰਨ ਕਰ ਸਕਦੇ ਹਨ, ਪਰੰਤੂ ਆਤਮਾ ਲਈ ਇਹ ਹੋਰ ਬੰਧਨਾਂ ਅਤੇ ਦੁਖਾਂ ਦਾ ਕਾਰਨ ਬਣ ਜਾਂਦੇ ਹਨ।'[2]

ਡਾ. ਰਤਨ ਸਿੰਘ ਜੱਗੀ ਅਨੁਸਾਰ, 'ਭਾਰਤੀ ਰਿਸ਼ੀਆਂ ਦੇ ਚਿੰਤਨ ਅਤੇ ਮਨਨ ਦਾ ਨਿਚੋੜ ਉਪਨਿਸ਼ਦਾਂ ਵਿਚ ਸਾਨੂੰ ਮਿਲਦਾ ਹੈ। ਉਹਨਾਂ ਰਿਸ਼ੀਆਂ ਨੇ ਇਸ ਨਾਮ-ਰੂਪਾਤਮਕ ਤੇ ਪਰਿਵਰਤਨਸ਼ੀਲ ਜਗਤ ਦੇ ਮੂਲ ਵਿਚ ਵਿਆਪਕ ਕਿਸੇ ਅਮਰ ਸੱਤਾ ਦੀ ਹੋਂਦ ਨੂੰ ਬੜੀ ਸੂਖਮਤਾ ਨਾਲ ਖੋਜਣ ਅਤੇ ਸਮਝਣ ਦਾ ਜਤਨ ਕੀਤਾ। ਇਸ ਨੂੰ ਸਮਝਣ ਲਈ ਉਹਨਾਂ ਨੇ ਇਸ ਨੂੰ ਤਿੰਨ ਪੱਖਾਂ ਵਿਚ ਵੰਡਿਆ— ਆਧਿਭੌਤਿਕ, ਆਧਿਦੈਵਿਕ ਅਤੇ ਆਧਿਆਤਮਕ। ਆਧਿਭੌਤਿਕ ਪੱਖ ਵਿਚ ਸੰਸਾਰ ਦੀ ਉਤਪੱਤੀ, ਸਥਿਤੀ ਅਤੇ ਵਿਨਾਸ਼ ਦੇ ਕਾਰਨਾਂ ਨੂੰ ਜਾਣਿਆ, ਆਧਿਦੈਵਿਕ ਪੱਖ ਵਿਚ ਪ੍ਰਕ੍ਰਿਤਕ ਸ਼ਕਤੀਆਂ ਦੇ ਦੇਵਤਿਆਂ ਵਿਚ ਸ਼ਕਤੀ ਦਾ ਸੰਚਾਰ ਕਰਨ ਵਾਲੇ ਪਰਮਾਤਮ-ਤੱਤ ਦੀ ਸਾਰਥਕਤਾ ਪ੍ਰਗਟ ਕਰਨ ਦਾ ਜਤਨ ਕੀਤਾ ਅਤੇ ਆਧਿਆਤਮਕ ਪੱਖ ਵਿਚ ਅੰਤਹਕਰਣ ਦੀਆਂ ਵਿਵਿਧ ਪ੍ਰਕ੍ਰਿਆਵਾਂ ਅਤੇ ਜੀਵ-ਧਰਮ ਸੰਬੰਧੀ ਸਭ ਪ੍ਰਕਾਰ ਦੇ ਤੱਤਾਂ ਦਾ ਵਿਸ਼ਲੇਸ਼ਣ ਕੀਤਾ। ਇਹਨਾਂ ਤਿੰਨਾਂ ਪੱਖਾਂ ਦੁਆਰਾ ਪਰਮ-ਤੱਤ ਦਾ ਸਰੂਪ ਸਮਝਣ ਦੀ ਕੋਸ਼ਿਸ਼ ਕੀਤੀ ਗਈ। ਜਿਸ ਪਰਮ-ਤੱਤ ਨੂੰ ਉਪਨਿਸ਼ਦਾਂ ਵਿਚ ਬ੍ਰਹਮ ਕਿਹਾ ਗਿਆ ਹੈ, ਉਸ ਨੂੰ ਪਰਮਾਤਮਾ, ਅਕਾਲ ਪੁਰਖ, ਈਸ਼ਵਰ ਜਾਂ

ਪ੍ਰਭੂ ਆਦਿ ਅਨੇਕ ਨਾਵਾਂ ਨਾਲ ਸੰਬੋਧਤ ਕੀਤਾ ਜਾਂਦਾ ਹੈ ।[3] 'ਗੁਰਬਾਣੀ ਧਰਮ-ਦਰਸ਼ਨ ਵਿਚ ਪਰਮਾਤਮਾ ਨੂੰ ਸਰਬ-ਵਿਆਪਕ ਮੰਨਿਆ ਗਿਆ ਹੈ ਜੋ ਆਪਣੀ ਰਚੀ ਸ੍ਰਿਸ਼ਟੀ ਦੇ ਕਣ-ਕਣ ਵਿਚ ਮੌਜੂਦ ਹੈ। ਹਰ ਜੀਵ ਦੇ ਅੰਦਰ ਉਸੇ ਦਾ ਪ੍ਰਕਾਸ਼ ਹੈ । ਜਿਸ ਤਰ੍ਹਾਂ ਸੋਨੇ ਦੀ ਮਹੱਤਤਾ ਜ਼ੇਵਰਾਂ ਨੂੰ ਜਾਂ ਛੱਲਾ, ਉਵੇਂ ਜਾ ਸਾਰੀਆਂ ਨਾਗੀਂ ਸਭ ਵਿਚ ਇਕੋ ਪਰਮਾਤਮਾ ਵਸਦਾ ਹੈ ।

ਜੋ ਧਰਮ, ਜੀਵ ਨੂੰ ਪਰਮਾਤਮਾ ਨਾਲ ਜੋੜਨ ਅਤੇ ਮਨੁੱਖ ਨੂੰ ਮਨੁੱਖ ਨਾਲ ਜੋੜਨ ਵਿਚ ਸਹਾਈ ਹੁੰਦਾ ਹੈ। ਸਭ ਸੰਤਾਂ, ਮਹਾਂਪੁਰਸ਼ਾਂ, ਭਗਤਾਂ ਅਤੇ ਗੁਰੂਆਂ ਨੇ ਆਪੋ-ਆਪਣੇ ਮਤ ਰਾਹੀਂ ਇਸੇ ਪ੍ਰਯੋਜਨ ਦੀ ਪੂਰਤੀ ਕੀਤੀ ਹੈ ਤੇ ਮਾਨਵਤਾ ਨੂੰ ਇਕ ਅਜਿਹੀ ਜੀਵਨ ਜਾਚ ਪ੍ਰਦਾਨ ਕੀਤੀ ਹੈ ਜੋ ਜੀਵ ਨੂੰ ਕਿਸੇ ਉੱਚੇ ਆਦਰਸ਼ ਦੇ ਅਨੁਕੂਲ ਢਾਲਦੀ ਹੈ ਤੇ ਉਸ ਨੂੰ ਮਾਨਸਿਕ ਤੇ ਆਤਮਕ ਤ੍ਰਿਪਤੀ ਦਿੰਦੀ ਹੈ ।

ਲੋਕ-ਧਰਮ, ਆਦਰਸ਼ੀ ਧਰਮ ਤੋਂ ਵੱਖਰਾ ਹੋ ਜਾਂਦਾ ਹੈ। ਇਸ ਵਿਚ ਧਰਮ ਦਾ ਮੌਲਿਕ ਰੂਪ ਬਦਲ ਰੂਪ ਧਾਰਨ ਕਰ ਜਾਂਦਾ ਹੈ ਤੇ ਇਹ ਲੋਕ ਨਾਲ ਧਰਮ ਦੇ ਸਰੂਪ ਦੀ ਰਚਨਾ ਜਾਂਦੇ ਹਨ । ਇਹੀ ਕਾਰਨ ਹੈ ਕਿ ਮਨੁੱਖ-ਕਲਿਆਣ ਦੀ ਇਸ ਭਾਵਨਾ ਨੂੰ ਸਾਹਮਣੇ ਰੱਖ ਕੇ ਜੋ ਮਹਾਂਪੁਰਸ਼ ਕਿਸੇ ਧਰਮ ਦਾ ਪ੍ਰਤਿਪਾਦਨ ਕਰਦਾ ਹੈ, ਸਮਾਂ ਪਾ ਕੇ ਉਸੇ ਧਰਮ ਦੇ ਅਨੁਯਾਈ ਹੀ ਉਸ ਭਾਵਨਾ ਨੂੰ ਭੁੱਲ ਕੇ ਕੁਮਾਰਗ ਵੱਲ ਤੁਰ ਪੈਂਦੇ ਹਨ। ਇਸ ਗਲੋਂ ਉਸ ਨੂੰ ਲੋਕ-ਧਰਮ ਦੀ ਸੰਗਿਆ ਦਿੱਤੀ ਜਾਂਦੀ ਹੈ। ਆਦਰਸ਼ ਰੂਪ ਧਰਮ ਜੋ ਮਨੁੱਖ ਵਿਚ ਸੇਵਾ, ਪਿਆਰ, ਤਿਆਗ, ਸਹਿਨਸ਼ੀਲਤਾ, ਸੰਜਮ, ਤੇ ਖਿਮਾ ਆਦਿ ਦੇ ਗੁਣ ਉਤਪੰਨ ਕਰਦਾ ਹੈ ਪਰ ਲੋਕ-ਧਰਮ ਦੀ ਧਾਰਨਾ ਇਸ ਦੇ ਪ੍ਰਤਿਕੂਲ ਰੂਪ ਹੋ ਜਾਂਦੀ ਹੈ। ਇਸ ਵਿਚ ਵਹਿਮ-ਭਰਮ, ਜਾਤ-ਪਾਤ, ਕਈ ਪ੍ਰਕਾਰ ਦੇ ਅੰਧ-ਵਿਸ਼ਵਾਸ, ਜੰਤਰ-ਮੰਤਰ, ਜਾਦੂ-ਟੂਣੇ, ਸ਼ਗਨ-ਅਪਸ਼ਗਨ, ਤੀਰਥ ਇਸ਼ਨਾਨ ਅਤੇ ਤਿਥਾਂ ਤਿਉਹਾਰਾਂ ਆਦਿ ਅਨੇਕ ਪ੍ਰਕਾਰ ਦੇ ਲੋਕ ਵਿਸ਼ਵਾਸ ਸ਼ਾਮਲ ਹੋ ਜਾਂਦੇ ਹਨ । 'ਲੋਕ-ਧਰਮ ਵਿਚ ਪਰੰਪਰਾਗਤ ਵਿਸ਼ਵਾਸਾਂ, ਰੀਤਾਂ-ਰਿਵਾਜਾਂ, ਪੁਰਾਣੀ ਆਸਥਾ [illegible] ਦੀਆਂ ਰਹੁਰੀਤਾਂ ਆਉਂਦੀਆਂ ਹਨ ।

ਸੰਖੇਪ ਵਿਚ ਅਸੀਂ ਲੋਕ-ਧਰਮ ਨੂੰ ਅੱਗੇ ਲਿਖੇ ਅਨੁਸਾਰ ਵੰਡ ਸਕਦੇ ਹਾਂ:

ੳ) ਸੰਸਕਾਰ : ਜਨਮ, ਵਿਆਹ, ਮੌਤ, ਮਰਨੇ ਦੀ ਰਸਮ ਆਦਿ ਨਾਲ ਸੰਬੰਧਤ

ਅ) ਪੂਜਾ ਵਿਧੀਆਂ: ਦੇਵਤੇ, ਪਿਤਰੀ ਪੂਜਾ, ਪੰਜ, ਪੀਰਾਂ ਤੇ ਗੁਰਿਆਂ ਦੀ ਪੂਜਾ, ਸਮਾਧਾਂ, ਕਬਰਾਂ ਆਦਿ ।

ੲ) ਵਹਿਮ ਭਰਮ : ਜੋਗ, ਟੂਣਾ, ਜਾਦੂ ਟੂਣਾ, ਕਰਮ, ਪੁਨਰ ਜਨਮ, ਸਰਾਪ, ਤੁਰਤ, ਪਾਠ ਆਦਿ ।

ਸ) ਵਰਤ : ਏਕਾਦਸ਼ੀ, ਸੰਗਰਾਂਦ, ਮੰਗਲ ਵਾਰ ਆਦਿ ।

ਹ) ਦੇਵ-ਰੂਪ : ਸ਼ਿਵ ਜੀ ਦਾ ਲਿੰਗ, ਮਹਾਂ, ਤਰਵਾਂ ਰੋਗ, ਸਾਰੇ, ਜਨਾਂ [illegible] ਕਰਮ ਸਮਾਧੀ, ਭਗਤੀ ਤਪ ਆਦਿਕ ।

ਗੁਰੂ ਸਾਹਿਬ ਦੇ ਸਮੇਂ ਵਾਂ ਧਰਮ ਆਪਣੀ ਅਸਲੀਅਤ ਗੁਆ ਕੇ ਸਿਰਫ਼ ਫੋਕਟ ਕਿਰਿਆਵਾਂ ਤੇ ਕਰਮ-ਕਾਂਡਾਂ ਵਿਚ ਹੀ ਉਲਝ ਕੇ ਰਹਿ ਗਿਆ ਸੀ । ਮਨੁੱਖ ਨੂੰ ਕੋਈ ਠੀਕ ਸੇਧ ਦੇਣ ਦੀ ਥਾਂ ਉਹ ਮਿਥਾਂ, ਪਖੰਡ ਤੇ ਥੋਥੀਆਂ ਰਸਮਾਂ ਵਿਚ ਹੀ ਉਲਝ ਕੇ ਉਸਨੂੰ ਗੁਮਰਾਹ ਕਰ ਰਿਹਾ ਸੀ । 'ਇਸਲਾਮ ਵਿਚੋਂ ਪ੍ਰੇਮ ਰੂਹ ਉਡ ਚੁੱਕੀ ਸੀ ਅਤੇ ਸਿਰਫ ਕੁਝ ਕੁ ਧਾਰਮਿਕ ਰਸਮਾਂ, ਸੰਪਰਦਾਈ ਤੇ ਮੁਲਾਂ ਪਾਲ ਲੋਕਾਂ ਦੀਆਂ ਰੀਤੀਆਂ ਦਾ ਹੀ ਰਸਮੀ-ਰੀਤਾਂ ਇਕਠਾ ਸਮੂਹ ਬਣ ਕੇ ਰਹਿ ਗਿਆ ਸੀ, ਜਿਨ੍ਹਾਂ ਨੂੰ ਨਿਭਾਉਣ ਵਾਲੀ ਕਿਸੇ ਅਧਿਆਤਮਕ ਜੀਵਨ ਦੀ ਲੋੜ ਨਹੀਂ ਸੀ ਪੈਂਦੀ । ਇਸਲਾਮ, ਮੂਲ ਰੂਪ ਵਿਚ ਜਮਹੂਰੀ-ਪ੍ਰਬੰਧ ਵਾਲੇ ਰੂਪ ਤੋਂ ਮੁੜ ਕੇ ਹੌਲੀ ਹੌਲੀ ਪਾਸੇ ਵਿਚ ਵਿਗੜ ਹੋ ਗਿਆ ਸੀ ਤੇ ਉਸ ਵਿਚੋਂ ਸਹਿਜਾਤ ਅਸੂਲ ਲੋਪ ਹੋ ਗਏ ਸਨ । ਇਸ ਦੇ ਲੋਕਾਂ ਦੇ ਸਮਾਜਕ ਜੀਵਨ ਤੇ ਕੀ ਪ੍ਰਭਾਵ ਸਨ, ਉਹਨਾਂ ਇਹ ਅਸਰ ਨੇ ਧਾਰਮਿਕ ਤੌਰ ਕਮਜ਼ੋਰ ਕਰ ਦਿਤਾ ਸੀ ।[4] 'ਗੁਰੂ ਨਾਨਕ ਦੇਵ ਜੀ ਨੇ ਜਦੋਂ ਇਸਲਾਮ ਦੀ ਇਸ ਹਾਲਤ ਨੂੰ ਵੀ ਧਿਆਨ ਪੂਰਵਕ ਵਿਚ ਪ੍ਰਗਟ ਕੀਤਾ ਹੈ ਜਦੋਂ ਆਪ ਕਹਿੰਦੇ ਹਨ : " ਇਸਲਾਮ ਪੰਥ ਲਗ ਉਲਝਿਆ ...." ।

ਵੱਖ ਵੱਖ ਪ੍ਰਕਾਰ ਦੇ ਵਹਿਮ ਭਰਮ, ਪਖੰਡ, ਜੰਤਰ-ਮੰਤਰ ਅਤੇ ਜਾਦੂ-ਟੂਣਾ ਆਦਿ ਉਸ ਸਮੇਂ ਜ਼ੋਰ ਫੜ ਗਏ ਸਨ । ਕੇਵਲ ਹਿੰਦੂ ਸਮਾਜ ਅਨੁਸਾਰ ਪੰਜਾਬ ਵਿਚ ਉਸ ਸਮੇਂ ਹਿੰਦੂਆਂ ਦੀ ਅਵਸਥਾ ਬਹੁਤ ਤਰਸਯੋਗ ਸੀ । ਆਮ ਲੋਕਾਂ ਵਿਚ ਵਹਿਮ ਦਾ ਬੋਲ ਬਾਲਾ ਸੀ ਜਿਹੜੀ ਸੀ ਕਿ ਕੋਈ ਵੀ ਪ੍ਰਕਾਰ ਨਾਲ ਰੱਬ ਨੂੰ ਖੁਸ਼ ਕਰਨ ਦੇ ਬਹਾਨੇ ਪਸ਼ੂਆਂ, ਪੰਛੀਆਂ ਦੀ ਬਲੀ ਦੇਣਾ ਤੇ ਜਿਉਂਦਾ ਕਰ ਦਿਤਾ ਜਾਂਦਾ ਸੀ ਕਿ ਮੰਨਤ ਪੂਰੀ ਕਰਾਉਣ ਲਈ ਹੋਰੀਆਂ ਕਈਆਂ ਕਰੀਆਂ ਕਰ ਲਈਆਂ ।[5]

ਮੁਸਲਮਾਨਾਂ ਦੀ ਗੈਰ-ਮੁਸਲਮਾਨਾਂ ਤੇ ਜ਼ਬਰਦਸਤੀ ਕੀਤੀਆਂ ਜ਼ਿਆਦਤੀਆਂ ਹੱਦ-ਬੰਦੀਆਂ ਆਦਿ ਦੇ ਪ੍ਰਤੀਕਰਮ ਵਜੋਂ ਹਿੰਦੂਆਂ ਜਾਤੀਆਂ ਦੇ ਲੋਕ ਮੁਸਲਮਾਨੀ ਧਰਮ ਵਿਚ ਸ਼ਾਮਲ ਹੋ ਰਹੇ ਸਨ । ਜੋ ਰਾਜਨੀਤਕ ਹਕੂਮਤੀ ਪ੍ਰਬੰਧ ਜਿਹੜੀ ਦੇ ਹੱਥਾਂ ਵਿਚ, ਮੁਸਲਮਾਨੀ ਸ਼ਾਸਕ ਨੂੰ ਪਹਿਲੀ ਵਾਰੀ ਅਜਿਹੀ ਤਾਕਤ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਜਿਨ੍ਹਾਂ ਦੇ ਮੂਲ ਅਕੀਦਾ ਸੀ । ਜ਼ਬਰਦਸਤੀ ਧਰਮ-ਪਰਿਵਰਤਨ ਦਾ ਜ਼ੋਰ ਸੀ । ਗ਼ੈਰ-ਮੁਸਲਮਾਨ ਲੋਕਾਂ ਨੂੰ ਸ਼ਾਸਕ ਵਰਗ ਵਲੋਂ ਅਲੱਗ ਕਰ ਦਿੱਤਾ ਜਾਂਦਾ ਸੀ ਤੇ ਉਨ੍ਹਾਂ ਨਾਲ ਕਿਸੇ ਤਰ੍ਹਾਂ ਦਾ ਵਿਹਾਰ ਨਹੀਂ ਕੀਤਾ ਜਾਂਦਾ ਸੀ । ਇਥੋਂ ਤਕ ਕਿ ਜਨਮ ਜਾਤਾਂ ਤੇ ਉਪ-ਜਾਤਾਂ ਰੋਟ ਵਿਚ ਵਧਾਈਆਂ ਗਈਆਂ --- ਗੁਰੂ ਸਾਹਿਬ ਨੇ ਜਿਸ ਸੰਗਠਿਤ ਸ਼ਾਸਕ (ਮੁਸਲਿਮ ਸ਼ਾਸਕ) ਸੀ ਜੋ ਹਰ ਜਾਤੀ ਦੇ ਲੋਕਾਂ ਨੂੰ ਆਪਣੇ ਵਿਚ ਸਮਾ ਲੈਣ ਦੀ ਸਮਰੱਥਾ ਰਖਦਾ ਸੀ । ਇਸ ਵਾਸਤੇ ਹੀ ਲੋਕੀ ਵਿਅਕਤੀ ਇਸਲਾਮ ਵਿਚ ਆਉਂਦਾ ਮੰਨ ਲੈਂਦਾ ਤਾਂ ਇਸਲਾਮ ਵਿਚ[6] ਕਿਸੇ ਰੋਕ-ਟੋਕ ਦੇ ਉਸ ਦੀ ਜਾਤ ਨੂੰ ਖ਼ਤਮ ਸਮਝ ਲਿਆ ਜਾਂਦਾ ।'

ਡਾ. ਸੁਰਿੰਦਰ ਸਿੰਘ ਕੋਹਲੀ ਅਨੁਸਾਰ ਮੁਸਲਮਾਨਾਂ ਦੀ ਚੜ੍ਹਤਾ ਦੀ ਸਿਖਰ ਦੇਖੀ ਹੈ, ਜਿਸ ਦਾ ਜ਼ਿਕਰ ਗੁਰੂ-ਸਾਹਿਬਾਂ ਅਤੇ ਬਾਣੀ ਕੁਰਲਾਪ ਹੈ ਅਤੇ ਪਰ ਦਾ ਜ਼ਿਕਰ ਹੈ। ਇਸ ਹੱਤਿਆਵਾਂ ਨੂੰ ਬੁਰੀ ਕਰਨੀਆਂ ਕੇ ਸਾਰੇ ਬਦ ਹੋਇਆ।[7]

ਗੁਰੂ ਨਾਨਕ ਦੇਵ ਜੀ ਨੇ ਤਤਕਾਲੀਨ ਧਰਮਾਂ ਦੀ ਆਲੋਚਨਾ ਕਰਦਿਆਂ ਦੱਸਿਆਂ ਫੁਰਮਾਇਆ ਹੈ ਕਿ ਕੇਵਲ ਪੰਡਿਤ ਹੀ ਨਹੀਂ, ਕਾਜ਼ੀ ਵੀ ਕੂੜ ਦੀਆਂ ਪੰਡਾਂ ਸਨ। ਜੋਗੀ ਵੀ ਆਪਣੀ ਜੋਗ ਦੀ ਜੁਗਤ ਨੂੰ ਭੁੱਲ ਕੇ ਉਨ੍ਹਾਂ ਮਗਰ ਤੁਰ ਰਹੇ ਸਨ। ਇਸ ਤਰ੍ਹਾਂ ਇਹ ਤਿੰਨੇ ਕਾਜ਼ੀ, ਪੰਡਿਤ ਤੇ ਜੋਗੀ ਸਮਾਜ ਵਿਚ ਉਜਾੜੇ ਦਾ ਬੰਨ੍ਹ ਸਨ :-

> ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥
> ਜੋਗੀ ਜੁਗਤਿ ਨ ਜਾਣੈ ਅੰਧੁ ॥ ਤੀਨੇ ਓਜਾੜੇ ਕਾ ਬੰਧੁ ॥[8]

ਗੁਰੂ ਅਰਜਨ ਦੇਵ ਨੇ ਤਤ-ਕਾਲੀਨ ਧਾਰਮਿਕ ਕਰਮ-ਕਾਂਡਾਂ, ਪਖੰਡਾਂ ਅਤੇ ਦੰਭ ਭਰੀਆਂ ਕਿਰਿਆਵਾਂ ਦੀ ਕਰੜੀ ਆਲੋਚਨਾ ਕੀਤੀ ਹੈ। ਜਿਵੇਂ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਰਾਹੀਂ ਉਸ ਸਮੇਂ ਵਿਚ ਪ੍ਰਚਲਿਤ ਵਿਭਿੰਨ ਸੰਪ੍ਰਦਾਵਾਂ, ਫ਼ਿਰਕਿਆਂ ਤੇ ਧਰਮਾਂ ਵਿਚਲੇ ਅਡੰਬਰ ਤੇ ਅੰਧ-ਵਿਸ਼ਵਾਸਾਂ ਦਾ ਖੰਡਨ ਕੀਤਾ ਅਤੇ ਪ੍ਰਚਲਿਤ ਕਰਮ-ਕਾਂਡਾਂ ਦੇ ਚਿਹਨਾਂ-ਪ੍ਰਤੀਕਾਂ ਨੂੰ ਨਵੇਂ ਅਰਥ ਪ੍ਰਦਾਨ ਕੀਤੇ, ਉਸੇ ਪ੍ਰਕਾਰ ਗੁਰੂ ਅਰਜਨ ਦੇਵ ਜੀ ਨੇ ਵੀ ਲੋਕ-ਪ੍ਰਚਲਿਤ ਧਰਮ-ਵਿਧੀਆਂ, ਵਿਸ਼ਵਾਸਾਂ ਤੇ ਕਰਮ ਕਿਰਿਆਵਾਂ ਦੀ ਵਿਸਤਾਰ ਆਲੋਚਨਾ ਕੀਤੀ ਹੈ ਅਤੇ ਉਨ੍ਹਾਂ ਦੇ ਮੂਲ ਅਸਲੀ ਮੰਤਵ, ਭਾਵ ਅਤੇ ਅਰਥਾਂ ਤੋਂ ਜਾਣੂ ਕਰਵਾਇਆ ਹੈ।

ਉਸ ਸਮੇਂ ਦੇ ਲੋਕ-ਧਰਮ ਅਥਵਾ ਧਾਰਮਿਕ ਅਨੁਸ਼ਠਾਨ ਦਾ ਗੁਰੂ ਅਰਜਨ ਦੇਵ ਜੀ ਨੇ ਜੋ ਸੂਖਮ-ਚਿਤਰ ਆਪਣੀ ਬਾਣੀ ਰਾਮਕਲੀ ਮ: 5 ਵਿਚ ਪ੍ਰਸਤੁਤ ਕੀਤਾ ਹੈ, ਉਸ ਦਾ ਪਤਾ ਤਤਕਾਲੀਨ ਸਮੇਂ ਦੀ ਧਰਮ ਵਿਵਸਥਾ ਦਾ ਹੂ-ਬ-ਹੂ ਚਿਤਰ ਪੇਸ਼ ਕਰਦਾ ਹੈ। ਆਪਣੀ ਰਚਨਾ ਅਨੁਸਾਰ ਕੋਈ ਤੀਰਥਾਂ ਤੇ ਜਾਕੇ ਇਸ਼ਨਾਨ ਕਰਦਾ ਹੈ ਤੇ ਕੋਈ ਹੋਮ ਕਰਦਾ ਹੈ। ਕੋਈ ਮੂਰਤੀਆਂ ਦੀ ਪੂਜਾ ਕਰਦਾ ਹੈ ਤੇ ਕੋਈ ਜਿਸ ਨਿਵਾ ਰਿਹਾ ਹੈ। ਪੰਡਿਤ ਵੇਦਾਂ ਦਾ ਪਾਠ ਕਰਦੇ ਹਨ ਅਤੇ ਮੁੱਲਾਂ ਕੁਰਾਨ ਪੜ੍ਹਦੇ ਹਨ, ਕੋਈ ਨਵੌਲ ਕਰਮ ਧਾਰਨ ਕਰਦਾ ਹੈ ਤੇ ਕੋਈ ਨੀਲੇ ਕਪੜੇ ਪਹਿਨਦਾ ਹੈ। ਕੋਈ ਆਪਣੇ ਆਪ ਨੂੰ ਮੁਸਲਮਾਨ ਕਹਿ ਰਿਹਾ ਹੈ ਤੇ ਉਸ ਕੰਮ ਰਿਹਾ ਹੈ ਅਤੇ ਕੋਈ ਹਿੰਦੂ ਹੋਣ ਤੋਂ ਜੰਗਲ ਨੂੰ ਤੁਰ ਰਿਹਾ ਹੈ। ਕੋਈ ਕਿਰਿਆਵਾਂ ਵਿਚ ਸਾਰਾ ਸਾਰੀ ਜ਼ਿੰਦਗੀਆਂ ਕਰ ਰਿਹਾ ਹੈ ਤੇ ਕੋਈ ਸਮਾਧੀ ਵਿਚ ਜਾਗਦਾ ਜਾਪਦਾ ਹੈ। ਪਰ ਵਾਹਿਗੁਰੂ ਦੇ ਹੁਕਮ ਦੀ ਪਾਲਣਾ ਕਿਸੇ ਨੂੰ ਨਹੀਂ, ਜਿਸ

ਕਹੀ ਉਸ ਪਰਮਾਤਮਾ ਦੇ ਤਰੀਕਿਆਂ ਨੂੰ ਕੋਈ ਵੀ ਸਮਝਣ ਤੋਂ ਅਸਮਰਥ ਹੈ। ਆਪ ਫੁਰਮਾਉਂਦੇ ਹਨ :-

ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥
ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥
ਕੋਈ ਪੜੈ ਬੇਦ ਕੋਈ ਕਤੇਬ ॥
ਕੋਈ ਓਢੈ ਨੀਲ ਕੋਈ ਸੁਪੇਦ ॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥
ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥
ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥

( ਆਦਿ ਗ੍ਰੰਥ, ਪੰਨਾ 885 )

ਇਸੇ ਤਰ੍ਹਾਂ ਇਕ ਥਾਂ ਆਪ ਐਸੇ ਸਮੇਂ ਦੇ ਤਤਕਾਲੀਨ ਧਾਰਮਿਕ ਤੇ ਸਮਾਜਕ ਜੀਵਨ ਦਾ ਖ਼ਾਕਾ ਚਿਤ੍ਰਦੇ ਫੁਰਮਾਉਂਦੇ ਕਹਿੰਦੇ ਹਨ ਕਿ ਕੋਈ ਵੇਦਾਂ ਅਤੇ ਕਥਾਂ ਦੇ ਝਗੜਿਆਂ ਵਿਚ ਰੁਲਿਆ ਹੋਇਆ ਹੈ ਅਤੇ ਕੋਈ ਜੀਭ ਦੇ ਸੁਆਦ ਪਿੱਛੇ ਹੀ ਸਭ ਉਮਰ ਦਾ ਸਮਾਂ ਬਰਬਾਦ ਕਰ ਰਿਹਾ ਹੈ। ਕੋਈ ਕਾਮ ਅਧੀਨ ਹੋ ਇਸਤ੍ਰੀ ਨਾਲ ਰੰਗ ਮਾਣ ਰਿਹਾ ਹੈ, ਪਰ ਕੋਈ ਵਿਰਲਾ ਸੰਤ ਜਨ ਪ੍ਰਭੂ ਦੇ ਨਾਮ ਵਿਚ ਰੰਗਿਆ ਹੋਇਆ ਹੈ। ਕੋਈ ਜੂਆ ਖੇਡਣ ਵਿਚ ਲੱਗਾ ਹੋਇਆ ਹੈ ਤੇ ਕੋਈ ਅਮਲੀ ਦਾ ਜੀਵਨ ਬਤੀਤ ਕਰ ਕੇ ਸਮਾਂ ਗੁਆ ਰਿਹਾ ਹੈ। ਕੋਈ ਚੋਰੀ ਰਾਹੀਂ ਆਪਣਾ ਗੁਜ਼ਾਰਾ ਕਰਦਾ ਹੈ। ਪਰ ਹਰੀ ਦਾ ਭਗਤ ਉਸਦੇ ਨਾਮ ਨੂੰ ਧਿਆਉਂਦਾ ਹੋਇਆ ਇਹ ਸਮਾਂ ਸਫਲ ਕਰ ਲਿਆ ਹੈ :-

ਕਾਹੂ ਬਿਹਾਵੈ ਬੇਦ ਅਰੁ ਬਾਦਿ ॥
ਕਾਹੂ ਬਿਹਾਵੈ ਰਸਨਾ ਸਾਦਿ ॥
ਕਾਹੂ ਬਿਹਾਵੈ ਲਪਟਿ ਸੰਗਿ ਨਾਰੀ ॥
ਸੰਤ ਰਚੇ ਕੇਵਲ ਨਾਮ ਮੁਰਾਰੀ ॥
ਕਾਹੂ ਬਿਹਾਵੈ ਖੇਲਤ ਜੂਆ ॥
ਕਾਹੂ ਬਿਹਾਵੈ ਅਮਲੀ ਹੂਆ ॥
ਕਾਹੂ ਬਿਹਾਵੈ ਪਰ ਦਰਬ ਚੁਰਾਏ ॥
ਹਰਿ ਜਨ ਬਿਹਾਵੈ ਨਾਮ ਧਿਆਏ ॥

(ਆਦਿ ਗ੍ਰੰਥ, ਪੰਨਾ 914)

ਗੁਰੂ-ਕਾਲ ਵਿਚ ਜੋਗੀਆਂ ਦੇ ਸਿੱਧਾਂ ਦਾ ਆਮ ਲੋਕਾਂ ਤੇ ਕਾਫ਼ੀ ਪ੍ਰਭਾਵ ਸੀ । ਇਹ ਘਰ ਦੇ ਪ੍ਰਾਣੀਆਂ ਸਮੇਤ ਸੰਸਾਰ ਨੂੰ ਮਿਥਿਆ ਸਮਝ, ਇਸ ਦਾ ਤਿਆਗ ਕਰਕੇ ਜੰਗਲਾਂ ਅਤੇ ਪਹਾੜਾਂ ਤੇ ਜਾ ਬੈਠੇ ਰਹਿੰਦੇ ਸਨ । ਇਸਤਰੀ ਨੂੰ ਕਾਮ-ਉਤੇਜਨਾ ਤੇ ਕਾਮ-ਪੂਰਤੀ ਦਾ ਮੂਲ ਕਾਰਨ ਮੰਨਦੇ ਹੋਏ ਇਹ ਉਸ ਦਾ ਤਿਆਗ ਕਰਨ ਦਾ ਉਪਦੇਸ਼ ਦੇਂਦੇ ਅਤੇ ਕੁਦਰਤੀ ਜੀਵਨ ਨੂੰ ਤਿਆਗ ਕੇ ਸਰੀਰ ਨੂੰ ਕਸ਼ਟ ਦੇ ਕੇ ਰਿਧੀਆਂ ਸਿਧੀਆਂ ਵਿਚ ਲੀਨ ਸਨ । ਇਸ ਤਰ੍ਹਾਂ ਜੋਗੀ ਸਮਾਜ ਨਾਲੋਂ ਟੁੱਟੇ ਹੋਏ ਜੀਵਨ ਕਰਕੇ ਸਮਾਜ-ਉਸਾਰੀ ਵਿਚ ਤੇ ਧਾਰਮਿਕ-ਜ਼ਿੰਦਗੀ ਵਿਚ ਆਧਾਰ ਕੋਈ ਯੋਗਦਾਨ ਨਹੀਂ ਦੇ ਰਹੇ ਸਨ, ਸਗੋਂ ਇਸ ਦੇ ਉਲਟ ਲੋਕਾਂ ਨੂੰ ਕਰਿਸ਼ਮ-ਕਰਾਮਾਤ, ਜਾਦੂ-ਟੂਣੇ ਅਤੇ ਰਿਧੀਆਂ-ਸਿਧੀਆਂ ਦੇ ਰਾਹੇ ਉਤੇ ਤੋਰ ਰਹੇ ਸਨ ।

ਅਧਿਆਤਮ ਵਿਚ ਜੋਗ ਪਤੰਜਲੀ ਰਿਸ਼ੀ ਦਾ ਚਿਤ ਨੂੰ ਨਿਯੰਤ੍ਰਣ ਕਰਨ ਵਾਲਾ ਫ਼ਲਸਫ਼ਾ ਹੋਇਆ ਸਮਝਦਾ ਹੈ[9]। ਇਹ ਸੰਸਕ੍ਰਿਤ ਦੇ 'ਯੁੱਜ' ਧਾਤੂ ਤੋਂ ਬਣਿਆ ਹੈ, ਜਿਸ ਦਾ ਅਰਥ ਹੈ 'ਜੁੜਨਾ', 'ਜੋੜਨਾ' ਜਾਂ ਸੰਯੁਕਤ ਕਰਨਾ[10]। ਇਸ ਤਰ੍ਹਾਂ ਪਰਮਾਤਮਾ ਤੇ ਆਤਮਾ ਦੇ ਮਿਲਾਪ ਨੂੰ ਹੀ ਜੋਗ ਕਿਹਾ ਜਾਂਦਾ ਹੈ। ਜੋਗ ਚਾਰ ਪ੍ਰਕਾਰ ਦਾ ਮੰਨਿਆ ਜਾਂਦਾ ਹੈ ;(1) ਮੰਤਰ ਜੋਗ (2) ਲਿਅ-ਜੋਗ (3) ਰਾਜ ਜੋਗ (4) ਹਠ ਜੋਗ । ਮੰਤਰ ਜੋਗ ਵਿਚ ਇਕ ਮੰਤਰ ਦੇ ਰਟਣ ਨਾਲ ਮਨ ਨੂੰ ਨਿਯੰਤ੍ਰਣ ਕਰਨ ਦੀ ਵਿਧੀ ਹੈ । ਲਿਅ-ਜੋਗ ਦਾ ਸੰਬੰਧ ਕੁੰਡਲੀ ਨਾਲ ਹੈ । ਰਾਜ-ਜੋਗ ਵਿਚ ਮਨ ਅਤੇ ਸਰੀਰ ਉੱਤੇ ਕਾਬੂ ਪਾਉਣਾ ਦੱਸਿਆ ਗਿਆ ਹੈ ਅਤੇ ਹਠ ਜੋਗ ਵਿਚ ਸਰੀਰ ਨੂੰ ਵੱਖ ਵੱਖ ਤਰ੍ਹਾਂ ਦੇ ਕਸ਼ਟ ਦੇ ਕੇ ਸਾਧਨਾ ਅਤੇ ਪ੍ਰਾਣ-ਪੂਜਾ ਕਰਨੀ ਦੱਸਿਆ ਗਿਆ ਹੈ ।

ਗੁਰੂ ਸਾਹਿਬ ਦੇ ਸਮੇਂ ਹਠ-ਜੋਗ ਵਧੇਰੇ ਪ੍ਰਚਲਿਤ ਸੀ । ਸਰੀਰ ਨੂੰ ਕਸ਼ਟ ਦੇ ਕੇ ਮਨ ਨੂੰ ਧੁਰ ਤੇ ਸੰਤੁਸ਼ਟ ਨਹੀਂ ਕੀਤਾ ਜਾ ਸਕਦਾ । ਜੰਗਲਾਂ ਵਿਚ ਜਾਣ ਹੀ ਜੇ ਜੋਗੀ ਬਣੀਦਾ ਹੈ ਤਾਂ ਜੰਗਲੀ ਜਾਨਵਰਾਂ ਨਾਲੋਂ ਕੀ ਅੰਤਰ ਰਹਿ ਗਿਆ । ਜੇ ਜੋਗੀ ਵਾਲ ਵਧਾ ਕੇ ਜਟਾਧਾਰੀ ਜੋਗੀ ਬਣ ਜਾਵੇ ਤਾਂ ਇਹ ਵੀ ਜੋਗ ਨਹੀਂ । ਜੰਗਲਾਂ ਵਿਚ ਲੁਕ ਛਿਪ ਕੇ ਮਨ ਨੂੰ ਸਾਧਿਆ ਨਹੀਂ ਜਾ ਸਕਦਾ, ਸੱਪ ਸਪੋਲੀਏ, ਚੂਹੇ ਆਦਿ ਸਭ ਖੁੱਡਾਂ ਵਿਚ ਰਹਿੰਦੇ ਹਨ । ਸਰੀਰ ਰੁੱਖਾਂ ਨਾਲ ਟੰਗ ਕੇ ਜੇ ਜੋਗ ਮਿਲ ਸਕੇ ਤਾਂ ਚਮਗਿੱਦੜਾਂ ਵਰਗਾ ਮਹਾਨ ਜੋਗੀ ਹੀ ਕੋਈ ਨਹੀਂ ।

ਜੋਗ ਦੇ ਮਹੱਤਵ ਨੂੰ ਤਾਂ ਗੁਰੂ ਸਾਹਿਬ ਮੰਨਦੇ ਹਨ, ਪਰ ਪ੍ਰਾਣਾਯਾਮ, ਆਸਣ ਆਦਿ ਸਾਧਨਾਂ ਦੀ ਸਖ਼ਤ ਵਿਰੋਧਤਾ ਕਰਦੇ ਹਨ। ਇਹਨਾਂ ਸਾਧਨਾਂ ਤੇ ਸਾਧਨਾਂ ਨੂੰ ਗੁਰੂ ਜੀ ਨੇ ਆਪਣੇ ਵਿਚਾਰਾਂ ਅਨੁਸਾਰ ਵਖਰੀ ਬਾਣੀ ਜੋਗ ਦਾ ਜੋ ਰਾਹ ਦੱਸਿਆ ਉਸ ਨੂੰ ਡਾਕਟਰ ਸੁਰਿੰਦਰ ਸਿੰਘ ਕੋਹਲੀ ਨਾਮ ਜੋਗ ਆਖਦੇ ਹਨ[11]।

ਗੁਰੂ ਅਰਜਨ ਦੇਵ ਜੀ ਸ਼ਾਂਤੀਆਂ ਦੀ ਆਲੋਚਨਾ ਕਰਦੇ ਹੋਏ ਦਸਦੇ ਹਨ ਕਿ ਜੇ ਜੀਵ ਪੂਜਾ ਪਾਠ ਵਿਚ ਮਗਨ ਰਹਿੰਦਾ ਹੈ, ਸਰੀਰ ਨੂੰ ਕਸ਼ਟ ਦੇ ਕੇ ਜੰਗਲਾਂ ਵਿਚ ਫਿਰਦਾ ਹੈ ਅਤੇ ਹੋਰ ਕਈ ਪ੍ਰਕਾਰ ਦੇ ਜਪ, ਤਪ ਤੇ ਪਖੰਡ ਕਰਦਾ ਹੈ, ਉਹ ਅਸਲੀ ਸ਼ਾਂਤੀ ਨਹੀਂ, ਇਹ ਸਾਰੀਆਂ ਨਾਮ ਸ਼ਾਂਤ ਦੇ ਤੁਲ ਨਹੀਂ ਪੁਜ ਸਕਦੀਆਂ।[12]

ਜੀਵ ਸਾਰੀ ਧਰਤੀ ਨੂੰ ਘੁੰਮ ਆਵੇ, ਲੰਬਾ ਤਪੀ ਤਪੱਸਿਆ ਕਰ ਜਾਵੇ, ਕਈ ਪ੍ਰਕਾਰ ਦੇ ਆਸਨ ਕਰਦੈ ਸਿਧ ਹਵੈ, ਜੋਗ ਮਤ ਵਰਗੇ ਸੰਜਮ ਧਾਰਨ ਕਰ ਜਾਵੇ, ਤਾਂ ਵੀ ਉਹ ਸ਼ਾਂਤੀ ਨਹੀਂ ਪਾ ਸਕਦਾ।[13] ਜੇ ਜੀਵ ਪਾਣੀ ਸ਼ਾਂਤ-ਕਾਮਨਾ ਵਿਚ ਲਗਾ ਰਹੇ, ਸਭ ਕਿਸੇ ਆਸਣ ਤੇ ਪ੍ਰਬੰਧ ਦੀ ਸਾਧਨਾ ਕਰਦਾ ਰਹੇ ਤਾਂ ਵੀ ਮਨ ਦੀ ਸ਼ੁਧੀ ਨਹੀਂ ਹੁੰਦੀ। ਅਸਲੀ ਸ਼ਾਂਤੀ ਤਾਂ ਮਨ ਦੀ ਸ਼ੁਧੀ ਨਾਲ ਹੀ ਪ੍ਰਾਪਤ ਹੋ ਸਕਦੀ ਹੈ। ਜੋਗ ਦੇ ਮਾਰਗਾਂ ਦੁਆਰਾ ਲੱਗੇ ਹੋਏ ਸਾਰੇ ਆਸਨ ਕਰਕੇ ਵੀ ਜੀਵ ਥਕ ਗਿਆ, ਸਾਰੀ ਉਮਰ ਵੀ ਲੰਘ ਗਈ, ਪਰ ਦੁਖਾਂ ਤੋਂ ਛੁਟਕਾਰਾ ਨਹੀਂ ਮਿਲ ਸਕਿਆ।[14]

ਜੰਗਲਾਂ ਵਿਚ ਜਾਣ ਸੇਵੀਆਂ ਵਾਲਾ ਭੇਸ ਧਾਰਨ ਕਰਨ ਨਾਲ, ਰੂਪ ਸ਼ਿੰਗਾਰ ਨਾਲ ਜਾਂ ਵਿਰਕਤ ਹੋ ਜਾਣ ਨਾਲ ਸ਼ਾਂਤੀ ਨਹੀਂ ਪ੍ਰਾਪਤ ਹੋ ਸਕਦੀ। ਸ਼ਾਂਤੀ ਉਹੀ ਹੈ ਜਿਸ ਤੇ ਪਰਮਾਤਮਾ ਦੀ ਬਖਸ਼ਿਸ਼ ਹੋਈ ਹੋਵੇ ਤੇ ਉਸਦਾ ਚਿਤ ਪ੍ਰਭੂ-ਚਰਨਾਂ ਨਾਲ ਜੁੜ ਗਿਆ ਹੋਵੇ।[15] ਕਈਆਂ ਦੀ ਸਾਰੀ ਆਯੂ ਵਿਅਰਥ ਵਿਸ਼ਿਆਂ ਦੀ ਭੇਟ ਜਾਂਦੀ ਹੈ। ਉਹ ਕੇਵਲ ਧਰਮਾਂ, ਕ੍ਰਿਆਂ, ਕਰਮਾਂ, ਭੇਖਾਂ, ਪਖੰਡਾਂ ਵਿਚ ਪਏ ਰਹਿੰਦੇ ਹਨ। ਉਹ ਜ਼ਿੰਦਗੀ ਉਮਰ ਦਾ ਕੋਈ ਅਰਥ ਨਹੀਂ, ਸਗੋਂ ਉਹੀ ਸਫਲਾਂ ਹੈ ਜੋ ਨਾਮ-ਸ਼ਾਂਤ ਵਿਚ ਬੀਤੀਆਂ।[16]

ਗੁਰੂ ਅਰਜਨ ਦੇਵ ਸੱਚੇ ਸ਼ਾਂਤੀ ਉਹਨਾਂ ਨੂੰ ਮੰਨਦੇ ਹਨ ਜੋ ਪ੍ਰਭੂ-ਚਰਨਾਂ ਨਾਲ ਜੁੜਦੇ ਹਨ, ਦਾਨ ਪੁੰਨ ਅਤੇ ਅਨੇਕ ਪ੍ਰਕਾਰ ਦੀਆਂ ਕ੍ਰਿਆਵਾਂ ਕਰਨ ਵਾਲਾ ਸ਼ਾਂਤੀ ਨਹੀਂ ਅਖਵਾ ਸਕਦਾ।

ਸ਼ਾਂਤ ਦਾਨ ਅਨੇਕ ਕਿਰਿਆ
ਨਹਿ ਕਰਤ ਗਮਨਹ ਸਾਧਾਂਗਿ।[17]

ਜੋ ਕੇਵਲ ਕਰਮਾਂ ਹੀ ਕਰਦੇ ਰਹਿੰਦੇ ਹਨ, ਨਾਮ ਨਹੀਂ ਜਪਦੇ, ਉਹ ਸ਼ਾਂਤੀ, ਗਿਆਨੀ, ਧਿਆਨੀ ਆਪਣੀ ਉਮਰ ਹੀ ਗੁਆਉਂਦੇ ਰਹਿ ਜਾਂਦੇ ਹਨ, ਉਹਨਾਂ ਨੂੰ ਕੁਝ ਪ੍ਰਾਪਤ ਨਹੀਂ ਹੁੰਦਾ।

ਕਰਤ ਕਰਤ ਕਰਤ ਕਰਤ ਕਰਕਰੀ ॥
ਜੈਤ੍ਰ ਗਿਆਨ ਧਿਆਨ ਗਿਆਨ
ਫਿਰਤ ਫਿਰਤ ਧਰਤ ਧਰਤ ਧਰਧਰੀ ॥[18]

[illegible]

ਗੁਰੂ ਨਾਨਕ ਦੇਵ ਜੀ ਫਰਮਾਂਦੇ ਹਨ ਕਿ ਸਰੀਰ ਤੇ ਵਿਭੂਤੀ ਮਲ ਕੇ, ਕੰਨਾਂ ਵਿਚ ਮੁੰਦਰਾਂ ਪਾਕੇ ਤਾੜੀ ਲਾਉਣੀ ਤੇ ਘਰ ਘਰ ਜਾਣੀ ਭੁੱਖਣ ਮੰਗਣ ਜਹੀਂ ਜੋਗੀ ਨੂੰ ਸਾਂਤ ਨਹੀਂ ਆਉਂਦੀ। ਉਹ ਪ੍ਰਭੂ (ਨਾਥ) ਨੂੰ ਛੱਡ ਕੇ ਇਧਰ ਉਧਰ ਭਟਕਦਾ ਫਿਰਦਾ ਹੈ, ਇਹੀ ਕਾਰਨ ਹੈ ਉਹ ਆਵਾਗਵਣ ਦੇ ਬੰਧਨ ਤੋਂ ਮੁਕਤ ਨਹੀਂ ਹੋ ਪਾਂਦਾ। ਪ੍ਰਭੂ ਨੂੰ ਤਾਂ ਉਸਦੇ ਨਾਮ ਸਹਾਰਾ ਹੀ ਪਾਇਆ ਜਾ ਸਕਦਾ ਹੈ। ਜਦੋਂ ਜੋਗੀ ਨਾਮ ਦੀ ਖਿੰਥਾ ਅਤੇ ਨਾਮ ਦੇ ਹੀ ਵਸਤਰ ਧਾਰਣ ਕਰੀਏ ਅਤੇ ਦਿਨ ਰਾਤ ਗੁਰ ਦੇ ਨਾਮ ਵਿਚ ਲੀਨ ਰਹੀਏ ਉਦੋਂ ਹੀ ਉਸਨੂੰ ਪਰਮਾਤਮਾ ਦੀ ਪ੍ਰਾਪਤੀ ਹੋ ਸਕੇਗੀ।

ਕਰਣੀ ਕੇ ਨਾਹਿ ਛਿਨ ਨਾਹੀ ॥ ਸਿਵ ਤੇਰੀ ਮੁੰਦ੍ਰਾ ਪਾਵੈ ॥
ਮਾਂਗਹਿ ਭੂਖਾ ਤ੍ਰਿਪਤਿ ਨ ਪਾਵੈ ॥ ਨਾਥ ਛੋਡਿ ਜਾਚਹਿ ਲਾਜ ਨ ਆਵੈ ॥
ਰਲਿਓਹ ਜੋਗੀ ਅਧਮੁ ਭੇਖਾ ॥ ਫਿਰ ਫਿਰ ਜੋਗੀ ਆਵੈ ਜਾਵੈ ॥
ਜਿਸਨੋ ਪ੍ਰਭਿ ਨਾਮੁ ਦ੍ਰਿੜਾਇਆ ॥ ਰਹਿਰਾਸਿ ਹਮਾਰੀ ਗੁਰ ਭੇਟਿਆ ॥
ਨਾਮੇ ਖਿੰਥਾ ਨਾਮੇ ਚਾਦਰ ॥ ਸਤ ਸੰਤੋਖ ਜੋਗੀ ਹੋਆ ਆਦਰ ॥
ਇਹੁ ਸਹਿਆ ਨਾਮ ਜਿਨ ਹੈਹਾਲੀ ॥ ਗੁਰ ਪਾਇਆ ਗੁਰ ਜੋਗਾਲੀ ॥[19]

ਸਰੀਰ ਨੂੰ ਕਸ਼ਟ ਦੇ ਕੇ ਅਤੇ ਕਠਿਨ ਤੋਂ ਕਠਿਨ ਹਠ ਸਾਧਨਾਂ ਕਰਨ ਦੇ ਬਾਵਜੂਦ ਵੀ ਜੋਗੀ ਮਨ ਦੀ ਦੁਬਿਧਾ ਤੋਂ ਮੁਕਤ ਨਹੀਂ ਹੁੰਦਾ। ਅਸਲੀ ਜੋਗ ਤਾਂ ਮਨ ਨੂੰ ਜਿੱਤਣਾ ਹੈ। ਕੇਵਲ ਉਹੀ ਜੋਗੀ ਸੱਚਾ ਅਤੇ ਸਫਲ ਜੋਗੀ ਅਖਵਾਣ ਦਾ ਅਧਿਕਾਰੀ ਹੈ ਜਿਸ ਨੇ ਆਪਣੇ ਮਨ ਨੂੰ ਵੱਸ ਵਿਚ ਕਰਕੇ ਮਨ ਦੀ ਦੁਬਿਧਾ ਨੂੰ ਖਤਮ ਕਰ ਲਿਆ ਹੈ।

ਕਿਆ ਹੋਇ ਜਿ ਦੁਬਿਧਾ ਮਾਹਿ ਭਰਮੈ ॥
ਜਿਸਹਿ ਮਾਹਿ ਸਹਜ ਜੋਗੁ ਕਮਾਵੈ ॥[20]

ਜਦੋਂ ਦੁਬਿਧਾ ਮਰ ਗਈ, ਮਨ ਅਡੋਲ ਹੋ ਗਿਆ, ਫਿਰ ਜੰਗਲਾਂ ਵਿਚ ਭਟਕਣਾ ਤੇ ਘਰ ਵਿਚ ਟਿਕਣਾ ਇਕ ਸਮਾਨ ਹੋ ਜਾਂਦਾ ਹੈ, ਕਿਉਂਕਿ ਹਰੀ ਮਨ ਵਿਚ ਵੱਸ ਜਾਂਦਾ ਹੈ। ਹੋਰ ਅਡੋਲ ਪਾਂਧਿਓਂ ਮਨ ਨੂੰ ਰਟਣੀ ਇਹੋ ਪਰਮਾਤਮਾ ਦਾ ਧਿਆਨ ਧਰਨ ਅਤੇ ਰਾਜ-ਜੋਗ ਪ੍ਰਾਪਤ ਕਰਨ ਨੂੰ ਗੁਰੂ ਜੀ ਨੇ ਅਸਲੀ ਜੋਗ ਮੰਨਿਆ ਹੈ।[21]

ਗੁਰੂ ਅਰਜਨ ਸਾਹਿਬ ਅਸਲ ਜੋਗ ਪ੍ਰਤੀ ਦਸਦੇ ਹਨ ਕਿ ਧਰਤੀ ਤੇ ਭ੍ਰਮਣ ਕਰਨ ਦੀ ਥਾਂ ਅੰਦਰ ਵਸਦੇ ਹਰੀ ਦੀ ਭਾਲ ਕੀਤੀ ਜਾਵੇ। ਨੌਂ ਖੰਡ ਪ੍ਰਿਥਵੀ ਇਸ ਸਰੀਰ ਦੇ ਵਿਚ ਹੀ ਸਥਿਤ ਹੈ। ਗੁਰੂ ਜੀ ਸਿਖਿਆ ਜੋਗੀ ਦੀਆਂ ਮੁੰਦਰਾਂ ਹਨ। ਪੰਜਾਂ ਵਿਕਾਰਾਂ ਨੂੰ ਵਸ ਵਿਚ ਕਰਕੇ

ਇਕ ਪ੍ਰਭੂ ਦਾ ਚਿੰਤਨ ਕਰਿਆ ਜਾਵੇ । ਭਰਮ-ਜੁਗੀਏ ਜਾਣ ਕੇ ਜੋ ਸਵਾਲ ਕਰਦੀ ਹੈ, ਉਸਦੇ ਜੋਗੀ ਆਪਣੇ ਸਰੀਰ ਤੇ ਮਲਣ । ਇਸ ਜੋਗੀ ਦਾ ਪੰਥ ਇਕ ਅਕਾਲ ਪੁਰਖ ਦੀ ਪ੍ਰਾਪਤੀ ਹੈ । ਇਸ ਦਾ ਭੋਜਨ ਸਹਜ ਸੁਖ ਹੈ । ਇਸ ਦੀ ਸਿੰਙੀ ਅਨਹਦ ਸ਼ਬਦ ਹੈ । ਇਸ ਜੋਗੀ ਦਾ ਡੰਡਾ ਨਾਮ ਨੂੰ ਮਨ ਵਿਚ ਵਸਾਉਣਾ ਹੈ। ਅਜਿਹਾ ਜੋਗੀ ਦੱਸਿਆਂ ਰਾਹਾਂ ਨਾਲ ਮਿਲਦਾ ਹੈ ਜੋ ਮਾਇਆ ਦੇ ਬੰਧਨਾਂ ਤੋਂ ਛੁਟਕਾਰਾ ਦਿਵਾ ਦੇਵੇ । ਅਜਿਹਾ ਜੋਗੀ ਪ੍ਰਵਾਣ ਜੋਗ ਹੈ ।[22]

ਇਸੇ ਪ੍ਰਕਾਰ ਤਤਕਾਲੀਨ ਧਰਮ- ਸਾਧਨਾਂ ਵਿਚ ਕਰਮਕਾਂਡਾਂ ਦੇ ਬਾਹਰੀ ਵਿਖਾਵੇ ਦੇ ਧਰਮ ਦੀ ਗੁਰੂ ਅਰਜਨ ਨੇ ਸਖ਼ਤ ਆਲੋਚਨਾ ਕੀਤੀ ਹੈ । ਉਸ ਵੇਲੇ ਦਾ ਹਿੰਦੂ ਸਮਾਜ ਸੰਸਕਾਰਾਂ ਦੇ ਅੰਧ-ਵਿਸ਼ਵਾਸਾਂ ਵਿਚ ਬੁਰੀ ਤਰ੍ਹਾਂ ਜਕੜਿਆ ਹੋਇਆ ਸੀ । ਉਨ੍ਹਾਂ ਦੇ ਇਸ ਧਾਰਮਿਕ-ਸਮਾਜਕ ਜੀਵਨ ਦਾ ਸਮਾਜਿਕ ਨਾਲ ਜੁੜੀਆਂ ਕਰਮਕਾਂਡ ਵਰਗ ਅਜਿਹੇ ਸੰਸਕਾਰਾਂ ਦੀ ਪੂਰਤੀ ਸਮੇਂ ਭੋਲੇ ਭਾਲੇ ਲੋਕਾਂ ਨੂੰ ਗੁਮਰਾਹ ਕਰਕੇ ਉਨ੍ਹਾਂ ਨੂੰ ਖੂਬ ਠਗਦੇ ਤੇ ਲੁੱਟ ਖਾਂਦੇ ਸਨ ।

ਡਾ. ਰਾਜਬਾਲਾ ਸ਼ੇਰੀ ਅਨੁਸਾਰ ਹਿੰਦੂ ਜਾਤੀ ਵਿਚ ਉਹੋ ਜੋ ਧਰਮ ਪ੍ਰਚਲਤ ਸੀ, ਉਸ ਵਿਚ ਸੰਸਕਾਰਾਂ ਨੂੰ ਪ੍ਰਮੁਖ ਸਥਾਨ ਪ੍ਰਾਪਤ ਸੀ । ਸੰਸਕਾਰ ਕੁਝ ਕੁ ਧਰਮ-ਕਿਰਿਆਵਾਂ ਹਨ, ਜਿਨ੍ਹਾਂ ਨੂੰ ਨਿਭਾਉਣ ਨਾਲ, ਹਿੰਦੂ ਧਾਰਨਾ ਅਨੁਸਾਰ ਕਿਸੇ ਪ੍ਰਾਣੀ ਦਾ ਸਰੀਰ ਤੇ ਆਤਮਾ ਦੋਵੇਂ ਸਵੱਛ ਹੋ ਜਾਂਦੇ ਹਨ ਅਤੇ ਪ੍ਰਾਣੀ ਨੂੰ ਆਤਮਿਕ ਤੇ ਮਾਨਸਿਕ ਉਨਤੀ ਮਿਲਦੀ ਹੈ। ਸੰਸਕਾਰ ਪ੍ਰਾਣੀ ਦੇ ਸਰੀਰ, ਮਨ ਤੇ ਬੁੱਧੀ ਦੀ ਸ਼ੁੱਧੀ ਲਈ ਧਾਰਮਿਕ ਪ੍ਰਕਾਰ ਦੀਆਂ ਕੁਝ ਸ਼ੋਧਨਾਤਮਕ ਰੀਤਾਂ (Purificatory rites ) ਹਨ । ਮਨੂੰ ਅਨੁਸਾਰ ਸੰਸਕਾਰ ਜਿਥੇ ਸਰੀਰ ਨੂੰ ਹੀ ਸ਼ੁੱਧਤਾ ਨਹੀਂ ਬਖਸ਼ਦੇ, ਸਗੋਂ ਇਸ ਜੀਵਨ ਤੇ ਅਗਲੇ ਜੀਵਨ ਨੂੰ ਵੀ ਪਵਿੱਤਰ ਕਰਦੇ ਹਨ । ਇਹ ਪ੍ਰਾਣੀ ਦੇ ਗੁਣ ਵਧਾਉਂਦੇ ਅਤੇ ਪ੍ਰਾਣੀ ਦਾ ਉੱਤਮ ਸਥਾਨ ਵੀ ਮਿੱਥੇ ਜਾਂਦੇ ਹਨ । ਪ੍ਰਥਮ ਸੰਸਕਾਰ ਨਾਲ ਸ਼ੁੱਧ ਹੋਇਆ ਪ੍ਰਾਣੀ ਜਿਥੇ ਹੀ ਪਣਪਦੀ ਅਤੇ ਹੋਰ ਸੰਸਕਾਰ ਕਰਾਉਣ ਕਰਕੇ ਹੀ ਪਦਵੀ ਪ੍ਰਾਪਤ ਕਰ ਲਿਆ ਦੱਸਿਆ ਜਾਂਦਾ ਸੀ।[23]

ਉਸ ਸਮੇਂ ਜੋਤਿਸ਼ ਵਿਗਿਆਨ ਨੂੰ ਪ੍ਰਾਣੀ ਦਾ ਇਕ ਵੱਡਾ ਸਾਧਨ ਸਮਝਿਆ ਜਾਂਦਾ ਸੀ । ਖ਼ਾਸ ਕਰਕੇ ਵਿਆਹਾਂ, ਮੰਗਣਿਆਂ, ਪ੍ਰਸਥਾਨਾਂ, ਕੁੰਭ, ਗ੍ਰਹਿਣ-ਕੁੰਭ ਸਮੇਂ ਵਿਸ਼ੇਸ਼ ਜੋਤਸ਼ੀਆਂ ਦੇ ਅਨੁਸਾਰ ਦਾ ਬਹੁਤ ਮਹੱਤਵ ਸਮਝਿਆ ਜਾਂਦਾ ਸੀ । ਜੈਨ- ਵਿਦਵਾਨ ਅਨੁਸਾਰ ਜਿਨ੍ਹਾਂ ਜੋਤਸ਼ੀਆਂ ਤੋਂ ਵਿਚਾਰ ਕਰਨ ਨਾਲ ਉਨ੍ਹਾਂ ਦੇ ਕੰਮ ਸਫਲ ਪੂਰੇ ਹੋ ਜਾਂਦੇ ਸਨ ।

ਪਰ ਗੁਰੂ ਅਰਜਨ ਸਾਹਿਬ ਨੇ ਮਨ ਦੀ ਸ਼ੁੱਧੀ ਤੋਂ ਬਗੈਰ ਸਰੀਰ ਦੀ ਸ਼ੁੱਧੀ ਨੂੰ ਬੇਅਰਥ ਦੱਸਿਆ ਹੈ । ਆਪ ਦੇ ਕਥਨ ਅਨੁਸਾਰ ਜਦ ਤਕ ਹਿਰਦੇ ਵਿਚ ਹਰੀ ਦਾ ਨਾਮ ਨਹੀਂ ਵਸਦਾ, ਸੱਭੇ ਤੀਰਥਾਂ ਦਾ ਇਸ਼ਨਾਨ ਅਤੇ ਅਠਾਰਾਂ ਪੁਰਾਣਾਂ ਦਾ ਪਾਠ ਵੀ ਕਿਸੇ ਕੰਮ ਨਹੀਂ।[24] ਆਪ ਉਸ ਸਮੇਂ ਦੇ ਪਾਖੰਡੀ ਤੇ ਵਿਖਾਵੇ ਦੇ ਧਰਮ ਉੱਤੇ ਵਿਅੰਗ ਕਰਦੇ ਹੋਏ ਅਜਿਹੇ ਕਰਮਕਾਂਡਾਂ ਦਾ ਖੰਡਨ ਰੂਪ ਕਰਦੇ

ਹਨ ਜੋ ਤਿਲਕ ਲਗਾਂਦੇ, ਇਸ਼ਨਾਨ ਕਰਕੇ ਵੇਦਾਂ ਦਾ ਪਾਠ ਉਚਾਰਦੇ ਤੇ ਮੂੰਹ ਵਿਚੋਂ ਮਿਠੀ ਬਾਣੀ ਬੋਲਦੇ ਹਨ, ਨਾਲ ਛੁਰੀ ਨੂੰ ਖੰਜਰੋਂ ਛੁਰੀ ਚਲਾਂਦੇ ਹਨ ਅਤੇ ਜੀਆਂ ਨੂੰ ਮਾਰਨ ਤੋਂ ਵੀ ਨਹੀਂ ਸੰਗਦੇ,

ਪੂਜਾ ਤਿਲਕ ਕਰਤ ਇਸਨਾਨਾ ॥
ਛੁਰੀ ਕਾਢਿ ਲੇਵੈ ਹਥ ਦਾਨਾ ॥
ਬੇਦੁ ਪੜੈ ਮੁਖਿ ਮੀਠੀ ਬਾਣੀ ॥
ਜੀਆਂ ਕੁਹਤ ਨ ਸੰਗੈ ਪਰਾਣੀ ॥[25]

ਹਰਿ ਦੇ ਨਾਮ ਤੋਂ ਬਗੈਰ ਸਭ ਪ੍ਰਕਾਰ ਦੀਆਂ ਧਾਰਮਿਕ ਕ੍ਰਿਆਵਾਂ ਵਿਅਰਥ ਹਨ। ਜਪ, ਤਪ, ਸੰਜਮ, ਵਰਤ ਅਤੇ ਨੇਮ ਕਿਸੇ ਲੇਖੇ ਨਹੀਂ, ਤੀਰਥਾਂ ਦੇ ਇਸ਼ਨਾਨ ਅਤੇ ਧਰਤੀ ਦਾ ਰਟਨ ਫ਼ਜ਼ੂਲ ਹੈ।[26] ਇਸ ਤਰ੍ਹਾਂ ਦੀਆਂ ਕ੍ਰਿਆਵਾਂ ਨਾਲ ਨਾ ਲੋਕ ਵਿਚ ਤੇ ਨਾ ਹੀ ਪਰਲੋਕ ਵਿਚ ਹੀ ਗਤੀ ਹੈ।

ਗੁਰੂ ਸਾਹਿਬ ਅਜੇਹੇ ਲੋਕਾਂ ਨੂੰ ਉਪਦੇਸ਼ ਦੇਂਦੇ ਹਨ ਕਿ ਹੋਮ, ਜਗ ਅਤੇ ਤੀਰਥਾਂ ਤੇ ਜਾਕੇ ਇਸ਼ਨਾਨ ਕਰਨ ਦਾ ਉਨ੍ਹਾਂ ਵਿਚ ਕੋਈ ਲਾਭ ਨਹੀਂ ਜਦ ਤਕ ਕਿ ਮਨ ਵਿੱਚੋਂ ਕੁਬੁਧਿ ਦੀ ਮੈਲ ਦੂਰ ਨਹੀਂ ਹੋ ਜਾਂਦੀ। ਇਸ ਤਰ੍ਹਾਂ, ਤੀਰਥਾਂ ਦੀ ਯਾਤਰਾ ਤੇ ਧਾਰਮਿਕ ਕ੍ਰਿਆਵਾਂ ਨਾਲ ਮੁਕਤੀ ਨਹੀਂ ਮਿਲ ਸਕਦੀ।[27] ਜਦ ਤਕ ਮਨ ਮੈਲਾ ਹੈ ਤਾਂ ਮਨ ਵਿਚ ਦੁਬਿਧਾ ਹੈ ਤਦ ਤਕ ਪ੍ਰਭੂ ਦੀ ਸੋਝੀ ਪ੍ਰਾਪਤੀ ਨਹੀਂ ਹੋ ਸਕਦੀ। ਦੁਬਿਧਾ ਨੂੰ ਮਾਤਰ ਗਿਆਨ ਨਾਲ ਹੀ ਰਾਮ ਜੋਤ ਸਮਾਇਆਂ ਜਾ ਸਕਦਾ ਹੈ।[28]

ਪਖੰਡੀ ਬ੍ਰਾਹਮਣਾਂ ਦੇ ਬਾਹਰੀ ਆਡੰਬਰ ਦੀ ਚੁਣ-ਚੁਣ ਆਲੋਚਨਾ ਕਰਦੇ ਹੋਏ ਗੁਰੂ ਅਰਜਨ ਦੇਵ ਜੀ ਦਸਦੇ ਹਨ ਕਿ ਇਹ ਲੋਕ ਪੂੰਜੀ ਤੇ ਟਕੇ ਸਹਿਤ ਵੇਦਾਂ-ਪੁਰਾਣਾਂ ਦਾ ਵਿਖਿਆਨ ਕਰਦੇ ਹਨ ਅਤੇ ਲੋਕਾਂ ਨੂੰ ਉਪਦੇਸ਼ ਦੇਂਦੇ ਹਨ। ਪਰ ਇਹਨਾਂ ਦੇ ਆਪਣੇ ਹਿਰਦੇ ਵਿਚ ਰਾਮ ਦਾ ਨਾਮ ਨਹੀਂ ਹੈ। ਲੋਕਾਂ ਨੂੰ ਜੋ ਉਪਦੇਸ਼ ਦੇਂਦੇ ਹਨ, ਆਪ ਉਸ ਤੇ ਉਲਟ ਕਰਦੇ ਹਨ। ਅਜੇਹੇ ਪੰਡਿਤ ਨੂੰ ਆਪ ਸੰਬੋਧਨ ਕਰਦੇ ਹੋਏ ਫੁਰਮਾਂਦੇ ਹਨ ਕਿ ਹੇ ਪੰਡਿਤ ਤੂੰ ਵੇਦਾਂ ਦੇ ਗਿਆਨ ਨੂੰ ਚੰਗੀ ਤਰ੍ਹਾਂ ਵਿਚਾਰ ਕਰਕੇ ਗ੍ਰਹਿਣ ਕਰ ਅਤੇ ਪਹਿਲਾਂ ਆਪਣੇ ਮਨ ਦੇ ਕ੍ਰੋਧ ਨੂੰ ਵੱਸ ਵਿਚ ਕਰ। ਆਪਣੇ ਅੱਗੇ ਤਾਂ ਤੂੰ ਸਾਲਿਗਰਾਮ ਰਖਿਆ ਹੋਇਆ ਹੈ ਪੂਜਾ ਕਰਨ ਲਈ, ਪਰ ਮਨ ਤੇਰਾ ਮੋਹ ਮਾਇਆ ਵਿਚ ਚੌਹਾਂ ਦਿਸ਼ਾਵਾਂ ਦਾ ਚੱਕਰ ਕੱਟ ਰਿਹਾ ਹੈ। ਤੇਰੀ ਮਾਲਾ ਫੇਰਨੀ, ਪੋਥੀ ਪੜ੍ਹਨੀ ਆਦਿ ਅਤੇ ਆਸਣ ਲਾਣੇ ਸਾਰੇ ਖਟ-ਕਰਮਾਂ ਦਾ ਦਿਖਾਵਾ ਕਰਨਾ ਨਿਰਾ ਪਖੰਡ ਹੈ। ਇਨ੍ਹਾਂ ਅਡੰਬਰਾਂ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੋ ਸਕਦੀ ਤੇ ਨਾਂ ਹੀ ਅਜ ਤਕ ਕੋਈ ਇਸ ਤਰ੍ਹਾਂ ਕਰਨ ਨਾਲ ਸੰਸਾਰ-ਸਾਗਰ ਨੂੰ ਤਰ ਸਕਿਆ ਹੈ। ਇਹ ਤਾਂ ਹਰੀ ਦੇ ਨਾਮ ਜਪਿਆਂ ਹੀ ਸੰਭਵ ਹੋ ਸਕਦਾ ਹੈ:-

ਮੁਖ ਤੇ ਪੜਤਾ ਟੀਕਾ ਸਹਿਤ । ਹਿਰਦੈ ਰਾਮੁ ਨਹੀ ਪੂਰਨ ਰਹਤ ॥
ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ । ਅਪਨਾ ਕਹਿਆ ਆਪਿ ਨ ਕਮਾਵੈ ॥੧॥
ਪੰਡਿਤ ਬੇਦੁ ਬੀਚਾਰਿ ਪੰਡਿਤ । ਮਨ ਕਾ ਕ੍ਰੋਧੁ ਨਿਵਾਰਿ ਪੰਡਿਤ ॥
ਆਗੈ ਰਾਖਿਓ ਸਾਲਿਗਰਾਮੁ । ਮਨੁ ਕੀਨੋ ਦਹਦਿਸ ਬਿਸ੍ਰਾਮੁ ॥
ਤਿਲਕੁ ਚਰਾਵੈ ਪਾਈ ਪਾਇ । ਲੋਕ ਪਚਾਰਾ ਅੰਧੁ ਕਮਾਇ ॥ 2 ॥
ਖਟੁ ਕਰਮਾ ਅਰੁ ਆਸਣੁ ਧੋਤੀ । ਭਾਗਠਿ ਗ੍ਰਿਹਿ ਪੜੈ ਨਿਤ ਪੋਥੀ ॥
ਮਾਲਾ ਫੇਰੈ ਮੰਗੈ ਬਿਭੂਤ । ਇਹ ਬਿਧਿ ਕੋਇ ਨ ਤਰਿਓ ਮੀਤ ॥
ਚਤੁਰ ਬੇਦ ਪੂਰਨ ਹਰਿ ਨਾਇ । ਨਾਨਕ ਤਿਸਕੀ ਸਰਣੀ ਪਾਇ ॥ 29

ਗੁਰੂ ਜੀ ਨੇ ਦੱਸਿਆ ਹੈ ਕਿ ਜੇ ਮਨ ਕ੍ਰੋਧ ਨਾਲ ਭਰਿਆ ਹੋਵੇ ਤੇ ਹੰਕਾਰ ਦੀ ਕੋਈ ਸੀਮਾ ਨਾ ਹੋਵੇ ਤਾਂ ਬਾਹਰੋਂ ਭਾਵੇਂ ਕਿੰਨੀ ਹੀ ਲਿਪੀ ਅਤੇ ਵਿਸਥਾਰ ਪੂਰਵਕ ਪੂਜਾ ਕੀਤੀ ਜਾਵੇ, ਉਸ ਦਾ ਕੋਈ ਲਾਭ ਨਹੀਂ ।

ਮਨ ਮਹਿ ਕ੍ਰੋਧੁ ਮਹਾ ਅਹੰਕਾਰਾ ॥
ਪੂਜਾ ਕਰਹਿ ਬਹੁਤੁ ਬਿਸਥਾਰਾ ॥ 30

ਗ੍ਰਹਿਣ ਲੱਗਣ ਸਮੇਂ ਲੋਕ ਵੱਖ ਵੱਖ ਤੀਰਥਾਂ ਤੇ ਇਸ਼ਨਾਨ ਦੇ ਮਹਾਤਮ ਨੂੰ ਬਹੁਤ ਮੰਨਦੇ ਸਨ ਤੇ ਉਹਨਾਂ ਦੀ ਧਾਰਨਾ ਸੀ ਕਿ ਗ੍ਰਹਿਣ ਸਮੇਂ ਤੀਰਥਾਂ ਤੇ ਇਸ਼ਨਾਨ ਨਾਲ ਕਿਸੇ ਪ੍ਰਕਾਰ ਦੀ ਕਰੋਪੀ ਜਾਂ ਸੰਕਟ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ ਅਤੇ ਇਹ ਇਕ ਪੁੰਨ ਹੈ ਜਿਸ ਦਾ ਮਨ-ਇੱਛਤ ਫਲ ਮਿਲਦਾ ਹੈ । ਪਰ ਗੁਰੂ ਸਾਹਿਬ ਨੇ ਦੱਸਿਆ ਕਿ ਹਰੀ ਦੇ ਨਾਮ ਦਾ ਇਸ਼ਨਾਨ ਕਰਕੇ ਮਨ ਨੂੰ ਸ਼ੁੱਧ ਕਰਨ ਨਾਲ ਹੀ ਗ੍ਰਹਿਣ ਦੇ ਮੰਦੇ ਪ੍ਰਭਾਵਾਂ ਤੋਂ ਬਚਿਆ ਜਾ ਸਕਦਾ ਹੈ ਤੇ ਮਨ ਭਾਉਂਦੇ ਫਲਾਂ ਦੀ ਪ੍ਰਾਪਤੀ ਹੋ ਸਕਦੀ ਹੈ ।[31]

'ਕਰਮ-ਕਾਂਡਾਂ ਦੇ ਅੰਤਿਮ ਰਚਨ ਵਿਚ ਸਭ ਤੋਂ ਵੱਧ ਹੱਥ ਬ੍ਰਾਹਮਣਾਂ ਦਾ ਸੀ । ਬ੍ਰਾਹਮਣ ਜਾਤੀ ਦਾ ਅਰੰਭ ਭਾਵੇਂ ਧਰਮ ਦੇ ਪਵਿੱਤਰ ਫਰਜ਼ਾਂ ਨੂੰ ਪਾਲਣ ਵਿਚ ਹਿੰਦੂਆਂ ਦੇ ਸਹਾਇਕ ਹੋਣ ਅਤੇ ਉਨ੍ਹਾਂ ਨੂੰ ਸੁਸਿਖਸ਼ਤ ਕਰਨ ਦੇ ਉੱਚੇ ਉਦੇਸ਼ ਨਾਲ ਹੋਇਆ ਸੀ, ਅਤੇ ਸ਼ੁਰੂ ਵਿਚ ਇਹ ਬੜੀ ਲਗਨ ਤੇ ਪਵਿੱਤਰ ਭਾਵਨਾ ਨਾਲ ਲੋਕਾਂ ਦੀ ਰੂਹਾਨੀ ਅਗਵਾਈ ਕਰਦੀ, ਸਮਾਜਕ ਹਿੱਤਾਂ ਨੂੰ ਪੂਰਦੀ ਰਹੀ, ਪਰ ਬ੍ਰਾਹਮਣ-ਕਾਲ ਵਿਚ ਜਦੋਂ ਇਨ੍ਹਾਂ ਨੂੰ ਦਾਨ-ਪੁੰਨ ਵਿਚ ਮਾਇਆ ਦੇ ਮੋਟੇ ਗੱਫੇ ਤੇ ਬਹੁਮੁੱਲੀਆਂ ਸੁਗਾਤਾਂ ਮਿਲਣ ਲੱਗੀਆਂ, ਤਾਂ ਇਹ ਸੁਖ- ਸਾਧਨਾਂ ਨੂੰ ਭੋਗਣ ਵਿਚ ਪੈ ਗਏ ਅਤੇ ਇਨ੍ਹਾਂ ਦਾ ਨੈਤਿਕ ਪਤਨ ਸ਼ੁਰੂ ਹੋ ਗਿਆ । ਹੌਲੀ ਹੌਲੀ ਇਹ ਧਨ ਦੌਲਤ ਅਤੇ ਆਪਣੇ ਹਿਤਾਂ ਦੀ ਪ੍ਰਾਪਤੀ ਲਈ ਹਿੰਦੂ ਜਾਤੀ ਦਾ ਲਹੂ ਚੂਸਣ ਲੱਗੀ । ਭਾਵੇਂ ਬੁੱਧ ਧਰਮ ਨੇ ਬ੍ਰਾਹਮਣਵਾਦ ਤੇ ਕਰੜੀ ਸੱਟ ਮਾਰੀ, ਪਰ ਬੁੱਧ ਧਰਮ ਦੇ

ਪਰਨ ਸਮੇਂ ਬ੍ਰਾਹਮਣਵਾਦ ਦਾ ਪੂਰਨ ਸਾਮਰਾਜ ਹੋਇਆ। ਬ੍ਰਾਹਮਣਾਂ ਨੇ ਹਿੰਦੂ ਜਾਤੀ ਉੱਤੇ ਸਦੀਵੀ ਅਧਿਕਾਰ ਜਮਾਣ ਲਈ ਕਰਮ-ਕਾਂਡਾਂ ਅਥਵਾ ਧਾਰਮਿਕ ਰਸੂ-ਰੀਤਾਂ ਨੂੰ ਇਤਨਾ ਗੁੰਝਲਦਾਰ ਬਣਾ ਦਿੱਤਾ ਕਿ ਬ੍ਰਾਹਮਣਾਂ ਤੋਂ ਬਿਨਾਂ ਇਹ ਨੇਪਰੇ ਨਹੀਂ ਸਨ ਚੜ੍ਹ ਸਕਦੀਆਂ। ਇਹੋ ਕਰਮ-ਕਾਂਡ ਪ੍ਰਧਾਨ ਇਤਨੀ ਬਲਵਾਨ ਹੋ ਗਈ ਕਿ ਇਸ ਨੇ ਮੂਲ ਧਰਮ ਨੂੰ ਹੀ ਗੁਮ ਕੀਤਾ ਤੇ ਆਪਣੇ ਆਪ ਨੂੰ ਇਕ ਸੁਤੰਤਰ ਸੰਪ੍ਰਦਾ ਦੇ ਰੂਪ ਵਿਚ ਸਥਾਪਤ ਕਰ ਲਿਆ।[52]

ਗੁਰੂ ਸਾਹਿਬ ਨੇ ਲੋਕਾਂ ਵਿਚ ਪ੍ਰਚਲਿਤ ਕੁਝਕ ਧਾਰਮਕ ਰਸਮਾਂ ਦਾ ਜੋ ਵਿਰੋਧ ਖੰਡਨ ਹੀ ਕੀਤਾ, ਸਗੋਂ ਆਪ ਨੇ ਹਿੰਦੂਆਂ ਨੂੰ ਅਸਲੀ ਧਰਮ ਦਾ ਰਸਤਾ ਵਿਖਾਇਆ। ਆਪ ਨੇ ਜਨ-ਸਮੂਹ ਵਿਚ ਪ੍ਰਚਲਿਤ ਧਰਮ-ਸੰਸਕਾਰਾਂ ਦੇ ਅਸਲੀ ਪ੍ਰਯੋਜਨ ਸਮਝਾਏ ਹੋਇਆਂ ਹਿੰਦੂਆਂ ਵਿਚਲੇ ਪੁਜਾਰੀਆਂ ਨੂੰ ਅਧਰਮਾਂ ਦਾ ਉਪਦੇਸ਼ ਦਿੱਤਾ। ਅਜਿਹੇ ਸੰਸਕਾਰਾਂ ਜਿਵੇਂ ਜੰਞੂ ਪਹਿਨਣਾ, ਮੌਤ ਪਿੱਛੋਂ ਪਿੰਡ ਦਾਨ ਦੀ ਕ੍ਰਿਆ ਕਰਨੀ ਅਤੇ ਸ਼ਰਾਧ-ਪੂਜਾ ਦੀ ਰੀਤ ਕਰਨੀ, ਮੋਇਆਂ ਹੋਇਆਂ ਦੇ ਸ਼ਰਾਧ ਕਰਨੇ, ਤੀਰਥ ਸਨ ਵਿਚ ਅਸ਼ਨਾਨ ਕਰਨਾ, ਮੂਰਤੀ-ਪੂਜਾ ਵਿਚ ਵਿਸ਼ਵਾਸ ਰਖਣਾ ਆਦਿ ਸ਼ਾਮਲ ਹਨ। ਆਪ ਨੇ ਇਨ੍ਹਾਂ ਸਭਨਾਂ ਦਾ ਮਖੌਲ ਉਡਾਇਆ ਹੈ ਤੇ ਹਿੰਦੂਆਂ ਨੂੰ ਅਸਲੀ ਅਰਥਾਂ ਤੋਂ ਜਾਣੂ ਕਰਵਾਇਆ ਹੈ।

ਜਿਵੇਂ ਗੁਰੂ ਸਾਹਿਬ ਨੇ ਹਿੰਦੂਆਂ ਤੇ ਬ੍ਰਾਹਮਣਾਂ ਨੂੰ ਉਨ੍ਹਾਂ ਦੇ ਅਸਲੀ ਧਰਮ ਤੋਂ ਜਾਣੂ ਕਰਵਾਇਆ, ਉਵੇਂ ਮੁਸਲਮਾਨ ਜੋ ਇਸ ਸਮੇਂ ਹਾਕਮ ਸਨ ਕਿ ਪੰਜ ਵੇਲੇ ਨਿਮਾਜ਼ ਪੜ੍ਹਨ ਨਾਲ ਤੇ ਅੱਲਾ ਦੀ ਸਿਫ਼ਤ ਸਲਾਹ ਕਰਨ ਨਾਲ ਮਨੁੱਖ ਦੋਜ਼ਖ਼ ਦੀ ਅੱਗ ਵਿਚੋਂ ਬਚ ਜਾਂਦਾ ਹੈ, ਵੀ ਗੁਰੂ ਸਾਹਿਬ ਦੀ ਆਲੋਚਨਾ ਤੋਂ ਬਚ ਨਹੀਂ ਸਕੇ।

ਮੁਸਲਮਾਨਾਂ ਨੂੰ ਆਪ ਕਹਿੰਦੇ ਹਨ ਕਿ ਅਸਲੀ ਮੁਸਲਮਾਨ ਉਹ ਹੈ ਜੋ ਮੋਮ ਵਾਂਗ ਕੋਮਲ ਦਿਲ ਰਖਦਾ ਹੋਵੇ ਅਤੇ ਮਨ ਦੀ ਮੈਲ ਨੂੰ ਧੋਵੇ। ਅੱਲਾਹ ਦੀ ਸਿਫ਼ਤ ਪੂਰੇ ਯਕੀਨ ਨਾਲ ਕਰੇ ਅਤੇ ਨਿਮਰਤਾ ਧਾਰਨ ਕਰੇ। ਸਭ ਵਕਤ ਦੇ ਵੇਲੇ ਉਸ ਖ਼ੁਦਾ ਨੂੰ ਯਾਦ ਕਰਨ ਵਾਲੇ ਠੀਕ ਹਨ, ਸਿਰਫ਼ ਕਾਜ਼ੀ ਹੋਣਾ, ਸੁੰਨਤ ਕਰਵਾਉਣਾ ਅਤੇ ਕੁਰਾਨ ਪੜ੍ਹਨ ਨਾਲ ਹੀ ਮੁਸਲਮਾਨ ਨਹੀਂ ਬਣਿਆ ਜਾ ਸਕਦਾ। ਦਿਲ ਵਿਚ ਮੌਲਾ ਨੂੰ ਵਸਾ ਕੇ ਉਸ ਮਾਲਕ ਨੂੰ ਯਾਦ ਕਰਨ ਨਾਲ ਹੀ ਉਸ ਦੀ ਪ੍ਰਾਪਤੀ ਹੋ ਸਕਦੀ ਹੈ। ਹੇਠ ਲਿਖੇ ਸ਼ਬਦਾਂ ਵਿਚ ਆਪ ਉਸ ਸਮੇਂ ਦੇ ਮੁਸਲਮਾਨੀ ਧਰਮ ਵੱਲ ਸੰਕੇਤ ਕਰਦੇ ਹੋਏ, ਉਸ ਧਰਮ ਦੇ ਠੀਕ ਅਰਥਾਂ ਨੂੰ ਸਮਝਾਉਂਦੇ ਹਨ:

(ੳ) ਮੁਸਲਮਾਣੁ ਮੋਮ ਦਿਲਿ ਹੋਵੈ ॥
ਅੰਤਰਿ ਕੀ ਮਲੁ ਦਿਲ ਤੇ ਧੋਵੈ ॥[53]

ਅ) ਅਵਲ ਸਿਫਤਿ ਦੂਜੀ ਸਾਬੂਰੀ ।
ਤੀਜੀ ਹਲੀਮੀ ਚਉਥੈ ਖੈਰੀ ।
ਪੰਜਵੈ ਪੰਜੇ ਇਕਤੁ ਮੁਕਾਮੈ ।
ਏਹਿ ਹੋਇ ਪੰਜ ਵਖਤੁ ਤੇਰੇ ਅਪਰ-ਪਰਾ ॥ 34

ੲ) ਕੁਰਾਣ ਕਤੇਬ ਦਿਲ ਮਾਹਿ ਕਮਾਹੀ ॥
ਦਸ ਅਉਰਾਤ ਰਖਹੁ ਬਦਰਾਹੀ ॥
ਪੰਚ ਮਰਦ ਸਿਦਕਿ ਲੇ ਬਾਧਹੁ, ਖੈਰ ਸਬੂਰੀ ਕਬੂਲ ਪਰਾ ॥ - - - ॥
ਸੱਚ ਕਮਾਵੈ ਸੋਈ ਕਾਜੀ । ਜੋ ਦਿਲ ਸੋਧੈ ਸੋਈ ਹਾਜੀ ॥
ਸੋ ਮੁੱਲਾ ਮਲਊਨ ਨਿਵਾਰੈ । ਸੋ ਦਰਵੇਸ ਜਿਸ ਸਿਫਤਿ ਧਰਾ ॥
ਸਭੇ ਵਖਤ ਸਭੇ ਕਰ ਵੇਲਾ । ਖਾਲਕ ਯਾਦ ਦਿਲੈ ਮਹਿ ਮਉਲਾ ॥
ਤਸਬੀ ਯਾਦ ਕਰਹੁ ਦਸ ਮਰਦਨੁ ਸੁੰਨਤ ਸੀਲ ਬੰਧਾਨ ਬਰਾ ॥ 35

ਦਰਵੇਸ਼ ਨੂੰ ਸੰਬੋਧਨ ਕਰਦੇ ਹੋਏ ਆਖਦੇ ਹਨ ਕਿ ਅਸਲੀ ਫਕੀਰੀ ਅਤੇ ਦਰਵੇਸ਼ੀ ਸੱਚ ਨੂੰ ਕਬੂਲ ਕਰਨ ਤੇ ਜ਼ਿੰਦਗੀ ਵਿਚ ਵਸਾਣ ਨਾਲ ਪ੍ਰਾਪਤ ਹੁੰਦੀ ਹੈ। ਅਸਮਾਨ ਵਿਚ ਫਕੀਰ ਅਤੇ ਦਿਗੰਬਰ ਤੇ ਕਈ ਭੇਖ ਲਿਖਦੀਆਂ ਪਾਤਰ ਨਾਲ ਇਸ ਨੂੰ ਨਹੀਂ ਪਹੁੰਚਿਆ ਜਾ ਸਕਦਾ। ਮਨ ਦੇ ਕਾਬੂ ਪਾਣੀ ਅਤੇ ਸਬਰ ਨੂੰ ਮਨ ਦੇ ਵਿਚ ਉੱਚੇ ਥਾਂ ਰਖਣੀ ਹੁੰਦੀ ਹੈ। ਸਚੋਂ ਹੀ ਅਸਲ ਮਸੀਤ ਹੈ ਜਿਸ ਵਿਚ ਖੁਦਾ ਵਸਦਾ ਹੈ।

ਅਲਹ ਅਗਮ ਖੁਦਾਈ ਬੰਦੇ ।
ਛੋਡਿ ਖਿਆਲ ਦੁਨੀਆ ਕੇ ਧੰਧੇ ।
ਹੋਇ ਪੈ ਖਾਕ ਫਕੀਰ ਮੁਸਾਫਰੁ ਇਹੁ ਦਰਵੇਸੁ ਕਬੂਲ ਦਰਾ ॥
ਸੱਚ ਨਿਵਾਜ ਯਕੀਨ ਮੁਸਲਾ ।
ਮਨਸਾ ਮਾਰਿ ਨਿਵਾਰਿਹੁ ਆਸਾ ।
ਦੇਹ ਮਸੀਤਿ ਮਨ ਮਉਲਾਣਾ । ਕਲਮ ਖੁਦਾਈ ਪਾਕ ਖਰਾ ॥

ਸੂਫੀਆਂ ਨੂੰ ਸ਼ਰੀਅਤ, ਤਰੀਕਤ, ਮਾਰਫਤ ਤੇ ਹਕੀਕਤ ਦੇ ਰਾਜ਼ ਸਮਝਾਉਂਦੇ ਹੋਏ ਆਖਦੇ ਹਨ :-

ਸ਼ਰਾ ਸ਼ਰੀਅਤ ਲੇ ਕੰਮਾਵਹੁ ।
ਤਰੀਕਤ ਤਰਕ ਖੋਜਿ ਟੋਲਾਵਹੁ ।
ਮਾਰਫਤਿ ਮਨ ਮਾਰਹੁ ਅਬਦਾਲਾ ਮਿਲਹੁ
ਹਕੀਕਤਿ ਮੈ ਜਿਤੁ ਫਿਰਿ ਨ ਮਰਾ ॥ 36

ਵੈਰਾਗੁ (ਤਿਆਗ) ਅਤੇ ਸੰਨਿਆਸ (ਸਵਰਗ) ਸੰਬੰਧੀ ਮੁਸਲਮਾਨਾਂ ਵਿਚਲੇ ਅੰਧ-ਵਿਸ਼ਵਾਸਾਂ ਦਾ ਖੰਡਨ ਕਰਦੇ ਹੋਏ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ ਕਿ ਸਮੁੱਚੀ ਮੁਕਤੀ ਦਾ ਮਾਰਗ ਅਨਾਦ ਤਾਂ ਸਭਨਾ ਦੀ ਮਿਹਰਬਾਨ ਹੈ। ਜੇ ਉਸ ਨੂੰ ਸੱਚੇ ਦਿਲੋਂ ਅਰਾਧਿਆ ਜਾਵੇ ਤਾਂ ਵੈਰਾਗੁ ਵਿਚ ਜਾਣ ਦਾ ਪ੍ਰਸ਼ਨ ਹੀ ਉਤਪੰਨ ਨਹੀਂ ਹੁੰਦਾ।[57] ਰੋਜ਼ ਨੂੰ ਤਿਆਗ ਕੇ ਜੋ ਜੂਨੀਆਂ ਦੇ ਵਿਚ ਵਿਕਾਰਾਂ ਵਿਚ ਗਲਤਾਨ ਹੋ ਜਾਂਦਾ ਹੈ, ਉਸ ਦੀ ਦੇਹ ਪਾਪੀਆਂ ਤੇ ਮੁਕਤੀ ਹੁੰਦੀ ਹੈ।[58]

ਗੁਰੂ ਸਾਹਿਬ ਦੇ ਸਮੇਂ ਵਿਚ ਪੰਡਿਤਾਂ, ਜੋਗੀਆਂ, ਮੁਸਲਮਾਨ ਫਕੀਰਾਂ ਤੇ ਦਰਵੇਸ਼ਾਂ ਤੋਂ ਛੁੱਟ ਅਨੇਕਾਂ ਹੋਰ ਧਾਰਮਿਕ ਸ਼੍ਰੇਣੀਆਂ ਸਨ, ਜਿੰਨ੍ਹਾਂ ਵਿਚੋਂ ਸੰਨਿਆਸੀ, ਉਦਾਸੀ, ਸਾਧੂ, ਮੋਨੀ ਸਾਧੂ, ਤਪੱਸਵੀ ਆਦਿ ਵਿਸ਼ੇਸ਼ ਸਨ। ਇਹ ਸਭ ਬਾਹਰਲੇ ਭੇਖ ਧਾਰਨ ਕਰਦੇ ਤੇ ਘਰ ਬਾਰ ਤਿਆਗ ਕੇ ਸਰੀਰ ਨੂੰ ਕਸ਼ਟ ਦੇ ਕੇ ਪਰਮਾਤਮਾ ਵਿਚ ਵਿਸ਼ਰੀ ਜੋਤਨ ਦਾ ਅਭਿਆਸ ਕਰਦੇ ਸਨ। ਇਹ ਸਾਧੂ ਸੰਨਿਆਸੀ ਪਰਮਾਤਮਾ ਨੂੰ ਪ੍ਰਾਪਤ ਕਰਨ ਦੇ ਜਿਹੜੇ ਸਾਧਨ ਅਪਨਾਉਂਦੇ ਸਨ, ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਉੱਤੇ ਵਿਅੰਗ ਕੀਤਾ ਹੈ। ਮੋਨੀ ਸਾਧੂ ਇਕਾਂਤ ਵਿਚ ਬੈਠੇ ਮੋਨ ਵਰਤ ਧਾਰਨ ਕੀਤੀ ਬੈਠੇ ਹਨ, ਪਰ ਹਿਰਦੇ ਵਿਚ ਪਰਮਾਤਮਾ ਦਾ ਨਾਮ ਨਹੀਂ। ਉਦਾਸੀ ਘਰ ਬਾਰ ਤਿਆਗ ਕੇ ਬਾਹਰ ਇਕਾਂਤ ਵਿਚ ਸਮਾਧਾਂ ਲਗਾਨ ਜਾਂਦੇ ਹਨ, ਪਰ ਮਨ ਵਿਚਲੀਆਂ ਕਾਮਨਾਵਾਂ ਕਾਬੂ ਵਿਚ ਨਹੀਂ। ਤਪਸਵੀ ਭਿੰਨ ਭਿੰਨ ਪ੍ਰਕਾਰ ਦੇ ਤਪ ਕਰਕੇ, ਸਰੀਰ ਨੂੰ ਸਾਧਦਾ ਹੈ, ਪਰ ਮਨ ਉਸਦਾ ਦਸਾਂ ਦਿਸ਼ਾਵਾਂ ਵੱਲ ਭਜਦਾ ਹੈ। ਬ੍ਰਹਮਚਾਰੀ, ਬ੍ਰਹਮ ਆਚਰਣ ਧਾਰਨ ਕਰਦਾ ਹੈ, ਪਰ ਹਿਰਦੇ ਵਿਚੋਂ ਹੰਕਾਰ ਨਹੀਂ ਕੱਢ ਸਕਦਾ। ਸੰਨਿਆਸੀ ਤੀਰਥਾਂ ਦਾ ਭ੍ਰਮਣ ਕਰਦਾ ਹੈ, ਪਰ ਕ੍ਰੋਧ ਤੋਂ ਛੁਟਕਾਰਾ ਨਹੀਂ ਪਾ ਸਕਦਾ। ਵਰਤ, ਨੇਮ ਅਤੇ ਖਟ ਕਰਮਾਂ ਆਦਿ ਦੇ ਧਾਰਨੀ ਭੇਖਾਂ ਦੇ ਦਿਖਾਵਿਆਂ ਰਾਹੀਂ ਇਹ ਸਭ ਰੋਟੀਆਂ ਲਈ ਉਪਾਉ ਕੀਤੇ ਜਾਂਦੇ ਹਨ :-

ਬੇਦ ਪੁਕਾਰੈ ਮੁਖ ਤੇ ਪੰਡਤ ਕਾਮਾਮਨ ਕਾ ਮਾਠਾ ॥
ਮੋਨੀ ਹੋਇ ਬੈਠਾ ਇਕਾਂਤੀ ਹਿਰਦੈ ਕਲਪ ਨ ਗਾਠਾ ॥
ਹੋਇ ਉਦਾਸੀ ਗ੍ਰਿਹੁ ਤਜਿ ਚਲਿਓ ਛੁਟਕੈ ਨਾਹੀ ਨਾਠਾ ॥
ਤਪਸੀ ਕਰਿ ਕੈ ਦੇਹੀ ਸਾਧੀ ਮਨੂਆ ਦਹਦਿਸ ਧਾਨਾ ॥
ਬ੍ਰਹਮਚਾਰਿ ਬ੍ਰਹਮਚਜੁ ਕੀਨਾ ਹਿਰਦੈ ਭਇਆ ਗੁਮਾਨਾ ॥
ਸੰਨਿਆਸੀ ਹੋਇ ਕੈ ਤੀਰਥਿ ਭ੍ਰਮਿਓ ਉਸੁ ਮਹਿ ਕ੍ਰੋਧੁ ਬਿਗਾਨਾ ॥
ਘੂੰਘਰ ਬਾਧਿ ਭਏ ਰਾਮਦਾਸਾ ਰੋਟੀਅਨ ਕੇ ਓਪਾਵਾ ॥
ਬਰਤ ਨੇਮ ਕਰਮ ਖਟ ਕੀਨੇ ਬਾਹਰਿ ਭੇਖ ਦਿਖਾਵਾ ॥
ਗੀਤ ਨਾਦ ਮੁਖਿ ਰਾਗ ਅਲਾਪੇ ਮਨਿ ਨਹੀ ਹਰਿ ਹਰਿ ਗਾਵਾ ॥[39]

ਗੁਰੂ ਅਰਜਨ ਦੇਵ ਨੇ ਉਸ ਸਮੇਂ ਦੇ ਕਰਮ-ਕਾਂਡ ਦੀ ਕਿਤੇ ਆਲੋਚਨਾ ਹੀ ਨਹੀਂ ਕੀਤੀ, ਸਗੋਂ ਸੱਚੇ ਧਰਮ ਵਿਚਲੇ ਗੁਣਾਂ ਦਾ ਵੀ ਪ੍ਰਤਿਪਾਦਨ ਕੀਤਾ ਹੈ। ਆਪ ਨੇ ਹਰੀ ਦੇ ਨਾਮ ਨੂੰ ਸਰਵੋਤਮ ਸਥਾਨ ਦਿੱਤਾ ਹੈ ਅਤੇ ਥਾਂ ਪਰ ਥਾਂ ਉਸਦੇ ਨਾਮ ਨੂੰ ਹਿਰਦੇ ਵਿਚ ਵਸਾਣ ਦਾ ਉਪਦੇਸ਼ ਦਿੱਤਾ ਹੈ। ਆਪ ਨੇ ਹਰੀ ਦੇ ਨਾਮ ਨੂੰ ਅੰਮ੍ਰਿਤ ਮੰਨਿਆ ਹੈ।[40] ਇਸ ਤੋਂ ਪਹਿਲਾਂ ਲੋਕ-ਮਨ ਵਿਚ 'ਅੰਮ੍ਰਿਤ' ਨੂੰ ਖੀਰ ਸਮੁੰਦਰ ਨੂੰ ਰਿੜਕਣ ਦੀ ਮਿੱਥ ਨਾਲ ਜੋੜ ਕੇ ਵੇਖਣ ਦੀ ਧਾਰਨਾ ਬੈਠੀ ਹੋਈ ਸੀ।

ਸਾਧ-ਸੰਗਤ ਉਤੇ ਗੁਰੂ ਸਾਹਿਬ ਨੇ ਬਹੁਤ ਬਲ ਦਿੱਤਾ ਹੈ, ਪਰ ਇਸ ਤੋਂ ਲੋਕਾਂ ਦੇ ਮਨਾਂ ਵਿਚ ਕਿਧਰੇ ਸਾਧ ਦਾ ਉਸ ਸਮੇਂ ਵਿਚ ਪ੍ਰਚਲਿਤ ਗ਼ਲਤ ਸੰਕਲਪ ਨਾ ਬੈਠ ਜਾਵੇ, ਆਪ ਨੇ ਆਪਣੀ ਪ੍ਰਸਿੱਧ ਰਚਨਾ 'ਸੁਖਮਨੀ' ਵਿਚ ਸਾਧ ਦੀ ਵਿਸਤ੍ਰਿਤ ਪਰਿਭਾਸ਼ਾ ਕਰਕੇ ਉਸ ਦੇ ਗੁਣਾਂ ਨੂੰ ਰੂਪਮਾਨ ਕੀਤਾ ਹੈ। ਆਪਣੇ ਅਸਲੀ ਸੁਖ ਸਾਧ ਦੀ ਸੰਗਤ ਵਿਚ ਰਹਿੰਦਿਆਂ ਪ੍ਰਭੂ ਦਾ ਨਾਮ ਹਿਰਦੇ ਵਿਚ ਵਸਾਣ ਵਿਚ ਦੱਸਿਆ ਹੈ। ਜਿਸ ਨਾਲ ਦੁਖ ਸੁਖ ਅਤੇ ਸੰਸੇ ਮਿਟ ਜਾਂਦੇ ਹਨ।[41]

ਇਸ ਦੇ ਨਾਲ ਹੀ ਕੀਰਤਨ ਕਰਨ ਦਾ ਵੀ ਉਪਦੇਸ਼ ਆਪ ਨੇ ਦਿੱਤਾ ਹੈ।[42] ਆਪ ਫ਼ਰਮਾਉਂਦੇ ਹਨ :-

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥

ਆਪ ਸਪਸ਼ਟ ਸ਼ਬਦਾਂ ਵਿਚ ਕਹਿੰਦੇ ਹਨ ਕਿ ਪਾਰਬ੍ਰਹਮ ਦੀ ਮਹਿਮਾ ਨਾ ਵੇਦ ਜਾਣਦੇ ਹਨ, ਨਾ ਬ੍ਰਹਮਾ ਹੀ ਇਸ ਦੇ ਰਹੱਸਾਂ ਤੋਂ ਜਾਣੂ ਹੈ, ਕੋਈ ਅਵਤਾਰ ਵੀ ਪਰਮਾਤਮਾ ਦੀ ਥਾਹ ਨਹੀਂ ਪਾ ਸਕਦਾ, ਕਿਉਂਕਿ ਪਰਮੇਸ਼ਰ ਅਸੀਮ ਹੈ, ਬੇਅੰਤ ਹੈ।[43] ਆਪ ਉਨ੍ਹਾਂ ਸਭਨਾਂ ਧਾਰਮਿਕ ਆਗੂਆਂ ਨੂੰ ਅਗਿਆਨੀ ਤੇ ਮਨਮੁਖ ਮੰਨਦੇ ਹਨ ਅਤੇ ਅੰਧ ਵਿਸ਼ਵਾਸੀ ਹੋਣ ਕਾਰਨ ਅੰਨ੍ਹਾਂ ਸਮਝਦੇ ਹਨ ਜੋ ਕੇਵਲ ਕਰਮ-ਕਾਂਡਾਂ ਦੇ ਬਾਹਰੀ ਅਡੰਬਰਾਂ ਵਿਚ ਉਲਝ ਕੇ ਪਰਮਾਤਮਾ ਨੂੰ ਹਿਰਦੇ ਵਿਚ ਵਸਾਣ ਦੀ ਥਾਂ ਬਾਹਰ ਢੂੰਡ ਰਹੇ ਹਨ। ਆਪ ਲਿਖਦੇ ਹਨ :-

ਕੇਵਲ ਕਰਮ ਕਰਹਿ ਅਗਿਆਨੀ
ਮਨਮੁਖਿ ਅੰਧ ਕਹਾਵਹ ॥[44]

****

## ਟਿਪਣੀਆਂ ਤੇ ਹਵਾਲੇ

1- ਡੋਗਰੋ, ਡਾ. ਜੋਗਿੰਦਰ ਸਿੰਘ, ਗੁਰੂ ਨਾਨਕ ਤੇ ਲੋਕ- ਪ੍ਰਵਾਹ, ਪੰਨਾ- 23

2- ਸਿੰਗਲੀ, ਡਾ. ਤਿਲਕ ਰਾਜ ਤੇ ਗੁਲ, ਡਾ. ਕਿਰਪਾਲ ਸਿੰਘ, ਸੰਤ ਮਤ ਵਿਚਾਰ, ਪੰਨਾ- 33

3- ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ, ਪੰਨਾ- 161.

4- ਡੋਗਰੋ, ਡਾ. ਜੋਗਿੰਦਰ ਸਿੰਘ, ਗੁਰੂ ਨਾਨਕ ਤੇ ਲੋਕ-ਪ੍ਰਵਾਹ, ਪੰਨਾ- 25

5- Transformation of Sikhism, Sir Gokul Chand Narang, p.

6- ਸੰਤ ਸਾਹਿਤ੍ਯ ਕੀ ਸਮਾਜਕ ਪ੍ਰਿਸ਼ਠ ਭੂਮੀ

7- A critical Study of Adi Granth P. 162

8- ਆਦਿ ਗ੍ਰੰਥ, ਧਨਾਸਰੀ ਮ:੧, ਪੰਨਾ 662.

9- ਮਹਾਨ ਕੋਸ਼, ਪੰਨਾ 401

10- ਬਾਲ ਗੰਗਾਧਰ ਤਿਲਕ, ਗੀਤਾ ਰਹੱਸ, ਪੰਨਾ- 44

11- A Critical study of Adi Granth, p.377.

12- ੳ) ਜਪ ਤਾਪ ਗਿਆਨ ਸਭਿ ਧਿਆਨ - - - ।

ਸੁਖਮਨੀ, ਆਦਿ ਗ੍ਰੰਥ, ਪੰਨਾ 265.

ਅ) ਗਾਵਹਿ ਪੁਰਾਣਹਿ ਨਾ ਤੂ ਮਾਨਹਿ

ਖਟੁ ਦੀ ਏਕਾ ਜਤ ਬਖਾਨਹਿ ॥

(ਰਾਮਕਲੀ ਮ:5, ਆਦਿ ਗ੍ਰੰਥ, ਪੰਨਾ 886)

ੲ) ਰਹੁ ਮਾਇ ਪੇਖਿਓ ਖਟ ਮਾਇ ਪੇਖਿਓ ਸਾਸਤ੍ਰ ਸਿੰਮ੍ਰਿਤਾਏ ।

ਸਭ ਮਿਲਿ ਜੈਸੋ ਏਕੁ ਬਖਾਨਹਿ ਤਊ ਕਿਸ ਤੇ ਲਾਗੂ ਦੁਰਾਏ ॥

(ਭੈਰਉ, ਮ:5 ਆਦਿ ਗ੍ਰੰਥ, ਪੰਨਾ 1139)

13- ਸਾਧੂ ਮੰਤ੍ਰ ਪ੍ਰਭਾਵੀ ਫਿਰੈ ਫਿਰ ਨਸੈ - - - ।

(ਸੁਖਮਨੀ, ਆਦਿ ਗ੍ਰੰਥ, ਪੰਨਾ 265 )

14- ਮਾਨ ਪਤਿਓ ਬਹੁ ਭੇਖੁ ਮੋਹਾਇਓ ਨਿਰਤਿ ਕ੍ਰੀਆ ਸਾਧੀ - - - ।

ਸੋਰਠ ਮ:5, ਆਦਿ ਗ੍ਰੰਥ, ਪੰਨਾ 641.

15- ਕਿਨ ਹੀ ਕੀਆ ਪਰਵਿਰਤਿ ਪਸਾਰਾ - - -

ਮੋਹਿ ਦੀਨ ਹਰਿ ਹਰਿ ਹਰਿ ਸਰਣੀ ।

(ਰਾਮਕਲੀ ਮ:5, ਆਦਿ ਗ੍ਰੰਥ, ਪੰਨਾ 912-13)

16- ਜਾਸੁ ਮਿਲਾਪੈ ਜੋਗ ਤਪ ਪੂਜਾ ॥
ਜਾਸੁ ਜੋਗ ਜੋਗ ਭਰਮੀਆ ॥
ਜਾਸੁ ਪਰਸਾਦਿ ਸਾਤ ਮਿਲਾਈ ॥
ਸੰਤ ਮਿਲਾਪੈ ਜਮਦੂਤੁ ਭਾਗੈ ॥
ਜਾਸੁ ਮਿਲਾਪੈ ਬਿਨੁ ਭੈਨਿ ਰਖਵਾਰ ॥
ਜਾਸੁ ਮਿਲਾਪੈ ਸੋਧਿਤੁ ਮਾਨਤ ॥
ਜਾਸੁ ਮਿਲਾਪੈ ਭੂਲ ਪਰਾਵਤ ॥
ਸੰਤ ਮਿਲਾਪੈ ਹਰਿ ਜਸੁ ਗਾਵਤ ॥

( ਰਾਮ ਕਲੀ ਮ:5, ਆਦਿ ਗ੍ਰੰਥ, ਪੰਨਾ 914 )

17- ਰਾਮਕਲੀ ਮ: 5, ਆਦਿ ਗ੍ਰੰਥ, ਪੰਨਾ 925

18- ਕਾਨੜਾ ਮ: 5, ਆਦਿ ਗ੍ਰੰਥ, ਪੰਨਾ 1308

19- ਰਾਮਕਲੀ ਮ:5, ਆਦਿ ਗ੍ਰੰਥ, ਪੰਨਾ 887-88.

20- ਗਉੜੀ ਮ: 5, ਆਦਿ ਗ੍ਰੰਥ, ਪੰਨਾ 257.

21- ਥਿਰ ਥਿਰ ਚਿਤ ਥਿਰ ਹਾਂ ॥
ਬਨੁ ਗ੍ਰਿਹੁ ਸਮਸਰਿ ਹਾਂ ॥
ਅੰਤਰਿ ਏਕ ਪਿਰ ਹਾਂ ॥
ਬਾਹਰਿ ਅਨੇਕ ਧਰਿ ਹਾਂ ॥
ਰਾਜਨ ਜੋਗੁ ਕਰਿ ਹਾਂ ॥
ਕਹੁ ਨਾਨਕ ਲੋਗ ਅਲੋਗੀ ਹਾਂ ਸਖੀ ॥

( ਆਸਾ ਮ:5, ਆਸਾਵਰੀ, ਆਦਿ ਗ੍ਰੰਥ, ਪੰਨਾ 409)

22- ਜੋਗ ਜੁਗਤਿ ਸੁਨਿ ਆਇਓ ਗੁਰ ਤੇ ।
ਮੋਕਉ ਸਤਿਗੁਰ ਸਬਦਿ ਬੁਝਾਇਓ ।ਰਹਾਉ ॥
ਨਉਖੰਡ ਪ੍ਰਿਥਮੀ ਇਸੁ ਤਨ ਮਹਿ ਰਵਿਆ ॥
ਨਿਮਖ ਨਿਮਖ ਨਮਸਕਾਰਾ ॥
ਦੀਖਿਆ ਗੁਰ ਕੀ ਮੁੰਦ੍ਰਾ ਕਾਨੀ ਦ੍ਰਿੜਿਓ ਏਕੁ ਨਿਰੰਕਾਰਾ ॥
ਪੰਚ ਚੇਲੇ ਮਿਲਿ ਭਏ ਇਕਤ੍ਰਾ ਏਕਸੁ ਕੈ ਵਸਿ ਕੀਏ ॥
ਦਸ ਬੈਰਾਗਨਿ ਆਗਿਆਕਾਰੀ ਤਬ ਨਿਰਮਲ ਜੋਗੀ ਥੀਏ ॥

ਕਰਮੁ ਸਰਹਿ ਚਰਾਣੀ ਫਿਕੂਰਾ ਪੰਚੂ ਚੋਰ ਰਹਿ ਪੋਇਆ ॥

ਸਹਿਜ ਸੁਖ ਸੇ ਕੀਨੋ ਸੁਹਾਗਾ ਸੇ ਠਾਕੁਰਿ ਮਸਤਕਿ ਲਿਖਿਆ ॥

ਸਰ ਗੁਰੂ ਸਾਜੀ ਤਰਾ ਅਗਮੁ ਸੁਣਿਓ ਸੰਤੀ ਅਨਹਦ ਬਾਨੀ ॥

ਤਉ ਪਰਸਾਦੁ ਲੈਣਾ ਰਹਿ ਜਾਇਓ ਸੁਰਤਿ ਨਾਮੁ ਮਨਿ ਭਾਨੀ ॥

ਜਿਨਾ ਜੋਤੀ ਵਰਤਾਈ ਤੈਣੈ ਮਾਣਿਆ ਤੇ ਪੰਚਨ ਰਹੈ ॥

ਜਿਨਾ ਪੂਰਾ ਲਹਦੁ ਤਿਸ ਪ੍ਰਭਤਿ ਕੀ ਨਾਨਕੁ ਓਹੁ ਪਰ ਰਹੈ ॥

( ਗਉੜੀ ਮ: 5, ਆਦਿ ਗ੍ਰੰਥ, ਪੰਨਾ 208)

23- ਗੁਰੂ ਨਾਨਕ ਤੇ ਲੋਕ ਪ੍ਰਬੰਧ, ਪੰਨਾ 31-32.

24- ਕੋਟਿ ਮਜਨ ਕੀਨੋ ਇਸਨਾਨ ॥

ਲਾਖ ਅਰਬ ਖਰਬ ਦੀਨੋ ਦਾਨ ॥

ਜਾ ਮਨਿ ਵਸਿਓ ਹਰਿ ਕੋ ਨਾਮ ॥

(ਗਉੜੀ ਮ:5, ਆਦਿ ਗ੍ਰੰਥ, ਪੰਨਾ 202)

25- ਗਉੜੀ ਮਹਲਾ 5, ਆਦਿ ਗ੍ਰੰਥ, ਪੰਨਾ 201.

26- ਹਰਿ ਬਿਨੁ ਅਵਰ ਕ੍ਰਿਆ ਬਿਰਥੇ ॥

ਜਪ ਤਪ ਸੰਜਮ ਕਰਮ ਕਮਾਣੇ ਇਹਿ ਓਰੈ ਮੂਸੈ ॥

ਬਰਤ ਨੇਮ ਸੰਜਮ ਮਹਿ ਰਹਤਾ ਤਿਨ ਕਾ ਆਢੁ ਨ ਪਾਇਆ ॥

ਆਗੈ ਚਲਣੁ ਅਉਰੁ ਹੈ ਭਾਈ ਊਹਾ ਕਾਮਿ ਨ ਆਇਆ ॥

ਤੀਰਥ ਨਾਇ ਅਰ ਧਰਨੀ ਭ੍ਰਮਤਾ ਆਗੈ ਠਉਰ ਨ ਪਾਵੈ ॥

ਊਹਾ ਕਾਮਿ ਨ ਆਵੈ ਇਹਿ ਬਿਧਿ ਲੋਗਨ ਹੀ ਪਤੀਆਵੈ ॥

(ਗਉੜੀ ਮ:5, ਆਦਿ ਗ੍ਰੰਥ, ਪੰਨਾ 216)

27- ੳ) ਹੋਮ ਜਗ ਤੀਰਥ ਕੀਏ ਬਿਚਿ ਹਉਮਿ ਬਧੇ ਬਿਕਾਰ ॥

ਨਰਕ ਸੁਰਗ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ ॥

( ਰਾਗੁ ਗਉੜੀ ਮ: 5, ਆਦਿ ਗ੍ਰੰਥ, ਪੰਨਾ 214)

ਅ) ਤੀਰਥ ਨਾਇ ਨ ਉਤਰਸਿ ਮੈਲ ॥

ਕਰਮ ਧਰਮ ਸਭ ਹਉਮੈ ਫੈਲ ॥

(ਰਾਮਕਲੀ ਮਹਲਾ:5, ਆਦਿ ਗ੍ਰੰਥ, ਪੰਨਾ 890.

28- ਐਸਾ ਤੈਰਿ ਕਿ ਕੁਧਿਆ ਮਾਂਝ ਰਹਾਂਈ ॥
ਇਸਕਿ ਮਾਹਿ ਰਾਮ ਲੇਤ ਸਮਾਈ ॥
(ਗਉੜੀ ਮ:5, ਆਦਿ ਗ੍ਰੰਥ, ਪੰਨਾ 237)

29- ਰਾਮਕਲੀ ਮਹਲਾ 5, ਆਦਿ ਗ੍ਰੰਥ, ਪੰਨਾ 888.

30- ਪ੍ਰਭਾਤੀ ਮ:5 ਆਦਿ ਗ੍ਰੰਥ, ਪੰਨਾ 1347.

31-ੳ) ਹਰਿ ਹਰਿ ਨਾਮਿ ਮਜਨੁ ਕਰਿ ਸੂਚੇ ॥
ਕੋਟਿ ਗ੍ਰਹਣ ਪੁੰਨ ਫਲ ਮੂਚੇ ॥
(ਗਉੜੀ, ਮ: 5, ਆਦਿ ਗ੍ਰੰਥ, ਪੰਨਾ 197)

ਅ) ਬੇਦ ਕਤੇਬ ਸਿਮ੍ਰਿਤਿ ਸਭ ਸਾਸਤ ਇਨ ਪੜਿਆ ਮੁਕਤਿ ਨ ਹੋਈ ॥
ਏਕੁ ਅਖਰ ਜੋ ਗੁਰਮੁਖ ਜਾਪੈ ਤਿਸ ਕੀ ਨਿਰਮਲ ਸੋਈ ॥
ਖਤ੍ਰੀ ਬ੍ਰਾਹਮਣ / ਸੂਦ ਵੈਸ ਉਪਦੇਸ ਚਹੁ ਵਰਨਾ ਕਉ ਸਾਝਾ ॥
ਗੁਰਮੁਖ ਨਾਮ ਜਪੈ ਉਧਰੈ ਸੋ ਕਲ ਮਹਿ ਘਟ ਘਟ ਨਾਨਕ ਮਾਝਾ ॥
(ਸੂਹੀ, ਮ:5, ਆਦਿ ਗ੍ਰੰਥ, ਪੰਨਾ 747-48)

32- ਡਾ. ਧਰਮਪਾਲ ਮੈਣੀ, ਗੁਰੂ ਨਾਨਕ ਤੇ ਲੋਕ- ਪ੍ਰਵਾਹ, ਪੰਨਾ 48-49.

33- ਮਾਰੂ ਮਹਲਾ 5, ਆਦਿ ਗ੍ਰੰਥ, ਪੰਨਾ 1084.

34- ਉਹੀ, ਪੰਨਾ 1084.

35- ਉਹੀ, ਪੰਨਾ 1084

36- ਉਹੀ, ਪੰਨਾ 1084.

37- ਖੁਦਿ ਖਾਕ ਅਸਮਾਨ ਧਰਤ ਜਹਾਨ ਆਬ ਮਿਹਰਵਾਨ ਖੁਦਾਇ ॥
ਜਿਸਨੁ ਦੇਹ ਜਿ ਕੁਝ ਕਰਣੀ ਸੋ ਕਿਛੁ ਲੋਭਿ ਜਾਇ ॥
(ਰਾਗ ਤਿਲੰਗ, ਮ: 5, ਪੰਨਾ 724 )

38- ਦੀਨ ਦਇਆਲ ਗੁਣੀ ਜੋ ਲਾਇ ॥
ਗੁਣੀ ਸਰਾਣੀ ਮੁਨਾਮੀ ਕਹਾਈ ॥
( ਸੂਹੀ, ਮ:5, ਪੰਨਾ 743 )

39- ਮਾਰੂ, ਮ: 5, ਆਦਿ ਗ੍ਰੰਥ, ਪੰਨਾ 1003.

40- ਰਤਨ ਜਵੇਹਰ ਮਾਣਿਕਾ ਅੰਮ੍ਰਿਤ ਹਰਿ ਕਾ ਨਾਉ ॥
ਸੂਖ ਸਹਿਜ ਆਨੰਦ ਰਸ ਜਨ ਨਾਨਕ ਹਰਿ ਗੁਣ ਗਾਉ ॥
( ਸਿਰੀ ਰਾਗ ਮ:5, ਪੰਨਾ 48)

41- ੲ) ਭਾਣੀ ਹੈ ਸੁਖ ਸਦਾ ਸੰਗ ਪਾਇਆ ॥
ਲਿਖਿਆ ਲੇਖ ਤਿਨਿ ਪੁਰਖਿ ਬਿਧਾਤੈ ॥
ਦੁਖ ਸੁਖ ਸਹਸਾ ਮਿਟ ਗਇਆ ॥
(ਸਿਰੀ ਰਾਗ ਮ:5, ਪੰਨਾ 42 )

ਅ) ਰਵਿ ਮੰਦਰਿ ਤੂ ਸਦਾ ਜੀ ਅਠਸਠਿ ਤੀਰਥ ਨਾਉ ॥
ਸਚੁ ਪੁੰਨ ਮਨੁ ਤਨੁ ਚਰੇ ਸਾਚਾ ਏਹੁ ਸੁਆਉ ॥
(ਸਿਰੀ ਰਾਗ ਮ:5, ਪੰਨਾ 47-48)

42- ਸੂਖ ਸਹਜ ਆਨਦ ਘਣਾ ਹਰਿ ਕੀਰਤਨ ਗਾਉ ॥
ਗਰਹ ਨਿਵਾਰੀ ਸਤਿਗੁਰੂ ਦੇ ਅਪਣਾ ਨਾਉ ॥
( ਆਸਾ ਮ: 5, ਆਦਿ ਗ੍ਰੰਥ, ਪੰਨਾ 400)

43- ਮਹਿਮਾ ਨ ਜਾਨਹਿ ਬੇਦ ॥
ਬ੍ਰਹਮੇ ਨਹੀ ਜਾਨਹਿ ਭੇਦ ॥
ਅਵਤਾਰ ਨ ਜਾਨਹਿ ਅੰਤ ॥
ਪਰਮੇਸਰੁ ਪਾਰਬ੍ਰਹਮ ਬੇਅੰਤ ॥
( ਰਾਮਕਲੀ ਮ:5, ਆਦਿ ਗ੍ਰੰਥ, ਪੰਨਾ 891 )

44- ਮਾਰੂ ਮਹਲਾ 5, ਆਦਿ ਗ੍ਰੰਥ, ਪੰਨਾ 1001.

••••

## ਅਧਿਆਇ ਪੰਜਵਾਂ

# ਗੁਰੂ ਨਾਨਕ-ਬਾਣੀ ਵਿਚ ਪੌਰਾਣਿਕ ਸੰਕੇਤ

•••

## ਗੁਰੂ ਅਰਜਨ-ਬਾਣੀ ਵਿਚ ਪੌਰਾਣਿਕ ਸੰਕੇਤ

ਗੁਰੂ ਅਰਜਨ ਦੇਵ ਦੀ ਬਾਣੀ ਵਿਚ ਪ੍ਰਯੁਕਤ ਪੌਰਾਣਿਕ ਸੰਕੇਤਾਂ ਉੱਤੇ ਵਿਚਾਰ ਕਰਨ ਤੋਂ ਪਹਿਲਾਂ ਪੁਰਾਣ ਸਾਹਿਤ ਸੰਬੰਧੀ ਸੰਖੇਪ ਜਾਣਕਾਰੀ ਦੇਣੀ ਉਚਿਤ ਹੋਵੇਗੀ । ਪੁਰਾਣ ਦਾ ਸਾਧਾਰਨ ਰੂਪ ਵਿਚ ਅਰਥ ਹੈ --ਪੁਰਾਣਾ, ਜਿਸ ਵਿਚ ਪੁਰਾਣੀਆਂ ਗੱਲਾਂ ਦਾ ਸੰਕਲਨ ਹੋਵੇ, ਉਹ ਪੁਰਾਣ ਹੈ । ਸੰਸਕ੍ਰਿਤ ਸਾਹਿਤ ਦੇ ਲੇਖਕਾਂ[1] ਨੇ ਪੁਰਾਣ ਸ਼ਬਦ ਦਾ ਇਹੀ ਅਰਥ ਲਿਆ ਹੈ । ਵਿਸ਼ਵੇਸ਼ਰ ਅਨੁਸਾਰ ਪੁਰਾਣ ਸ਼ਬਦ ਦਾ ਅਰਥ ਪ੍ਰਾਚੀਨ ਕਾਲ ਵਿਚ ਹੋਣ ਵਾਲਾ ਹੈ ।[2] ਪੁਰਾਣਾਂ ਵਿਚ ਵੀ ਪੁਰਾਣ ਸ਼ਬਦ ਦੀ ਪਰਿਭਾਸ਼ਾ ਉਪਲਬਧ ਹੁੰਦੀ ਹੈ । ਪਦਮ ਪੁਰਾਣ ਦੀ ਪਰਿਭਾਸ਼ਾ ਅਨੁਸਾਰ - ਪੁਰਾਣ ਉਹ ਹੈ ਜੋ ਪ੍ਰਾਚੀਨਤਾ ਦੀ ਕਾਮਨਾ ਕਰਦਾ ਹੈ ।[3]

ਵਿਸ਼ਨੂੰ ਪੁਰਾਣ ਵਿਚ ਕ੍ਰਮਵਾਰ ਅਠਾਰਾਂ ਪੁਰਾਣਾਂ ਦੇ ਨਾਮ ਹਨ, ਜੋ ਇਸ ਪ੍ਰਕਾਰ ਹਨ ।

1- ਬ੍ਰਹਮ ਪੁਰਾਣ
2- ਪਦਮ ਪੁਰਾਣ
3- ਵਿਸ਼ਨੂ ਪੁਰਾਣ
4- ਸ਼ਿਵ ਪੁਰਾਣ
5- ਭਾਗਵਤ ਪੁਰਾਣ
6- ਨਾਰਦ ਪੁਰਾਣ
7- ਮਾਰਕੰਡੇਯ ਪੁਰਾਣ
8- ਅਗਨੀ ਪੁਰਾਣ
9- ਭਵਿਸ਼ਯ ਪੁਰਾਣ
10- ਬ੍ਰਹਮ ਵੈਵਰਤ ਪੁਰਾਣ
11- ਲਿੰਗ ਪੁਰਾਣ
12- ਵਰਾਹ ਪੁਰਾਣ
13- ਸਕੰਦ ਪੁਰਾਣ
14- ਵਾਮਨ ਪੁਰਾਣ
15- ਕੂਰਮ ਪੁਰਾਣ

16- ਮਤਸਯ ਪੁਰਾਣ

17- ਗਰੁੜ ਪੁਰਾਣ

18- ਬ੍ਰਹਮਾਂਡ ਪੁਰਾਣ

ਕੁਝ ਲੋਕਾਂ ਦਾ ਖ਼ਿਆਲ ਹੈ ਕਿ ਸਤਯਵਤੀ ਦਾ ਪੁੱਤਰ ਵਿਆਸ ਇਨ੍ਹਾਂ ਅਠਾਰਾਂ ਪੁਰਾਣਾਂ ਦਾ ਕਰਤਾ ਹੈ। ਪਰ ਇਹਨਾਂ ਸਭਨਾਂ ਪੁਰਾਣਾਂ ਦੇ ਸ਼ਬਦ, ਭਾਸ਼ਾ ਅਤੇ ਵਰਣਨ-ਸ਼ੈਲੀ ਵਿਚਲਾ ਅੰਤਰ ਸਿੱਧ ਕਰਦਾ ਹੈ ਕਿ ਸਭਨਾਂ ਪੁਰਾਣਾਂ ਦੇ ਲੇਖਕ ਵੱਖ ਵੱਖ ਸਨ।

ਇਨ੍ਹਾਂ ਪੁਰਾਣਾਂ ਵਿਚ ਜਿਨ੍ਹਾਂ ਪ੍ਰਮੁੱਖ ਕਥਾਵਾਂ ਦਾ ਵਰਣਨ ਹੈ, ਉਨ੍ਹਾਂ ਦਾ ਸੰਖੇਪ ਪਰਿਚੈ ਇਸ ਪ੍ਰਕਾਰ ਹੈ:

<u>ਬ੍ਰਹਮ ਪੁਰਾਣ:</u>

ਇਹ ਸਭ ਤੋਂ ਪਹਿਲਾ ਪੁਰਾਣ ਹੈ। ਇਸ ਵਿਚ ਦੇਵਤਿਆਂ ਦੀ ਉਤਪੱਤੀ, ਸ੍ਰਿਸ਼ਟੀ ਦੀ ਉਤਪੱਤੀ, ਸੂਰਜ ਪੂਜਾ ਮਹਾਤਮ ਆਦਿ ਦੇ ਵਰਣਨ ਨਾਲ ਕਈ ਅਧਿਆਵਾਂ ਵਿਚ ਪਾਰਬਤੀ ਦੀ ਕਥਾ ਹੈ। ਇਸ ਤੋਂ ਛੁੱਟ ਗੌਤਮੀ ਗੰਗਾ ਦੀ ਕਥਾ ਅਤੇ ਕੋਣਾਰਕ ਤੀਰਥ ਆਦਿ ਕਈ ਤੀਰਥਾਂ ਦਾ ਵਿਸਤ੍ਰਿਤ ਵਰਣਨ ਹੈ। ਸ੍ਰੀ ਕ੍ਰਿਸ਼ਨ ਦੇ ਚਰਿਤ੍ਰ ਦਾ ਵਰਣਨ ਬੜੇ ਵਿਸਥਾਰ ਨਾਲ ਕੀਤਾ ਗਿਆ ਹੈ। ਕਈ ਅਧਿਆਵਾਂ ਵਿਚ ਮਰਨ ਪਿੱਛੋਂ ਹੋਣ ਵਾਲੀ ਅਵਸਥਾ ਦਾ ਵਿਵਰਣ ਹੈ।

<u>ਪਦਮ ਪੁਰਾਣ:</u>

ਇਸ ਦੇ ਪੰਜ ਖੰਡ ਹਨ, ਜਿਨ੍ਹਾਂ ਦੇ ਵਿਚ ਸਮੁੰਦਰ ਮੰਥਨ, ਵੇਨ, ਰਾਵਣ, ਇੰਦਰ ਰਾਜਕੁਮਾਰਾਂ ਦੀ ਕਥਾ, ਸ਼ਕੁੰਤਲਾ ਅਤੇ ਭਰਤ ਦੀ ਕਥਾ, ਸ਼ਿਵ- ਵਿਸ਼ਵਾਮਿਤ੍ਰ ਸੰਗ੍ਰਾਮ, ਰਾਮ-ਅਸ਼ਵਮੇਧ ਜਲੰਧਰ ਵਧ, ਤਾਰਕਾਸੁਰ ਵਧ, ਹਿਰਣਾਕਸ਼ ਵਧ, ਪ੍ਰਹਿਲਾਦ, ਵਿਸ਼ਨੂੰ ਸ਼ਕੁੰਤਲਾ, ਕੁਬੇਰ ਅਤੇ ਰਾਵਣ, ਗਣੇਸ਼, ਗੀਤਾ-ਕਥਾ, ਨਾਰਦ ਆਦਿ ਦੀਆਂ ਕਥਾਵਾਂ ਸ਼ਾਮਲ ਹਨ।

<u>ਵਿਸ਼ਨੂੰ ਪੁਰਾਣ:</u>

ਇਸ ਵਿਚ ਇੰਦਰ ਨੂੰ ਦੁਰਵਾਸਾ ਦਾ ਸਰਾਪ, ਧ੍ਰੂਵ ਚਰਿਤ੍ਰ, ਰਾਜਾ ਵੇਨ ਅਤੇ ਰਾਜਾ ਪ੍ਰਿਥੂ ਦੀ ਕਥਾ ਅਤੇ ਪ੍ਰਹਿਲਾਦ ਆਦਿ ਦਾ ਵਰਣਨ ਹੈ।

**ਸ਼ਿਵ ਪੁਰਾਣ:**

ਇਸ ਵਿਚ ਸ਼ਿਵ ਲਿੰਗ ਦੀ ਪੂਜਾ ਦਾ ਮਹਾਤਮ, ਨਾਰਦ ਅਤੇ ਵਿਸ਼ਨੂੰ ਦੀ ਕਥਾ, ਪਾਰਬਤੀ ਤੇ ਸ਼ਿਵ ਦੀ ਕਥਾ, ਯੋਗ-ਸ਼ਾਸਤਰ ਤੇ ਆਸਨ- ਪ੍ਰਾਣਾਯਾਮ ਦੇ ਅਭਿਆਸ ਰਾਹੀਂ ਆਤਮ- ਗਿਆਨ ਦੀ ਚਰਚਾ ਹੈ ।

**ਭਾਗਵਤ ਪੁਰਾਣ:**

ਇਸ ਪੁਰਾਣ ਵਿਚ ਵਿਸ਼ਨੂੰ ਦੇ 22 ਅਵਤਾਰਾਂ ਦੀ ਚਰਚਾ ਕਰਦਿਆਂ ਹੋਇਆਂ ਭਗਵਾਨ ਕ੍ਰਿਸ਼ਨ ਦੀ ਕਥਾ ਹੈ ਅਤੇ ਅਦ੍ਵੈਤਵਾਦ ਦਾ ਨਿਰੂਪਣ ਹੈ ।

**ਨਾਰਦ ਪੁਰਾਣ:**

ਇਸ ਵਿਚ ਧਰਮ, ਅਰਥ, ਕਾਮ, ਮੋਕਸ਼ ਦਾ ਵਰਣਨ, ਵਿਸ਼ਨੂੰ, ਰਾਮ, ਕ੍ਰਿਸ਼ਨ, ਹਨੂੰਮਾਨ, ਸ਼ਿਵ, ਕਾਲੀ ਆਦਿ ਦੇ ਮੰਤਰਾਂ ਦਾ ਵੇਰਵਾ, ਏਕਾਦਸ਼ੀ ਮਹਾਤਮ, ਰਾਜਾ ਰੁਕਮਾਂਗਦ ਅਤੇ ਮੋਹਿਨੀ ਦੀ ਕਥਾ, ਗੰਗਾ, ਗਯਾ, ਕੁਰਕਸ਼ੇਤਰ ਮਹਾਤਮ ਅਤੇ ਅਨੇਕਾਂ ਤੀਰਥਾਂ ਦੇ ਮਹਾਤਮ ਦਾ ਵਰਣਨ ਹੈ ।

**ਮਾਰਕੰਡੇਯ ਪੁਰਾਣ:**

ਇਸ ਪੁਰਾਣ ਦੇ ਮੁਖ ਵਿਸ਼ੇ ਹਨ :- ਸ੍ਰਿਸ਼ਟੀ ਅਤੇ ਮਨੁੱਖ ਕ੍ਰਮ, ਅਵਤਾਰ, ਦ੍ਰੋਪਦੀ ਦੇ ਪੰਜ ਪਤੀ ਅਤੇ ਪੰਜ ਪੁੱਤਰ ਆਖਿਆਨ, ਹਰਿਸ਼ਚੰਦਰ ਦੀ ਕਥਾ, ਨਰਕਾਂ ਦਾ ਸਰੂਪ ਅਤੇ ਵਿਵਰਣ ਅਤੇ ਮਾਰਕੰਡੇਯ ਰਿਸ਼ੀ ਦੀ ਉਤਪੱਤੀ ਆਦਿ ।

**ਅਗਨੀ ਪੁਰਾਣ:**

ਇਸ ਵਿਚ ਸਮੁੰਦਰ ਮੰਥਨ, ਰਾਮਾਇਣ ਅਤੇ ਮਹਾਭਾਰਤ ਦੀ ਕਥਾ, ਰਤਨ ਪਰੀਖਿਆ, ਮੰਤਰ- ਜੰਤਰ, ਪੂਜਾ, ਉਪਾਸਨਾ ਅਤੇ ਅਦ੍ਵੈਤ ਵੇਦਾਂਤ ਦੇ ਸਿਧਾਂਤਾਂ ਦੀ ਚਰਚਾ ਹੈ ।

**ਭਵਿੱਖ ਪੁਰਾਣ:**

ਇਸ ਪੁਰਾਣ ਵਿਚ ਭਵਿੱਖ ਵਿਚ ਹੋਣ ਵਾਲੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਹੈ । ਦੂਜੇ ਪ੍ਰਸੰਗਾਂ ਵਿਚ ਵਰਣਾਂ ਅਤੇ ਪੁਰਖਾਂ ਦਾ ਵਰਣਨ, ਵੱਖ ਵੱਖ ਤਿਥੀਆਂ ਵਿਚ ਦਾਨ ਦੇਣ ਦੇ ਫਲ ਦਾ ਵਰਣਨ, ਦੈਤਾਂ, ਕੁਮਾਰ ਦੇ ਰਾਜਿਆਂ ਦਾ ਵਰਣਨ ਆਦਿ ਹੈ ।

**ਬ੍ਰਹਮਵੈਵਰਤ ਪੁਰਾਣ:**

ਇਸ ਵਿਚ ਗਣੇਸ਼, ਰਾਧਾ, ਦੁਰਗਾ, ਸੁਰਥ ਅਤੇ ਸਮਾਧੀ ਦਾ ਵਰਣਨ, ਗੰਗਾ ਦੀ ਉਤਪੱਤੀ, ਰਾਜਾ ਵਿਸ਼ਧ੍ਵਜ ਦਾ ਵਰਣਨ, ਇੰਦਰਾਣੀ ਦੀ ਕਥਾ, ਸਤੀ ਅਤੇ ਦ੍ਰੋਪਦੀ ਦੇ ਪੂਰਵ-ਜਨਮ ਬਿਰਤਾਂਤ, ਸਾਵਿਤਰੀ, ਸਕੰਦ, ਜਮਦਗਨਿ ਅਤੇ ਕਾਰਤਵੀਰਜ ਯੁੱਧ, ਪਰਸ਼ੂਰਾਮ ਦੁਆਰਾ ਕਾਰਤਵੀਰਜ ਦਾ ਖ਼ਾਤਮਾ ਅਤੇ ਪਰਸ਼ੂਰਾਮ ਦੇ ਯੁੱਧ ਸੰਬੰਧੀ ਕਥਾ, ਸ੍ਰੀ ਕ੍ਰਿਸ਼ਣ ਜਨਮ, ਪੂਤਨਾ ਆਖਿਆਨ, ਬਕਾਸੁਰ, ਪ੍ਰਲੰਬਾਸੁਰ ਅਤੇ ਗੋਪੀ ਆਖਿਆਨ, ਵਿਸ਼ਵਕਰਮਾ, ਗਾਇਤ੍ਰੀ-ਜਾਪ, ਬ੍ਰਹਮਲੋਕ ਬ੍ਰਹਮਮੋਹ, ਗੋਵਰਧਨ ਪੂਜਾ, ਸਤੀ, ਪਾਰਬਤੀ, ਅਹਿੱਲਿਆ ਅਤੇ ਕਰਸ਼ਕ ਦੇ ਆਖਿਆਨ ਆਦਿ ਵਰਣਨ ਹਨ ।

**ਲਿੰਗ ਪੁਰਾਣ:**

ਹੋਰ ਸਿਧਾਂਤਾਂ ਦੇ ਵਰਣਨ ਤੋਂ ਛੁੱਟ ਇਸ ਪੁਰਾਣ ਵਿਚ ਜਿਨ੍ਹਾਂ ਪ੍ਰਸੰਗਾਂ ਦਾ ਵਰਣਨ ਹੈ, ਉਨ੍ਹਾਂ ਵਿਚ ਸ਼ਿਵ-ਸਰੂਪ, ਧ੍ਰੂਵ ਅਤੇ ਜਾਲੰਧਰ ਆਖਿਆਨ, ਕਵਚ ਮੰਤ੍ਰ, ਮਹਾਕਾਲ ਉਮਾਸਵੰਬਰ, ਅੰਧਕਾਸੁਰ ਚਰਿਤ੍ਰ ਅਤੇ ਤ੍ਰਿਪੁਰ ਬਧ ਵਿਸ਼ੇਸ਼ ਹਨ ।

**ਵਾਰਾਹ ਪੁਰਾਣ:**

ਇਸ ਵਿਚ ਮਹਾਤਮਾ, ਸਤਜੁਗ ਕਥਾ, ਤ੍ਰੇਤੀ, ਗਣੇਸ਼, ਕਾਰਤਕੇਯ, ਸ਼ਿਵ, ਆਦਿਤੱਯ, ਅਸ਼ਟਮਾਤ੍ਰਿਕਾ, ਦਖਸ਼ਜੱਗ, ਪਾਰਬਤੀ ਜਨਮ, ਅੰਧਕਾਸੁਰ, ਵ੍ਰਿਤ੍ਰਾਸੁਰ, ਮਧੂ ਦੈਂਤ, ਵਿਸ਼ਨੂੰ ਅਤੇ ਪ੍ਰਿਥਵੀ ਦੇ ਆਖਿਆਨ ਵਿਸ਼ੇਸ਼ ਹਨ ।

**ਸਕੰਦ ਪੁਰਾਣ:**

ਇਸ ਵਿਚ ਵੈਂਕਟਾਚਲ, ਜਗਨ ਨਾਥ ਪੁਰੀ, ਬਦਰੀਨਾਰਾਇਣ ਆਦਿ ਤੀਰਥਾਂ ਦਾ ਵਰਣਨ ਅਤੇ ਉਨ੍ਹਾਂ ਨਾਲ ਸੰਬੰਧਤ ਕਥਾਵਾਂ, ਲਕਸ਼ਮੀ, ਗਾਇਤ੍ਰੀ ਅਤੇ ਸਰਸਵਤੀ ਦੀ ਪ੍ਰਸੰਸਾ ਆਦਿ ਹੈ ।

**ਵਾਮਨ ਪੁਰਾਣ:**

ਇਸ ਵਿਚ ਬਲੀ ਅਤੇ ਵਾਮਨ ਦੀ ਕਥਾ, ਦਕਸ਼ਜਗ ਅਤੇ ਸਤੀ ਦੀ ਕਥਾ, ਕਾਮਦਹਨ ਦੀ ਕਥਾ, ਬਲੀ ਚਰਿਤ੍ਰ, ਦੇਵੀ ਮਹਾਤਮ, ਚੰਡ, ਮੁੰਡ, ਸ਼ੁੰਭ, ਨਿਸ਼ੁੰਭ ਅਤੇ ਮੁਰ ਦੈਂਤ ਦਾ ਵਰਣਨ, ਪ੍ਰਹਲਾਦ, ਗਜੇਂਦਰ, ਮੋਖ, ਆਦਿ ਦੇ ਪ੍ਰਸੰਗ ਹਨ ।

**ਕੂਰਮ ਪੁਰਾਣ:**

ਇਸ ਦੇ ਮੁਖ ਪ੍ਰਸੰਗ ਹਨ— ਸਰਸ੍ਵਤੀ ਚਰਿਤਰ, ਮਾਰਕੰਡੇ ਆਖਿਆਨ, ਪਾਰਬਤੀ ਚਰਿਤਰ, ਮਨੂ, ਪ੍ਰਿਥੂ, ਰਘੂ ਅਤੇ ਸਤਨੇਮਿ ਦਾ ਵਰਣਨ, ਨਰਸਿੰਘ ਅਤੇ ਵਰਾਹ ਅਵਤਾਰਾਂ ਦਾ ਵਰਣਨ, ਤੈਲ, ਕਮਲ, ਗੰਗਾ ਆਦਿ ਦੀ ਉਤਪੱਤੀ ਦਾ ਵਰਣਨ, ਸ਼ੰਕਰ-ਵਿਸ਼ਨੂ ਯੁੱਧ, ਮਹਾਨ ਅਵਤਾਰ, ਵਿਸ਼ੂ, ਵਸ਼ਿਸ਼ਟ, ਅਤ੍ਰੀ, ਵਿਸ਼ਵਾਮਿਤਰ, ਕਸ਼ਯਪ, ਵਸ਼ਿਸ਼ਠ, ਪਰਾਸ਼ਰ, ਭਰਦ੍ਵਾਜ ਆਦਿ ਰਿਸ਼ੀਆਂ ਦੀਆਂ ਵੰਸ਼ਾਂ ਦਾ ਵਰਣਨ।

**ਗਰੁੜ ਪੁਰਾਣ:**

ਭਗਵਾਨ ਵਿਸ਼ਨੂ ਅਤੇ ਉਹਨਾਂ ਦੇ ਅਵਤਾਰਾਂ ਦਾ ਮਹਾਤਮ, ਜੋਤਿਸ਼, ਧਰਮਸ਼ਾਸਤਰ, ਸਾਮੁਦ੍ਰਿਕ ਦੀ ਪਰੀਖਿਆ, ਮਰਨ ਤੋਂ ਪਿਛੋਂ ਮਨੁੱਖ ਦੀਆਂ ਵਖ ਵਖ ਜੂਨਾਂ ਆਦਿ ਦਾ ਵਰਣਨ ਇਸ ਪੁਰਾਣ ਵਿਚ ਮਿਲਦਾ ਹੈ।

**ਬ੍ਰਹਮਾਂਡ ਪੁਰਾਣ:**

ਇਸ ਪੁਰਾਣ ਵਿਚ ਸੰਪੂਰਨ ਬ੍ਰਹਮੰਡ ਦਾ ਵਰਣਨ ਹੈ। ਕਲਪ, ਮਨਵੰਤਰ, ਮਾਨਸੀ ਸ੍ਰਿਸ਼ਟੀ, ਭੂਤ ਪ੍ਰਸਗ ਵਰਣਨ, ਪ੍ਰਿਥਵੀ ਵਰਣਨ, ਸੱਤ ਦੀਪਾਂ ਦਾ ਵਰਣਨ ਆਦਿ ਮਿਲਦੇ ਹਨ।

ਮੱਧ ਕਾਲੀਨ ਸਾਹਿੱਤ ਉੱਪਰ ਪੁਰਾਣਾਂ ਦਾ ਬਹੁਤ ਡੂੰਘਾ ਪ੍ਰਭਾਵ ਪਿਆ ਹੈ, ਜੋ ਸੁਭਾਵਿਕ ਹੀ ਸੀ। ਮੱਧਕਾਲੀਨ ਮਾਨਸਿਕਤਾ ਉੱਪਰ ਪੌਰਾਣਿਕ ਕਥਾਵਾਂ ਦੀ ਛਾਪ ਇਤਨੀ ਡੂੰਘੀ ਸੀ ਕਿ ਇਹ ਕਥਾਵਾਂ ਲੋਕ-ਚੇਤਨਾ ਦਾ ਅੰਗ ਬਣ ਚੁੱਕੀਆਂ ਸਨ। ਪੁਰਾਣਾਂ ਦੀ ਸਾਰੀ ਸਾਮਗ੍ਰੀ ਲੋਕ-ਮਨ ਦੀ ਹੀ ਅਭਿਵਿਅਕਤੀ ਹੋਣ ਦੇ ਨਾਤੇ ਸਾਡੀ ਪ੍ਰਾਚੀਨ ਸੰਸਕ੍ਰਿਤੀ ਦੀ ਲੋਕ-ਗਾਥਾ ਵੀ ਹੈ, ਜਿਸ ਨੂੰ ਸਮੇਂ ਸਮੇਂ ਕੁਝ ਵਿਦਵਾਨ ਮੁਨੀਆਂ ਨੇ ਪਰੰਪਰਾ ਤੇ ਪ੍ਰਚਾਰ ਵਿਚੋਂ ਲੈ ਕੇ ਸੰਕਲਨ ਕਰ ਦਿੱਤਾ। ਲਿਪੀ-ਬੱਧ ਹੋਣ ਤੋਂ ਬਾਅਦ ਵੀ ਇਹ ਸਾਮਗ੍ਰੀ ਪਹਿਲਾਂ ਵਾਂਗ ਹੀ ਮੌਖਿਕ ਰੂਪ ਵਿਚ ਜਾਤੀ ਸਮੂਹ ਦੀ ਸਿਮਰਤੀ ਵਿਚ ਰਹੀ ਰਹੀ ਅਤੇ ਪੀੜ੍ਹੀਓ-ਪੀੜ੍ਹੀ ਅੱਗੇ ਤੁਰਦਿਆਂ ਇਸ ਵਿਚ ਅਨੇਕਾਂ ਪਰਿਵਰਤਨ ਤੇ ਵਿਕਾਸ ਹੁੰਦੇ ਰਹੇ, ਜੋ ਇਕ ਸਹਿਜ ਕਰਮ ਸਨ। ਕਈ ਪੌਰਾਣਿਕ ਕਥਾਵਾਂ ਵਿਕ੍ਰਿਤ ਹੋ ਕੇ ਲੋਕ-ਕਹਾਣੀਆਂ ਜਾਂ ਦੰਤ ਕਥਾਵਾਂ ਬਣ ਗਈਆਂ[4]।

ਪੁਰਾਣ ਪੰਜਾਬੀਆਂ ਦਾ ਲੋਕ-ਵਿਰਸਾ ਹਨ ਅਤੇ ਜਿਹੇ ਦੇ ਸਾਂਸਕ੍ਰਿਤਕ ਤੇ ਧਾਰਮਿਕ ਜੀਵਨ ਵਿਚ ਇਨ੍ਹਾਂ ਦੀ ਵਿਸ਼ੇਸ਼ ਮਹੱਤਤਾ ਰਹੀ ਹੈ। ਪੁਰਾਣ ਪੰਜਾਬੀ ਕਲਪਨਾ ਤੇ ਸੋਚ ਵਿਚ ਇਤਨੇ ਮਹਾਨ ਰੂਪ ਵਿਚ ਸਮਾਏ ਹੋਏ ਸਨ ਕਿ ਮੱਧਕਾਲ ਵਿਚ ਮਹਾਂਪੁਰਸ਼ਾਂ ਦੇ

ਲੇਖਕ ਪੁਰਾਣ-ਪਰੰਪਰਾ ਦੇ ਅਨੁਕਰਨ ਵਿਚ ਹੀ ਚਲਦੇ ਰਹੇ। ਲੋਕੀ ਵੀ ਇਤਿਹਾਸਕ ਤੱਥ ਜਾਂ ਘਟਨਾਵਾਂ ਪੌਰਾਣਿਕ ਰੂੜ੍ਹੀਆਂ ਦੀ ਛੂਹ ਤੋਂ ਮੁਕਤ ਨਹੀਂ ਰਹਿ ਸਕਿਆ। ਹਰ ਤੱਥ ਜਾਂ ਵਿਅਕਤੀ ਦੁਆਲੇ ਪੌਰਾਣਿਕ ਰੂੜ੍ਹੀਆਂ ਦਾ ਅਜਿਹਾ ਸੰਘਣਾ ਜਾਲ ਬੁਣ ਦਿੱਤਾ ਗਿਆ ਕਿ ਮੂਲ ਰੂਪ ਪਛਾਨਣੀ ਅਸੰਭਵ ਹੋ ਗਈ। ਗੁਰੂ, ਪੀਰ, ਸਾਧ, ਸੰਤ ਆਦਿ ਨੂੰ ਅਵਤਾਰ ਤੇ ਅਲੌਕਿਕ ਰੂਪ ਵਿਚ ਪੇਸ਼ ਕਰਨ ਦੀ ਪ੍ਰਵਿਰਤੀ ਪੁਰਾਣ-ਚੇਤਨਾ ਦਾ ਹੀ ਫਲ ਹੈ। ਮਧ-ਕਾਲ ਵਿਚ ਵਿਸ਼ਨੂੰ ਪੁਰਾਣ, ਮਾਰਕੰਡੇ ਪੁਰਾਣ, ਭਾਗਵਤ ਪੁਰਾਣ ਆਦਿ ਪੰਜਾਬੀ ਵਿਚ ਗਦ ਪਦ ਅਨੁਵਾਦ ਕੀਤੇ ਗਏ ਅਤੇ ਕਈ ਅਨੁਵਾਦ ਖਰੜਿਆਂ ਦੇ ਰੂਪ ਵਿਚ ਉਪਲਬਧ ਹਨ। ਇਨ੍ਹਾਂ ਵਿਚ ਵਰਨਨ ਕਈ ਪਰਸੰਗ ਚੰਦਰ, ਪ੍ਰਹਿਲਾਦ, ਰਾਮ, ਅਹਿਲਿਆ, ਸੁਕਦੇਵ, ਨਾਰਦ ਵਿਸ਼ਵਾਮਿਤਰ ਆਦਿ ਦੀਆਂ ਕਥਾਵਾਂ ਲੋਕ-ਚੇਤਨਾ ਵਿਚ ਇਤਨੀਆਂ ਰਚ ਮਿਚ ਗਈਆਂ ਸਨ ਕਿ ਇਹ ਦ੍ਰਿਸ਼ਟਾਂਤ ਰੂਪ ਜਾਂ ਹਵਾਲਿਆਂ ਵਜੋਂ ਪੰਜਾਬੀ ਕਾਵਿ ਵਿਚ ਥਾਂ ਥਾਂ ਦੁਹਰਾਈਆਂ ਗਈਆਂ[5]।

ਗੁਰੂ ਸਾਹਿਬ ਦੇ ਸਮੇਂ ਹਿੰਦੂ-ਧਰਮ ਉੱਤੇ ਪੁਰਾਣਾਂ ਦਾ ਗਹਿਰਾ ਪ੍ਰਭਾਵ ਸੀ। ਪੌਰਾਣਿਕ ਕਥਾਵਾਂ ਲੋਕਾਂ ਵਿਚ ਬਹੁਤ ਪ੍ਰਚਲਿਤ ਸਨ। ਰਾਮਾਇਣ, ਮਹਾਭਾਰਤ ਤਾਂ ਵਿਸ਼ੇਸ਼ ਰੂਪ ਵਿਚ ਲੋਕ ਮਨਾਂ ਉੱਤੇ ਛਾਈਆਂ ਹੋਈਆਂ ਸਨ ਅਤੇ ਇਨ੍ਹਾਂ ਨੂੰ ਪ੍ਰਮੁਖਤਾ ਪ੍ਰਾਪਤ ਸੀ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਪੌਰਾਣਿਕ ਕਥਾਵਾਂ ਦੇ ਬਹੁਤ ਹਵਾਲੇ ਮਿਲਦੇ ਹਨ। ਆਪ ਦੀ ਬਾਣੀ ਵਿਚ ਪੌਰਾਣਿਕ-ਕਥਾਵਾਂ ਨੂੰ ਬਹੁਤ ਵਾਰੀ ਕੇਵਲ ਦ੍ਰਿਸ਼ਟਾਂਤ ਵਜੋਂ ਹੀ ਵਰਤਿਆ ਗਿਆ ਹੈ, ਪੂਰੀ ਕਥਾ ਕਿਧਰੇ ਨਹੀਂ ਮਿਲਦੀ।

ਗੁਰੂ ਨਾਨਕ ਦੇਵ ਤੇ ਬਾਕੀ ਗੁਰੂ ਸਾਹਿਬਾਨ ਨੇ ਪੌਰਾਣਿਕ ਕਥਾਵਾਂ ਵਿਚਲੇ ਫਲਸਫੇ, ਰਸਮਾਂ ਅਤੇ ਵੈਦਿਕ ਰਹੁ-ਰੀਤਾਂ ਦਾ ਬਹੁਤ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ ਹੈ। ਅਵਤਾਰਵਾਦ ਜੋ ਪੁਰਾਣਾਂ ਦਾ ਇਕ ਪ੍ਰਮੁਖ ਅੰਗ ਹੈ, ਦਾ ਗੁਰੂ ਸਾਹਿਬ ਨੇ ਵਿਰੋਧ ਕੀਤਾ ਹੈ। ਪੁਰਾਣਾਂ ਅਨੁਸਾਰ ਭਗਵਾਨ ਆਪਣੇ ਭਗਤਾਂ ਤੇ ਕ੍ਰਿਪਾ ਕਰਨ ਲਈ ਮਨੁਖ ਦੇ ਰੂਪ ਵਿਚ ਜਨਮ ਲੈਂਦਾ ਹੈ ਅਤੇ ਵਿਭਿੰਨ ਲੀਲਾਵਾਂ ਕਰਦਾ ਹੈ। ਇਸ ਲਈ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੇ ਅਵਤਾਰਾਂ ਦੀਆਂ ਕਥਾਵਾਂ ਨੂੰ ਬਹੁਤ ਮਹੱਤਾ ਪ੍ਰਾਪਤ ਹੋਈ ਹੈ। ਗੁਰੂ ਸਾਹਿਬ ਨੇ ਕੇਵਲ ਇੱਕੋ ਅਕਾਲ-ਪੁਰਖ ਦਾ ਸੰਕਲਪ ਦਿੱਤਾ ਅਤੇ ਅਵਤਾਰਵਾਦ ਤੇ ਦੇਵੀ-ਦੇਵਤਿਆਂ ਦੀ ਪੂਜਣਾ ਨੂੰ ਰੱਦ ਕੀਤਾ ਹੈ।

ਬ੍ਰਹਮ- ਪੁਰਾਣ ਵਿਚਲੀ ਸੂਰਜ-ਪੂਜਾ ਅਤੇ ਤੀਰਥਾਂ ਦੇ ਮਹਾਤਮ, ਸ਼ਿਵ ਪੁਰਾਣ ਵਿਚ ਕਾਸੀ ਤੀਰਥ ਸ਼ਿਵ-ਲਿੰਗ ਦੀ ਪੂਜਾ ਦੀ ਮਹਾਨਤਾ, ਨਾਰਦ- ਪੁਰਾਣ ਵਿਚਲੀ ਏਕਾ-ਦਸ਼ੀਆਂ ਦੇ ਮੰਤਰਾਂ ਦੀ ਵਡਿਆਈ, ਭਵਿਸ਼ਯ ਪੁਰਾਣ ਵਿਚ ਕੱਲੀ ਕਾਲ ਭਵਿਸ਼-ਬਾਣੀ ਅਤੇ ਵਰਤਾਂ, ਪੁਰਬਾਂ ਦੇ ਗੌਰਵ, ਵਾਮਨ-ਪੁਰਾਣ ਵਿਚਲੀ ਤੀਰਥ- ਮਹਾਤਮ, ਕੂਰਮ-ਪੁਰਾਣ ਵਿਚ ਵਿਸ਼ਨੂੰ ਦੇ ਅਵਤਾਰਾਂ ਦੇ ਮਹਾਤਮ ਆਦਿ ਦੀ ਗੁਰੂ ਸਾਹਿਬ ਨੇ ਸਪੱਸ਼ਟ ਆਲੋਚਨਾ ਕੀਤੀ ਹੈ ।

ਪੁਰਾਣੀ ਕਥਾਵਾਂ ਵਿਚ ਆਏ ਪਾਤਰ ਮੁਖ ਰੂਪ ਵਿਚ ਦੋ ਪ੍ਰਕਾਰ ਦੇ ਹਨ, ਸੁਰ ( ਦੇਵਤੇ) ਅਸੁਰ (ਦੈਂਤ) । ਗੁਰੂ ਅਰਜਨ ਦੇਵ ਜੀ ਬਾਣੀ ਵਿਚ ਇਨ੍ਹਾਂ ਨੂੰ ਗੁਰਮੁਖ ਤੇ ਮਨਮੁਖ ਲਿਖਿਆ ਗਿਆ ਹੈ। ਇਹੀ ਕਾਰਨ ਹੈ ਕਿ ਪੁਰਾਣ- ਕਥਾਵਾਂ ਦੇ ਜਿੰਨੇ ਵੀ ਨੇਕੀ ਕਰਨ ਵਾਲੇ ਜਾਂ ਸੁਰ ਪਾਤਰ ਹਨ, ਉਨ੍ਹਾਂ ਨੂੰ ਗੁਰੂ ਸਾਹਿਬ ਨੇ ਨੇਕੀ, ਚੰਗਿਆਈ, ਧਰਮ ਅਤੇ ਭਗਤੀ ਦੇ ਪ੍ਰਤੀਕ ਮੰਨ ਕੇ ਹਰ ਥਾਂ ਵਧੀਆ ਆਪਣੀ ਬਾਣੀ ਵਿਚ ਵਰਤਿਆ ਹੈ । ਇਸੇ ਤਰ੍ਹਾਂ ਅਧਰਮੀ ਅਤੇ ਬੁਰੇ ਲੋਕਾਂ ਦੇ ਪ੍ਰਤੀਕ ਵਿਚ ਪੁਰਾਣਾਂ ਦੇ ਅਸੁਰ ਅਥਵਾ ਪਾਪੀ ਪਾਤਰਾਂ ਦੀਆਂ ਉਦਾਹਰਣਾਂ ਪ੍ਰਸਤੁਤ ਕੀਤੀਆਂ ਹਨ। ਦ੍ਰੋਪਦੀ ਦੀ ਲਾਜ- ਰਖਿਆ, ਗਨਕਾ ਅਤੇ ਅਜਾਮਲ ਦੀ ਜੀਵਨ-ਉਧਾਰ, ਪ੍ਰਹਿਲਾਦ ਦਾ ਅਤਿਆਚਾਰ ਨਾਲ ਟਾਕਰਾ ਕਰਨਾ, ਰਾਮ ਚੰਦਰ ਦਾ ਮਰਯਾਦਾ ਪੁਰਸ਼ੋਤਮ ਹੋਣਾ, ਧ੍ਰੂ ਦੀ ਭਗਤੀ, ਸੁਦਾਮਾ ਦੀ ਗਰੀਬੀ, ਹਰੀਚੰਦਰ ਦਾ ਸੱਤਵਾਦੀ ਹੋਣਾ, ਅਤੇ ਹਰਨਾਖਸ਼, ਕਾਲਨੇਮੀ, ਰਾਵਣ, ਕੈਰੋਂ, ਮਹਿਖਾਸੁਰ ਆਦਿ ਬੁਰਿਆਈ ਦੇ ਪ੍ਰਤੀਕ ਦੇ ਤੌਰ ਤੇ ਇਨ੍ਹਾਂ ਦੇ ਉਦਾਹਰਣ ਪ੍ਰਸਤੁਤ ਹੋਏ ਹਨ ।

ਗੁਰੂ ਅਰਜਨ ਦੇਵ ਜੀ ਬਾਣੀ ਵਿਚ ਪਰਮਾਤਮਾ ਦੇ ਅਨੇਕ ਪੌਰਾਣਿਕ ਨਾਮ ਜਿਵੇਂ ਮੁਰਲੀ ਮਨੋਹਰ, ਗੋਬਿੰਦ, ਨਰਸਿੰਘ, ਮਧੂਸੂਦਨ, ਗੋਵਰਧਨਧਾਰੀ, ਨਾਰਾਇਣ, ਬਿਸੰਭਰ ਆਦਿ ਵਰਤੇ ਮਿਲਦੇ ਹਨ ਜੋ ਵਿਸ਼ਨੂੰ ਤੇ ਉਸ ਦੇ ਅਵਤਾਰਾਂ ਨਾਲ ਸੰਬੰਧਿਤ ਹਨ । ਭਗਤਾਂ ਵਿਚੋਂ ਧ੍ਰੂ, ਪ੍ਰਹਿਲਾਦ, ਬਿਦਰ ਅਤੇ ਬਾਲਮੀਕ ਦਾ ਸੰਕੇਤ ਕੀਤਾ ਮਿਲਦਾ ਹੈ ।

ਮੌਤ ਦੇ ਸੰਕਲਪ ਨੂੰ ਅਮੂਰਤ ਤੋਂ ਮੂਰਤ ਬਣਾਉਣ ਲਈ ਹਿੰਦੂ ਪੁਰਾਣ-ਧਾਰਾ ਦੇ ਚਿਤਰ-ਗੁਪਤ, ਧਰਮ ਰਾਜ, ਜਮਦੂਤ ਤੇ ਜਮਰਾਜ ਆਦਿ ਦਾ ਜ਼ਿਕਰ ਕਈ ਥਾਂਈਂ ਆਇਆ ਹੈ। ਮੌਤ ਦਾ ਜਮਦੂਤ ਦੇ ਰੂਪ ਵਿਚ ਸਥੂਲ ਚਿਤਰਣ ਚੰਗੇ ਮੰਦੇ ਕਰਮਾਂ ਦਾ ਚਿਤਰ ਗੁਪਤ ਕੋਲ ਲੇਖਾ ਹੋਣਾ ਤੇ ਧਰਮ ਰਾਜ ਦੀ ਕਚਹਿਰੀ ਵਿਚ ਪ੍ਰਾਣੀ ਦੇ ਕਰਮਾਂ ਦਾ ਫਲ ਨਰਕ ਜਾਂ ਸਵਰਗ ਦੇ ਠੋਸ ਰੂਪ ਵਿਚ ਮਿਲਣਾ, ਜਮ ਰਾਜੇ ਦੇ ਦੂਤਾਂ ਦਾ ਅਪਰਾਧੀ ਨੂੰ ਬੰਨ੍ਹੀ ਖੜਨਾ ਤੇ ਜਾਣ ਤੇ ਉਸਦੀ ਕਚਹਿਰੀ ਵਿਚ ਕੀਤੇ ਦੀ ਸਜ਼ਾ ਪਾਉਣ ਦੀ ਪ੍ਰਥਾ ਜਿਵੇਂ ਲਗਿਆ ਜਾ

ਸਕਦਾ ਹੈ। ਇਹ ਸੰਕਲਪ ਭਾਵੇਂ ਪੌਰਾਣਿਕ ਹੈ, ਪਰ ਗੁਰਬਾਣੀ ਵਿਚ ਇਸਨੂੰ ਅਪਨਾ ਲਿਆ ਗਿਆ ਹੈ, ਕਿਉਂਕਿ ਇਸ ਦੇ ਨਾਲ ਅਮੂਰਤ ਮੌਤ ਕਿਸੇ ਮੂਰਤ ਵਿਚ ਪ੍ਰਤੱਖ ਦਿਸਦੀ ਹੈ। ਇਸ ਤਰ੍ਹਾਂ ਮੌਤ ਦਾ ਸਥੂਲ ਰੂਪ ਛੇਤੀ ਅਨੁਭਵ ਕੀਤਾ ਜਾ ਸਕਦਾ ਹੈ।[7]

ਗੁਰੂ ਅਰਜਨ ਦੇਵ ਜੀ ਦੀ ਰਚਨਾ ਵਿਚ ਜਮਦੂਤ ਤੇ ਧਰਮ ਰਾਜ ਬਾਰੇ ਸੰਕੇਤ ਮਿਲਦੇ ਹਨ।

ੳ) ਸੰਤਨ ਸਿਉ ਕਹੁ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥
ਧਰਮਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥[8]

ਅ) ਚਿਤ੍ਰ ਗੁਪਤ ਸਭ ਲਿਖਤੇ ਲੇਖਾ ॥
ਭਗਤ ਜਨਾ ਕਉ ਦ੍ਰਿਸਟਿ ਨ ਪੇਖਾ ॥[9]

ੲ) ਜਮਦੂਤ ਤਿਹ ਨਿਕਟਿ ਨ ਆਵੈ ॥
ਸਾਧ ਸੰਗਿ ਹਰਿ ਕੀਰਤਨ ਗਾਵੈ ॥[10]

ਸ) ਬੋਲਹਿ ਹਰਿ ਨਾਮ ਸਫਲ ਨਰ ਜਾਵੈ॥ਮਹਾ ਪੁਰਖੁ ਸਾਕਤ ਨਰ ਕੋਵੈ ॥
ਜਾਮ ਨਾਮੁ ਹੋਆ ਰਖਵਾਲਾ॥ ਭਾਗਹੀਣੁ ਸਾਕਤੁ ਵੇਚਾਰਾ ॥
ਜਿੰਨਾ ਨਰ ਨਰ ਪਰਹਿ ਅਨੇਕ, ਮਿਰਤਕ ਜਾਵਿ ਗਲੇ ਸਿਰ ਪੈਰੈ ॥
ਕਹੁ ਨਾਨਕ ਜਪਹਿ ਜਨ ਨਾਮ, ਤਾਕੈ ਨਿਕਟ ਨ ਆਵੈ ਜਾਮ ॥[11]

ਯਮ (ਜਮ) ਦਾ ਜ਼ਿਕਰ ਵੇਦਾਂ ਵਿਚ ਵੀ ਆਉਂਦਾ ਹੈ ਤੇ ਪੁਰਾਣਾਂ ਵਿਚ ਵੀ। ਵੈਦਿਕ ਮਿਥਿਹਾਸ ਅਨੁਸਾਰ ਯਮ ਸਭ ਤੋਂ ਪਹਿਲਾ ਪ੍ਰਾਣੀ ਸੀ ਜਿਸ ਨੂੰ ਮੌਤ ਨੇ ਸੰਸਾਰ ਤੋਂ ਚੁੱਕ ਲਿਆ ਅਤੇ ਉਹ ਸਵਰਗ ਲੋਕ ਦਾ ਰਾਜਾ ਬਣਿਆ। ਪਰ ਪੁਰਾਣਾਂ ਤਕ ਪਹੁੰਚਦੇ ਪਹੁੰਚਦੇ ਯਮ ਦਾ ਸੰਕਲਪ ਬਿਲਕੁਲ ਹੀ ਬਦਲ ਗਿਆ। ਪੁਰਾਣਾਂ ਅਨੁਸਾਰ ਯਮ ਸੰਸਾਰ ਦੇ ਜੀਵਾਂ ਦੀ ਜਿੰਦ ਕਢ ਕੇ ਧਰਮਰਾਜ ਕੋਲ ਲੈ ਜਾਂਦਾ ਹੈ। ਨਰਕ ਦਾ ਸਾਰਾ ਸੰਕਲਪ ਵੀ ਪੌਰਾਣਿਕ ਹੈ। ਗੁਰੂ ਸਾਹਿਬ ਨੇ ਯਮ ਤੇ ਨਰਕਾਂ ਦਾ ਵਰਨਨ ਪੌਰਾਣਿਕ ਕਥਾਵਾਂ ਦੀ ਪਿਠ-ਭੂਮੀ ਵਿਚ ਕੀਤਾ ਹੈ।[12]

ਗਰੁੜ ਪੁਰਾਣ ਵਿਚ ਮਰਨ ਉਪਰੰਤ ਯਮ ਮਾਰਗ ਅਤੇ ਯਮ-ਲੋਕ ਦਾ ਵਿਸਤ੍ਰਿਤ ਵਰਨਨ ਕੀਤਾ ਮਿਲਦਾ ਹੈ। ਇਸੇ ਲਈ ਅਗਿਆਨੀ ਲੋਕ ਪ੍ਰਾਣੀ ਨਿਮਿਤ ਗਰੁੜ ਨਾਸਿਕੇਤ ਆਦਿ ਦੀ ਕਥਾ ਕਰਵਾਉਂਦੇ ਸਨ ਜਿਸ ਵਿਚ ਯਮ ਮਾਰਗ ਅਤੇ ਯਮ ਲੋਕ ਦੀ ਭਿਆਨਕਤਾ ਦਾ ਉਲੇਖ ਹੈ ਅਤੇ

ਪ੍ਰੇਤ ਨੂੰ ਅੰਨ, ਜਲ, ਬਸਤਰ, ਰਹਿਣ ਆਦਿ ਸਮਗਰੀ ਪੁਚਾਣ ਦੇ ਉਪਾਅ ਦੱਸੇ ਗਏ ਹਨ। ਗੁਰੂ ਅਰਜਨ ਦੇਵ ਨੇ ਗਉੜੀ ਸੁਖਮਨੀ ਵਿਚ ਇਨ੍ਹਾਂ ਅਵਿਦਿਆ ਕਰਮਾਂ ਦੀ ਵਿਰੋਧਤਾ ਕਰਕੇ ਨਾਮ ਸਿਮਰਨ ਦੀ ਸਿਖਿਆ ਦਿੱਤੀ ਹੈ:

ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥
ਜਹ ਮਹਾ ਭਇਆਨ ਦੂਤ ਜਮ ਦਲੈ ॥
ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥
ਜਹ ਮੁਸਕਲ ਹੋਵੈ ਅਤਿ ਭਾਰੀ ॥
ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥
ਜਿਹ ਮਾਰਗ ਇਹੁ ਜਾਤ ਇਕੇਲਾ ॥
ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ ॥ ......
ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥
ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥
ਜਿਹ ਪੈਡੈ ਮਹਾ ਅੰਧ ਗੁਬਾਰਾ ॥
ਹਰਿ ਕਾ ਨਾਮੁ ਸੰਗਿ ਉਜੀਆਰਾ ॥
ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥
ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥
ਜਹ ਮਹਾ ਭਇਆਨ ਤਪਤਿ ਬਹੁ ਘਾਮ ॥
ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥
ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥
ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥ [13]

ਗੁਰੂ ਅਰਜਨ ਦੇਵ ਜੀ ਉਪਨਿਸ਼ਦਾਂ ਤੇ ਸਿਮਰਤੀਆਂ ਦੇ ਗਿਆਤਾ ਸਨ। ਹਿੰਦੂ ਗ੍ਰੰਥਾਂ ਦੇ ਨਾਲ ਨਾਲ ਹਿੰਦੂ ਪੁਰਾਣ-ਕਥਾ ਦਾ ਉਨ੍ਹਾਂ ਦਾ ਡੂੰਘਾ ਅਧਿਐਨ ਕੀਤਾ ਹੋਇਆ ਸੀ, ਜਿਸ ਕਰਕੇ ਪੌਰਾਣਿਕ ਹਿੰਦ ਮਨੁੱਖ ਦਾ ਚਿੰਤਨ ਬਣ ਗਏ ਸਨ ਤੇ ਉਨ੍ਹਾਂ ਦੀ ਰਚਨਾ ਵਿਚ ਸਹਿਜ ਰੂਪ ਨਾਲ ਆ ਗਏ ਹਨ ਤੇ ਢੇਰੀ ਮਾਤਰਾ ਵਿਚ ਮਿਲਦੇ ਮਿਲਦੇ ਹਨ। ਕੁਝ ਪੌਰਾਣਿਕ ਸੰਕਲਪਾਂ ਦੀ ਜੋ ਗੁਰੂ ਅਰਜਨ ਦੇਵ ਜੀ ਦੀ ਵਿਚਾਰਧਾਰਾ ਦੇ ਪ੍ਰਤੀਕੂਲ ਸਨ, ਉਨ੍ਹਾਂ ਨੇ ਨਿਡਰ ਹੋਕੇ ਵਿਰੋਧਤਾ ਕੀਤੀ ਜਿਵੇਂ

ਕਿ ਅਵਤਾਰਵਾਦ ਦੀ :-

ੳ) ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥
ਜਨਮਿ ਨ ਮਰੈ ਨ ਆਵੈ ਨ ਜਾਇ ॥
ਨਾਨਕ ਕਾ ਪ੍ਰਭੁ ਰਹਿਓ ਸਮਾਇ ॥[14]

ਅ) ਵੇਦ ਪੜੇ ਪੜਿ ਬ੍ਰਹਮੇ ਹਾਰੇ ਇਕੁ ਤਿਲੁ ਨਹੀ ਕੀਮਤਿ ਪਾਈ ॥
ਸਾਧਿਕ ਸਿਧ ਫਿਰਹਿ ਬਿਲਲਾਤੇ ਤੇ ਭੀ ਮੋਹੇ ਮਾਈ ॥
ਦਸ ਅਉਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ ॥
ਤਿਨ ਭੀ ਅੰਤੁ ਨ ਪਾਇਓ ਤੇਰਾ ਲਾਇ ਥਕੇ ਬਿਭੂਤਾ ॥[15]

ੲ) ਮਹਿਮਾ ਨ ਜਾਨਹਿ ਬੇਦ ॥
ਬ੍ਰਹਮੇ ਨਹੀ ਜਾਨਹਿ ਭੇਦ ॥
ਅਵਤਾਰ ਨ ਜਾਨਹਿ ਅੰਤੁ ॥
ਪਰਮੇਸਰੁ ਪਾਰਬ੍ਰਹਮ ਬੇਅੰਤੁ ॥[16]

ਸ) ਕੋਟਿ ਬਿਸਨ ਕੀਨੇ ਅਵਤਾਰ ॥
ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ ॥
ਕੋਟਿ ਮਹੇਸ ਉਪਾਇ ਸਮਾਇ ॥
ਕੋਟਿ ਬ੍ਰਹਮੇ ਜਗੁ ਸਾਜਣ ਲਾਇ ॥
ਐਸੋ ਧਣੀ ਗੁਵਿੰਦੁ ਹਮਾਰਾ ॥
ਬਰਨਿ ਨ ਸਾਕਉ ਗੁਣ ਬਿਸਥਾਰਾ ॥[17]

ਇਸ ਤਰ੍ਹਾਂ ਆਪ ਨੇ ਅਵਤਾਰਵਾਦ ਦਾ ਖੰਡਨ ਕਰਦਿਆਂ ਹੋਇਆਂ ਇੱਕੋ ਪਾਰਬ੍ਰਹਮ ਪਰਮਾਤਮਾ ਵਿਚ ਵਿਸ਼ਵਾਸ਼ ਕਰਨ ਦਾ ਉਪਦੇਸ਼ ਦਿੱਤਾ ਹੈ ਜੋ ਬ੍ਰਹਮੰਡ ਦੇ ਕਣ ਕਣ ਵਿਚ ਰਮ ਰਿਹਾ ਹੈ ਅਤੇ ਜਿਸ ਤੋਂ ਬਗੈਰ ਹੋਰ ਕੋਈ ਵੀ ਅਵਤਾਰ, ਦੇਵੀ ਦੇਵਤਾ ਜਾਂ ਸ਼ਕਤੀ ਨਹੀਂ ਹੈ, ਜੋ ਜੀਵ ਨੂੰ ਪਾਰ ਲੰਘਾਵੇ।

ਥਾਨ ਥਨੰਤਰਿ ਰਵਿ ਰਹਿਆ ਪਾਰਬ੍ਰਹਮੁ ਪ੍ਰਭੁ ਸੋਇ ॥
ਸਭਨਾ ਦਾਤਾ ਏਕੁ ਹੈ ਦੂਜਾ ਨਾਹੀ ਕੋਇ ॥
ਤਿਸੁ ਸਰਣਾਈ ਛੁਟੀਐ ਕੀਤਾ ਲੋੜੇ ਸੁ ਹੋਇ ॥[18]

ਸਿਮਰਤੀਆਂ, ਵੇਦਾਂ ਤੇ ਪੁਰਾਣਾਂ ਵਲ ਸੰਕੇਤ ਕਰਦੇ ਹੋਏ ਗੁਰੂ ਅਰਜਨ ਦੇਵ ਫਰਮਾਂਦੇ ਹਨ ਕਿ ਇਨ੍ਹਾਂ ਦਾ ਕੇਵਲ ਗਿਆਨ ਕੂੜ ਤੇ ਵਾਦ ਨਹੀਂ ਮੰਨਿਆ ਜਾ ਸਕਦਾ ਜੇ ਪਰਮਾਤਮਾ ਦੇ ਸ਼ੁਭ ਨਾਮ ਦੀ ਅਵਹੇਲਨਾ ਕੀਤੀ ਗਈ ਹੋਵੇ, -

ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ ਪੋਥੀਆ ॥
ਨਾਮ ਬਿਨਾਂ ਸਭਿ ਕੂੜੁ ਗਲੀ ਹੋਛੀਆ ॥ [19]

ਗੁਰੂ ਅਰਜਨ ਦੇਵ ਦੇ ਸਮੇਂ ਅਵਤਾਰਵਾਦ ਦਾ ਸਿਧਾਂਤ ਲੋਕਾਂ ਵਿਚ ਬੜਾ ਪ੍ਰਚਲਿਤ ਸੀ। ਤਿੰਨਾਂ ਦੇਵਤਿਆਂ ਬ੍ਰਹਮਾ, ਵਿਸ਼ਨੂੰ ਤੇ ਸ਼ਿਵਜੀ ਵਿੱਚੋਂ ਵਿਸ਼ਨੂੰ ਦੇ ਹੀ ਕਈ ਅਵਤਾਰ ਹੋਏ ਮੰਨੇ ਜਾਂਦੇ ਹਨ। ਵਿਸ਼ਨੂੰ ਦੇ ਦਸ ਪ੍ਰਮੁਖ ਅਵਤਾਰ ਹਨ— ਮਤਸਯ, ਕੂਰਮ, ਵਰਾਹ, ਨਰਸਿੰਘ, ਵਾਮਨ, ਪਰਸਰਾਮ, ਰਾਮ ਚੰਦਰ, ਕ੍ਰਿਸ਼ਨ, ਬੁੱਧ ਅਤੇ ਕਲਕੀ। ਇਹਨਾਂ ਵਿਚੋਂ ਪਹਿਲੇ ਪੰਜ ਤਾਂ ਜਿਸ ਸੰਸਾਰ ਵਿਚ ਅਸੀਂ ਰਹਿ ਰਹੇ ਹਾਂ ਉਸ ਵਿਚ ਨਹੀਂ ਹੋਏ, ਇਹ ਕਿਸੇ ਦੂਜੀ ਸ੍ਰਿਸ਼ਟੀ ਉਤੇ ਇਸ ਤੋਂ ਪਹਿਲਾਂ ਹੋਏ ਮੰਨੇ ਜਾਂਦੇ ਹਨ। ਪਿਛਲੇ ਚਾਰ ਪਰਸਰਾਮ, ਰਾਮ ਚੰਦਰ, ਕ੍ਰਿਸ਼ਨ ਅਤੇ ਬੁੱਧ ਇਸੇ ਸ੍ਰਿਸ਼ਟੀ ਉਤੇ ਹੋਏ। ਰਾਮ ਤ੍ਰੇਤੇ ਵਿਚ, ਕ੍ਰਿਸ਼ਨ ਦੁਆਪਰ ਵਿਚ ਅਤੇ ਬੁੱਧ ਕਲਿਯੁਗ ਵਿਚ ਹੋਇਆ। ਕਲਕੀ ਅਵਤਾਰ ਨੇ ਅਜੇ ਹੋਣਾ ਹੈ।

ਦੇਵਤਿਆਂ ਵਿਚੋਂ ਬ੍ਰਹਮਾ ਪ੍ਰਮੁਖ ਦੇਵਤਾ ਮੰਨਿਆ ਗਿਆ ਹੈ। ਪੁਰਾਣਿਕ ਕਥਾ ਅਨੁਸਾਰ ਬ੍ਰਹਮਾ ਦਾ ਪ੍ਰਕਾਸ਼ ਵਿਸ਼ਨੂੰ ਦੀ ਨਾਭੀ ਵਿਚਲੇ ਇਕ ਕੰਵਲ ਫੁਲ ਤੋਂ ਹੋਇਆ। ਬ੍ਰਹਮਾ ਨੂੰ ਹੰਕਾਰ ਹੋਇਆ ਕਿ ਉਹ ਕੰਵਲ ਦੀ ਨਾਭੀ ਤੋਂ ਆਪਣੇ ਆਪ ਤੇ ਪ੍ਰਗਟਿਆ ਹੈ। ਪਰ ਉਸ ਨੂੰ ਆਕਾਸ਼ਬਾਣੀ ਹੋਈ ਕਿ 'ਤੂੰ ਕੰਵਲ ਦੀ ਨਾਭੀ ਵਿੱਚੋਂ ਉਤਪੰਨ ਹੋਇਆ ਹੈਂ'। ਬ੍ਰਹਮਾ ਨੇ ਕ੍ਰੋਧ ਵਿਚ ਆ ਕੇ ਕੰਵਲ ਦੀ ਨਾਭੀ ਨੂੰ ਲੱਤ ਮਾਰੀ। ਫਲਸਰੂਪ ਬ੍ਰਹਮਾ ਨਾਭੀ ਵਿਚ ਹੀ ਲਹਿ ਗਿਆ ਅਤੇ ਅਜਿਹਾ ਗੁੰਮ ਹੋਇਆ ਕਿ ਅਠਾਰਾਂ ਯੁੱਗਾਂ ਤਕ ਉਹ ਨਾਭ ਕਮਲ ਦੀ ਨਾਲੀ ਵਿਚ ਹੀ ਉਤਰਦਾ ਰਿਹਾ, ਪਰ ਇਸ ਦੀ ਥਾਹ ਨਾ ਪਾ ਸਕਿਆ, ਅਖੀਰ ਬਾਹਰ ਨਿਕਲਣ ਲਈ ਤਰਲੇ ਕਰਨ ਲੱਗਾ। ਅਠਾਰਾਂ ਯੁਗ ਉਸ ਨੂੰ ਬਾਹਰ ਆਉਣ ਵਿਚ ਲੱਗ ਗਏ। ਇੰਜ 36 ਯੁੱਗਾਂ ਤਕ ਸੰਸਾਰ ਵਿਚ ਅੰਧਕਾਰ ਰਿਹਾ। ਇਸ 36 ਯੁਗ ਅੰਧਕਾਰ ਦਾ ਵਰਣਨ ਗੁਰਬਾਣੀ ਵਿਚ ਕਈ ਥਾਈਂ ਆਉਂਦਾ ਹੈ। ਚਾਰੇ ਵੇਦ ਬ੍ਰਹਮਾ ਦੇ ਹੀ ਰਚੇ ਮੰਨੇ ਜਾਂਦੇ ਹਨ। ਇਕ ਵਾਰ ਫਿਰ ਬ੍ਰਹਮਾ ਦੇ ਮਨ ਵਿਚ ਗਰਬ ਉਤਪੰਨ ਹੋਇਆ, ਪਰ ਇਸ ਹੰਕਾਰ ਦੇ ਪੈਦਾ ਹੋਣ ਨਾਲ ਹੀ ਕਰੋਧ ਰੂਪ (ਜਾਂ ਸੰਖਾਸੁਰ ਦੈਂਤ) ਪ੍ਰਗਟ ਹੋਇਆ। ਇਸ ਨੇ ਬ੍ਰਹਮਾ ਉੱਤੇ ਬਿਪਤ ਪਾਈ ਤੇ ਚਾਰੇ ਵੇਦ ਚੋਰ ਕੇ

ਸਮੁੰਦਰ ਵਿਚ ਜਾ ਲੁਕਿਆ । ਬ੍ਰਹਮਾ ਨੇ ਵਿਸ਼ਨੂੰ ਅੱਗੇ ਵੇਦਾਂ ਦੀ ਰੱਖਿਆ ਦੀ ਪ੍ਰਾਰਥਨਾ ਕੀਤੀ ਅਤੇ ਵਿਸ਼ਨੂੰ ਨੇ ਮਤਸ ਅਵਤਾਰ (ਮੀਨਤਨ) ਧਾਰ ਕੇ ਇਸ ਦੈਂਤ ਦਾ ਨਾਸ਼ ਕੀਤਾ ਅਤੇ ਬ੍ਰਹਮਾ ਨੂੰ ਵੇਦ ਮੁੜ ਲਿਆ ਦਿੱਤੇ ।[20]

ਬ੍ਰਹਮਾ, ਵਿਸ਼ਨੂੰ, ਮਹੇਸ਼ ਅਤੇ ਸੁਰਾਂ, ਅਸੁਰਾਂ ਦੇ ਪੌਰਾਣਿਕ ਸੰਕੇਤ ਗੁਰੂ ਅਰਜਨ-ਬਾਣੀ ਵਿਚ ਬਹੁਤ ਥਾਵਾਂ ਤੇ ਉਪਲਬਧ ਹਨ । ਜਿਵੇਂ :

ੳ) ਸਿਵ ਬਿਰੰਚ ਅਰ ਇੰਦ੍ਰ ਲੋਕ ਤਾ ਮਹਿ ਜਲਤੌ ਫਿਰਿਆ ॥
ਸਿਮਰ ਸਿਮਰਿ ਸੁਆਮੀ ਭਏ ਸੀਤਲ ਦੂਖੁ ਦਰਦ ਭ੍ਰਮ ਹਿਰਿਆ ॥[21]

ਅ) ਸਿਵ ਬਿਰੰਚ ਅਸੁਰ ਸੁਰ ਜੇਤੇ ॥
ਕਾਲ ਅਗਨਿ ਮਹਿ ਤ੍ਰ ਜਰਤੇ ॥[22]

ੲ) ਅਨਿਕ ਬ੍ਰਹਮੇ ਜਾਕੇ ਬੇਦ ਧੁਨਿ ਕਰਹਿ ॥
ਅਨਿਕ ਮਹੇਸ ਬੈਸਿ ਧਿਆਨੁ ਧਰਹਿ ॥[23]

ਸ) ਸਿਵਪੁਰੀ, ਬ੍ਰਹਮ ਇੰਦ੍ਰਪੁਰੀ ਨਿਹਚਲੁ ਕੋ ਥਾਉ ਨਾਹਿ ॥[24]

ਹ) ਇੰਦ੍ਰਪੁਰੀ ਮਹਿ ਸਰਪਰ ਮਰਣਾ ॥
ਬ੍ਰਹਮਪੁਰੀ ਨਿਹਚਲ ਨਹੀ ਰਹਣਾ ॥
ਸਿਵਪੁਰੀ ਕਾ ਹੋਇਗਾ ਕਾਲਾ ॥
ਤ੍ਰੈਗੁਣ ਮਾਇਆ ਬਿਨਸਿ ਬਿਤਾਲਾ ॥[25]

ਉਪਰੋਕਤ ਤੁਕਾਂ ਵਿਚ ਬ੍ਰਹਮਾ, ਵਿਸ਼ਨੂੰ ਸ਼ਿਵ ਅਤੇ ਇੰਦਰ ਆਦਿ ਦੀਆਂ ਵੱਖ ਵੱਖ ਪੁਰੀਆਂ ਅਰਥਾਤ ਲੋਕਾਂ (ਧਾਮਾਂ) ਦਾ ਹਵਾਲਾ ਹੈ ਤੇ ਉਨ੍ਹਾਂ ਸਭਨਾਂ ਦੀ ਨਾਸ਼ਮਾਨਤਾ ਦਾ ਵਰਣਨ ਕੀਤਾ ਗਿਆ ਹੈ – ਜਿਹ ਸਾਰੀਆਂ ਕਾਲ ਦੇ ਅਧੀਨ ਹਨ ਅਤੇ ਮਾਇਆ ਦੇ ਪ੍ਰਭਾਵ ਨਾਲ ਇਨ੍ਹਾਂ ਦੇ ਕਾਲਾਂਤਰ ਵਿਚ ਸਮਾ ਜਾਣਾ ਹੈ। ਬਿਰੰਚ ਪੌਰਾਣਿਕ ਸ਼ਬਦ ਹੈ ਜੋ ਬ੍ਰਹਮਾ ਲਈ ਪ੍ਰਯੁਕਤ ਕੀਤਾ ਗਿਆ ਹੈ ਤੇ ਗੁਰੂ ਅਰਜਨ ਬਾਣੀ ਵਿਚ ਬਹੁਤ ਵਾਰ ਵਰਤਿਆ ਗਿਆ ਹੈ ।

ਗੁਰੂ ਅਰਜਨ ਦੇਵ ਦੇ ਮਾਰੂ ਮਹਲਾ 5 ਦੇ ਨਿਮਨ ਲਿਖਤ ਇੱਕੋ ਸ਼ਬਦ ਵਿਚ ਕਈ ਪੌਰਾਣਿਕ ਕਥਾਵਾਂ ਦੇ ਹਵਾਲੇ ਇਕੱਠੇ ਆ ਗਏ ਹਨ, ਜਿਵੇਂ ਧਰੂ ਭਗਤ ਦੀ ਕਥਾ, ਅਜਾਮਲ,

ਬਾਲਮੀਕ, ਗਜਪਤੀ, ਪ੍ਰਹਿਲਾਦ ਤੇ ਹਰਨਾਖਸ਼ ਅਤੇ ਬਿਦਰ ਦੀ ਕਥਾ ਆਦਿ:

ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ ॥
ਪੁਤ੍ਰ ਹੇਤਿ ਨਾਰਾਇਣੁ ਕਹਿਓ ਜਮਕੰਕਰ ਮਾਰਿ ਬਿਦਾਰੇ ॥
ਮੇਰੇ ਠਾਕੁਰ ਕੇਤੇ ਅਗਨਤ ਉਧਾਰੇ ॥
ਮੋਹਿ ਦੀਨ ਅਲਪ ਮਤਿ ਨਿਰਗੁਣ ਪਰਿਓ ਸਰਣਿ ਦੁਆਰੇ ॥ ਰਹਾਉ ॥
ਬਾਲਮੀਕੁ ਸੁਪਚਾਰੋ ਤਰਿਓ ਬਧਿਕ ਤਰੇ ਬਿਚਾਰੇ ॥
ਏਕ ਨਿਮਖ ਮਨ ਮਾਹਿ ਅਰਾਧਿਓ ਗਜਪਤਿ ਪਾਰਿ ਉਤਾਰੇ ॥
ਕੀਨੀ ਰਖਿਆ ਭਗਤ ਪ੍ਰਹਿਲਾਦੈ ਹਰਨਾਖਸ ਨਖਹਿ ਬਿਦਾਰੇ ॥
ਬਿਦਰੁ ਦਾਸੀ ਸੁਤੁ ਭਇਓ ਪੁਨੀਤਾ ਸਗਲੇ ਕੁਲ ਉਜਾਰੇ ॥
ਕਵਨ ਪਰਾਧ ਬਤਾਵਉ ਅਪੁਨੇ ਮਿਥਿਆ ਮੋਹ ਮਗਨਾਰੇ ॥
ਆਇਓ ਸਾਮ ਨਾਨਕ ਓਟ ਹਰਿ ਕੀ ਲੀਜੈ ਭੁਜਾ ਪਸਾਰੇ ॥[26]

ਉਪਰੋਕਤ ਸ਼ਬਦ ਵਿਚ ਸਭ ਤੋਂ ਪਹਿਲਾਂ ਧ੍ਰੂਵ ਦੀ ਕਥਾ ਵੱਲ ਸੰਕੇਤ ਹੈ । ਧ੍ਰੂਵ ਭਗਤ ਦੀ ਕਥਾ ਕਈ ਪੁਰਾਣਾਂ ਵਿਚ ਮਿਲਦੀ ਹੈ ਜੋ ਥੋੜੇ ਬਹੁਤ ਫ਼ਰਕ ਨਾਲ ਇਸ ਪ੍ਰਕਾਰ ਹੈ । ਰਾਜਾ ਉਤਾਨਪਾਦ ਦੀਆਂ ਦੋ ਰਾਣੀਆਂ ਸਨ । ਸੁਨੀਤੀ ਅਤੇ ਸੁਰੁਚੀ । ਸੁਨੀਤੀ ਦੇ ਪੁਤਰ ਦਾ ਨਾਮ ਧ੍ਰੂਵ ਸੀ ਅਤੇ ਸੁਰੁਚੀ ਦੇ ਪੁਤਰ ਦਾ ਨਾਮ ਉਤਮ । ਰਾਜਾ ਸੁਰੁਚੀ ਨੂੰ ਜ਼ਿਆਦਾ ਚਾਹੁੰਦਾ ਸੀ । ਇਕ ਦਿਨ ਉਤਮ ਰਾਜੇ ਦੀ ਗੋਦ ਵਿਚ ਬੈਠਾ ਸੀ । ਧ੍ਰੂਵ ਨੇ ਵੀ ਉਥੇ ਬੈਠਣਾ ਚਾਹਿਆ, ਪਰ ਸੁਰੁਚੀ ਨੇ ਨਾ ਬੈਠਣ ਦਿੱਤਾ । ਧ੍ਰੂਵ ਰੋਂਦੇ ਰੋਂਦੇ ਆਪਣੀ ਮਾਤਾ ਕੋਲ ਗਿਆ ਤੇ ਸਾਰੀ ਗੱਲ ਦੱਸੀ। ਮਾਤਾ ਨੇ ਦੱਸਿਆ ਕਿ ਸੁਰੁਚੀ ਨੇ ਪੁੰਨ ਕੀਤੇ ਹਨ, ਇਸ ਲਈ ਰਾਜਾ ਉਸਨੂੰ ਜ਼ਿਆਦਾ ਪਸੰਦ ਕਰਦਾ ਹੈ। ਇਹ ਸੁਣ ਕੇ ਧ੍ਰੂਵ ਨੇ ਆਪਣੀ ਮਾਤਾ ਸਾਹਮਣੇ ਵਚਨ ਲਿਆ ਕਿ ਉਹ ਵੀ ਭਗਤੀ ਦੁਆਰਾ ਅਜਿਹੇ ਸਥਾਨ ਨੂੰ ਪ੍ਰਾਪਤ ਕਰੇਗਾ । ਇਹ ਕਹਿ ਕੇ ਪੰਜ ਸਾਲਾਂ ਦੇ ਬਾਲਕ ਧ੍ਰੂਵ ਨੇ ਘਰ ਤਿਆਗ ਦਿੱਤਾ ਅਤੇ ਜੰਗਲ ਵੱਲ ਤੁਰ ਪਿਆ । ਰਸਤੇ ਵਿਚ ਉਸਨੂੰ ਨਾਰਦ ਰਿਸ਼ੀ ਮਿਲੇ ਜਿਨ੍ਹਾਂ ਨੇ ਉਸ ਨੂੰ ਵਿਸ਼ਨੂੰ ਦੀ ਤਪੱਸਿਆ ਕਰਨ ਲਈ ਕਿਹਾ ਅਤੇ ਉਸਨੂੰ ਵਿਸ਼ਨੂੰ ਮੰਤਰ ਵੀ ਦਿੱਤਾ । ਜਮਨਾ ਨਦੀ ਦੇ ਕੰਢੇ ਮਧੂਬਨ ਵਿਚ ਜਾ ਕੇ ਧ੍ਰੂਵ ਭਗਵਾਨ ਦੀ ਭਗਤੀ ਵਿਚ ਲੀਨ ਹੋ ਗਿਆ । ਧ੍ਰੂਵ ਦੀ ਭਗਤੀ ਤੋਂ ਇੰਦਰ ਨੂੰ ਡਰ ਹੋਇਆ । ਉਸ ਨੇ ਸੁਨੀਤੀ ਦਾ ਰੂਪ ਧਾਰਨ ਕਰਕੇ ਮਮਤਾ ਤੇ ਮੋਹ ਵਿਖਾਕੇ ਅਨੇਕਾਂ ਰੁਕਾਵਟਾਂ ਪਾਈਆਂ । ਪਰ ਧ੍ਰੂਵ ਅਡਿੱਗ ਰਿਹਾ । ਭਗਵਾਨ ਪ੍ਰਸੰਨ ਹੋਏ ਤੇ ਉਨ੍ਹਾਂ ਇੱਛਤ ਵਰਦਾਨ ਦਿੰਦੇ ਹੋਏ ਕਿਹਾ, "ਤੁਸੀ ਸਭਨਾਂ ਪੁਰੀਆਂ, ਲੋਕਾਂ ਅਤੇ ਗ੍ਰਹਿਆਂ ਦੇ ਉਪਰ ਅਟਲ ਪਦ ਨਾਲ ਰਹੋਗੇ ਅਤੇ ਮਾਤਾ ਸੁਨੀਤੀ ਵੀ ਤਾਰਾ ਰੂਪ ਵਿਚ ਤੁਹਾਡੇ ਕੋਲ ਹੀ ਰਹੇਗੀ । ਅਨੇਕਾਂ ਵਰ੍ਹਿਆਂ ਤਕ ਰਾਜ ਸੁਖ ਭੋਗ ਕੇ ਤੁਸੀਂ ਪਰਮਪਦ ਨੂੰ ਪ੍ਰਾਪਤ ਕਰੋਗੇ ।" ਇਸ

ਤਦੋਂ ਪ੍ਰਭੂ ਨੇ ਤੜਫਦੀ ਗਾਣੀ ਮੁਕਤੀ ਪ੍ਰਦਾਨ ਕਰ ਦਈ ।

ਦੂਜਾ ਸੰਕੇਤ ਪੁਰਾਣ- ਕਥਾ ਅਜਾਮਲ ਸੰਬੰਧੀ ਹੈ :

'ਪੁਤ੍ਰ ਹੇਤਿ ਨਾਰਾਇਣ ਕਹਿਓ ਜਮ ਕੰਕਰ ਮਾਰਿ ਬਿਦਾਰੇ ॥'

ਇਹ ਕਥਾ ਇਸ ਪ੍ਰਕਾਰ ਹੈ :- ਕਨੌਜ ਨਗਰ ਵਿਚ ਅਜਾਮਲ ਨਾਮੀ ਇਕ ਬ੍ਰਾਹਮਣ ਰਹਿੰਦਾ ਸੀ । ਉਹ ਬੜਾ ਵਿਦਵਾਨ, ਮਾਤਾ-ਪਿਤਾ ਦਾ ਆਗਿਆਕਾਰੀ ਅਤੇ ਭਗਵਾਨ ਦਾ ਭਗਤ ਸੀ । ਇਕ ਵਾਰ ਕਿਸੇ ਕੰਮ ਲਈ ਉਹ ਜੰਗਲ ਵਿਚ ਗਿਆ ਜਿੱਥੇ ਉਸ ਦਾ ਮੇਲ ਇਕ ਸੁੰਦਰੀ ਵੇਸਵਾ ਨਾਲ ਹੋਇਆ । ਵੇਸਵਾ ਦੀ ਸੁੰਦਰਤਾ ਅਤੇ ਕਾਮਵਾਸ਼ਨਾ ਦੇ ਵੱਸ ਹੋ ਕੇ ਉਹ ਉਸ ਤੇ ਮੋਹਿਤ ਹੋ ਗਿਆ ਅਤੇ ਉਸ ਨੂੰ ਆਪਣੀ ਪਤਨੀ ਬਣਾ ਲਿਆ । ਸਮਾਜ ਵਿਚ ਉਸ ਦੇ ਇਸ ਧਰਮ-ਵਿਰੋਧੀ ਕਰਮ ਦਾ ਵਿਰੋਧ ਹੋਇਆ ਅਤੇ ਨਿੰਦਿਆ ਹੋਣ ਲੱਗੀ । ਰਿਸ਼ਤੇਦਾਰਾਂ ਅਤੇ ਦੂਸਰੇ ਦੂਸਰੇ ਸੰਬੰਧੀਆਂ ਨੇ ਉਸ ਨੂੰ ਬਰਾਦਰੀ ਵਿਚੋਂ ਛੇਕ (ਕੱਢ ) ਦਿੱਤਾ । ਪਰ ਅਜਾਮਲ ਆਪਣੇ ਪਰਿਵਾਰਕ ਜੀਵਨ ਨਾਲ ਸੰਤੁਸ਼ਟ ਸੀ । ਸਮਾਂ ਪਾ ਕੇ ਵੇਸਵਾ ਨੇ ਦਸ ਪੁੱਤਰਾਂ ਨੂੰ ਜਨਮ ਦਿੱਤਾ । ਸਭ ਤੋਂ ਛੋਟੇ ਪੁੱਤਰ ਦਾ ਨਾਮ ਨਾਰਾਇਣ ਸੀ । ਨਾਰਾਇਣ ਨਾਲ ਉਸ ਦੀ ਮਮਤਾ ਸਭ ਤੋਂ ਵਧ ਸੀ । ਇਕ ਦਿਨ ਅਚਾਨਕ ਮਰਨ-ਕਾਲ ਆ ਜਾਣ ਤੇ ਜਦੋਂ ਧਰਮਰਾਜ ਦੇ ਦੂਤ ਅਜਾਮਲ ਨੂੰ ਲੈ ਜਾਣ ਲਈ ਆਏ ਤਾਂ ਡਰ ਦੇ ਮਾਰੇ ਉਹ ਆਪਣੇ ਪੁੱਤਰ ਨਾਰਾਇਣ ਨੂੰ ਬਾਰ ਬਾਰ ਪੁਕਾਰਨ ਲੱਗਾ । 'ਨਾਰਾਇਣ' 'ਨਾਰਾਇਣ' ਸ਼ਬਦ ਦੇ ਉਚਾਰਣ ਨੂੰ ਸੁਣ ਕੇ ਭਗਵਾਨ ਵਿਸ਼ਨੂੰ ਦੇ ਦੂਤ ਪਹੁੰਚ ਗਏ ਅਤੇ ਉਨ੍ਹਾਂ ਨੇ ਅਜਾਮਲ ਦੇ ਸੂਖਮ ਸਰੀਰ ਨੂੰ ਲੈ ਜਾਂਦੇ ਹੋਏ ਜਮਦੂਤਾਂ ਨੂੰ ਉਸ ਨੂੰ ਮੁਕਤ ਕਰ ਦੇਣ ਲਈ ਕਿਹਾ ; ਅਤੇ ਦੱਸਿਆ ਕਿ ਨਾਰਾਇਣ ਨਾਮ ਲੈ ਕੇ ਅਜਾਮਲ ਨੇ ਆਪਣੇ ਕੁਕਰਮਾਂ ਦਾ ਪ੍ਰਾਸਚਿਤ ਕਰ ਲਿਆ ਹੈ । ਜਮਦੂਤ ਵਾਪਸ ਚਲੇ ਗਏ । ਇਸ ਤੋਂ ਬਾਅਦ ਅਜਾਮਲ ਭਗਵਾਨ ਦੀ ਭਗਤੀ ਕਰਕੇ ਬੈਕੁੰਠ ਪ੍ਰਾਪਤ ਕਰ ਗਿਆ ।

ਇਸ ਤੋਂ ਪਿੱਛੋਂ ਬਾਲਮੀਕ ਦੀ ਪੁਰਾਣ- ਕਥਾ ਵਲ ਸੰਕੇਤ ਹੈ :

'ਬਾਲਮੀਕੁ ਸੁਪਚਾਰੋ ਤਰਿਓ'

ਬਾਲਮੀਕ ਜਨਮ ਤੋਂ ਬ੍ਰਾਹਮਣ ਸੀ । ਪ੍ਰਸਿ ਭੀਲ ਵਿਚ ਨਾਲ ਹੀ ਜਾਣ ਕਾਰਣ ਉਸਨੂੰ ਬਚਪਨ ਤੋਂ ਹੀ ਜੰਗਲ ਵਿਚ ਰਹਿਣਾ ਪਿਆ। ਉੱਥੇ ਹੀ ਭੀਲਾਂ ਆਦਿ ਨਾਲ ਉਸ ਦੀ ਪਾਲਣਾ-ਪੋਸ਼ਣਾ ਹੋਈ ਅਤੇ ਉਸ ਦਾ ਵਿਆਹ ਇਕ ਸ਼ੂਦਰ ਤੀਵੀਂ ਨਾਲ ਹੋ ਗਿਆ, ਜਿਸ ਤੋਂ ਕਈ ਬੱਚੇ ਪੈਦਾ ਹੋਏ । ਇਨ੍ਹਾਂ ਸਭਨਾਂ ਦਾ ਪੇਟ ਪਾਲਣ ਲਈ ਉਹ ਚੋਰੀ ਕਰਦਾ, ਡਾਕੇ ਮਾਰਦਾ ਤੇ ਹੌਲੀ ਹੌਲੀ ਪੂਰਾ ਚੰਡਾਲ ਬਣ ਗਿਆ । ਇਕ ਵਾਰੀ ਜਦੋਂ ਉਸ ਨੇ ਸੱਤ ਰਿਸ਼ੀਆਂ ਨੂੰ ਲੁਟ ਲਿਆ ਤਾਂ ਉਨ੍ਹਾਂ ਨੂੰ ਇਸ ਉੱਤੇ ਦਇਆ ਆ ਗਈ । ਉਨ੍ਹਾਂ ਨੇ ਇਸ ਨੂੰ ਸਿੱਧੇ ਰਸਤੇ ਤੇ ਪਾਇਆ ਅਤੇ ਉਸਨੂੰ ਰਾਮ ਰਾਮ ਜਪਣ ਲਈ ਕਹਿ ਕੇ ਚਲੇ ਗਏ । ਬਾਲਮੀਕ ਰਾਮ ਰਾਮ ਦੀ ਥਾਂ

'ਮਰਾ ਮਰਾ' ਜਪਣ ਲੱਗ ਪਿਆ । ਕੈਰ੍ਹਾਂ ਸਾਲਾਂ ਤਕ ਰਾਮ ਦੇ ਨਾਮ ਨੂੰ ਉਲਟਾ ਜਪਦੇ ਜਪਦੇ ਉਹ ਉਸੇ ਦਾ ਹੀ ਰੂਪ ਹੋ ਗਿਆ । ਉਸ ਨੂੰ ਆਪਣੇ ਸਰੀਰ ਦੀ ਕੋਈ ਸੁਧ-ਬੁੱਧ ਨਾ ਰਹੀ । ਬਹੁਤ ਸਮੇਂ ਮਗਰ ਜਦੋਂ ਰਿਸ਼ੀ ਮੁੜ ਉਸ ਰਸਤੇ ਉਥੇ ਆਏ ਤਾਂ ਉਹ ਮਿੱਟੀ ਹੇਠ ਢਕਿਆ ਹੋਇਆ ਸੀ । ਰਿਸ਼ੀਆਂ ਨੇ ਉਸ ਨੂੰ ਬਾਹਰ ਕੱਢਿਆ । ਵਲਮੀਕ ਤੋਂ ਪੁਨਰ ਜਨਮ ਦੇ ਕਾਰਣ ਰਿਸ਼ੀਆਂ ਨੇ ਉਸ ਦਾ ਨਾਮ ਵਾਲਮੀਕ ਰਖਿਆ ਅਤੇ ਰਾਮਾਇਣ ਜਿਹਾ ਮਹਾਂਕਾਵਿ ਲਿਖਣ ਦਾ ਵਰਦਾਨ ਦਿੱਤਾ ।

ਉਪਰੋਕਤ ਸਤਰ ਵਿਚ ਇਸੇ ਕਥਾ ਦਾ ਹਵਾਲਾ ਹੈ । ਸੂਪਕਾਰੇ ਸ਼ਬਦ ਪੰਡਤ ਦੇ ਅਰਥ ਵਿਚ ਪ੍ਰਯੁਕਤ ਕੀਤਾ ਗਿਆ ਹੈ ।

'ਬਧਿਕ ਤਰੀ ਪੁਕਾਰੀ' ਵਿੱਚ ਗੁਰੂ ਅਰਜਨ ਦੇਵ ਜੀ ਉਸ ਸ਼ਿਕਾਰੀ ਵੱਲ ਸੰਕੇਤ ਕਰਦੇ ਹਨ, ਜਿਸ ਨੇ ਕ੍ਰਿਸ਼ਨ ਜੀ ਦੇ ਪੈਰ ਵਿਚ ਪਦਮ ਨੂੰ ਹਿਰਨ ਦੀ ਅੱਖ ਸਮਝ ਕੇ ਨਿਸ਼ਾਨਾ ਮਾਰਿਆ ਸੀ ਤੇ ਮੁਕਤ ਕੀਤਾ ਗਿਆ ਸੀ । ਇਹ ਕਥਾ ਇਸ ਪ੍ਰਕਾਰ ਹੈ :-

'ਸ੍ਰੀ ਰਾਮ ਚੰਦਰ ਜੀ ਨੇ ਆਪਣੇ ਜੀਵਨ ਕਾਲ ਵਿਚ ਸੁਗਰੀਵ ਦਾ ਪੱਖ ਲੈਂਦਿਆਂ ਉਸ ਦੇ ਭਰਾ ਬਾਲੀ ਨੂੰ ਓਹਲੇ ਹੋ ਕੇ ਮਾਰਿਆ ਸੀ । ਬਾਲੀ ਸੁਗਰੀਵ ਦੇ ਵੱਡੇ ਭਰਾ ਸਨ । ਬਾਲੀ ਨੇ ਜ਼ੋਰ ਨਾਲ ਸੁਗਰੀਵ ਦੀ ਪਤਨੀ ਨੂੰ ਆਪਣੇ ਕੋਲ ਰੱਖਿਆ ਸੀ ਤੇ ਸੁਗਰੀਵ ਨੂੰ ਬਹੁਤ ਦੁਖ ਦੇ ਰਿਹਾ ਸੀ । ਸੋ ਸੁਗਰੀਵ ਦੀ ਰੱਖਿਆ ਕਰਦੇ ਸ੍ਰੀ ਰਾਮ ਚੰਦ੍ਰ ਜੀ ਨੇ ਬਾਲੀ ਨੂੰ ਮਾਰਿਆ ਸੀ । ਪਰ ਇਸ ਪਾਪ ਤੋਂ ਉਹ ਵੀ ਬਚ ਨਾ ਸਕੇ । ਅਗਲੇ ਜਨਮ ਵਿਚ ਉਹ ਕ੍ਰਿਸ਼ਨ ਦੇ ਅਵਤਾਰ ਵਿਚ ਆਏ ਸਨ ਤੇ ਜੰਗਲ ਵਿਚ ਪੈਰ ਤੇ ਪੈਰ ਧਰ ਕੇ ਪਏ ਆਰਾਮ ਕਰ ਰਹੇ ਸਨ । ਉਸ ਸਮੇਂ ਬਾਲੀ ਸ਼ਿਕਾਰੀ ਭੀਲਾਂ ਦੇ ਜਾਮੇ ਵਿਚ ਸੀ, ਨੇ ਹਿਰਨ ਸਮਝ ਕੇ ਤੀਰ ਚਲਾਇਆ ਸੀ ਜਿਹੜਾ ਕਿ ਸ੍ਰੀ ਕ੍ਰਿਸ਼ਨ ਭਗਵਾਨ ਦੇ ਪੈਰ ਵਿਚ ਲੱਗਾ ਤੇ ਉਸ ਦੀ ਮੌਤ ਹੋ ਗਈ । ਕਹਿੰਦੇ ਹਨ ਕਿ ਭਗਵਾਨ ਕ੍ਰਿਸ਼ਨ ਦੇ ਪੈਰ ਵਿਚ ਪਦਮ ਸੀ ਜਿਹੜਾ ਦੂਰੋਂ ਚਮਕ ਮਾਰਦਾ ਸੀ ਤੇ ਇਸ ਚਮਕ ਨੂੰ ਹਿਰਨ ਦੀ ਅੱਖ ਸਮਝਦੇ ਬਾਲੀ ਰੂਪੀ ਸ਼ਿਕਾਰੀ ਨੇ ਤੀਰ ਚਲਾ ਦਿੱਤਾ ਸੀ ਤੇ ਭਗਵਾਨ ਕ੍ਰਿਸ਼ਨ ਨੂੰ ਪ੍ਰਾਣ ਤਿਆਗਣੇ ਪਏ ਸਨ ।'

'ਇਕ ਨਿਮਖ ਮਾਹਿ ਅਜਾਮਿਲੁ ਗਜਪਤਿ ਪਾਰਿ ਉਤਾਰੇ' ਵਿਚ ਗਜਰਾਜ ਪ੍ਰਸੰਗ ਵਿਚ ਆਈ ਗਜਮੋਖ ਕਥਾ ਵੱਲ ਇਸ਼ਾਰਾ ਹੈ। ਭਾਗਵਤ ਅਨੁਸਾਰ ਇਕ ਗੰਧਰਵ ਜੋ ਕਿਸੇ ਰਿਸ਼ੀ ਦੇ ਸਰਾਪ ਨਾਲ ਹਾਥੀ ਬਣ ਗਿਆ ਸੀ ਇਕ ਵਾਰ ਵਰੁਣ ਦੇ ਜਲ ਵਿਚ ਨਹਾ ਰਿਹਾ ਸੀ ਕਿ ਇਕ ਤੰਦੂਏ ਨੇ ਇਸ ਨੂੰ ਆਪਣਿਆਂ ਦੰਦਾਂ ਨਾਲ ਪਕੜ ਲਿਆ । ਇਹ ਤੰਦੂਆ ਵੀ ਅਸਲ ਵਿਚ ਸਰਾਪ ਗ੍ਰਸਤ ਹੂਹਾ ਨਾਮੀ ਗੰਧਰਵ ਸੀ । ਦੋਹਾਂ ਦੀ ਲੜਾਈ ਵਰ੍ਹਿਆਂ ਤਕ ਜਾਰੀ

ਹੁੰਦੀ ਰਹੀ । ਅੰਤ ਵਿਚ ਰਾਜੇ ਨੇ ਰਾਮ - ਨਾਮ ਦਾ ਸਿਮਰਨ ਕੀਤਾ ਜਿਸ ਨਾਲ ਉਸ ਦਾ ਛੁਟਕਾਰਾ ਹੋਇਆ ।

ਇਸ ਤੋਂ ਅਗਾਂਹ ਪੁਰਾਣਾਂ ਵਿਚ ਆਈ ਹਰਨਾਖਸ਼ ਅਤੇ ਪ੍ਰਹਿਲਾਦ ਦੀ ਲੋਕ- ਪ੍ਰਚਲਿਤ ਕਥਾ ਦਾ ਸੰਕੇਤ ਹੈ ਜੋ ਸੰਖੇਪ ਵਿਚ ਇਸ ਪ੍ਰਕਾਰ ਹੈ:- ਪ੍ਰਹਿਲਾਦ ਹਿਰਣਯਕਸ਼ਯਪ(ਹਰਨਾਖਸ਼) ਦਾ ਪੁੱਤਰ ਸੀ । ਜਦੋਂ ਉਹ ਪੰਜਾਂ ਵਰ੍ਹਿਆਂ ਦਾ ਹੋਇਆ ਤਾਂ ਪੜ੍ਹਾਈ ਵਿਚ ਧਿਆਨ ਨਾ ਦੇਕੇ ਵਿਸ਼ਨੂੰ ਭਗਵਾਨ ਦੀ ਭਗਤੀ ਕਰਨ ਲਗ ਪਿਆ ਤੇ ਆਪਣੇ ਸਹਿ-ਪਾਠੀਆਂ ਨੂੰ ਵੀ ਭਗਤੀ ਤੇ ਰਾਮ ਦੇ ਉਪਦੇਸ਼ ਦੇਣ ਲੱਗਾ । ਇਸ ਤੇ ਗੁਰੂ ਸ਼ੁੰਡਾਮਰਕ ਨੇ ਉਸ ਦੇ ਪਿਤਾ ਨੂੰ ਸੂਚਿਤ ਕੀਤਾ । ਪਿਤਾ ਦੇ ਬਹੁਤ ਸਮਝਾਉਣ ਤੇ ਵੀ ਜਦ ਪ੍ਰਹਿਲਾਦ ਤੇ ਕੋਈ ਅਸਰ ਨਾ ਹੋਇਆ ਤੇ ਕ੍ਰੋਧ ਵਿਚ ਆਕੇ ਉਸ ਨੇ ਪ੍ਰਹਿਲਾਦ ਨੂੰ ਮਾਰ ਦੇਣ ਦਾ ਹੁਕਮ ਦਿੱਤਾ । ਉਸ ਨੂੰ ਪਾਣੀ ਵਿਚ ਡੋਬਿਆ ਗਿਆ, ਪਹਾੜ ਉੱਤੋਂ ਡੇਗਿਆ ਗਿਆ, ਹਾਥੀ ਦੇ ਪੈਰਾਂ ਵਿਚ ਸੁੱਟਿਆ ਗਿਆ ਅਤੇ ਸਾੜਨ ਦੀ ਵੀ ਕੋਸ਼ਿਸ਼ ਕੀਤੀ ਗਈ, ਪਰ ਉਸ ਦਾ ਵਾਲ ਵੀ ਵਿੰਗਾ ਨਹੀਂ ਹੋਇਆ । ਅਖੀਰ ਵਿਚ ਹਰਨਾਖਸ਼ ਨੇ ਉਸਨੂੰ ਇਕ ਥੰਮ੍ਹ ਨਾਲ ਬੰਨ੍ਹ ਦਿੱਤਾ ਤੇ ਆਪ ਉਸ ਨੂੰ ਮਾਰਨ ਲਈ ਉਠਿਆ । ਇਸੇ ਸਮੇਂ ਵਿਸ਼ਨੂੰ ਭਗਵਾਨ ਉਸ ਥੰਮ੍ਹੇ ਵਿਚੋਂ ਹੀ ਨਰਸਿੰਘ ਅਵਤਾਰ ਦੇ ਰੂਪ ਵਿਚ ਪ੍ਰਗਟ ਹੋਏ । ਉਨ੍ਹਾਂ ਨੇ ਹਰਨਾਖਸ਼ ਨੂੰ ਪ੍ਰਾਪਤ ਵਰਾਂ ਦਾ ਧਿਆਨ ਰਖਦੇ ਉਸਨੂੰ ਆਪਣੇ ਤੇਜ਼ ਨਹੁੰਆਂ ਨਾਲ ਚੀਰ ਕੇ ਮਾਰ ਦਿੱਤਾ ਅਤੇ ਇਸ ਤਰ੍ਹਾਂ ਆਪਣੇ ਭਗਤ ਦੀ ਰਖਿਆ ਕੀਤੀ ।

ਅਗਲੀ ਸਤਰ ਦਾ ਸੰਕੇਤ ਬਿਦੁਰ ਭਗਤ ਦੀ ਪੁਰਾਣ-ਕਥਾ ਵੱਲ ਹੈ । ਬਿਦੁਰ ਭਗਤ ਰਾਜਾ ਵਿਚਿਤ੍ਰ- ਵੀਰਜ ਦੀ ਦਾਸੀ ਸੂਦ੍ਰੇਣਾ ਦੇ ਪੇਟੋਂ ਵਿਆਸ ਦਾ ਪੁੱਤਰ ਸੀ । ਮਹਾਂਭਾਰਤ ਦੀ ਜੰਗ ਵਿਚ ਕੌਰਵਾਂ ਵਲ ਸੀ । ਇਸ ਦੇ ਚੰਗੇ ਗੁਣਾਂ ਤੇ ਪ੍ਰਸੰਨ ਹੋਕੇ ਕ੍ਰਿਸ਼ਨ ਮਹਾਰਾਜ ਰਾਜਾ ਦੁਰਯੋਧਨ ਦਾ ਮਹਲ ਛੱਡ ਕੇ ਇਸ ਦੇ ਘਰ ਆਏ ਸਨ । ਇਸ ਤਰ੍ਹਾਂ ਬਿਦੁਰ(ਵਿਦੁਰ) ਜੋ ਗੋਲੀ ਦਾ ਪੁੱਤਰ ਸੀ ਪਵਿੱਤਰ ਹੋ ਗਿਆ ਅਤੇ ਉਸ ਨੇ ਸਾਰਾ ਖਾਨਦਾਨ ਉਜਲਾ ਕਰ ਦਿੱਤਾ ।

ਉਪਰੋਕਤ ਸਾਰੀਆਂ ਪੁਰਾਣ ਕਥਾਵਾਂ ਵਲ ਸੰਕੇਤ ਕਰਕੇ ਗੁਰੂ ਅਰਜਨ ਦੇਵ ਜੀ ਅੰਤ ਵਿਚ ਇਸ ਪ੍ਰਕਾਰ ਦਯਾਲੂ ਹਰੀ ਅੱਗੇ ਬੇਨਤੀ ਕਰਦੇ ਹਨ ਕਿ ਵੱਡੇ ਵੱਡੇ ਪਾਪੀ ਤੇ ਨੀਚ, ਜਿਨ੍ਹਾਂ ਨੇ ਤੇਰੀ ਭਗਤੀ ਕੀਤੀ, ਤਰ ਗਏ, ਮੈਂ ਭੀ ਤੇਰੀ ਸ਼ਰਨ ਆਇਆਂ ਹਾਂ, ਮੈਨੂੰ ਵੀ ਤਾਰ ਲਓ ।

ਪਦਮ ਪੁਰਾਣ ਵਿਚ ਆਈ ਸਮੁੰਦਰ ਮੰਥਨ ਦੀ ਕਥਾ ਦਾ ਮਧਕਾਲੀਨ ਸਾਹਿਤ ਤੇ ਬੜਾ ਪ੍ਰਭਾਵ ਪਿਆ ਹੈ ਅਤੇ ਸਾਧਾਰਨ ਜਨ ਭਗਤ ਤੇ ਸੰਤ ਕਵੀ ਦੀ ਰਚਨਾ ਵਿਚ ਇਸ ਸੰਬੰਧੀ ਸੰਕੇਤ ਅਤੇ ਕਥਾਵਾਂ ਉਪਲਬਧ ਹਨ। ਸਿਖ ਗੁਰੂ ਸਾਹਿਬਾਨ ਦੀ ਬਾਣੀ ਵਿਚ ਜਿਥੇ ਕਿਤੇ ਵੀ ਹਰੀ ਦੇ ਗੁਣ ਕੀਰਤਨ ਦਾ ਉਪਦੇਸ਼ ਦਿੱਤਾ ਗਿਆ ਹੈ, ਉਥੇ ਬਹੁਤੀ ਵਾਰੀ ਸਮੁੰਦਰ ਰਿੜਕ ਕੇ ਕੱਢੇ ਗਏ

ਚੌਦਾਂ ਰਤਨਾਂ ਵਿੱਚੋਂ ਕਿਸੇ ਨਾ ਕਿਸੇ ਰਤਨ ਨੂੰ ਪ੍ਰਤੀਕ ਵਜੋਂ ਵਰਤਿਆ ਗਿਆ ਹੈ । ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਇਸ ਤਰ੍ਹਾਂ ਦੀਆਂ ਕਈਆਂ ਉਦਾਹਰਣਾਂ ਮਿਲਦੀਆਂ ਹਨ ।

ਦੇਵਤਿਆਂ ਤੇ ਦੈਂਤਾਂ ਨੇ ਖੀਰ ਸਮੁੰਦਰ ਰਿੜਕ ਕੇ ਜੋ ਚੌਦਾਂ ਰਤਨ ਕੱਢੇ ਸਨ, ਉਨ੍ਹਾਂ ਵਿਚੋਂ ਇਕ ਕਾਮਧੇਨ ਗਊ ਸੀ ਜੋ ਸਭ ਮੁਰਾਦਾਂ ਪੂਰੀਆਂ ਕਰਦੀ ਸੀ । ਇਸੇ ਤਰ੍ਹਾਂ ਇਕ ਹੋਰ ਪੌਰਾਣਿਕ ਸੰਕੇਤ 'ਪਾਰਜਾਤ' ਦਾ ਵੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਖੂਬ ਪ੍ਰਯੋਗ ਕੀਤਾ ਹੈ । ਇਸ ਦਾ ਵਰਣਨ ਕਈ ਪੁਰਾਣਾਂ ਵਿਚ ਕੀਤਾ ਗਿਆ ਹੈ । ਪਾਰਜਾਤ ਇੰਦਰ ਲੋਕ ਦੇ ਬਾਗ਼ ਦਾ ਉਹ ਬ੍ਰਿਛ ਹੈ ਜੋ ਸਭ ਮਨ-ਕਾਮਨਾ ਪੂਰੀਆਂ ਕਰਦਾ ਹੈ । ਗੁਰੂ ਅਰਜਨ ਦੇਵ ਜੀ ਹੇਠਲੀ ਇਸੇ ਤੁਕਾਂ ਵਿਚ / ਪਾਰਜਾਤ ਅਤੇ ਕਾਮਧੇਨ ਵੱਲ ਸੰਕੇਤ ਕਰਦੇ ਹੋਏ ਆਖਦੇ ਹਨ ਕਿ ਹਰੀ ਦਾ ਨਾਮ ਹੀ ਪਾਰਜਾਤ ਹੈ ਅਤੇ ਉਸ ਦੇ ਗੁਣ ਗਾਉਣੇ ਹੀ ਕਾਮਧੇਨ ਹੈ, ਇਸ ਲਈ ਸਭ ਤੋਂ ਮਹਾਨ ਹਰੀ ਦੀ ਕਥਾ ਹੈ ਅਤੇ ਉਸ ਦਾ ਨਾਮ ਹੈ ।

ਪਾਰਜਾਤੁ ਇਹੁ ਹਰਿ ਕੋ ਨਾਮੁ ॥
ਕਾਮਧੇਨ ਹਰਿ ਹਰਿ ਗੁਣ ਗਾਮ ॥
ਸਭ ਤੇ ਊਤਮ ਹਰਿ ਕੀ ਕਥਾ ॥
ਨਾਮੁ ਸੁਨਤ ਦਰਦ ਦੁਖ ਲਥਾ ॥[27]

ਇਸੇ ਤਰ੍ਹਾਂ ਜੋ ਟੋਡੀ ਮਹਲਾ ੫ ਵਿਚ ਗੁਰੂ ਅਰਜਨ ਦੇਵ ਜੀ ਨੇ ਚਾਰ ਪਦਾਰਥਾਂ (ਧਰਮ, ਅਰਥ, ਕਾਮ, ਮੋਖ) ਨਿਮਨਲਿਖਤ ਅਠਾਰ੍ਹਾਂ ਪ੍ਰਸਿੱਧ ਸਿੱਧੀਆਂ ਵਿੱਚੋਂ ਅੱਠ ਪ੍ਰਮੁੱਖ ਸਿੱਧੀਆਂ— ਅਣਿਮਾ (ਸੂਖਮ ਦਾ ਰੂਪ ਹੋ ਜਾਣਾ), ਮਹਿਮਾ (ਦੇਹ ਨੂੰ ਵੱਡਾ ਕਰ ਲੈਣਾ), ਲਘਿਮਾ (ਦੇਹ ਨੂੰ ਛੋਟਾ ਕਰ ਲੈਣਾ), ਗਰਿਮਾ (ਭਾਰੀ ਹੋ ਜਾਣਾ), ਪ੍ਰਾਪਤੀ (ਮਨ-ਇੱਛਤ ਭੋਗਾਂ ਦੀ ਪ੍ਰਾਪਤੀ), ਪ੍ਰਕਾਮਯ (ਹੋਰਨਾਂ ਦੇ ਮਨਾਂ ਨੂੰ ਜਿੱਤ ਲੈਣਾ), ਈਸ਼ਿਤਾ (ਇੱਛਾ ਅਨੁਸਾਰ ਸਭ ਨੂੰ ਪ੍ਰੇਰਨਾ) ਵਸ਼ਿਤਾ (ਸਭ ਨੂੰ ਵੱਸ ਵਿਚ ਕਰ ਲੈਣਾ), ਅਨੂਰਮਿ (ਭੁੱਖ ਤ੍ਰੇਹ ਦਾ ਨਾ ਹੋਣਾ), ਦੂਰ-ਸ੍ਰਵਣ (ਦੂਰੋਂ ਗੱਲ ਸੁਣ ਲੈਣੀ), ਦੂਰ-ਦਰਸ਼ਨ (ਦੂਰ ਦੇ ਨਜ਼ਾਰੇ ਵੇਖ ਲੈਣੇ,) ਮਨੋਵੇਗ (ਖ਼ਿਆਲ ਦੀ ਰਫ਼ਤਾਰ ਨਾਲ ਜਾ ਸਕਦੀ ਜਾਣਾ, ਕਾਮ-ਰੂਪ (ਮਨ ਇੱਛਤ ਰੂਪ ਧਾਰਨਾ), ਪਰਕਾਯ ਪ੍ਰਵੇਸ਼ (ਦੂਜੇ ਦੀ ਦੇਹ ਵਿਚ ਪ੍ਰਵੇਸ਼), ਸ੍ਵੈਂ ਮ੍ਰਿਤੂ (ਜਦੋਂ ਚਾਹੇ ਮਰਨਾ), ਸੁਰ ਕ੍ਰੀੜਾ (ਦੇਵਤਿਆਂ ਨਾਲ ਰਲ ਕੇ ਮੌਜਾਂ ਕਰਨੀਆਂ), ਸੰਕਲਪ ਸਿਧਿ (ਜੋ ਚਾਹੁਣਾ ਸੋ ਪੂਰਾ ਹੋਣਾ), ਅਪ੍ਰਤਿਹਤ ਗਤਿ (ਬਿਨਾਂ ਰੋਕ ਹਰ ਥਾਂ ਜਾ ਸਕਣਾ), ਕਾਮਧੇਨੁ ਅਤੇ ਪਾਰਜਾਤ ਵੱਲ ਸੰਕੇਤ ਕੀਤਾ ਹੈ ।

ਚਾਰਿ ਪਦਾਰਥ ਅਸਟ ਮਹਾ ਸਿਧਿ ਕਾਮਧੇਨੁ ਪਾਰਜਾਤ ਹਰਿ ਹਰਿ ਰੁਖ ॥[28]
ਨਾਨਕ ਸਰਨਿ ਗਹੀ ਸੁਖ ਸਾਗਰ ਜਨਮ ਮਰਨ ਫਿਰਿ ਗਰਭ ਨ ਧੁੱਖੁ ॥

ਇਸ ਤਰ੍ਹਾਂ ਲੋਕ-ਮਨ ਵਿਚ ਅੰਕਿਤ ਪੌਰਾਣਿਕ ਮਿਥਿਹਾਸਕ ਸੰਕਲਪਾਂ ਨੂੰ ਗੁਰੂ ਜੀ ਨੇ ਨਵੇਂ ਅਰਥਾਂ ਵਿਚ ਪ੍ਰਯੁਕਤ ਕੀਤਾ ਹੈ। ਹਰੀ ਦਾ ਨਾਮ ਹਿਰਦੇ ਵਿਚ ਵਸਾਣ ਨਾਲ ਅਤੇ ਉਸ ਦੀ ਸ਼ਰਣ ਵਿਚ ਆਤਮ-ਸਮਰਪਣ ਕਰਨ ਤੇ ਹੀ ਉਸ ਪਾਸੋਂ ਚਾਰੇ ਪਦਾਰਥ, ਅਠਾਰਾਂ ਸਿੱਧੀਆਂ, ਕਾਮਧੇਨ ਗਊ ਅਤੇ ਪਾਰਜਾਤ ਬਿਰਛ ਦੇ ਮਨਚਾਹੇ ਫਲ ਪ੍ਰਾਪਤ ਹੋ ਸਕਦੇ ਹਨ।

ਇਸੇ ਗੱਲ ਨੂੰ ਗੁਰੂ ਅਰਜਨ ਦੇਵ ਨੇ ਵੀ ਕਈ ਥਾਵਾਂ ਤੇ ਪ੍ਰਗਟ ਕੀਤਾ ਹੈ। ਮਾਝ ਰਾਗ ਦੇ ਇਕ ਸ਼ਬਦ ਵਿਚ ਹਰੀ ਜੀ ਨਿਰਾ ਰੂਪੀ[29] ਚਾਰ ਪਦਾਰਥਾਂ ਅਤੇ ਕਲਪ-ਬਿਰਛ ਜਪ ਰੂਪੀ ਪਾਰਜਾਤ ਦਾ ਬਿਰਛ ਆਖਿਆ ਹੈ।

ਹਿੰਦੂਆਂ ਵਿਚ ਗੰਗਾ ਨੂੰ ਬਹੁਤ ਪਵਿੱਤਰ ਨਦੀ ਮੰਨਿਆ ਗਿਆ ਹੈ ਅਤੇ ਗੰਗਾ ਜਲ ਅਤੇ ਗੰਗਾ-ਇਸ਼ਨਾਨ ਦਾ ਬੜਾ ਮਹਾਤਮ ਸਵੀਕਾਰ ਕੀਤਾ ਗਿਆ ਹੈ। ਜਨਮ ਤੋਂ ਲੈ ਕੇ ਮਰਨ ਤਕ ਦੇ ਸਭਨਾਂ ਸੰਸਕਾਰਾਂ ਅਤੇ ਰਸਮਾਂ ਵਿਚ ਗੰਗਾ ਦਾ ਸਰਬੋਤਮ ਮਹੱਤਵ ਹੈ। ਮਰਨ ਉਪਰੰਤ ਪ੍ਰਾਣੀ ਦੇ ਫੁੱਲਾਂ ਨੂੰ ਵੀ ਗੰਗਾ ਵਿਚ ਪ੍ਰਵਾਹ ਕਰਨਾ ਪੁੰਨ ਮੰਨਿਆ ਗਿਆ ਹੈ। ਵਾਸਤਵ ਵਿਚ ਗੰਗਾ ਮਹਾਤਮ ਦਾ ਸੋਮਾ ਵੀ ਪੁਰਾਣ ਹੀ ਹਨ। ਵਿਸ਼ਨੂੰ ਪੁਰਾਣ, ਵਾਯੂ ਪੁਰਾਣ, ਭਾਗਵਤ ਪੁਰਾਣ, ਪਦਮ ਪੁਰਾਣ, ਬ੍ਰਹਮ ਪੁਰਾਣ ਅਤੇ ਬ੍ਰਹਮ ਵੈਵਰਤ ਪੁਰਾਣ ਵਿਚ ਗੰਗਾ-ਅਵਤਰਨ ਆਖਿਆਨ ਦਾ ਵਿਭਿੰਨ ਪ੍ਰਕਾਰ ਨਾਲ ਪ੍ਰਸਤੁਤੀਕਰਣ ਹੋਇਆ ਹੈ, ਜੋ ਸੰਖੇਪ ਵਿਚ ਇਸ ਤਰ੍ਹਾਂ ਹੈ :-

ਅਯੋਧਿਆ ਦੇ ਰਾਜਾ ਸਗਰ ਦੀਆਂ ਦੋ ਰਾਣੀਆਂ -- ਕੇਸ਼ਨੀ ਅਤੇ ਸੁਮਤੀ ਸਨ। ਰਾਜੇ ਦੀ ਕੋਈ ਔਲਾਦ ਨਹੀਂ ਸੀ, ਇਸ ਲਈ ਉਸ ਨੇ ਪੁੱਤਰ-ਪ੍ਰਾਪਤੀ ਲਈ ਹਿਮਾਲਾ ਪਰਬਤ ਤੇ ਘੋਰ ਤਪ ਕੀਤਾ। ਇਸ ਨਾਲ ਉਸਨੂੰ ਕੇਸ਼ਨੀ ਤੋਂ ਅਸਮੰਜਸ ਨਾਮੀ ਪੁੱਤਰ ਪ੍ਰਾਪਤ ਹੋਇਆ ਅਤੇ ਸੁਮਤੀ ਦੇ ਸੱਠ ਹਜ਼ਾਰ ਪੁੱਤਰਾਂ ਦਾ ਇਕ ਤੂੰਬਾ ਉਤਪੰਨ ਹੋਇਆ ਜਿਸ ਵਿਚੋਂ ਕੁਝ ਸਮੇਂ ਪਾਕੇ ਸਭ ਬੱਚੇ ਨਿਕਲੇ। ਅਸਮੰਜਸ ਵੱਡਾ ਹੋਕੇ ਬੜਾ ਕਠੋਰ ਤੇ ਨਿਰਦਈ ਨਿਕਲਿਆ ਅਤੇ ਬੱਚਿਆਂ ਨੂੰ ਫੜ ਫੜ ਕੇ ਸਰਯੂ ਵਲ ਸੁੱਟ ਦੇਂਦਾ ਸੀ। ਰਾਜਾ ਸਗਰ ਨੇ ਉਸਨੂੰ ਦੇਸ਼-ਨਿਕਾਲਾ ਦੇ ਦਿੱਤਾ ਅਤੇ ਅਸਮੰਜਸ ਦੇ ਪੁੱਤਰ ਅੰਸ਼ੂਮਾਨ ਤੇ ਸਾਰੀਆਂ ਉਮੀਦਾਂ ਲਾਈਆਂ। ਸਗਰ ਨੇ ਅਸ਼ਵਮੇਧ ਯੱਗ ਕਰਾਉਣ ਦਾ ਫੈਸਲਾ ਕਰਕੇ ਯੱਗ ਦਾ ਘੋੜਾ ਛੱਡਿਆ। ਅੰਸ਼ੂਮਾਨ ਉਸ ਘੋੜੇ ਦੀ ਰਖਵਾਲੀ ਕਰ ਰਿਹਾ ਸੀ। ਇੰਦਰ ਉਸ ਘੋੜੇ ਨੂੰ ਚੁਰਾ ਕੇ ਲੈ ਗਿਆ ਅਤੇ ਰਸਾਤਲ ਵਿਚ ਕਪਿਲ ਮੁਨੀ ਦੇ ਪਿੱਛੇ ਬੰਨ੍ਹ ਆਇਆ। ਸਾਗਰ ਦੇ ਸੱਠ ਹਜ਼ਾਰ ਪੁੱਤਰਾਂ ਨੇ ਰਸਾਤਲ ਨੂੰ ਪੁੱਟ ਕੇ ਵੇਖਿਆ ਕਿ ਘੋੜਾ ਕਪਿਲ ਮੁਨੀ ਦੇ ਪਿੱਛੇ ਬੱਝਿਆ ਹੋਇਆ ਹੈ। ਉਹਨਾਂ ਨੇ ਮੁਨੀ ਨੂੰ ਚੋਰ ਚੋਰ ਕਹਿ ਕੇ ਫੜ ਲਿਆ। ਇਸ ਤੇ ਕਪਿਲ ਮੁਨੀ ਨੇ ਗੁੱਸੇ ਵਿਚ ਆਕੇ ਹੁੰਕਾਰਾ ਮਾਰਿਆ ਤੇ ਉਨ੍ਹਾਂ ਸਭਨਾਂ ਨੂੰ ਭਸਮ ਕਰ ਦਿੱਤਾ। ਅੰਸ਼ੂਮਾਨ ਉਨ੍ਹਾਂ ਨੂੰ ਲਭਦਾ ਹੋਇਆ ਉਥੇ ਪੁੱਜਾ। ਉਸ ਨੂੰ ਗਰੁੜ ਨੇ

ਦਸਿਆ ਕਿ ਉਹ ਗੰਗਾਜਲ ਨਾਲ ਤਰਨਗੇ । ਅੰਸ਼ੂਮਾਨ ਜੋਗਾ ਨੇ ਆਖਿਆ ਅਤੇ ਸਗਰ ਦਾ ਯੱਗ ਸੰਪੂਰਨ ਹੋਇਆ। ਸਗਰ ਦੇ ਮਗਰੋਂ ਅੰਸ਼ੂਮਾਨ, ਫਿਰ ਦਲੀਪ ਅਤੇ ਫਿਰ ਭਗੀਰਥ ਰਾਜਾ ਹੋਇਆ। ਭਗੀਰਥ ਨੇ ਤਪ ਕਰਕੇ ਬ੍ਰਹਮਾ ਅਤੇ ਸ਼ਿਵ ਨੂੰ, ਪ੍ਰਸੰਨ ਕਰਕੇ ਗੰਗਾ ਨੂੰ ਜ਼ਮੀਨ ਤੇ ਲਿਆ ਕੇ ਆਪਣੇ ਪਿਤਰਾਂ ਦਾ ਉਧਾਰ ਕੀਤਾ ।"

ਇਨ੍ਹਾਂ ਪੌਰਾਣਿਕ ਕਥਾਵਾਂ ਦੇ ਪ੍ਰਭਾਵ ਅਧੀਨ ਹਿੰਦੂਆਂ ਵਿਚ ਗੰਗਾ ਨੂੰ ਇਕ ਅਤਿ-ਪਵਿੱਤਰ ਤੀਰਥ ਮੰਨਿਆ ਜਾਣ ਲੱਗ ਪਿਆ ਅਤੇ ਨਾਂ ਕੇਵਲ ਇਸੇ ਦੇ ਇਸ਼ਨਾਨ ਅਤੇ ਜਲ ਦੇ ਪ੍ਰਯੋਗ ਨੂੰ ਹੀ ਮਹਾਨਤਾ ਮਿਲੀ, ਸਗੋਂ ਇਸ ਨੂੰ ਇਕ ਦੇਵੀ ਜਾਂ ਮਾਤਾ ਦੇ ਰੂਪ ਵਿਚ ਪੂਜਿਆ ਜਾਣ ਲੱਗ ਪਿਆ ਅਤੇ ਅੰਧ-ਵਿਸ਼ਵਾਸ ਦੀ ਭਾਵਨਾ ਵਧਣ ਲੱਗੀ ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਹਿੰਦੂਆਂ ਦੇ ਇਸ ਵਿਸ਼ਵਾਸ ਨੂੰ ਸਹੀ ਅਤੇ ਸੱਚੇ ਅਰਥ ਪ੍ਰਦਾਨ ਕੀਤੇ ਅਤੇ ਦੱਸਿਆ ਕਿ ਹਰੀ ਦਾ ਨਾਮ ਹੀ ਅਸਲੀ ਗੰਗਾ ਜਲ ਹੈ ਤੇ ਉਸ ਨੂੰ ਸਿਮਰਨ ਨਾਲ ਹੀ ਜੂਨਾਂ ਤੋਂ ਮੁਕਤੀ ਪ੍ਰਾਪਤ ਹੋ ਸਕਦੀ ਹੈ ।[30] ਪਿੰਡ ਪਤਲ ਕਰਾਉਣ ਦਾ ਵਿਰੋਧ ਕਰਦਿਆਂ ਦੱਸਿਆ ਹੈ ਕਿ ਨਰਾਇਣ ਦਾ ਨਾਮ ਜਪਣਾ ਹੀ ਪਿੰਡ-ਪਤਲ ਹਨ । ਉਸ ਦੀ ਮਹਿਮਾ ਹੀ ਗੰਗਾ ਤੇ ਕਾਸ਼ੀ ਹੈ ਜਿਸ ਵਿਚ ਅੰਤਹਕਰਣ ਇਸ਼ਨਾਨ ਕਰਦਾ ਹੈ। ਸੱਚਾ ਇਸ਼ਨਾਨ ਤਾਂ ਹੀ ਹੁੰਦਾ ਹੈ ਜੇ ਪ੍ਰਭੂ ਵਿਚ ਦਿਨ ਰਾਤ ਲਿਵ ਲੱਗੀ ਰਹੇ । ਇਹ ਪਿੰਡ ਦੇਵਤਿਆਂ ਨਿਮਿੱਤ ਦਿੱਤੇ ਜਾਂਦੇ ਹਨ ਅਤੇ ਮੋਏ (ਸਮਾਪਤੀ) ਪਿਤਰਾਂ ਨੂੰ । ਪਰ ਦੇਵਤਾ ਨੂੰ ਕੁਝ ਨਹੀਂ ਮਿਲਦਾ । ਬ੍ਰਾਹਮਣ ਪਿੰਡ ਵੱਟਕੇ ਆਪ ਹੀ ਸੁਆਦ ਦਾ ਭੋਜਨ ਖਾ ਜਾਂਦਾ ਹੈ । ਇਸ ਲਈ ਜਿਨ੍ਹਾਂ ਨੂੰ ਦਾਤਿਗੁਰੂ ਦੀ ਮਿਹਰ ਸਦਕਾ ਸੱਚਾ ਪਿੰਡ ਪ੍ਰਾਪਤ ਹੋਇਆ ਉਹੀ ਨਿਤ ਤ੍ਰਿਪਤ ਹਨ ।[31]

ਸਤਿਗੁਰੂ ਦੇ ਚਰਨਾਂ ਵਿਚ ਰਹਿਕੇ ਪਾਰਬ੍ਰਹਮ ਦੇ ਨਾਮ ਵਿਚ ਲੀਨ ਹੋਣਾ ਅਠਸਠ ਤੀਰਥਾਂ ਅਤੇ ਗੰਗਾ ਇਸ਼ਨਾਨ ਕਰਨੇ ਵਰਗਾ ਹੈ ।[32] ਤੀਰਥਾਂ ਦੇ ਇਸ਼ਨਾਨ ਨਾਲ ਮਨ ਦੀ ਮੈਲ ਨਹੀਂ ਉਤਰਦੀ। ਕਰਮ, ਧਰਮ ਤਾਂ ਹਉਮੈ ਨੂੰ ਰੋਗ ਵਧਾਉਂਦੇ ਹਨ, ਲੋਕ-ਉਪਚਾਰ ਨਾਲ ਗਤੀ ਨਹੀਂ ਹੁੰਦੀ, ਇਹ ਤਾਂ ਨਾਮ ਦੁਆਰਾ ਹੀ ਹੋ ਸਕਦੀ ਹੈ ਤੇ ਕਰਮ-ਕਾਂਡਾਂ ਵਿਚ ਫਸੇ ਨਾਮ-ਵਿਹੂਣੇ ਲੋਕ ਸੰਸਾਰ ਤੋਂ ਰੋਂਦੇ ਹੋਏ ਜਾਂਦੇ ਹਨ ।[33]

ਜਿਵੇਂ ਕਿ ਉੱਪਰ ਦਸਿਆ ਗਿਆ ਹੈ ਕਿ ਗੁਰੂ ਜੀ ਨੇ ਗੰਗਾ ਇਸ਼ਨਾਨ, ਤੀਰਥ-ਯਾਤਰਾ ਅਤੇ ਮਰ ਚੁੱਕੇ ਪ੍ਰਾਣੀਆਂ ਦੇ ਪਿੰਡ ਅਤੇ ਪੱਤਲ ਭਰਾਉਣ ਆਦਿ ਦੀਆਂ ਪੌਰਾਣਿਕ ਰੀਤਾਂ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ ਹੈ, ਅਤੇ ਇਨ੍ਹਾਂ ਕਰਮਾਂ ਤੋਂ ਦੂਰ ਰਹਿ ਕੇ ਨਾਮ ਸਿਮਰਨ ਦਾ ਉਪਦੇਸ਼ ਦਿੱਤਾ ਹੈ ।

ਮਰੇ ਹੋਏ ਪਿਤਰਾਂ ਨੂੰ ਤ੍ਰਿਪਤ ਅਤੇ ਪ੍ਰਸੰਨ ਕਰਨ ਲਈ ਜੋ ਅੰਨ, ਵਸਤਰ ਆਦਿ ਸਮਗਰੀ ਦਿੱਤੀ ਜਾਂਦੀ ਸੀ, ਪੁਰਾਣਾਂ ਅਨੁਸਾਰ ਉਸ ਦਾ ਨਾਂ ਸ਼੍ਰਾਧ ਹੈ, ਜਿਸ ਦੇ ਮੁਖ੍ਯ ਤਿੰਨ ਭੇਦ ਹਨ, ਏਕੋਦਿਸ਼੍ਟ, ਪਾਰਵਣ ਅਤੇ ਮਹਾਲਯ। ਪਿਤਰ ਦੇ ਮਰਨ ਵਾਲੇ ਮਹੀਨੇ ਅਤੇ ਤਿਥੀ ਵਿਚ ਸ਼੍ਰਾਧ ਕਰਾਉਣਾ ਏਕੋਦਿਸ਼੍ਟ, ਮੱਸਿਆ, ਪੂਰਨਮਾਸ਼ੀ ਆਦਿ ਪਰਬਾਂ ਵਿਚ ਸ਼੍ਰਾਧ ਕਰਨਾ ਪਾਰਵਣ ਅਤੇ ਅੱਸੂ ਦੇ ਹਨੇਰੇ ਪੱਖ ਵਿਚ ਪਿਤਰਾਂ ਨੂੰ ਤ੍ਰਿਪਤ ਕਰਨਾ ਮਹਾਲਯ ਸ਼੍ਰਾਧ ਹੈ। ਮਨੂ ਨੇ ਤਿਲ ਜੌਂ ਚੌਲ ਮਾਂਹ ਅਤੇ ਸਬਜ਼ੀਆਂ ਦੇਣ ਨਾਲ ਇਕ ਮਹੀਨਾ, ਮੱਛੀ ਦੇ ਮਾਸ ਨਾਲ ਦੋ ਮਹੀਨੇ, ਹਰਨ ਦੇ ਮਾਸ ਨਾਲ ਤਿੰਨ ਮਹੀਨੇ, ਮੀਢੇ ਦੇ ਮਾਸ ਨਾਲ ਚਾਰ ਮਹੀਨੇ, ਪੰਛੀਆਂ ਦੇ ਮਾਸ ਨਾਲ ਪੰਜ ਮਹੀਨੇ, ਬੱਕਰੀ ਦੀ ਮਾਸ ਦੇਣ ਨਾਲ ਛੇ ਮਹੀਨੇ ਅਤੇ ਝੋਟੇ ਤੇ ਸੂਰ ਦੇ ਮਾਸ ਨਾਲ ਦਸ ਮਹੀਨੇ ਤਕ ਪਿਤਰਾਂ ਦੀ ਤ੍ਰਿਪਤੀ ਹੋਣੀ ਲਿਖੀ ਹੈ।[34]

ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਥਾਂ ਪੁਰ ਥਾਂ ਉਪਰੋਕਤ ਭਾਂਤ ਦੇ ਸ਼ਰਾਧਾਂ ਦਾ ਖੰਡਨ ਕੀਤਾ ਹੈ ਅਤੇ ਦੱਸਿਆ ਹੈ ਕਿ ਮਰਿਆਂ ਹੋਇਆਂ ਦੀ ਤ੍ਰਿਪਤੀ ਕਰਾਉਣ ਦੀ ਥਾਂ ਜਿਊਂਦੇ ਪਿਤਰਾਂ ਦੀ ਪ੍ਰੇਮ ਸਹਿਤ ਸੇਵਾ ਕਰਨੀ ਹੀ ਅਸਲੀ ਸ਼ਰਾਧ ਹੈ। ਕਬੀਰ ਜੀ ਨੇ ਵੀ ਇਸੇ ਵਿਚਾਰ ਨੂੰ ਪ੍ਰਸਤੁਤ ਕੀਤਾ ਹੈ।[35]

'ਅੰਮ੍ਰਿਤ' ਦਾ ਸੰਕਲਪ ਵੀ ਪੁਰਾਣਾਂ ਤੋਂ ਆਇਆ ਹੈ ਅਤੇ ਇਸ ਦਾ ਸੰਬੰਧ ਉਸ ਪੌਰਾਣਿਕ ਕਥਾ ਨਾਲ ਹੈ, ਜਿਸ ਵਿਚ ਦੇਵਤਿਆਂ ਅਤੇ ਦੈਂਤਾਂ ਦਾ ਰਲ ਕੇ ਖੀਰ ਸਮੁੰਦਰ ਨੂੰ ਰਿੜਕਣਾ ਅਤੇ ਉਸ ਵਿਚੋਂ ਅੰਮ੍ਰਿਤ ਕਢਣਾ ਵਰਣਿਆ ਗਿਆ ਹੈ ਜਿਸ ਨੂੰ ਪੀਕੇ ਦੇਵਤੇ ਅਮਰ ਹੋ ਗਏ ਸਨ। ਗੁਰੂ ਅਰਜਨ ਸਾਹਿਬ ਦੀ ਬਾਣੀ ਵਿਚ ਤੇ ਇਸ ਤੋਂ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਵਿਚ ਅੰਮ੍ਰਿਤ ਦੇ ਪੌਰਾਣਿਕ ਪ੍ਰਤੀਕਾਤਮਕ ਅਰਥਾਂ ਨੂੰ ਨਵੇਂ ਸੰਦਰਭ ਵਿਚ-ਵਾਹਿਗੁਰੂ ਦੇ ਨਾਮ ਦੇ ਰੂਪ ਵਿਚ ਪ੍ਰਗਟ ਕੀਤਾ ਗਿਆ ਹੈ।

ਗੁਰੂ ਅਰਜਨ ਦੇਵ ਅਨੁਸਾਰ ਦੇਵਤਿਆਂ ਅਤੇ ਅੰਮ੍ਰਿਤ ਅੰਮ੍ਰਿਤ ਦੀ ਪ੍ਰਾਪਤੀ ਤਾਂ ਪ੍ਰਭੂ ਦੇ ਨਾਮ ਵਿਚ ਹੈ ਜਿਸ ਦੀ ਹੋਂਦ ਮਨੁਖ ਦੇ ਸਰੀਰ ਵਿਚ ਹੀ ਸਥਿਤ ਹੈ।[36] ਪ੍ਰਭੂ ਦੇ ਨਾਮ-ਰੂਪੀ ਅੰਮ੍ਰਿਤ ਦੇ ਮਹਾਂ-ਰਸ ਨੂੰ ਪੀਕੇ ਜੀਵ ਆਪਣੇ ਤਨ-ਮਨ ਨੂੰ ਨਿਰਮਲ ਕਰ ਸਕਦਾ ਹੈ।[37] ਨਾਮ-ਰੂਪੀ ਅੰਮ੍ਰਿਤ ਨਾਲ ਮਾਇਆ ਵਿਚ ਭਟਕਦੇ ਹੋਏ ਮਨ ਨੂੰ ਸੰਤੋਖ ਪ੍ਰਾਪਤ ਹੁੰਦਾ ਹੈ ਅਤੇ ਸੰਸਾਰਕ ਪਦਾਰਥਾਂ ਦੀ ਭੁਖ ਨਹੀਂ ਰਹਿੰਦੀ।[38] ਇਹ ਨਾਮ ਹੀ ਸਭ ਪ੍ਰਕਾਰ ਦੇ ਦੁਖਾਂ ਤੇ ਕਲੇਸ਼ਾਂ ਦਾ ਨਾਸ਼ ਕਰਦਾ ਹੈ ਅਤੇ ਮਨੁਖ ਦਾ ਕਲਿਆਣ ਅਤੇ ਮੰਗਲ ਕਰਦਾ ਹੈ।[39] ਸੋ ਜਿਹੜਾ ਮਨੁੱਖ

ਨਾਮ-ਰੂਪੀ ਅਤੇ ਬਾਣੀ-ਰੂਪੀ ਅੰਮ੍ਰਿਤ ਨੂੰ ਆਪਣੀ ਜੀਭ ਤੇ ਟਿਕਾਉਂਦਾ ਹੈ, ਉਸ ਨੂੰ ਨਾ ਤਾਂ ਸੰਸਾਰਕ ਰੋਗ ਲਗਦੇ ਹਨ ਤੇ ਨਾ ਹੀ ਮਾਇਆ-ਜਾਲ ਵਿਚ ਫਸਦਾ ਹੈ ।[40] ਇਹੋ ਨਾਮ-ਰੂਪੀ ਅਤੇ ਬਾਣੀ-ਰੂਪੀ ਅੰਮ੍ਰਿਤ ਦੀ ਹੀ ਬਰਕਤ ਹੈ ਕਿ ਇਸ ਨੂੰ ਚਖਣ ਨਾਲ ਮਨ ਨੂੰ ਪੂਰਣ ਤ੍ਰਿਪਤੀ ਮਿਲਦੀ ਹੈ ਅਤੇ ਮਾਇਆ ਦੀ ਪਿਆਸ ਬੁਝ ਜਾਂਦੀ ਹੈ ਤੇ ਹਿਰਦੇ ਵਿਚ ਸਹਿਜ-ਸੁਖ ਦਾ ਵਾਸ ਹੁੰਦਾ ਹੈ ।[41]

ਸੋ ਅੰਤ ਵਿਚ ਅਸੀਂ ਇਸ ਨਿਸ਼ਕਰਸ਼ ਤੇ ਪੁਜਦੇ ਹਾਂ ਕਿ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਥਾਂ ਥਾਂ ਤੇ ਪੌਰਾਣਿਕ ਕਥਾਵਾਂ ਦੇ ਸੰਕੇਤਾਂ ਦਾ ਪ੍ਰਯੋਗ ਕਰਕੇ ਗੁਰਬਾਣੀ ਦੇ ਆਸ਼ੇ ਨੂੰ ਪ੍ਰਸਤੁਤ ਕੀਤਾ ਹੈ ।

***

## ਟਿਪਣੀਆਂ ਅਤੇ ਹਵਾਲੇ


1- ਪੁਰਾਣੇਂ ਪੁਰਾ ਕਥਾ: ਪਦਮਚੰਦ੍ਰ ਕੋਸ਼

2- ਰਿਗ ਵੇਦ: 3/5 4/9; 3/48/6; 10/130/6.

3- ਡਾ. ਸੀ.ਕੇ ਪ੍ਰਭਾਤਰੀ: ਤੁਲਸੀ ਸਾਹਿਤ ਮੈਂ ਪੌਰਾਣਿਕ ਆਖਿਆਨੋਂ ਕਾ ਵਿਸ਼ਲੇਸ਼ਣ, ਪੰਨਾ-4

4- ਡਾ. ਸੁਰਿੰਦਰ ਸਿੰਘ ਕੋਹਲੀ, ਮਧਕਾਲੀਨ ਪੰਜਾਬੀ ਕਥਾ, ਰੂਪ ਤੇ ਪਰੰਪਰਾ, ਪੰਨਾ- 15.

5- -ਉਹੀ-, ਪੰਨਾ 43-44.

6- ਡਾ. ਸ.ਸ. ਕੋਹਲੀ: ਗੁਰੂ ਅਰਜਨ ਬਾਣੀ ਵਿਚ ਲੋਕ-ਤੱਤ, ਪੰਨਾ- 31.

7- -ਉਹੀ-, ਪੰਨਾ 32.

8- ਸੋਰਠ ਮਹਲਾ 5, ਆਦਿ ਗ੍ਰੰਥ, ਪੰਨਾ 614.

9- ਆਸਾ ਮਹਲਾ 5, ਉਹੀ, ਪੰਨਾ 393.

10- ਮਾਰੂ ਸੋਲਹੇ ਮ:5, ਉਹੀ, ਪੰਨਾ 1079.

11- ਬਿਲਾਵਲ ਮ:5, ਉਹੀ, ਪੰਨਾ 806

12- ਗੁਰੂ ਨਾਨਕ ਤੇ ਲੋਕ ਪਰਵਾਹ, ਪੰਨਾ- 95

13- ਗਉੜੀ ਮ: 5, ਆਦਿ ਗ੍ਰੰਥ; ਪੰਨਾ 264.

14- ਭੈਰਉ ਮਹਲਾ, 5, ਉਹੀ; ਪੰਨਾ 1136.

15- ਰਾਗ ਸੂਹੀ ਮ:5, ਉਹੀ, ਪੰਨਾ 747.

16- ਰਾਮਕਲੀ ਮ:5, ਉਹੀ, ਪੰਨਾ 895.

17- ਭੈਰਉ ਮ:5, ਉਹੀ, ਪੰਨਾ 1156.

18- ਸਿਰੀ ਰਾਗ ਮ:5 ਉਹੀ, ਪੰਨਾ ~~464~~ 45

19- ਰਾਗ ਸੂਹੀ, ਮ:5, ਉਹੀ, ਪੰਨਾ 761.

20- ਗੁਰੂ ਨਾਨਕ ਤੇ ਲੋਕ ਪਰਵਾਹ, ਪੰਨਾ- 104.

21- ਸਾਰੰਗ ਮ: 5, ਆਦਿ ਗ੍ਰੰਥ, ਪੰਨਾ 1219.

22- ਰਾਗ ਮਲਾਰ, ਮ:5, ਉਹੀ, ਪੰਨਾ 1267.

23- ਸਾਰੰਗ ਮ:5, ਉਹੀ, ਪੰਨਾ 1235.

24- ਰਾਗ ਗਉੜੀ ਮਹਲਾ 5, ਉਹੀ, ਪੰਨਾ 214.

25- ਰਾਗ ਗਉੜੀ, ਮ:5, ਆਦਿ ਗ੍ਰੰਥ, ਪੰਨਾ 237.

26- ਮਾਰੂ ਮਹਲਾ 5 ਆਦਿ ਗ੍ਰੰਥ, ਪੰਨਾ 999.

27- ਗਉੜੀ ਸੁਖਮਨੀ ਮ: 5, ਆਦਿ ਗ੍ਰੰਥ, ਪੰਨਾ 265.

28- ਟੋਡੀ ਮਹਲਾ 5 ਆਦਿ ਗ੍ਰੰਥ, ਪੰਨਾ 717-18

29- ਚਾਰਿ ਪਦਾਰਥ / ਹਰਿ ਕੀ ਸੇਵਾ ॥
ਪਾਰਜਾਤੁ ਜਪੁ ਅਲਖ ਅਭੇਵਾ ॥
( ਮਾਝ ਮਹਲਾ 5, ਆਦਿ ਗ੍ਰੰਥ, ਪੰਨਾ 108)

30- ਗੰਗਾਜਲੁ ਗੁਰ ਗੋਬਿੰਦ ਨਾਮ ॥
ਜੋ ਸਿਮਰੈ ਤਿਸਕੀ ਗਤਿ ਹੋਵੈ
ਪੀਵਤ ਬਹੁੜਿ ਨ ਜੋਨਿਭ੍ਰਮਾਮ ॥
( ਭੈਰਉ ਮ:5, ਪੰਨਾ 1137)

31- ਪਿੰਡ ਪਤਲ ਮੇਰੀ ਕੇਸਉ, ਕਿਰਿਆ ਸਚਨਾਮ ਕਰਤਾਰ ॥
ਐਥੈ ਓਥੈ ਆਗੈ ਪਾਛੈ ਏਹੁ ਮੇਰਾ ਆਧਾਰ ॥
ਗੰਗ ਬਨਾਰਸਿ ਸਿਫਤ ਤੁਮਾਰੀ ਨਾਵੈ ਆਤਮ ਰਾਉ ॥
ਸਚਾ ਨਾਵਣ ਤਾਂ ਥੀਐ ਜਾ ਅਹਿਨਿਸ ਲਾਗੈ ਭਾਉ ॥
ਇਕ ਲੋਕੀ ਹੋਰ ਛਮਿਛਰੀ, ਬ੍ਰਹਮਣ ਵਟ ਪਿੰਡ ਖਾਇ ॥
ਨਾਨਕ ਪਿੰਡ ਬਖਸੀਸ ਕਾ ਕਬਹੂੰ ਨਿਖੂਟਸ ਨਾਹਿ ॥
( ਰਾਗ ਆਸਾ, ਮ:੧ ਆਦਿ ਗ੍ਰੰਥ )

32- ਜਨ ਪਾਰਬ੍ਰਹਮ ਜਾਕੀ ਨਿਰਮਲ ਮਹਿਮਾ ॥
ਜਨ ਕੇ ਚਰਨ ਤੀਰਥ ਕੋਟਿ ਗੰਗਾ ॥
( ਰਾਗ ਬਿਲਾਵਲ, ਮ:5, ਆਦਿ ਗ੍ਰੰਥ )

33-ੲ) ਤੀਰਥ ਨਾਇ ਨ ਉਤਰਸ ਮੈਲ ॥
ਕਰਮ ਧਰਮ ਸਭ ਹਉਮੈ ਫੈਲ ॥
ਲੋਕ ਪਚਾਰੈ ਗਤੀ ਨਹੀ ਹੋਇ ॥
ਨਾਮ ਬਿਹੂਣੇ ਚਲਸਹਿ ਰੋਇ ॥

( ਰਾਗ ਰਾਮਕਲੀ, ਮ: 5 )

-ਸ) ਬਰਤ ਨੇਮ ਤੀਰਥ ਸਹਿਤ ਗੰਗਾ ॥
ਜਲ ਹੇਵਤ ਭੂਖ ਅਰ ਨੰਗਾ ॥
ਪੂਜਾ ਚਾਰ ਕਰਤ ਮੇਲੰਗਾ ॥
ਚਕ੍ਰ ਕਰਮ ਤਿਲਕ ਖਾਟੰਗਾ ॥
ਦਰਸਨ ਭੇਟੇ ਬਿਨੁ ਸਤਸੰਗਾ ॥
ਹਠ ਨਿਗ੍ਰਹਿ ਅਤਿ ਰਹਤ ਬਿਟੰਗਾ ॥
ਹਉ ਰੋਗ ਬਿਆਪੈ ਚੁਕੈ ਨ ਭੰਗਾ ॥
ਕਾਮ ਕ੍ਰੋਧ ਅਤਿ ਤ੍ਰਿਸਨ ਜਰੰਗਾ ॥
ਸੋ ਮੁਕਤ ਨਾਨਕੁ ਜਿਸ ਸਤਿਗੁਰ ਚੰਗਾ ॥

(ਕਾਨੜਾ ਮ:5, ਆਦਿ ਗ੍ਰੰਥ, ਪੰਨਾ 1305)

34- ਗੁਰਮਤ ਪ੍ਰਭਾਕਰ, ਪੰਨਾ- 244.

35- ਜੀਵਤ ਪਿਤਰ ਨ ਮਾਨੈ ਕੋਊ ਮੂਏ ਸਰਾਧ ਕਰਾਹੀ ॥
ਪਿਤਰ ਭੀ ਬਪੁਰੇ ਕਹੁ ਕਿਆ ਪਾਵਹਿ,ਕਊਆ ਕੂਕਰ ਖਾਹੀ ॥
ਮਾਟੀ ਕੇ ਕਰ ਦੇਵੀ ਦੇਵਾ ਤਿਸ ਆਗੈ ਜੀਉ ਦੇਹੀ ॥
ਐਸੇ ਪਿਤਰ ਤੁਮਾਰੇ ਕਹੀਅਹਿ ਆਪ ਨ ਕਹਿ ਆਨ ਲੇਹੀ ॥

(ਭਗਤ ਕਬੀਰ [illegible] )

36- ਨਉ ਨਿਧਿ ਅੰਮ੍ਰਿਤ ਪ੍ਰਭ ਕਾ ਨਾਮ ॥
ਦੇਹੀ ਮਹਿ ਇਸਕਾ ਬਿਸਰਾਮ ॥

( ਆਦਿ ਗ੍ਰੰਥ, ਪੰਨਾ 293)

37- ਅੰਮ੍ਰਿਤ ਨਾਮੁ ਮਹਾਰਸ ਪੀਨਾ ॥
ਮਨ ਤਨ ਨਿਰਮਲ ਸਦ ਥੀਨਾ ॥

( ਮ:5, ਆਦਿ ਗ੍ਰੰਥ, ਪੰਨਾ 804)

38- ਅੰਮ੍ਰਿਤ ਜਾਕਾ ਨਾਉ ਧਰੇ ਸਪਖੈ ॥
ਮਨ ਤਨੁ ਹੋਇ ਸੰਤੋਖੁ ਭੁਖਾ ਭੁਖੀਐ ॥

(ਮ:5, ਆਦਿ ਗ੍ਰੰਥ, ਪੰਨਾ 519)

39- ਸਰਬ ਰੋਗ ਕਾ ਅਉਖਦੁ ਨਾਮ ॥
ਕਲਿਆਣ ਰੂਪ ਮੰਗਲ ਗੁਣ ਗਾਮ ॥

(ਮ:5, ਆਦਿ ਗ੍ਰੰਥ, ਪੰਨਾ 274)

40- ਅੰਮ੍ਰਿਤ ਨਾਮ ਰਸਨ ਨਿਤ ਜਾਪੈ ॥
ਰੋਗ ਰੂਪ ਮਾਇਆ ਨ ਵਿਆਪੈ ॥

(ਮ:5, ਆਦਿ ਗ੍ਰੰਥ, ਪੰਨਾ 760)

41- ੳ) ਅੰਮ੍ਰਿਤ ਨਾਮ ਪੀਅ ਮਨ ਤ੍ਰਿਪਤਿਆ ਅਘਾਈ ਰਸਨਾ ਚਖਾ ॥
ਕਹੁ ਨਾਨਕ ਸੁਖ ਸਹਜੁ ਮੈ ਪਾਇਆ ਗੁਰਿ ਲਾਹੀ ਸਗਲੀ ਤ੍ਰਿਖਾ ॥

(ਮ:5, ਆਦਿ ਗ੍ਰੰਥ, ਪੰਨਾ 1212)

ਅ) ਅੰਮ੍ਰਿਤ ਨਾਮ ਗੁਰਮੁਖਾ ਠਾਕੁਰ ਇਹ ਮਹਾਰਸ ਜਨਹਿ ਪੀਓ ॥
ਜਨਮ ਜਨਮ ਭੂਲੇ ਤੇ ਕਾਢੇ ਸੂਰਤ ਬਿਕਾਰਿਓ ਭਰਮ ਥੀਓ ॥

(ਮ:5, ਆਦਿ ਗ੍ਰੰਥ, ਪੰਨਾ 382)

ੲ) ਕਹਿਣ ਸੰਤੋਖ ਅੰਮ੍ਰਿਤ ਨਾਮ ਤੇਰਾ ॥
ਮੁਕਤਿ ਭਇਆ ਜਿਸ ਰਿਦੈ ਵਸੇਰਾ ॥

(ਮ:5, ਆਦਿ ਗ੍ਰੰਥ, ਪੰਨਾ 101)

ਸ) ਨਿਰਮਲ ਜੋਤਿ ਅੰਮ੍ਰਿਤ ਹਰਿ ਨਾਮ ॥
ਪੀਵਤ ਅਮਰ ਭਏ ਨਿਹਕਾਮ ॥

(ਮ:5, ਆਦਿ ਗ੍ਰੰਥ, ਪੰਨਾ 888)

ਹ) ਅੰਮ੍ਰਿਤ ਨਾਮ ਸੁਆਮੀ ਤੇਰਾ ਜੋ ਪੀਵੈ ਤਿਸ ਹੀ ਤ੍ਰਿਪਤਾਸ ॥
ਜਨਮ ਜਨਮ ਕੇ ਕਿਲਬਿਖ ਨਾਸਹਿ ਆਗੈ ਦਰਗਹ ਹੋਇ ਖਲਾਸ ॥

(ਮ:5, ਆਦਿ ਗ੍ਰੰਥ, ਪੰਨਾ 1208 )

•••

## ਅਧਿਆਇ ਤੀਜਾ

## ਗੁਰੂ ਨਾਨਕ ਬਾਣੀ ਵਿਚ ਲੋਕ-ਧਰਮ ਅਤੇ ਸਹਿਤ

## ਗੁਰੂ ਅਰਜਨ ਬਾਣੀ ਵਿਚ ਕਾਵਿ-ਬਿੰਬ ਅਤੇ ਅਲੰਕਾਰ

'ਬਿੰਬ' ਸ਼ਬਦ ਅੰਗਰੇਜ਼ੀ ਦੇ ਇਮੇਜ ( Image ) ਦਾ ਸਮਾਨ-ਅਰਥਕ ਮੰਨਿਆ ਜਾਂਦਾ ਹੈ । ਮਨੋਵਿਗਿਆਨ ਅਨੁਸਾਰ ਜਦੋਂ ਮਨੁਖ ਬਾਹਰੀ ਜਗਤ ਦੀ ਅਨੁਭੂਤੀ ਪ੍ਰਾਪਤ ਕਰਦਾ ਹੈ ਤਾਂ ਉਸ ਦੇ ਅਚੇਤ ਮਨ ਵਿਚ ਉਸ ਸੰਬੰਧੀ ਕਈ ਪ੍ਰਭਾਵ ਅੰਕਿਤ ਹੋ ਜਾਂਦੇ ਹਨ ।ਜਦੋਂ ਉਹ ਉਨ੍ਹਾਂ ਬਾਹਰੀ ਜਗਤ ਦੇ ਪਦਾਰਥਾਂ ਦੀ ਗ਼ੈਰਹਾਜ਼ਰੀ ਵਿਚ ਉਨ੍ਹਾਂ ਦਾ ਚਿੰਤਨ ਕਰਦਾ ਹੈ ਤਾਂ ਉਸ ਸਮੇਂ ਉਹ ਮੂਰਤ ਰੂਪ ਵਿਚ ਉਸ ਦੇ ਚਿੰਤਨ ਦੇ ਖੇਤਰ ਵਿਚ ਅਚੇਤ ਅਵਸਥਾ ਤੋਂ ਚੇਤਨ ਪੱਧਰ ਉੱਤੇ ਆ ਜਾਂਦੇ ਹਨ । ਅਨੁਭੂਤੀ ਦੁਆਰਾ ਸੰਚਿਤ ਹੋਈ ਅਜੇਹੀ ਵਿਰਤ ਹੀ ਬਿੰਬ ਅਖਵਾਈ ਜਾਂਦੀ ਹੈ । ਕਵਿਤਾ ਵਿਚ ਜਦੋਂ ਕਵੀ ਅਜੇਹੇ ਸ਼ਬਦਾਂ ਦਾ ਪ੍ਰਯੋਗ ਕਰਦਾ ਹੈ, ਜਿਨ੍ਹਾਂ ਦੁਆਰਾ ਉਹ ਉਹੋ ਜਿਹਾ ਹੀ ਬਿੰਬ ਪਾਠਕਾਂ ਦੇ ਮਨ ਵਿਚ ਅੰਕਿਤ ਕਰਨਾ ਚਾਹੁੰਦਾ ਹੈ, ਜਿਹੋ ਜਿਹਾ ਉਸ ਦੇ ਆਪਣੇ ਮਨ ਵਿਚ ਹੁੰਦਾ ਹੈ, ਤਾਂ ਅਸੀਂ ਉਸ ਨੂੰ 'ਕਾਵਿ- ਬਿੰਬ' ਆਖਦੇ ਹਾਂ[1] ।

ਅਲੰਕਾਰ ਸ਼ਬਦ ਦਾ ਅਰਥ ਹੈ ਗਹਿਣਾ, ਸਜਾਵਟ ਜਾਂ ਸ਼ਿੰਗਾਰ । ਕਾਵਿ- ਪ੍ਰਸੰਗ ਅਨੁਸਾਰ ਅਲੰਕਾਰ ਅਜੇਹੇ ਸ਼ਬਦਾਂ ਨੂੰ ਆਖਿਆ ਜਾਂਦਾ ਹੈ ਜਿਨ੍ਹਾਂ ਦੁਆਰਾ ਕਾਵਿ- ਸੌਂਦਰਯ ਵਿਚ ਵਾਧਾ ਹੋਵੇ[2] । ਆਚਾਰਯ ਭਾਮਹ ਨੇ ਵਕ੍ਰੋਕਤੀ ਨੂੰ ਸਭ ਅਲੰਕਾਰਾਂ ਵਿਚ ਵਿਆਪਤ ਮੰਨਿਆ ਹੈ । ਵਾਮਨ ਦਾ ਮੱਤ ਹੈ ਕਿ ਅਲੰਕਾਰਾਂ ਨਾਲ ਕਵਿਤਾ ਸਜਕੇ ਤੇ ਸੁੰਦਰ ਬਣ ਜਾਂਦੀ ਹੈ ਜੋ ਪਾਠਕ ਹਿਰਦੇ ਤੇ ਸੁਖਾਵਾਂ ਪ੍ਰਭਾਵ ਪਾਉਂਦੀ ਹੈ[3] ।

ਵਾਸਤਵ ਵਿਚ ਅਲੰਕਾਰ ਇਕ ਯੁਕਤੀ-ਯੁਕਤ ਯੋਜਨਾ ਹੈ ਜਿਸ ਦੇ ਮਾਧਿਅਮ ਨਾਲ ਕਾਵਿ ਸੰਬੰਧੀ ਸਭ ਰੂਪ ਸਪਸ਼ਟ ਹੋਕੇ ਪਾਠਕ- ਹਿਰਦੇ ਨੂੰ ਇਕ ਅਲੌਕਿਕ ਆਨੰਦ ਦੀ ਸੁਪਨ ਦੁਨਿਆ ਵਿਚ ਲਿਜਾਕੇ ਉਸ ਨੂੰ ਰਸਮਈ ਕਰ ਦੇਂਦੇ ਹਨ । ਅਜੇਹੀ ਸਥਿਤੀ ਵਿਚ ਉਹ ਸੰਸਾਰਕ ਵਾਸਨਾ- ਬੰਧਨਾਂ ਤੋਂ ਉੱਚਾ ਉਠਕੇ ਰੂਪ ਰੂਪ ਵਿਚ ਰਸ-ਮਈ ਹੋ ਜਾਂਦਾ ਹੈ[4] । ਅਲੰਕਾਰਾਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ; 'ਸ਼ਬਦ ਅਲੰਕਾਰ' ਅਤੇ 'ਅਰਥ ਅਲੰਕਾਰ' । ਸ਼ਬਦਾਂ ਰਾਹੀਂ ਚਮਤਕਾਰ ਅਥਵਾ ਸੌਂਦਰਯ ਵਿਚ ਵਾਧਾ ਹੋਣ ਨੂੰ ਸ਼ਬਦ-ਅਲੰਕਾਰ ਅਤੇ ਅਰਥ ਰਾਹੀਂ ਕਿਸੇ ਵੀ ਰੂਪ ਵਿਚ ਵਾਧਾ ਹੋਣ ਨੂੰ 'ਅਰਥ ਅਲੰਕਾਰ' ਕਿਹਾ ਜਾਂਦਾ ਹੈ ।

ਗੁਰੂ ਅਰਜਨ ਦੇਵ ਮੁਖ ਰੂਪ ਵਿਚ ਸੰਤ ਅਤੇ ਸਾਧਕ ਸਨ । ਉਨ੍ਹਾਂ ਨੇ ਕਵਿਤਾ ਕਲਾ- ਕੌਸ਼ਲ ਦੀ ਪ੍ਰਦਰਸ਼ਨੀ ਲਈ ਨਹੀਂ ਲਿਖੀ, ਜਿਸ ਵਿਚ ਕਿਸੇ ਵਿਸ਼ੇਸ਼ ਚੇਤਨਾ ਅਨੁਸਾਰ ਬਿੰਬਾਂ ਅਤੇ ਅਲੰਕਾਰਾਂ ਦਾ ਪ੍ਰਯੋਗ ਕੀਤਾ ਗਿਆ ਹੋਵੇ । ਆਪ ਨੇ ਤਾਂ ਲਾਖਣਿਕ ਭਾਸ਼ਾ ਦਾ ਪ੍ਰਯੋਗ ਕੇਵਲ ਉਸ ਅਵਸਥਾ ਵਿਚ ਕੀਤਾ ਹੈ ਜਦ ਕਿ ਭਾਸ਼ਾ ਦੀ ਅਭਿਧਾ ਸ਼ਕਤੀ ਉਨ੍ਹਾਂ ਦੇ ਉਚੇਰੇ ਆਧਿਆਤਮਕ ਅਨੁਭਵਾਂ ਨੂੰ ਸਪਸ਼ਟ ਕਰਨ ਵਿਚ ਅਸਮਰੱਥ ਰਹਿ ਜਾਂਦੀ ਹੈ । ਅਜਿਹੇ ਰਹੱਸਮਈ ਅਕਥ ਆਧਿਆਤਮਕ ਅਨੁਭੂਤੀ ਨੂੰ ਵਿਅਕਤ ਕਰਨ ਲਈ ਆਪ ਨੇ ਲੌਕਿਕ ਪੱਧਰ ਦੇ ਅਜਿਹੇ ਬਿੰਬਾਂ ਅਤੇ ਅਲੰਕਾਰਾਂ ਦਾ ਸਹਾਰਾ ਲਿਆ ਜਿਨ੍ਹਾਂ ਤੋਂ ਸਧਾਰਨ ਪਾਠਕ ਪਰੀਚਿਤ ਸਨ । ਰੀਤੀ ਕਾਲ ਦੇ ਕਵੀਆਂ ਵਾਂਗ ਉਨ੍ਹਾਂ ਨੇ ਅਲੰਕਾਰਾਂ ਨੂੰ ਹੀ ਮੁਖ ਵਿਸ਼ਾ ਨਹੀਂ ਬਣਾਇਆ[5] ।

ਗੁਰੂ ਅਰਜਨ ਦੇਵ ਜੀ ਬਾਣੀ ਵਿਚ ਪ੍ਰਯੁਕਤ ਬਿੰਬਾਂ ਦਾ ਖੇਤਰ ਅਤਿ ਵਿਸ਼ਾਲ ਹੈ । ਆਪਣੇ ਅਜਿਹੇ ਬਿੰਬਾਂ ਦੀ ਸਿਰਜਣਾ ਕੀਤੀ ਹੈ ਜਿਨ੍ਹਾਂ ਦਾ ਸਿੱਧਾ ਸੰਬੰਧ ਲੋਕ-ਮਨ ਨਾਲ ਹੈ ; ਜੋ ਲੋਕਾਂ ਦੇ ਨਿਤਪ੍ਰਤੀ ਜੀਵਨ ਦਾ ਅੰਗ ਸਨ ਅਤੇ ਲੋਕ ਭਾਵਨਾਵਾਂ, ਸੰਕਲਪਾਂ ਅਤੇ ਪ੍ਰਵਿਰਤੀਆਂ ਨਾਲ ਓਤ-ਪੋਤ ਸਨ । ਪ੍ਰਕ੍ਰਿਤੀ ਤੇ ਇਸ ਦੇ ਸਾਰੇ ਉਪਕਰਣਾਂ ਨੂੰ ਆਪ ਨੇ ਬਿੰਬਾਂ ਵਿਚ ਬੰਨ੍ਹ ਦਰਸਾਇਆ ਹੈ ।

ਡਾ. ਸੁਰਿੰਦਰ ਸਿੰਘ ਕੋਹਲੀ ਨੇ ਗੁਰੂ ਗ੍ਰੰਥ ਸਾਹਿਬ ਦੇ ਕਵੀਆਂ ਦੇ ਬਿੰਬਾਂ ਦਾ ਵਰਗੀਕਰਨ ਕਰਦਿਆਂ ਦੋਹਾਂ ਦੇ ਭਾਗਾਂ ਵਿਚ ਵੰਡਿਆ ਹੈ । ਪਹਿਲਾ ਪ੍ਰਕਿਰਤੀ ਦੇ ਬਿੰਬ, ਜਿਵੇਂ ਰੁੱਤਾਂ, ਆਕਾਸ਼, ਸੂਰਜ, ਪ੍ਰਭਾਤ, ਬੱਦਲ, ਬਿਜਲੀ, ਧੂਪ-ਛਾਂ, ਮੀਂਹ, ਹਵਾ, ਅੱਗ, ਬਿਰਖ ਫੁਲ, ਸਾਗਰ, ਨਦੀਆਂ, ਪਸ਼ੂ- ਪੰਛੀ ਆਦਿ ਅਤੇ ਦੂਸਰੇ ਰੋਜ਼ਾਨਾ ਜੀਵਨ ਦੇ ਬਿੰਬ ਜਿਵੇਂ ਕਿ ਖਾਣਾ, ਪਹਿਨਣਾ, ਪਕਵਾਨ, ਸੇਜ, ਸੁਪਨਾ, ਕਪੜੇ, ਵਣਜਾਰਾ, ਲਾੜੀ, ਚਾਕਰ, ਚੋਲਾ, ਚੋਰੀ, ਭਿਖਾਰੀ, ਜੂਆ, ਮਣੀ, ਬੱਚੇ, ਜਨਮ, ਮਰਨ, ਵਿਆਹ ਆਦਿ[6] ।

ਗੁਰੂ ਅਰਜਨ ਬਾਣੀ ਵਿਚ ਜਿਨ੍ਹਾਂ ਵਿਚੋਂ ਬਹੁਤ ਸਾਰੇ ਬਿੰਬਾਂ ਅਤੇ ਪ੍ਰਤੀਰੂਪਾਂ ਦਾ ਪ੍ਰਯੋਗ ਕੀਤਾ ਗਿਆ ਹੈ । ਗੁਰੂ ਅਰਜਨ ਦੇਵ ਨਿਰਗੁਣ ਬ੍ਰਹਮ ਦੇ ਸਗੁਣ ਰੂਪ ਵਿਚ ਪਰਵਰਤਿਤ ਹੋਣ ਦੇ ਅਲੌਕਿਕ ਤੇ ਅਗੰਮੀ ਰਾਜ਼ ਨੂੰ ਪਿਤ, ਪੂਤ, ਸਾਗਰ, ਬੁਲਬੁਲਾ, ਸੂਤ, ਮਣੀ, ਬੀਜ ਤੇ ਪਰਬਤ ਆਦਿ ਦੇ ਲੋਕ-ਮਨ ਵਿਚ ਵਸੇ ਹੋਏ ਤੇ ਜਾਣੇ ਪਛਾਣੇ ਬਿੰਬਾਂ ਰਾਹੀਂ ਪ੍ਰਗਟ ਕਰਦੇ ਹਨ, ਜਿਸ ਨਾਲ ਨਾ ਕੇਵਲ ਇਹ ਮਨੁੱਖੀ- ਅਨੁਭਵ ਤੇ ਉਚੇਰਾ ਵਿਸ਼ਾ ਹੀ ਸਰਲ ਅਤੇ ਸਹਿਜ ਬਣ ਜਾਂਦਾ ਹੈ, ਸਗੋਂ ਇਸ ਵਿਚ ਇਕ ਅਨੋਖਾ ਕਾਵਿ- ਸੌਂਦਰਯ ਉਤਪੰਨ ਹੋ ਜਾਂਦਾ

ਹੈ। ਜਿਵੇਂ

ਤੂੰ ਪੇਡ ਸਾਖ ਤੇਰੀ ਫੂਲੀ ॥ ਤੂੰ ਸੂਖਮ ਹੋਆ ਅਸਥੂਲੀ ॥
ਤੂੰ ਜਲ ਨਿਧਿ ਤੂੰ ਫੇਨੁ ਬੁਦਬੁਦਾ, ਤੁਧ ਬਿਨੁ ਅਵਰ ਨ ਭਾਲੀਐ ਜੀਉ ॥
ਤੂੰ ਸੂਤੁ ਮਣੀਏ ਭੀ ਤੂੰ ਹੈ, ਤੂੰ ਗੰਠੀ ਮੇਰੁ ਸਿਰਿ ਤੂੰ ਹੈ ॥
ਆਦਿ ਮਧਿ ਅੰਤਿ ਪ੍ਰਭੁ ਸੋਈ ਅਵਰ ਨ ਕੋਇ ਦਿਖਾਲੀਐ ਜੀਉ ॥

ਬਾਰ੍ਹ ਮਾਹ ਦੇ ਪਾਠਾਂ-ਆਧਾਰ ਵਿਚ ਗੁਰੂ ਅਰਜਨ ਦੇਵ ਜੀ ਨੇ ਵੱਖ ਵੱਖ ਰੁਤਾਂ ਦੇ ਚਿਤ੍ਰਿਨ ਰਾਹੀਂ ਕੁਦਰਤ ਸੁੰਦਰ ਤੇ ਸਜੀਵ ਰੂਪਕ- ਚਿਤਰ ਖਿੱਚੇ ਹਨ ਜਿਨ੍ਹਾਂ ਰਾਹੀਂ ਆਤਮਾ ਤੇ ਪਰਮਾਤਮਾ ਦੇ ਵਿਛੋੜੇ ਤੇ ਮਿਲਾਪ ਦਾ ਵਰਣਨ ਕੀਤਾ ਹੈ। ਇਹਨਾਂ ਚਿਤਰਾਂ ਵਿਚ ਇਕ ਅਨੋਖੀ ਰੰਗੀਨੀ ਹੈ, ਇਕ ਅਦਭੁਤ ਆਕਰਸ਼ਣ ਹੈ, ਇਕ ਅਨੁਪਮ ਸੁਹਜ ਹੈ ਅਤੇ ਮਨੋਵਿਗਿਆਨਕ ਛੋਹਾਂ ਹਨ[7] । -

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥
ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥
ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥
ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥
ਜਿਨੀ ਸਖੀਏ ਪ੍ਰਭੁ ਪਾਇਆ ਹਉ ਤਿਨ ਕੈ ਸਦ ਬਲਿਹਾਰੁ ॥
ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥
ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥

ਇਸ ਚਿੱਤ੍ਰ ਦੁਆਰਾ ਸਾਵਣ ਦੇ ਮਹੀਨੇ ਜੋ ਵਰਖਾ ਰੁਤ ਦਾ ਜੋਬਨ ਵਿਚ ਹੁਲਸਿਆ ਹੋਇਆ ਨਜ਼ਾਰਾ ਹੂ-ਬ-ਹੂ ਚਿਤ੍ਰਤ ਕਰ ਦਿੱਤਾ ਗਿਆ ਹੈ। ਇੱਥੇ ਤਕ ਕਿ ਇਸ ਰੰਗੀਨੀਆਂ ਭਰੇ ਮੌਸਮ ਵਿਚ ਲੋਕਾਂ ਦੇ ਮਨੋਭਾਵਾਂ ਵਿਚ ਆਉਂਦੀਆਂ ਸੁਭਾਵਿਕ ਤਬਦੀਲੀਆਂ ਦਾ ਵੀ ਬੜੀ ਸੂਖਮਤਾ ਅਤੇ ਕਵਿਤਾਮਈ ਢੰਗ ਵਰਣਨ ਕੀਤਾ ਗਿਆ ਹੈ।

ਇਸ ਬਰਖਾ ਦੇ ਮੌਸਮ ਵਿਚ ਜਿਵੇਂ ਸਾਰੀ ਪ੍ਰਕਿਰਤੀ ਹਰਿਆਵਲ ਦਾ ਰੂਪ ਧਾਰਣ ਕਰ ਲੈਂਦੀ ਹੈ, ਰੁੱਖਾਂ ਤੇ ਬੂਟਕ ਬਨਸਪਤੀ ਹਰਿਆਲੀ ਤੇ ਨਵਿਨਤਾਪੂਰਣ ਜਾਪਦੀ ਹੈ, ਉਸੇ ਤਰ੍ਹਾਂ ਮਨੁੱਖ ਦੇ ਮਨ ਵਿਚ ਵੀ ਪ੍ਰੇਮ ਦੀ ਤਰੰਗ ਉਤਪੰਨ ਹੁੰਦੀ ਹੈ। ਇਕ ਪਾਸੇ ਵਨਸਪਤਿ ਮੌਲਦੇ ਹਨ, ਬਰਖਾ ਨਾਲ ਅਤੇ ਦੂਸਰੇ ਪਾਸੇ ਮਨ-ਤਨ ਮੌਲਦੇ ਹਨ ਪ੍ਰਭੂ ਦੇ ਪ੍ਰੇਮ ਦੀਆਂ ਅੰਮ੍ਰਿਤ ਭਰੀ ਬੂੰਦਾਂ ਨਾਲ।

ਗੁਰੂ ਅਰਜਨ ਦੇਵ ਦਾ ਸਮੁੱਚਾ ਬਾਣੀ-ਸਾਹਿਤ ਕੁਦਰਤ ਦੇ ਵਿਭਿੰਨ ਪੱਖਾਂ ਦਾ ਅਤਿ ਸੁੰਦਰ ਢੰਗ ਨਾਲ ਸ਼ਬਦਾਂ ਵਿਚ ਚਿਤਰਣ ਹੈ ਜੋ ਤਰ੍ਹਾਂ ਤਰ੍ਹਾਂ ਦੇ ਲੋਕ-ਚਿੰਨ੍ਹਾਂ ਨੂੰ ਰੂਪਮਾਨ ਕਰਦਾ ਹੈ।

ਇਸੇ ਪ੍ਰਕਾਰ ਰਾਮਕਲੀ ਮਹਲਾ 5 ਵਿਚ ਸਾਵਣ-ਭਾਦੋਂ ਦੀ ਬਰਖਾ-ਰੁੱਤ ਦੇ ਚਿੰਨ੍ਹਾਂ ਦੁਆਰਾ ਪ੍ਰਭੂ-ਮਿਲਾਪ ਦੇ ਖੇੜੇ ਨੂੰ ਚਿਤ੍ਰਿਆ ਹੈ :-

ਰੁਤਿ ਬਰਸੁ ਸੁਹੇਲੀਆ ਸਾਵਣ ਭਾਦਵੇ ਆਨੰਦ ਜੀਉ ॥
ਘਣ ਉਨਵਿ ਵੁਠੇ ਜਲ ਥਲ ਪੂਰਿਆ ਮਕਰੰਦ ਜੀਉ ॥

ਮਾਝੁ ਮਹੱਲਾ 5 ਤੇ ਰਾਗ ਗਉੜੀ ਮਹਲਾ 5 ਵਿਚ ਕੁਦਰਤ ਦੇ ਅਨੇਕ ਅਤਿ ਸੁੰਦਰ ਤੇ ਕਲਾਮਈ ਚਿੰਨ੍ਹ ਪ੍ਰਸਤੁਤ ਹੋਏ ਹਨ ਜਿਨ੍ਹਾਂ ਦੀ ਸੁਹਜਾਤਮਕਤਾ ਇਕ ਪਾਸੇ ਕਾਵਿ ਨੂੰ ਸੌਂਦਰਯ ਬਖਸ਼ਦੀ ਹੈ ਅਤੇ ਦੂਸਰੇ ਪਾਸੇ ਗਹਿਰ ਗੰਭੀਰ ਭਾਵਾਂ ਨੂੰ ਲੋਕ-ਮਨ ਦੇ ਅਨੁਕੂਲ ਪ੍ਰਤੀਕਾਂ ਦੁਆਰਾ ਸਰਲ ਤੇ ਸੁਗਮ ਬਣਾਂਦੀ ਹੈ।

ਪ੍ਰਕਿਰਤੀ ਦੇ ਚਿੰਨ੍ਹਾਂ ਤੋਂ ਛੁੱਟ ਗੁਰੂ ਅਰਜਨ ਦੀ ਬਾਣੀ ਵਿਚ ਅਨੇਕ ਪ੍ਰਕਾਰ ਦੇ ਨੈਤਿਕ ਜੀਵਨ ਨਾਲ ਸੰਬੰਧਿਤ ਚਿੰਨ੍ਹ ਮਿਲਦੇ ਹਨ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਬੁਰਾਈਆਂ ਨਾਲ ਮੇਲ ਕਰਕੇ, ਉਹਨਾਂ ਉੱਤੇ ਜਿਤ ਪ੍ਰਾਪਤ ਕਰਨ ਦੇ ਭਾਵ ਨੂੰ ਆਪ ਅਖਾੜੇ ਦੇ ਚਿੰਨ੍ਹ ਦੁਆਰਾ ਪ੍ਰਗਟ ਕਰਦੇ ਹਨ ਤੇ ਭਲਵਾਨਾਂ ਦੀ ਕੁਸ਼ਤੀ ਦਾ ਪ੍ਰਤੀਰੂਪ ਬਣਾ ਕੇ ਪੇਸ਼ ਕਰਦੇ ਹਨ।

ਹਉ ਗੋਸਾਈ ਦਾ ਪਹਿਲਵਾਨੜਾ ॥
ਮੈ ਗੁਰ ਮਿਲਿ ਉਚ ਦੁਮਾਲੜਾ ॥
ਸਭ ਹੋਈ ਛਿੰਝ ਇਕਠੀਆ ॥
ਦਯੁ ਬੈਠਾ ਵੇਖੈ ਆਪਿ ਜੀਉ ॥
ਵਾਤ ਵਜਨਿ ਟੰਮਕ ਭੇਰੀਆ ॥
ਮਲ ਲਥੇ ਲੈਦੇ ਫੇਰੀਆ ॥

ਇਹਤੇ ਪੰਜ ਸਵਾਲ ਮੈਂ
ਜੁਗਿ ਧਾਪੀ ਇਤੋ ਗੰਢਿ ਜਾਇ ।
ਸਭ ਇਕਠੇ ਹੋਇ ਆਇਆ ॥
ਘਰਿ ਜਾਸਨਿ ਵਾਟ ਵਟਾਇਆ ॥
ਗੁਰਮੁਖਿ ਲਾਹਾ ਲੈ ਗਏ ॥
ਮਨਮੁਖ ਚਲੇ ਮੂਲ ਗਵਾਇ ਜਾਇ ॥

ਬਜਾਰਾਂ ਦੀ ਪ੍ਰਕ੍ਰਿਤੀ ਉਪਮਾਨ ਵਿਚ ਘਰਿ ਜਾਣੇ ਰਾਹ ਨੂੰ ਉਸ ਸਹਿਜ ਤੇ ਸਰਲ ਢੰਗ ਨਾਲ ਪ੍ਰਸਤੁਤ ਕਰਨ ਦੀ ਕਲਾ- ਕੁਸ਼ਲਤਾ ਗੁਰੂ ਅਰਜਨ ਦੀ ਕਾਵਿ- ਕੁਸ਼ਲਤਾ ਦਾ ਅਦਭੁਤ ਪ੍ਰਮਾਣ ਹੈ ।

ਲੋਕ- ਸੰਸਕ੍ਰਿਤੀ ਵਿਚ ਰੁਤਾਂ ਦਾ ਇਕ ਮਹੱਤਵਪੂਰਣ ਸਥਾਨ ਹੈ। ਪ੍ਰਕਾਸ਼ ਤੇ ਵਿਸ਼ੇਸ਼ ਕਰਕੇ ਪੰਜਾਬ ਦੀ ਇਹ ਪਰੰਪਰਾ ਯੁਗ ਤਕ ਵੀ ਜੀਵਤ ਹੈ। ਰੁਤਾਂ ਦਾ ਪ੍ਰਭਾਵ ਲੋਕਾਂ ਦੇ ਮਨਾਂ ਵਿਚ ਮਨੋਰੰਜਨ ਪ੍ਰਤੀ ਰੁਚੀ ਦਾ ਸੁਭਾਵਿਕ ਹੈ । ਇਹ ਫਿਰ ਸਮੇਂ ਬਜਾਰਾਂ ਦਾ ਆਪਣੇ ਵਿਚ ਇਕਾਗਰਤਾ ਅਤੇ ਆਪੋ ਆਪਣੇ ਗੁਰੂ ਕੋਲੋਂ ਆਸ਼ੀਰਵਾਦ ਲੈਣਾ, ਨਾਰੀਆਂ ਤੇ ਮੇਲਿਆਂ ਦੀ ਜੋੜ-ਜਾਣੀ ਆਕਾਰ ਵਿਚ ਮੱਲਾਂ ਦਾ ਆਪਣੀ ਦੀਆਂ ਮੋਹਰੀਆਂ ਲੈਣੀਆਂ ਤੇ ਇਕ ਰੁਤ ਵਿਚ ਜਿਤ ਪ੍ਰਾਪਤ ਕਰਨ ਵਾਲੇ ਬਲਵਾਨ ਦਾ ਆਪਣੇ ਗੁਰੂ ਕੋਲੋਂ ਥਾਪੀ ਲੈਣਾ ਆਦਿ ਲੋਕ- ਪਰੰਪਰਾਵਾਂ ਦਾ ਪ੍ਰਤੀਰੂਪ ਹੈ ।

'ਲਾਹਾ' ਸ਼ਬਦ ਨਾਲ ਵਣਜ ਦੇ ਪ੍ਰਤੀਰੂਪ ਵੱਲ ਸੰਕੇਤ ਕਰਦਿਆਂ ਦੱਸਿਆ ਹੈ ਕਿ ਗੁਰਮੁਖ ਸੰਸਾਰ ਵਿਚੋਂ ਲਾਹਾ ਖੱਟ ਕੇ ਲੈ ਜਾਂਦੇ ਹਨ ਤੇ ਮਨਮੁਖ ਮੂਲ ਗਵਾ ਜਾਂਦੇ ਹਨ । ਇਸ ਸੰਕਲਪ ਦਾ ਮੂਲ ਵੀ ਆਦਿਮ ਚਿੰਤਨ ਵਿਚ ਹੈ । ਆਦਿਮ ਮਨ ਤੇ ਲੋਕ-ਮਨ, ਜੀਵ ਨੂੰ ਕਿਸੇ ਹੋਰ ਲੋਕ ਵਿਚੋਂ, ਜੋ ਇਸ ਸੰਸਾਰ ਦਾ ਹੀ ਪ੍ਰਤੀਰੂਪ ਹੈ, ਇਥੇ ਆਇਆ ਹੋਇਆ ਮੰਨਦਾ ਹੈ । ਇਥੋਂ ਜੀਵ ਮਰਨ ਉਪਰੰਤ ਮੁੜਕੇ ਉਸ ਲੋਕ ਵਿਚ ਚਲਾ ਜਾਂਦਾ ਹੈ ਤੇ ਉਥੇ ਇਸ ਸੰਸਾਰ ਵਿਚ ਕੀਤੀ ਕਮਾਈ ਨੂੰ ਮਾਣਦਾ ਪਾਉਂਦਾ ਹੈ । ਇਹੋ ਆਦਿਮ ਚਿੰਤਨ, ਰਿਸ਼ੀਆਂ ਮੁਨੀਆਂ ਤੋਂ ਵੈਦਿਕ ਮਾਨਤਾ ਪ੍ਰਾਪਤ ਕਰਕੇ ਪਿੱਛੋਂ ਭਾਰਤੀ ਚਿੰਤਨ ਦਾ ਅੰਗ ਬਣ ਗਿਆ ਗਿਆ ।[8]

ਇਸ ਰੂਪਕ ਦਾ ਅਖੀਰਲਾ ਬੰਦ ਇਸ ਪ੍ਰਕਾਰ ਹੈ :-

ਮੈਂ ਜੁਗਿ ਜੁਗਿ ਦਹੀ ਸੇਵੜੀ ॥
ਕੁਹਿ ਕਟੀ ਮਿਹਰੀ ਸੇਵੜੀ ॥
ਵਡੂ ਕਾਬੁਲਿ ਖਿੰਡ ਨ ਜਾਵੂ ॥
ਨਾਨਕ ਅਫੁਸੋਸੁ ਨਹਾ ਜਾਲਿ ਸਵੂੰ ॥

'ਪਹਿਲੀ ਸਤਰ ਵਿਚ ਜੁਗਾਂ ਤੇ ਸਿਵਾਂ ਦਾ ਵਰਣਨ ਹੈ। ਜੁਗਾਂ ਦਾ ਸਾਰਾ ਸੰਕਲਪ ਹੀ ਪੌਰਾਣਿਕ ਹੋਣ ਕਰਕੇ, ਲੋਕ-ਧਾਰਾ ਦੇ ਅੰਤਰਗਤ ਆਉਂਦਾ ਹੈ। ਸਿਵਾਂ ਦੀ ਭਾਵਨਾ ਪਿੱਛੇ ਇਹ ਲੋਕ- ਸੰਕਲਪ ਹੈ ਕਿ ਸਿਵਾਂ ਬਲਣ ਨਾਲ ਸਾਧਕ ਵਿਚ ਸਾਧਨ ਤੇ ਅਧਿਆਤਮਕ ਗੁਣਾਂ ਦਾ ਅੰਕੁ-ਅਭਾਵ ਹੋ ਜਾਂਦਾ ਹੈ। 'ਸੇਵੜੀ ਕੱਟਣੀ' ਵਰਤਾਉ ਵਿਚ ਪੁਰਾਣੀ ਲੋਕ-ਰੀਤ ਵੱਲ ਸੰਕੇਤ ਹੈ। ਪੁਰਾਣੇ ਸਮੇਂ ਵਿਚ ਬੱਚੇ ਦੇ ਜਨਮ ਸਮੇਂ ਇਕ ਲੰਮੀ ਸੇਵੜੀ ਬਣ ਲੀ ਜਿਸੇ ਕਈ ਨਾਲ ਬੰਨ੍ਹ ਦਿੰਦੇ ਸਨ ਤੇ ਹਰ ਸਾਲ ਜਨਮ -ਦਿਵਸ ਉੱਤੇ ਇਸ ਨੂੰ ਇਕ ਗੰਢ ਮਾਰ ਦਿੱਤੀ ਜਾਂਦੀ ਸੀ ਤਾਂ ਜੁ ਠੀਕ ਉਮਰ ਬਾਰੇ ਸਹੀ ਹੀ ਜਾਣਿਆ ਜਾ ਸਕੇ। ਪ੍ਰਾਣੀ ਦੀ ਮੌਤ ਉੱਤੇ ਉਸਦੀ ਸੇਵੜੀ ਨੂੰ ਕੱਟ ਕੇ ਪ੍ਰਾਣੀ ਦੇ ਸੰਗ ਹੀ ਸਾੜ ਦਿੱਤਾ ਜਾਂਦਾ ਸੀ।'

ਸੋ ਇਸ ਸਾਰੇ ਰੂਪਕ ਵਿਚ ਲੋਕ- ਤੱਤ ਦੇ ਕਣ ਸਮਾਏ ਹੋਏ ਹਨ। ਕਈ ਲੋਕ-ਸੰਕਲਪਾਂ ਦੇ ਗੁਣਾਂ ਰੂਪ ਇਸ ਵਿਚ ਓਤ-ਪੋਤ ਹਨ। ਜੇ ਇਸ ਰਚਨਾ ਵਿਚ ਇਹ ਸਾਰੇ ਤੱਤ ਨਾ ਵੀ ਹੁੰਦੇ ਤਾਂ ਵੀ ਇਸ ਰੂਪਕ ਵਿਚ ਪੰਜਾਬੀ ਦੀ ਇਕ ਲੋਕ- ਪ੍ਰਵਿਰਤੀ ਦਾ ਪ੍ਰਤਿਬਿੰਬਨ ਹੋਣ ਕਰਕੇ, ਇਹ ਰਚਨਾ ਲੋਕ- ਭਾਵਨਾ ਵਾਲੀ ਹੀ ਰਹਿੰਦੀ ਹੈ। ਇਸ ਰੂਪਕ ਵਿਚ, ਪੰਜਾਬੀਆਂ ਦੀ ਇਕ ਵਿਸ਼ੇਸ਼ ਲੋਕ- ਪ੍ਰਵਿਰਤੀ ਸਾਧਨ ਤੇ ਬੋਧ- ਭਾਵਨਾ ਬਹੁਤ ਸੁਚੱਜੇ ਢੰਗ ਨਿਭਦੀ ਹੈ। ਜੋ ਪੰਜਾਬੀ ਮੌਲ ਜਾਂਦਾ ਹੈ ਪਰਮਾਰਥਕ ਅਖਾੜੇ ਵਿਚ ਵੈਰੀਆਂ ਨਾਲ ਜੂਝਣਾ ਤੇ ਆਪਣੀ ਜਿੱਤ ਦਾ ਸਾਮਾਨ ਰਖਣਾ ਹੈ, ਤਾਂ ਅਧਿਆਤਮਕ ਪਿੜ ਵਿਚ ਕਾਮ- ਆਦਿਕ ਸਤ੍ਰੂਆਂ ਨਾਲ ਵੀ ਲੜਨ ਤੇ 'ਸੇਵੜੀ ਕੱਟਣ' ਦੀ ਆਪਣੀ ਜਿੱਤ ਲਈ ਸਦਾ ਤਤਪਰ ਹੈ। ਲੋਕ- ਪ੍ਰਵਿਰਤੀ ਇਸ ਰਚਨਾ ਦਾ ਬੜਾ ਸਜੀਵ ਲੋਕ- ਤੱਤ ਹੈ।

ਏਹੀ, ਜੋਸ਼ ਅਤੇ ਬਲ ਦੇ ਜਿੰਨ੍ਹਾਂ ਰਾਹੀਂ ਨਾਮ ਦੇ ਮਹੱਤਵ ਨੂੰ ਗੁਰੂ ਅਰਜਨ ਦੇਵ ਇਸ ਪ੍ਰਕਾਰ ਪ੍ਰਗਟ ਕਰਦੇ ਹਨ :-

ਜਿਸਹਿ ਨਾਮਿ ਨਿਵਾਜਿਆ ਤਿਸਹਿ ਮਿਲੁ ਗੁਰ ਨਾਹਿ ॥
ਆਪ ਛੁਟੀ ਆਪ ਜੋੜਿਓਂ ਫਿਰਿ ਨ ਛੁਟੈ ਤਾਹਿ ॥
ਹੈ ਮਨ ਦੂਤ ਘੋਜਿਣ ਨਾਊ ॥
ਜੋਹਿ ਜੇਤੀ ਲਾਇਹ ਮਨੂਆ ਭਲੇ ਸਮਾਉ ਸੁਆਉ ॥[10]

ਬਾਣੀਏ, ਸਰਾਫ਼ ਅਤੇ ਸੋਨੇ ਆਦਿ ਦੇ ਪਿੰਡਾਂ ਰੂਪਕਾਂ ਗੁਰੂ ਦੀ ਬਾਣੀ ਦੇ ਸਰੀਏ ਢੰਗ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ ।-

ਪੂਰੇ ਗੁਰ ਕੀ ਪੂਰੀ ਬਾਣੀ । ਪੂਰੈ ਲਾਗਾ ਪੂਰੇ ਮਾਹਿ ਸਮਾਣੀ ॥
ਚੜੈ ਸਵਾਇਆ ਨਿਤ ਨਿਤ ਰੰਗਾ ਘਟੈ ਨਾਹੀ ਤੋਲੀਆ ਹੈ ॥
ਬਾਰਹਾ ਕੰਚਨੁ ਸੁਧ ਕਰਾਇਆ ॥
ਨਦਰਿ ਸਰਾਫ਼ ਵੰਨੀਸ ਚੜਾਇਆ ॥
ਪਰਖਿ ਖਜਾਨੈ ਪਾਇਆ ਸਰਾਫ਼ੀ ਫਿਰਿ ਨਾਹੀ ਤਾਈਆ ਹੈ ॥[11]

ਇਥੇ ਲੋਕਾਂ ਦੇ ਲੈਣ- ਦੇਣ ਤੇ ਨਿਤ ਦੇ ਜੀਵਨ ਨਾਲ ਸੰਬੰਧਿਤ ਉਨ੍ਹਾਂ ਪ੍ਰਤੀਕਾਂ ਨੂੰ ਪ੍ਰਯੁਕਤ ਕੀਤਾ ਗਿਆ ਹੈ, ਜਿਨ੍ਹਾਂ ਰਾਹੀਂ ਅਧਿਆਤਮਕ ਅਰਥ ਦੀ ਡੂੰਘਾਈ ਨੂੰ ਸਹਿਜੇ ਹੀ ਪਹੁੰਚਿਆ ਜਾ ਸਕਦਾ ਹੈ । ਇਨ੍ਹਾਂ ਵਿਚ ਬਾਣੀਏ ਦੀ ਹੱਟੀ ਤੇ ਸੌਦੇ ਦਾ ਰੂਪਕ, ਚੜ੍ਹਿਆਂ ਰਹੀ ਸੋਨਾ ਸ਼ੁੱਧ ਕਰਵਾਉਣਾ ਤੇ ਸਰਾਫ਼ ਰਾਹੀਂ ਪਰਖਿਆ ਜਾਣਾ ਆਦਿ ਗੱਲਾਂ ਅਜਿਹੀਆਂ ਹਨ, ਜਿਨ੍ਹਾਂ ਦਾ ਲੋਕ- ਮਨ ਨਾਲ ਸਿੱਧਾ ਸੰਬੰਧ ਹੈ ।

ਮਾਤਰਕੀ ਤਕਨੀ ਕਾਵਿ ਵਿਚ ਅਧਿਆਤਮਕ ਤੱਤਾਂ ਅਤੇ ਦਾਰਸ਼ਨਿਕ ਵਿਚਾਰਾਂ ਦਾ ਸਮਨਵੈ ਮਿਲਦਾ ਹੈ । ਅਧਿਆਤਮਕ ਤੱਤ ਸਰੂਪ ਬ੍ਰਹਮ ਨੂੰ ਆਪਣਾ ਕੇਂਦਰ ਬਣਾਉਂਦਾ ਹੈ । ਵਿਰਾਟ ਪੱਧਰ ਉੱਪਰ ਬ੍ਰਹਮ, ਜੀਵ, ਜਗਤ, ਮਾਇਆ ਅਤੇ ਕੁਦਰਤ ਆਦਿ ਦਾਰਸ਼ਨਿਕ ਮਸਲਿਆਂ ਨਾਲ ਨਜਿੱਠਿਆ ਜਾਂਦਾ ਹੈ। ਤਕਨੀ- ਕਾਵਿ ਵਿਚ ਦਾਰਸ਼ਨਿਕ ਬ੍ਰਹਮ ਨੂੰ ਅਨੁਭਵ ਵਿਚ ਇਕਮਿਕ ਸਿੱਧ ਕੀਤਾ ਗਿਆ ਹੈ। ਇਸ ਤਰ੍ਹਾਂ ਅਧਿਆਤਮਕ -ਕਾਵਿ ਦਰਸ਼ਨ ਦੇ ਸਰਬੰਗੀ ਆਪਣੇ ਵਿਚ ਪੱਕੀ ਕਰਦਾ ਹੈ। ਗੁਰਬਾਣੀ ਵਿਚ ਰੂਪ ਆਤਮ- ਅਨੁਭੂਤੀ ਨੂੰ ਵਿਸ਼ਾ ਨਹੀਂ ਬਣਾਇਆ ਗਿਆ । ਜਿੱਥੇ ਕਿਤੇ ਮਨੁਖ ਨਾਲ ਸੰਬੰਧਿਤ ਰੂਪ-ਕਾਵਿ ਦਾ ਪ੍ਰਗਟਾਵਾ ਹੁੰਦਾ ਹੈ, ਉਥੇ ਪਤਿਆਰੂਕ ਰੂਪਵਾਚਕੀ- ਅਰਥਾਂ ਨੂੰ ਨਿਸ਼ਚਿਤ ਕਰਦੀ ਹੈ । ਇਸ ਦੇ ਉਲਟ ਜੋ ਕਿਤੇ ਰੂਪ

ਵਿਚਾਰ ਪੈਦਾ ਕੀਤਾ ਹੈ ਤਾਂ ਅੰਤ ਵਿਚ ਪਰਮਾਤਮਾ ਦਾ ਰਹੱਸਾਤਮਕ ਪੱਖ ਆ ਜੁੜਦਾ ਹੈ[12]। ਗੁਰੂ ਅਰਜਨ ਬਾਣੀ ਵਿਚ ਭਾਵਾਂ ਅਤੇ ਵਿਚਾਰਾਂ ਦਾ ਸਹਿਜ ਸੁਮੇਲ ਹੈ ਜੋ ਲੋਕ- ਬਿੰਬਾਂ ਦੁਆਰਾ ਪ੍ਰਗਟ ਹੁੰਦਾ ਹੈ।

ਗੁਰੂ ਅਰਜਨ ਬਾਣੀ ਵਿਚ ਵਿਭਿੰਨ ਪ੍ਰਕਾਰ ਦੇ ਬਿੰਬਾਂ ਦੀ ਸਿਰਜਣਾ ਹੋਈ ਹੈ, ਜਿਵੇਂ ਕਿ ਦ੍ਰਿਸ਼ ਬਿੰਬ, ਸ੍ਰਵਣ ਬਿੰਬ, ਸਪਰਸ਼ ਬਿੰਬ ਅਤੇ ਸਵਾਦ ਬਿੰਬ ਆਦਿ ਦੀ। ਇਨ੍ਹਾਂ ਸਭਨਾਂ ਦੀਆਂ ਉਦਾਹਰਣਾਂ ਪ੍ਰਸਤੁਤ ਹਨ :-

<u>ਦ੍ਰਿਸ਼ ਬਿੰਬ :-</u>

ਕੜਛੀਆਂ ਫਿਰੰਨਿ ਸੁਆਉ ਨ ਜਾਣਨਿ ਸੁੰਞੀਆਂ ॥
ਸੇਈ ਮੁਖ ਦਿਸੰਨਿ ਨਾਨਕ ਰਤੇ ਪ੍ਰੇਮ ਰਸ ॥[13]

ਇਸ ਸਲੋਕ ਵਿਚ ਹਾਂਡੀਆਂ ਵਿਚ ਕੜਛੀਆਂ ਫਿਰਨ ਦੀ ਤਸਵੀਰ ਅੱਖਾਂ ਅੱਗੇ ਆ ਖਲੋਂਦੀ ਹੈ ਅਤੇ ਇਸ ਤਰ੍ਹਾਂ ਲੋਕ- ਜੀਵਨ ਨਾਲ ਸਿੱਧਾ ਸੰਪਰਕ ਸਥਾਪਿਤ ਹੋ ਜਾਂਦਾ ਹੈ।

<u>ਸ੍ਰਵਣ ਬਿੰਬ:</u>

ਹੇਠ ਲਿਖੇ ਸ਼ਬਦ ਵਿਚੋਂ ਵੱਖ ਵੱਖ ਸਾਜ਼ਾਂ ਦੀਆਂ ਅਨੇਕਾਂ ਆਵਾਜ਼ਾਂ ਕੰਨਾਂ ਵਿਚ ਗੂੰਜਦੀਆਂ ਸੁਣੀਦੀਆਂ ਹਨ ਜਿਸ ਨਾਲ ਸ੍ਰਵਣ ਬਿੰਬ ਦੀ ਵੀ ਉਸਾਰੀ ਹੋਈ ਹੈ ਅਤੇ ਦ੍ਰਿਸ਼- ਬਿੰਬ ਵੀ ਉਭਰਦਾ ਹੈ :-

ਕਰਿ ਕਰਿ ਤਾਲ ਪਖਾਵਜੁ ਨੈਨਹੁ ॥
ਮਾਥੈ ਵਜਹਿ ਰਬਾਬਾ ॥
ਕਰਨਹੁ ਮਧੁ ਬਾਸੁਰੀ ਬਾਜੈ ॥
ਜਿਹਵਾ ਧੁਨਿ ਆਗਾਜਾ ॥
ਨਿਰਤਿ ਕਰੇ ਕਰਿ ਮਨੂਆ ਨਾਚੈ ॥
ਆਣੇ ਘੂਘਰ ਸਾਜਾ ॥[13]

<u>ਸੁਪਰਸ਼ ਬਿੰਬ :</u>

ਝਿੰਮ ਝਿੰਮ ਅੰਮ੍ਰਿਤ ਵਰਸਦਾ ॥
ਬੋਲਾਇਆ ਬੋਲੀ ਖਸਮ ਦਾ ॥
ਬਹੁ ਮਾਣੁ ਕੀਆ ਤੁਧ ਉਪਰੇ ॥
ਤੂ ਆਪੇ ਪਾਇਹਿ ਥਾਇ ਜੀਉ ॥ [14]

<u>ਸੁਆਦ ਬਿੰਬ:</u>

ਗੁਰੂ ਅਰਜਨ ਬਾਣੀ ਵਿਚ ਸੁਆਦ ਬਿੰਬ ਵੀ ਮਿਲਦੇ ਹਨ ਜੋ ਲੋਕ- ਜੀਵਨ ਨਾਲ ਜੁੜੇ ਜੁੜੇ ਮਿਲੇ ਹੋਏ ਹਨ । ਹੇਠ ਲਿਖੇ ਸ਼ਬਦ ਨੂੰ ਪੜ੍ਹਦੇ ਸਾਰ ਮੂੰਹ ਵਿਚ ਮਿਠਾਸ ਘੁਲ ਜਾਂਦੀ ਹੈ :-

ਰੈਸਾਣੀ ਮਿਠੰਡਾ ਵਿਣਜਾ ॥
ਕੰਮ ਕਰੇ ਪਾਤਸ਼ੁ ਮਿਠੜਾ ॥
ਜੋਰ ਜਾਣੀ ਸਚਿ ਸਮਾਣਾ ॥
ਕੁਝ ਸਿਹਾ ਨਾਮੀ ਕੋਇ ਜੀਉ ॥ [15]

ਨਿਮਨ ਲਿਖਿਤ ਉਦਾਹਰਣ ਵਿਚ ਦਿੱਖ ਜਾਂ ਦ੍ਰਿਸ਼- ਬਿੰਬ ਅਤੇ ਸੁਆਦ - ਬਿੰਬ ਦੀ ਅਤਿ ਸੁੰਦਰ ਮਿਲਵਰਤਣ ਹੋਈ ਹੈ :-

ਵਿਰਹਿ ਰੰਗਿ ਸਾਜਿ ਸੰਤ ਨਿਵੰਠੇ ॥
ਇਕਿ ਤੰਤੇ ਇਕਿ ਬੋਲਹਿ ਮਿਠੇ ॥
ਅਮਤ ਵੇਲ੍ਹੜੂ ਫਲਿਆ ਉਠਿ ਚਲੇ ॥
ਜਿਨ੍ਹ ਜਿਨ੍ਹ ਅਮ੍ਰਿਤ ਪਿਆਣੀਆ ॥

ਬ੍ਰਿਛ ਹੇਠ ਵਖ ਵਖ ਜੰਤੂਆਂ ਦਾ ਇਕੱਠਿਆਂ ਹੋਣਾ, ਗਾਣੇ ਗੀਤ ਗਾਉਣੇ ਮਿਠੀਆਂ, ਕੰਠੀਆਂ ਬੋਲੀਆਂ ਬੋਲਣਾ ਅਤੇ ਸ਼ਾਮ ਹੁੰਦਿਆਂ ਸਭੇ ਉਠ ਕੇ ਚਲੇ ਜਾਣ ਦਾ ਲੋਕ- ਬਿੰਬ ਸੰਸਾਰ ਦੀ ਖੇਡ੍ਹ ਜਿਹੀ ਚੀਜ਼ ਨੂੰ ਜਨ- ਸਾਧਾਰਨ ਦੇ ਮਨ ਵਿਚ ਬੜੀ ਪ੍ਰਭਾਵ ਪ੍ਰਤੀ- ਬਿੰਬਤ ਕਰਦਾ ਹੈ ।

ਜੀਵਨ ਇਕ ਪੰਧ ਹੈ ਤੇ ਜੀਵ ਇਸ ਦਾ ਪਾਂਧੀ ਹੈ। ਉਸ ਨੂੰ ਚਾਹੀਦਾ ਹੈ ਕਿ ਉਹ ਇਸ ਸਫ਼ਰ ਨੂੰ ਪੂਰੀ ਸਫ਼ਲਤਾ ਨਾਲ ਪੂਰਾ ਕਰੇ। ਪਰ ਉਹ ਰਸਤੇ ਦੇ ਰੁਝੇਵਿਆਂ ਵਿਚ ਫਸ ਕੇ ਮੰਜ਼ਿਲ ਨੂੰ ਭੁੱਲ ਬੈਠਦਾ ਹੈ। ਅਜਿਹੇ ਚਿੰਤਾ ਭਰੇ ਵਿਚਾਰਾਤਮਕ ਭਾਵਾਂ ਵਿਚ ਗੁਰੂ ਅਰਜਨ ਦੇਵ ਜੀ ਲਿਖਦੇ ਹਨ :-

> ਏਕਿ ਰੰਗੁ ਪਰਾਹੁਣਿਆ ਤੈ ਕਿਆ ਚਿਤੁ ਲਾਇਆ ॥
> ਮੁਹਲਤਿ ਪੁੰਨੜੀਆ ਕਿਤੁ ਕੂੜਿ ਲੋਭਾਇਆ ॥ 16

ਗੁਰੂ ਅਰਜਨ ਬਾਣੀ ਜਿਹੀ ਚਿੰਤਾਂ ਨਾਲ ਓਤ-ਪੋਤ ਹੈ, ਉਥੇ ਗੁਰਾਂ ਦਾ ਨਾਇਕ ਦੋਰ ਕੁਝ ਪ੍ਰਤੀਰੂਪਾਂ ਵਿਚ ਢਲਿਆ ਹੋਇਆ ਹੈ, ਜੋ ਲੋਕ-ਸੰਕਲਪ ਦੇ ਅਨੁਕੂਲ ਹੋਣ ਕਰਕੇ ਗੁਰਬਾਣੀ ਦੇ ਸਰੋਤੇ ਦੀ ਸਮਝ ਆ ਸਕਣ ਵਾਲੇ ਹਨ। ਇਹ ਪ੍ਰਤੀਰੂਪ ਗੁਰਾਂ ਦੀ ਨਾਇਕ-ਪ੍ਰਤਿਭਾ ਦਾ ਚਮਤਕਾਰ ਹਨ ਤੇ ਗੁਰਾਂ ਦੇ ਨਾਇਕ-ਲੋਕ ਦੇ ਮੂਲ ਥੰਮ ਹਨ। ਗੁਰੂ ਅਰਜਨ ਦੇ ਸਮੇਂ ਕਈ ਪ੍ਰਤੀਰੂਪ ਲੋਕ-ਸੰਕਲਪ ਵਿਚ ਵਸੇ ਹੋਏ ਸਨ ਤੇ ਲੋਕਾਂ ਦੀ ਅਧਿਆਤਮਕ ਸੋਚਣੀ ਦਾ ਮੂਲ ਪ੍ਰਮਾਣ ਸਨ, ਜਿਵੇਂ ਕਿ ਹਿੰਦੂ ਜਨ-ਸਧਾਰਨ ਦਾ ਇਹ ਨਿਸਚਾ ਸੀ ਕਿ ਪ੍ਰਭੂ ਜੋਈ ਵੱਡੇ ਅਵਤਾਰ ਦੀ ਕਲਪਨਾ ਤੇ ਸਰਬ ਸਮਰੱਥ ਜਾਣਦੀ ਹੈ, ਉਸਨੂੰ ਉਹ ਸੰਸਾਰ ਦੀ ਸਭ ਤੋਂ ਵਧ ਸ਼ਕਤੀਸ਼ਾਲੀ ਜਾਣਦੇ ਤੇ ਪ੍ਰਤੀਰੂਪ ਵਿਚ ਵੇਖਦੇ ਸਨ। ਇਸੇ ਤਰ੍ਹਾਂ ਮਰਨ ਤੇ ਪਿੱਛੋਂ ਆਤਮਾ ਜਿਸ ਅਗਲੇ ਲੋਕ ਵਿਚ ਜਾਂਦੀ, ਉਸਨੂੰ ਇਸੇ ਲੋਕ ਦਾ ਇਕ ਪ੍ਰਤੀਰੂਪ ਸਮਝਿਆ ਜਾਂਦਾ। ਅਗਲੇ ਲੋਕ ਵਿਚ ਜੀਵਾਤਮਾ ਨੂੰ ਅੰਨ ਪਾਣੀ, ਕਪੜੇ ਲੱਤੇ ਅਤੇ ਹੋਰ ਜੀਵਨ-ਵਸਤੂਆਂ ਦੀ ਉਸੇ ਤਰ੍ਹਾਂ ਲੋੜ ਪਈ ਰਹਿੰਦੀ ਹੈ, ਜਿਵੇਂ ਇਸ ਲੋਕ ਵਿਚ ਰਹਿੰਦਿਆਂ ਇਸੇ ਜੀਵ ਨੂੰ ਹੁੰਦੀ ਹੈ। ਇਸ ਸੰਸਾਰ ਦੇ ਦੁਖਾਂ ਕਲੇਸ਼ਾਂ ਤੇ ਸੰਕਟਾਂ ਦਾ ਅਗਲੇ ਲੋਕ ਵਿਚ ਦੁਹਰਾਇਆ ਜਾਣਾ ਵੀ ਹੁੰਦੀ ਨਕਲ ਜਾਂ ਇਸ ਸੰਸਾਰ ਦੇ ਸੁਖਾਂ ਦੀ ਅਗਲੇ ਲੋਕ ਵਿਚ ਪ੍ਰਾਪਤੀ ਦੀ ਜ਼ਰੂਰਤ ਸੀ। ਫਿਰ ਜਿਵੇਂ ਇਸ ਸੰਸਾਰ ਵਿਚ ਪ੍ਰਾਣੀ ਨੂੰ ਸਫ਼ਰ ਕਰਦਿਆਂ ਕਈ ਔਕੜਾਂ ਵਿਚੋਂ ਲੰਘਣਾ ਪੈਂਦਾ ਹੈ, ਅਤੇ ਨਦੀ, ਨਾਲੇ, ਖੱਡਾਂ, ਖਾਈਆਂ ਪਾਰ ਕਰਨੀਆਂ ਪੈਂਦੀਆਂ ਹਨ, ਇਸਦੇ ਅਨੁਸਾਰ ਇਸੇ ਤਰ੍ਹਾਂ ਅਗਲੇ ਲੋਕ ਤਕ ਪਹੁੰਚਣ ਲਈ ਜੀਵਾਤਮਾ ਨੂੰ ਲਹੂ, ਪਾਕ ਤੇ ਅੱਗ ਨਾਲ ਭਰੀਆਂ ਨਦੀਆਂ ਪਾਰ ਕਰਨੀਆਂ ਪੈਂਦੀਆਂ। ਜਿਵੇਂ ਇਥੇ ਦਰਿਆ ਨੂੰ ਪਸ਼ੂ ਦੀ ਪਿੱਠ ਤੇ ਬੈਠਕੇ ਪਾਰ ਕੀਤਾ ਜਾ ਸਕਦਾ ਹੈ, ਇਸੇ ਤਰ੍ਹਾਂ ਅਗਲੇ ਲੋਕ ਨੂੰ ਜਾਂਦਿਆਂ ਰਾਹ ਦੀਆਂ ਨਦੀਆਂ ਨੂੰ ਵੀ ਗਊ ਦੀ ਪੂਛ ਫੜਕੇ ਪਾਰ ਕੀਤਾ ਜਾ ਸਕਦਾ ਹੈ। ਇਸੇ ਲਈ ਹਿੰਦੂ ਮਰਨ ਲੱਗਿਆਂ ਪ੍ਰਾਣੀ ਦੇ ਹੱਥੋਂ ਗਊ ਮਨਸਾ ਕੇ ਦਾਨ ਕਰਦੇ ਸਨ ਤਾਂ ਜੋ ਅਗਲੇ ਲੋਕ ਵਿਚ

ਉਸ ਲਈ ਸਹਾਇਕ ਹੋ ਸਕੇ । ਇਸਦੇ ਅਨੁਸਾਰ ਯਮ-ਲੋਕ ਤਕ ਪਹੁੰਚਣ ਲਈ ਸਾਲ ਲਗਦਾ ਸੀ ਤੇ ਯਾਤਰੀਆਂ ਨੂੰ ਇਸ ਸਫ਼ਰ ਦੇ ਦੌਰਾਨ ਉਸੇ ਤਰ੍ਹਾਂ ਤੋਸ਼ੇ ਦੀ ਲੋੜ ਪੈਂਦੀ ਹੈ ਜਿਵੇਂ ਇਕ ਮੁਸਾਫ਼ਰ ਨੂੰ । ਇਸੇ ਲਈ ਪ੍ਰਾਣੀ ਦੀ ਮੌਤ ਦੇ ਪਿੱਛੋਂ ਇਕ ਸਾਲ ਕਿਰਿਆ-ਕਰਮ ਤੇ ਪੁੰਨ-ਦਾਨ ਦੀ ਬੜੀ ਲੋੜ ਹੁੰਦੀ ਸੀ ਤਾਂ ਜੋ ਮਰੇ ਹੋਏ ਪ੍ਰਾਣੀ ਨੂੰ ਰਾਹ ਵਿਚ ਲੋੜੀਂਦਾ ਭੋਜਨ ਨਾ ਘਟੇ । ਸਾਲ ਪਿੱਛੋਂ ਕੇਵਲ ਸ਼ਰਾਧ ਹੀ ਕਰੀਦੇ ਜਾਂਦੇ ਸਨ । ਅਗਲੇ ਲੋਕ ਵਿਚ ਫਿਰ ਮੁਹਰ ਮੋਏ ਪ੍ਰਾਣੀ ਦੇ ਚੰਗੇ ਮੰਦੇ ਕਰਮਾਂ ਦਾ ਲੇਖਾ ਧਰਮ-ਰਾਜ ਵੱਲੋਂ ਕਰਦਾ ਤੇ ਪ੍ਰਾਣੀ ਨੂੰ ਉਨ੍ਹਾਂ ਦਾ ਫਲ ਭੋਗਣਾ । ਮੋਏ ਪ੍ਰਾਣੀ ਦੀ ਅਗਲੇ ਲੋਕ ਵਿਚ ਆਪਣੇ ਪੁਰਖਿਆਂ ਨਾਲ ਸਾਂਝ-ਪ੍ਰਾਪਤ ਕਰਨ ਲਈ ਸੁਪਿੰਡੀਕਰਨ ਦੀ ਰੀਤ ਕੀਤੀ ਜਾਂਦੀ ਸੀ[17] ।

ਗੁਰੂ ਅਰਜਨ ਦੇਵ ਬਹੁਤ ਚੰਗੀ ਤਰ੍ਹਾਂ ਜਾਣਦੇ ਸਨ ਕਿ ਜਨ-ਸਾਧਾਰਨ ਪ੍ਰਤੀਰੂਪ ਦੇ ਮਾਧਿਅਮ ਰਾਹੀਂ ਹੀ ਅਧਿਆਤਮਕ ਤੱਥਾਂ ਨੂੰ ਸਮਝ ਸਕਦਾ ਹੈ। ਇਕ ਪ੍ਰਤੀਰੂਪ ਰਾਹੀਂ ਅਮੂਰਤ ਤੱਥਾਂ ਦਾ ਪ੍ਰਤੀਨਿਧਨ ਸਹਿਜੇ ਕੀਤਾ ਜਾ ਸਕਦਾ ਹੈ ਤੇ ਸੂਖਮ ਭਾਵਾਂ ਨੂੰ ਸਥੂਲ ਰੂਪ ਵੀ ਦਿੱਤਾ ਜਾ ਸਕਦਾ ਹੈ। ਇਸ ਲਈ ਗੁਰੂ ਜੀ ਦੀ ਬਾਣੀ ਵਿਚ ਪ੍ਰਤੀਰੂਪ ਵਿਧਾਨ ਅਪਣਾਇਆ ਅਤੇ ਬਿੰਬਾਂ ਦੇ ਆਸਰੇ ਨਵੇਂ ਪ੍ਰਤੀਰੂਪ ਵੀ ਸਿਰਜੇ ਜੋ ਲੋਕਾਂ ਵਿਚ ਪ੍ਰਚਲਿਤ ਪ੍ਰਤੀਰੂਪਾਂ ਨਾਲੋਂ ਵਧੇਰੇ ਸਾਰਥਕ, ਸੁਝਾਉ ਤੇ ਪ੍ਰਤਿਭਾ ਭਰਪੂਰ ਸਨ ਤੇ ਨਵੀਂ ਵਿਚਾਰਧਾਰਾ ਦੇ ਅਨੁਕੂਲ ਵੀ ਸਨ[18] ।

ਡਾਕਟਰ ਸੁਰਿੰਦਰ ਸਿੰਘ ਕੋਹਲੀ ਬਿੰਬ ਅਤੇ ਪ੍ਰਤੀਰੂਪ ਦਾ ਅੰਤਰ ਸਪਸ਼ਟ ਕਰਦਿਆਂ ਹੋਇਆਂ ਲਿਖਦੇ ਹਨ[19] ਕਿ ਬਿੰਬ ਸੀਮਿਤ ਤੇ ਇਕਾਂਗੀ ਹੁੰਦਾ ਹੈ, ਪਰ ਪ੍ਰਤੀਰੂਪ ਅਸੀਮ, ਅਨੇਕ-ਪੱਖੀ ਤੇ ਵਿਆਪਕ । ਬਿੰਬ ਆਪਣੇ ਕਾਵਿ-ਖੰਡ ਤੇ ਪ੍ਰਭਾਵ ਨਹੀਂ ਛੱਡਿਆ ਹੁੰਦਾ, ਪਰ ਪ੍ਰਤੀਰੂਪ ਕਾਵਿ ਅਨੁਭਵ ਦਾ ਇਕਾ ਹੋਰ ਕਰਕੇ ਸਾਰੀ ਰਚਨਾ ਉਤੇ ਵਿਆਪਕ ਹੁੰਦਾ ਹੈ । ਬਿੰਬ ਦਾ ਪ੍ਰਕਾਸ਼ ਛੋਟੇ ਜਿਹੇ ਲੈਂਪ ਵਾਂਗ ਹੈ ਜੋ ਜਿਥੇ ਜਗਦਾ ਹੈ, ਉੱਥੇ ਹੀ ਪ੍ਰਕਾਸ਼ ਕਰਦਾ ਹੈ, ਪਰ ਪ੍ਰਤੀਰੂਪ ਦਾ ਪ੍ਰਕਾਸ਼ ਚੰਦਰਮੇ ਸਮਾਨ ਹੁੰਦਾ ਹੈ ਜਿਸ ਦਾ ਪ੍ਰਕਾਸ਼ ਅਸੀਮ ਹੈ ਤੇ ਜਿਹੜਾ ਸਾਰੇ ਕਾਵਿ-ਜਗਤ ਉਤੇ ਫੈਲਿਆ ਹੁੰਦਾ ਹੈ। ਪ੍ਰਤੀਰੂਪ ਮੂਲ ਪ੍ਰਕਾਸ਼ ਹੈ ਤੇ ਬਿੰਬ ਉਸਦੀਆਂ ਲਹਿਰਾਂ ਅਥਵਾ ਬੁਲਬੁਲੇ ।

ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਵਾਂਗ ਆਪਣੀ ਬਾਣੀ ਵਿਚ ਤਿੰਨ ਪ੍ਰਮੁਖ ਪ੍ਰਤੀਰੂਪਾਂ ਦੀ ਵਿਵਸਥਾ ਕੀਤੀ ਹੈ ਅਤੇ ਅਧਿਆਤਮਕ ਰਹੱਸਾਂ ਨੂੰ ਪ੍ਰਗਟਾਉਣ ਲਈ ਪ੍ਰਭੂ, ਜੀਵ ਅਤੇ ਸੰਸਾਰ ਦੇ ਆਪਸੀ ਰਿਸ਼ਤਿਆਂ ਨੂੰ ਤਿੰਨ ਸੱਚਿਆਂ ਵਿਚ ਢਾਲਿਆ ਹੈ ।-

1- ਪਹਿਲੇ ਪ੍ਰਤੀਰੂਪ ਦੇ ਦੋ ਸਰੂਪ ਹਨ—

ੳ) ਪ੍ਰਭੂ ਪਾਤਸ਼ਾਹ ਹੈ, ਸੰਸਾਰ ਉਸ ਦਾ ਰਾਜ-ਖੇਤਰ, ਤੇ ਜੀਵ ਉਸਦੀ ਪ੍ਰਜਾ ਹੈ। ਅਰਥਾਤ ਧਰਤੀ ਵਿਚ ਪਰਜਾ ਨੂੰ ਪਾਤਸ਼ਾਹ ਦੇ ਹੁਕਮ ਅਤੇ ਰਜ਼ਾ ਵਿਚ ਰਹਿਣਾ ਪੈਂਦਾ ਹੈ। ਇਸ ਪ੍ਰਤੀਰੂਪ ਰਾਹੀਂ ਆਪਣੇ ਪ੍ਰਭੂ ਦੀ ਸਰਬ-ਸਮਰੱਥਤਾ, ਅਟੱਲ ਹੁਕਮ ਤੇ ਫਿਰ ਪਾਤਸ਼ਾਹੀ ਵਿਧਾਨ ਦਰਸਾਕੇ ਜੀਵ ਨੂੰ ਪ੍ਰਭੂ ਦੀ ਰਜ਼ਾ ਵਿਚ ਰਹਿਣ ਦਾ ਸੰਕਲਪ ਪੇਸ਼ ਕੀਤਾ ਹੈ :-

ਓਤਪੋਤ ਸੇਵਕ ਸੰਗ ਰਾਣਾ
ਪ੍ਰਭੂ ਪ੍ਰਤਿਪਾਲੇ ਸੇਵਕ ਸੁਖਦਾਤਾ ।
ਪਾਣੀ, ਪੱਖਾ ਪੀਸਉ, ਸੇਵਕ ਕੈ ਠਾਕੁਰ ਹੀ ਕਾ ਆਹਰ ਜੀਉ ॥
ਕਾਟ ਸਿਲਕ ਪ੍ਰਭੂ ਸੇਵਾ ਲਾਇਆ,
ਹੁਕਮ ਸਾਹਿਬ ਕਾ ਸੇਵਕ ਮਨ ਭਾਇਆ,
ਸੋਈ ਕਮਾਵੈ ਜੋ ਸਾਹਿਬ ਭਾਵੈ, ਸੇਵਕ ਅੰਤਰ ਬਾਹਰ ਮਾਹਰ ਜੀਉ ॥
ਤੂ ਦਾਨਾ ਠਾਕੁਰ ਸਭ ਬਿਧਿ ਜਾਨਹਿ,
ਠਾਕੁਰ ਕੇ ਸੇਵਕ ਹਰਿ ਰੰਗ ਮਾਣਹਿ,
ਜੋ ਕਿਛੁ ਠਾਕੁਰ ਕਾ, ਸੋ ਸੇਵਕ ਕਾ, ਸੇਵਕ ਠਾਕੁਰਹੀ ਸੰਗ ਜਾਹਰ ਜੀਉ ॥
ਅਪਨੈ ਠਾਕੁਰ ਜੋ ਪਹਿਰਾਇਆ, ਬਹੁਰ ਨ ਲੇਖਾ ਪੁੱਛ ਬੁਲਾਇਆ ।
ਤਿਸ ਸੇਵਕ ਕੈ ਨਾਨਕ ਕੁਰਬਾਣੀ, ਸੋ ਗਹਿਰ ਗੰਭੀਰਾ ਗਉਹਰ ਜੀਉ ॥[20]

ਫਿਰ ਕਹਾ :

ਜੈਸੀ ਆਗਿਆ ਕੀਨੀ ਠਾਕੁਰ ਤਿਸ ਤੇ ਮੁਖ ਨਹੀ ਮੋਰਿਓ ॥
ਸਹਿਜ ਅਨੰਦ ਰਖਿਓ ਗ੍ਰਿਹ ਭੀਤਰ, ਉਠ ਉਆਹੂ ਕਉ ਦਉਰਿਓ ॥
ਆਗਿਆ ਮਹਿ ਭੂਖ ਸੋਈ ਕਰ ਸੂਖਾ, ਸੋਗ ਹਰਖ ਨਹੀ ਜਾਨਿਓ ॥
ਜੋ ਜੋ ਹੁਕਮ ਭਇਓ ਸਾਹਿਬ ਕਾ, ਸੋ ਮਾਥੈ ਲੇ ਮਾਨਿਓ ॥
ਭਇਓ ਕ੍ਰਿਪਾਲ ਠਾਕੁਰ ਸੇਵਕ ਕਉ ਸਵਰੇ ਹਲਤ ਪਲਾਤਾ ॥
ਧੰਨ ਸੇਵਕ, ਸਫਲ ਓਹ ਆਇਆ, ਜਿਨ ਨਾਨਕ ਖਸਮ ਪਛਾਤਾ ॥[21]

ਪ੍ਰਭੂ ਨੂੰ ਪਾਤਸ਼ਾਹ ਦੇ ਪ੍ਰਤੀਰੂਪ ਵਿਚ ਪ੍ਰਗਟਾਉਣ ਦੀ ਇਕ ਹੋਰ ਉਦਾਹਰਣ ਪ੍ਰਸਤੁਤ ਹੈ, ਜਿਸ ਵਿਚ ਬਾਣੀ ਦਾ ਸੰਪੂਰਣ ਚਿੰਨ੍ਹ ਉਸਾਰਿਆ ਗਿਆ ਹੈ :

ਰਾਮਨਾ ਰਾਮਨ ਸਦਾ ਸਲਾਮਤ,
ਤਾਕਉ ਸਗਲ ਘਟਾ ਸਮ ਜਾਣਿਓ ॥
ਊਧਮ ਸੁਨਤੁ, ਰਾਮਨ ਕੀ ਸੰਤੁ,
ਕਹਿਤ ਮਿਤ ਪਾਭੂਆ ॥
ਬੇਸੁਮਾਰ ਦਰਸਾਰ ਪਾਤਾਰਾ,
ਦੂਜੈ ਕੀ ਤੇ ਦੂਜਾ ॥
ਪਵਨ ਪਰੋਇਓ ਸਗਲ ਅਕਾਸਾ,
ਪਾਵਕ ਕਾਸਟ ਸੰਗੈ ॥
ਨੀਰ ਧਰਨਿ ਕਰ ਰਾਖੇ ਏ ਕਤ,
ਕੋਇ ਨ ਕਿਸਹੀ ਸੰਗੈ ॥
ਘਟ ਘਟ ਕਥਾ ਰਾਮਨ ਕੀ ਚਾਲੈ,
ਘਰ ਘਰ ਤੁਹੀ ਉਮਾਹਾ ॥
ਜੀਅ ਜੰਤ ਸਭ ਪਾਛੈ ਕਰਿਆ,
ਪ੍ਰਥਮੇ ਰਿਜਕ ਸਮਾਹਾ ॥
ਜੋ ਕਿਛੁ ਕਰਣਾ ਸੋ ਆਪੇ ਕਰਣਾ,
ਮਸਲਤ ਕਾਹੂ ਦੀਨੀ ॥
ਅਨਿਕ ਜਤਨ ਕਰ ਕਰਉ ਦਿਖਾਈ,
ਸਾਚੀ ਸਾਖੀ ਚੀਨੀ ॥
ਬਸ ਨਾਲੇ ਨੀਚ, ਤੂਸੀ ਦਰ ਸਾਹਿਬ,
ਕੁਦਰਤ ਕਉਣ ਅਧਿਆਰਾ ॥
ਮਨ ਤਨ ਸੀਤਲ ਗੁਰਦਰਸ ਦੇਖੇ,[22]
ਨਾਨਕ ਨਾਮ ਅਪਾਰਾ ॥

ਅ) ਪ੍ਰਭੂ ਇਕ ਬਾਜ਼ੀਗਰ ਹੈ । ਸੰਸਾਰ ਖੇਡ ਦਾ ਮੈਦਾਨ ਹੈ ਤੇ ਜੀਵ ਉਸ ਦੇ ਮੋਹਰੇ ਹਨ । ਇਸ ਪ੍ਰਤੀਰੂਪ ਰਾਹੀਂ ਸੰਸਾਰ ਦੀ ਨਾਸ਼ਮਾਨਤਾ ਤੇ ਜੀਵ ਦੀ ਅਸਥਿਰਤਾ ਦਾ ਚਿਤਰਨ ਕਰਵਾਇ-ਗਿਆ ਹੈ। ਪ੍ਰਭੂ ਸੱਚਾ ਪਾਤਸ਼ਾਹ ਹੈ ਤੇ ਇਸ ਰਾਹੀਂ ਹੈ ਪ੍ਰਗਟ ਹੋਣ ਉੱਤੇ ਵੀ ਉਸ ਦੀ ਪਾਤਸ਼

ਉਸੇ ਤਰ੍ਹਾਂ ਨਾਇਕ ਕਹਿੰਦੀ ਹੈ[23] :-

ਕਾਸੇਤਹਿ ਸੀਸ ਕਾਨੋ ਪਾਨੋ ॥
ਨਾਨਾ ਰੂਪ ਭੇਖ ਦਿਖਲਾਯੋ ॥
ਜੋਗ ਉਤਾਰਿ ਬਿੰਸਿਓ ਧਮਾਨਾ ॥
ਤਬ ਭੈਲੋ ਏਕੰਕਾਰਾ ॥
ਨਵਲ ਰੂਪ ਅਸਦੇਓ ਬਿਸਤਿਓ ॥
ਨਾਨਾ ਕਹਿਓ ਗੁਰੂ ਕਰ ਤੇ ਆਇਓ ॥
ਜਲ ਤੇ ਉਠਿ ਬਹਿਰ ਤਰੰਗਾ ॥
ਨਹਿਰ ਰੂਪਨ ਤੀਨਿ ਬਹੁ- ਰੰਗਾ ॥
ਕੋਟੁ ਕੋਟਿ ਦੇਖਿਓ ਬਹੁ ਪਰਕਾਰਾ ॥
ਫਲ ਪਾਛੇ ਤੇ ਏਕੰਕਾਰਾ ॥ [24]

(2) ਦੂਜਾ ਪ੍ਰਤੀਰੂਪ ਜਲ- ਤਰੰਗ ਦਾ ਹੈ। ਇਸ ਪ੍ਰਤੀਰੂਪ ਅਨੁਸਾਰ ਪ੍ਰਭੂ ਸਾਗਰ ਹੈ, ਸੰਸਾਰ ਪ੍ਰਤੀਕ ਤੇ ਜੀਵ ਤਰੰਗਾਂ, ਜੀਵ ਤਰੰਗਾਂ ਨੂੰ ਸੰਸਾਰ ਰੂਪੀ ਪ੍ਰਤੀਕ ਵਿਚ ਰਮਣ ਕਰਦੀ ਦਰਸਾਉਣ ਵਾਸਤੇ ਇਸ ਤਰ੍ਹਾਂ ਜ੍ਵਾਰ-ਭੁਜਾਰ ਨੂੰ ਲਿਆ ਗਿਆ ਹੈ[25]। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਇਸ ਪ੍ਰਕਾਰ ਦੇ ਪ੍ਰਤੀਰੂਪ ਕਈ ਥਾਵਾਂ ਵਿਚ ਮਿਲਦੇ ਹਨ, ਕੁਝ ਉਦਾਹਰਣਾਂ ਪ੍ਰਸਤੁਤ ਹਨ :-

ੳ) 'ਜਲ ਮਹਿ ਜੈਸੇ, ਲਹਰਿ ਬਿਲੂਲਾਵ'[26]।

ਅ) 'ਸਤ ਕੈ ਘਟਹਿ ਰੂਪ ਨਹੀ ਪਾਇਆ'[27]।

ੲ) 'ਜਿ ਸੁਖਦੀਏ ਸਭੁ ਜਾਣ ਜੋ ਜਿਨ ਜੰਤ ਬਿਗੂਚਨ'[28]।

(3) ਤੀਜਾ ਪ੍ਰਤੀਰੂਪ ਅਨੁਸਾਰ ਪ੍ਰਭੂ ਪਤੀ ਹੈ, ਜੀਵ ਇਸਤਰੀਆਂ ਤੇ ਸੰਸਾਰ ਘਰ-ਗ੍ਰਿਹਸਤੀ। ਜੀਵ- ਇਸਤਰੀਆਂ ਦਾ ਕਰਤੱਵ ਹੈ ਕਿ ਉਹ ਪ੍ਰੇਮ ਦੇ ਨਾਲ ਸੁਹਾਗਾ ਪ੍ਰਭੂ- ਪਤੀ ਨੂੰ ਰਿਝਾ ਕੇ ਵਿਚ ਸੁਹਾਗ ਪ੍ਰਾਪਤ ਕਰੇ[29]।

ਭਾਰਤੀ ਸਮਾਜ ਵਿਚ ਪਤਨੀ ਦਾ ਪਤੀ ਨਾਲ ਪ੍ਰੇਮ- ਸੰਬੰਧ ਜਿੰਨਾ ਪੱਕਾ, ਸੁੱਚਾ ਤੇ ਆਤਮ- ਸਮਰਪਣਕਾਰੀ ਹੈ, ਉਤਨਾ ਹੋਰ ਕੋਈ ਸੰਬੰਧ ਨਹੀਂ । ਭਾਰਤੀ ਇਸਤਰੀ ਆਪਣੇ ਪਤੀ ਲਈ ਜਿਤਨੀ ਸ਼ਰਧਾ, ਸਤਿਕਾਰ ਤੇ ਮਾਣ ਰਖਦੀ ਹੈ, ਜਿਤਨਾ ਸੱਚਾ ਤੇ ਸੁੱਚਾ ਪ੍ਰੇਮ ਕਰਦੀ ਹੈ, ਜਿਤਨੀ ਆਪਾ ਵਾਰੂ ਸੇਵਾ ਕਰਦੀ ਹੈ, ਉਸ ਨੂੰ ਸਾਹਮਣੇ ਰੱਖ ਕੇ ਭਾਰਤੀ ਸਾਧਕਾਂ ਤੇ ਚਿੰਤਕਾਂ ਨੇ ਪ੍ਰਭੂ- ਭਗਤੀ ਲਈ ਪਤੀ- ਪਤਨੀ ਦੇ ਪ੍ਰਤੀਕ ਨੂੰ ਵੱਡੀ ਮਾਤਰਾ ਵਿਚ ਵਰਤਿਆ ਹੈ । ਗੁਰੂ ਅਰਜਨ ਦੇਵ ਜੀ ਬਾਣੀ ਵਿਚ ਵੀ ਇਹਨਾਂ ਪ੍ਰਤੀਰੂਪਾਂ ਨੂੰ ਪ੍ਰਗਟ ਕੀਤਾ ਗਿਆ ਹੈ ।

ਗੁਰੂ ਅਰਜਨ ਦੇਵ ਜੀ ਨੇ ਇਸਤਰੀਆਂ ਨੂੰ ਦੋ ਸ਼੍ਰੇਣੀਆਂ ਵਿਚ ਵੰਡਿਆ ਹੈ, ਇਕ ਉਹ ਸੁਹਾਗਣ ਇਸਤਰੀਆਂ ਹਨ ਜੋ ਆਪਣੇ ਮਨ ਤੇ ਸ਼ੁਭ ਗੁਣਾਂ ਕਾਰਨ ਅਤੇ ਸੱਚੀ ਭਗਤੀ- ਭਾਵਨਾ ਸਦਕਾ ਆਪਣੇ ਪਤੀ- ਪਰਮੇਸ਼ਰ ਦਾ ਮਨ ਭਾਉਂਦੀਆਂ ਹਨ ਅਤੇ ਦੂਸਰੀਆਂ ਉਹ ਦੁਹਾਗਣਾਂ, ਜਿਨ੍ਹਾਂ ਦੇ ਮੰਦੇ ਗੁਣਾਂ ਕਰਕੇ ਪਤੀ ਉਨ੍ਹਾਂ ਦਾ ਤਿਆਗ ਕਰ ਦੇਂਦਾ ਹੈ । ਆਪ ਲਿਖਦੇ ਹਨ ਕਿ ਧਰਤੀ ਵਿਚ ਵਸਦੀਆਂ ਕਰਮਹੀਣ ਤੇ ਮਨਮੁਖ ਜੀਵ ਰੂਪੀ ਦੁਹਾਗਣ ਪਤਨੀਆਂ ਉਸ ਸਮੇਂ ਪਛਤਾਂਦੀਆਂ ਹਨ ਜਦ ਉਨ੍ਹਾਂ ਦਾ ਪਤੀ ਉਨ੍ਹਾਂ ਦੇ ਘਰੇ ਅੰਦਰ ਪੈਰ ਨਹੀਂ ਪਾਉਂਦਾ ਅਤੇ ਸੁਹਾਗਣ ਇਸਤਰੀਆਂ ਆਪਣੇ ਪਤੀ ਦੇ ਰੰਗ ਨਾਲ ਰੰਗੀਆਂ ਹੁੰਦੀਆਂ ਹਨ ।-

ਧਨੁ ਸੋਹਾਗਨਿ ਜੋ ਪ੍ਰਭੂ ਪਛਾਣੈ ॥
ਮਾਨੈ ਹੁਕਮੁ ਤਜੈ ਅਭਿਮਾਨੈ ॥
ਪ੍ਰਿਅ ਸਿਉ ਰਾਤੀ ਰਲੀਆ ਮਾਣੈ ॥
ਸੁਨਿ ਸਖੀਏ ਪ੍ਰਭ ਮਿਲਣ ਨੀਸਾਣੀ॥
ਮਨੁ ਤਨੁ ਅਰਪਿ ਤਜਿ ਲਾਜ ਲੋਕਾਣੀ ॥
ਸਖੀ ਸਹੇਲੀ ਕਉ ਸਮਝਾਵੈ ॥
ਸੋਈ ਕਮਾਵੈ ਜੋ ਪ੍ਰਭ ਭਾਵੈ ॥
ਸਾ ਸੋਹਾਗਣਿ ਅੰਕਿ ਸਮਾਵੈ ॥
ਗਰਬ ਗਹੇਲੀ ਮਹਲੁ ਨ ਪਾਵੈ ॥
ਫਿਰਿ ਪਛੁਤਾਵੈ ਜਬ ਰੈਣਿ ਬਿਹਾਵੈ ॥ 30
ਕਰਮਹੀਣ ਮਨਮੁਖਿ ਦੁਖ ਪਾਵੈ ॥

ਪਰ ਜਿਸ ਜੀਵ ਰੂਪੀ ਇਸਤਰੀ ਉੱਤੇ ਪਰਮਾਤਮਾ ਰੂਪੀ ਪਤੀ ਦੀ ਕ੍ਰਿਪਾ- ਦ੍ਰਿਸ਼ਟੀ ਹੋ ਜਾਵੇ

ਅਰਥਾਤ ਉਸ ਨੂੰ ਤਾਂ ਜਾਪੇ, ਉਸ ਇਸਤਰੀ ਦੇ ਗੁਣ- ਔਗੁਣਾਂ ਦੀ ਪਰਵਾਹ ਨਾ ਕਰਦਿਆਂ ਹੋਇਆਂ, ਪ੍ਰਭੂ ਉਸਨੂੰ ਅਪਣਾ ਲੈਂਦਾ ਹੈ। ਇਹੋ ਜਿਹੀਆਂ ਇਸਤਰੀਆਂ ਵੱਡ-ਭਾਗੀਆਂ ਹੁੰਦੀਆਂ ਹਨ।[31]

ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਵਿਚ ਪ੍ਰਭੂ- ਸੁਹਾਗਣ ਦੀ ਬਿੰਬਾਵਲੀ ਨਹੀਂ ਵਰਤੀ, ਪਰ ਹੁਕਮ, ਗੁਲਾਮ, ਦਰਬਾਰ ਦੇ ਬਿੰਬਾਂ ਅਤੇ ਪ੍ਰਤੀਕਾਂ ਦਾ ਪ੍ਰਯੋਗ ਜ਼ਰੂਰ ਕੀਤਾ ਹੈ। ਗੁਰਬਾਣੀ ਵਿਚ ਸੁਹਾਗਣ ਵੀ ਪ੍ਰਭੂ ਦਾ ਹੁਕਮ ਮੰਨਦੀ ਹੈ ਤੇ ਉਸ ਦੀ ਸੇਵਾ ਕਰਦੀ ਵਿਖਾਈ ਜਾਂਦੀ ਹੈ, ਪਰ ਸੁਖਮਨੀ ਵਿਚ ਆਗਿਆਕਾਰੀ ਦਾ ਕਰਤੱਵ ਸੁਹਾਗਣ ਨੂੰ ਇਥੇ ਨਹੀਂ ਸੌਂਪਿਆ, ਗੁਲਾਮ ਦੇ ਸੇਵਕ ਨੂੰ ਸੌਂਪਿਆ ਹੈ। ਅਜੇਹੀ ਬਿੰਬਾਵਲੀ ਨਾਲੋਂ ਇਸ ਬਾਣੀ ਵਿਚ ਰਹੱਸਮਈ ਬਿੰਬਾਵਲੀ ਨੂੰ ਤਰਜੀਹ ਦਿੱਤੀ ਹੈ। ਪਰ ਤਾਂ ਵੀ ਸੁਖਮਨੀ ਆਮ ਤੌਰ ਤੇ ਅਧਿਆਤਮਿਕ ਵਿਚਾਰ ਹੈ ਅਭਿਵਿਅੰਜਨ ਨਹੀਂ, ਬਿੰਬਾਵਲੀ ਤੇ ਪ੍ਰਕਿਰਤੀ ਦੀ ਲੋੜ ਦੇ ਸੰਯੋਜਕ ਰੂਪ ਨਾਲ ਕੰਮ ਸਾਰ ਲੈਂਦੀ ਹੈ, ਪਰ ਕਿਤੇ ਕਿਤੇ ਕਿਸੇ ਅਗੋਚਰ ਸ਼ਕਤੀ ਨੂੰ ਸਪਸ਼ਟ ਕਰਨ ਲਈ ਲੋਕ- ਜੀਵਨ ਦੀ ਸਾਂਝੀ ਬਿੰਬਾਵਲੀ ਵਰਤੀ ਗਈ ਹੈ।[32]

<u>ਅਲੰਕਾਰ :</u>

ਜਿਥੋਂ ਤਕ ਅਲੰਕਾਰਾਂ ਦਾ ਸੰਬੰਧ ਹੈ, ਗੁਰੂ ਅਰਜਨ ਦੇਵ ਨੇ ਰੂਪਕ ਅਤੇ ਉਪਮਾ ਦਾ ਪ੍ਰਯੋਗ ਵਧੇਰੇ ਕੀਤਾ ਹੈ, ਇਸ ਲਈ ਅਸੀਂ ਏਥੇ ਇਨ੍ਹਾਂ ਦੇ ਕੁਝ ਨਮੂਨੇ ਪੇਸ਼ ਕਰ ਰਹੇ ਹਾਂ।

<u>੧- ਰੂਪਕ:</u>

ਉਪਮੇਯ ਵਿਚ ਉਪਮਾਨ ਦੇ ਨਿਸ਼ੇਧ ਰਹਿਤ ਆਰੋਪ ਨੂੰ ਰੂਪਕ ਅਲੰਕਾਰ ਕਿਹਾ ਜਾਂਦਾ ਹੈ। ਸੰਤਾਂ ਦੀਆਂ ਰਚਨਾਵਾਂ ਵਿਚ ਰੂਪਕ ਅਲੰਕਾਰ ਦੀ ਪ੍ਰਧਾਨਤਾ ਮਿਲਦੀ ਹੈ, ਸ਼ਾਇਦ ਇਸ ਲਈ ਕਿ ਇਸ ਵਿਚ ਰਹੱਸਮਈ ਅਨੁਭਵ ਨੂੰ ਵਧੇਰੇ ਸਪਸ਼ਟਤਾ ਨਾਲ ਪ੍ਰਸਤੁਤ ਕਰ ਸਕਣ ਦੀ ਸਮਰੱਥਾ ਹੈ।

ਗੁਰੂ ਅਰਜਨ ਬਾਣੀ ਵਿਚ ਪ੍ਰਯੁਕਤ ਰੂਪਕਾਂ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਆਏ ਲਗਪਗ ਸਭ ਰੂਪਕ ਲੋਕ- ਜੀਵਨ ਅਤੇ ਲੋਕ-ਮਨ ਨਾਲ ਸੰਬੰਧਿਤ ਹਨ ਤੇ ਜਨ-ਸਾਧਾਰਨ ਦੇ ਅਨੁਭਵਾਂ ਤੇ ਅਨੁਭੂਤੀਆਂ ਦੇ ਅਨੁਕੂਲ ਹਨ। ਜਿਵੇਂ ਗੁਰੂ ਨੂੰ ਬੋਹਿਥ, ਪਾਰਸ ਅਤੇ ਦਾਤਾ, ਨਾਮ ਨੂੰ ਖੇਤੀ, ਵਿਹਾਜ, ਗੁਰੂ ਸੇਵਾ ਨੂੰ ਸੋਨਾ, ਧਰਮ ਨੂੰ ਬਾਲਕ, ਸਤਿਗੁਰ ਦੇ ਸ਼ਬਦ ਨੂੰ ਪ੍ਰਕਾਸ਼ ਦੇਣ ਵਾਲਾ ਦੀਪਕ, ਨਾਮ ਨੂੰ ਰਤਨ, ਸਮੁੰਦਰ ਆਦਿ ਦੇ ਰੂਪਕਾਂ ਵਿਚ

ਵਰਤਿਆ ਗਿਆ ਹੈ। ਉਦਾਹਰਣ ਵਜੋਂ :-

ੳ) ਗੁਰੁ ਤੀਰਥ ਗੁਰ ਪਾਰਜਾਤ ਗੁਰੁ ਮਨਸਾ ਪੂਰਣਹਾਰ ॥
ਗੁਰ ਦਾਤਾ ਹਰਿ ਨਾਮੁ ਦੇਇ ਉਧਰੈ ਸਭ ਸੰਸਾਰ ॥ 33

ਅ) ਨਾਮੁ ਖੇਤੀ ਬੀਜਹੁ ਭਾਈ ਮੀਤ ॥
ਸਉਦਾ ਕਰਹੁ ਗੁਰੁ ਸੇਵਹੁ ਨੀਤ ॥
ਸਾਂਤਿ ਸਹਜ ਸੁਖ ਕੇ ਸਭਿ ਹਾਟ ॥
ਸਾਹ ਵਾਪਾਰੀ ਏਕੈ ਥਾਟ ॥ 34

ੲ) ਕਰਮ ਧਰਤੀ,ਸਰੀਰ ਜੁਗ ਅੰਤਰਿ ਜੋ ਬੋਵੈ ਸੋ ਖਾਤਿ ॥
ਕਹੁ ਨਾਨਕ ਭਗਤ ਸੋਹਹਿ ਦਰਵਾਰੇ ਮਨਮੁਖ ਸਦਾ ਭਵਾਂਤਿ ॥ 35

ਸ) ਸਤਿਗੁਰ ਸਬਦ ਉਜਾਰੋ ਦੀਪਾ ॥
ਬਿਨਸਿਓ ਅੰਧਕਾਰ ਤਿਹ ਮੰਦਰ ਰਤਨ ਕੋਠੜੀ ਖੁਲੀ ਅਨੂਪਾ ॥ 36

ਹ) ਰਤਨ ਜਵੇਹਰ ਨਾਮ ਸਤ ਸੰਤੋਖ ਗਿਆਨ ॥
ਸੁਖ ਸਹਜ ਦਇਆ ਕਾ ਪੋਤਾ ਹਰਿ ਭਗਤਾ ਹਵਾਲੈ ਹੋਤਾ ॥ 37

ਕ) ਖੁਮਣ ਬੀਰ ਅਗਾਧ ਗਾਖੜੀ ਗੁਰ ਸਬਦੀ ਪਗ ਉਤਰਾਈ ਹੈ ॥
ਮੋਲਣ ਮੋਲਤ ਮੋਖਿ ਮੁਕਤਾਇਓ, ਤਤ ਨਾਨਕ ਇਹੁ ਜਾਨਾ ਹੈ ॥
ਸਿਮਰਤ ਨਾਮ ਨਿਧਾਨ ਨਿਰਮੋਲਕੁ, ਮਨ ਮਾਣਕੁ ਪਤੀਆਨਾ ਹੈ ॥ 38

ਖ) ਹਰਿ ਕੇ ਚਰਨ ਕਮਲ ਆਧਾਰ ॥
ਸੰਤ ਪ੍ਰਸਾਦਿ ਪਾਇਓ ਸਚ ਬੋਹਿਥੁ
ਚੜ੍ਹਿ ਲੰਘਉ ਬਿਖ ਸੰਸਾਰ ॥ 39

ਗ) ਤੂੰ ਠਾਕੁਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ ॥
ਤੂੰ ਸਾਗਰੋ ਰਤਨਾਗਰੋ ਹਉ ਸਾਰ ਨ ਜਾਣਾ ਤੇਰੀ ਰਾਮ ॥ 40

ਘ) ਮੁਕਤਿ ਬੈਕੁੰਠ ਸਾਧ ਕੀ ਸੰਗਤਿ
ਜਨ ਪਾਇਓ ਹਰਿ ਕਾ ਧਾਮ ॥ 41

2- ਉਪਮਾ :

ਸ਼ਬਦ ਅਲੰਕਾਰ ਤੇ ਪ੍ਰਯੋਗ ਗੁਰੂ ਅਰਜਨ ਬਾਣੀ ਵਿਚ ਉਪਮਾ ਅਲੰਕਾਰ ਦਾ ਪ੍ਰਯੋਗ ਸਭ ਤੋਂ ਵੱਧ ਹੋਇਆ ਹੈ। ਇਹ ਸਾਰੀਆਂ ਹੀ ਉਪਮਾਵਾਂ ਲੋਕ-ਤਤ ਨਾਲ ਓਤ-ਪੋਤ ਹਨ ਅਤੇ ਸਹਜ-ਸੁਭਾਵ ਦਾ ਅਨਿਖੜ ਅੰਗ ਹਨ। ਕੁਝ ਉਦਾਹਰਣਾਂ ਇਹੋ ਜਿਹੀਆਂ ਸਾਂਝੀਆਂ ਹਨ :-

ੳ) ਜਿਉ ਬਾਰਿਕੁ ਪੀ ਖੀਰੁ ਅਘਾਵੈ ॥
ਜਿਉ ਨਿਰਧਨੁ ਧਨੁ ਦੇਖਿ ਸੁਖੁ ਪਾਵੈ ॥
ਤ੍ਰਿਖਾਵੰਤ ਜਲ ਪੀਵਤ ਠੰਢਾ
ਤਿਉ ਹਰਿ ਸੰਗਿ ਇਹੁ ਮਨ ਭੀਨਾ ਲਾਉ ॥ [42]

ਅ) ਜੈਸੀ ਮਛੁਲੀ ਨੀਰ ਇਕੁ ਖਿਨੁ ਭੀ ਨ ਧੀਰੈ,
ਮਨ ਐਸਾ ਨੇਹੁ ਕਰੇਹੁ ॥
ਜੈਸੀ ਚਾਤ੍ਰਿਕ ਪਿਆਸ ਖਿਨੁ ਖਿਨੁ,
ਬੂੰਦ ਚਵੈ ਬਰਸੁ ਸੁਹਾਵੇ ਮੇਹੁ ॥ [43]

ੲ) ਜਿਉ ਬੈਸੰਤਰ ਕਾਸਟ ਮਝਾਰਿ ॥
ਬਿਨੁ ਸੰਜਮ ਨਹੀ ਕਾਰਜ ਸਾਰਿ ॥ [44]

ਸ) ਜੈਸਾ ਸੰਗੁ ਬਿਸੀਅਰ ਸਿਉ ਹੈ ਰੇ,
ਤੈਸੋ ਹੀ ਇਹੁ ਪਰਗ੍ਰਿਹੁ ॥ [45]

ਹ) ਜਿਉ ਮੰਦਰ ਕਉ ਥਾਮੈ ਥੰਮਨੁ ॥
ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥
ਜਿਉ ਪਾਖਾਣੁ ਨਾਵ ਚੜਿ ਤਰੈ,
ਪ੍ਰਾਣੀ ਗੁਰ ਚਰਣੀ ਲਗਤੁ ਨਿਸਤਰੈ ॥
ਜਿਉ ਅੰਧਕਾਰ ਦੀਪਕ ਪਰਗਾਸੁ,
ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ ॥
ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ ॥
ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ ॥

ਤਿਨ ਸੰਤਨ ਕੀ ਬਾਛਉ ਧੂਰਿ ॥
ਨਾਨਕ ਕੀ ਹਰਿ ਲੋਚਾ ਪੂਰਿ ॥[46]

ਗ) ਅਬ ਮੋਰੋ ਨਾਚਨੋ ਰਹੋ ।
ਲਾਲ ਰੰਗੀਲਾ ਸਹਜੇ ਪਾਇਓ ਸਤਿਗੁਰ ਬਚਨਿ ਲਹੋ ॥
ਕੁਆਰ ਕੰਨਿਆ ਜੈਸੇ ਸੰਗਿ ਸਹੇਰੀ ਪ੍ਰਿਅ ਬਚਨ ਉਪਹਾਸ ਕਹੋ ॥
ਜਉ ਸੁਰਿ ਜਨ ਗ੍ਰਿਹ ਭੀਤਰਿ ਆਇਓ ਤਬ ਮੁਖਿ ਕਾਜ ਲਜੋ ॥
ਜਿਉ ਕਨਿਕੋ ਕੋਠਾਰੀ ਚੜਿਓ ਕਬਰੋ ਹੋਤ ਫਿਰੋ ॥
ਜਬ ਤੇ ਸੁਧ ਭਏ ਹੈ ਬਾਰਹਿ ਤਬ ਤੇ ਥਾਨ ਥਿਰੋ ॥
ਜਉ ਦਿਨੁ ਰੈਨਿ ਤਊ ਲਉ ਬਜਿਓ ਮੂਰਤ ਘਰੀ ਪਲੋ ॥
ਬਜਾਵਨਹਾਰੋ ਊਠ ਸਿਧਾਰਿਓ ਤਬ ਫਿਰਿ ਬਾਜੁ ਨ ਭਇਓ ॥
ਜੈਸੇ ਕੁੰਭ ਉਦਕ ਪੂਰਿ ਆਨਿਓ ਤਬ ਓਹੁ ਭਿੰਨ ਦ੍ਰਿਸਟੋ ॥
ਕਹੁ ਨਾਨਕ ਕੁੰਭੁ ਜਲੈ ਮਹਿ ਡਾਰਿਓ ਅੰਭੈ ਅੰਭ ਮਿਲੋ ॥[47]

ਉਪਰੋਕਤ ਉਦਾਹਰਣਾਂ ਵਿਚਲੀਆਂ ਉਪਮਾਵਾਂ ਬਹੁਤੀਆਂ ਸਰਲ, ਸਹਿਜ ਅਤੇ ਰੋਜ਼ਾਨਾ ਜੀਵਨ ਵਿਚੋਂ ਲਈਆਂ ਗਈਆਂ ਹਨ ਜਿਨ੍ਹਾਂ ਨਾਲ ਲੋਕ- ਮਨ ਚਿਰ- ਕਾਲ ਜੁੜਿਆ ਹੋਇਆ ਹੈ। ਬਾਲਕ- ਦੁੱਧ, ਕਿਰਸਾਨ-ਧਾਨ, ਤ੍ਰਿਖਾਵੰਤ- ਜਲ, ਧਰਤੀ- ਵਿਸਾਖ, ਮਾਨਸਰੋਵਰ, ਕਾਠ- ਅਗਨੀ, ਕੁੰਆਰੀ ਕੰਨਿਆ, ਕੋਠਾਰੀ ਚੜ੍ਹਿਆ ਸੋਨਾ, ਮੰਦਰ- ਧੂਮ, ਪੱਥਰ-ਬੇੜੀ ਬਜੰਤ੍ਰ- ਵਜਾਕ ਅਨੇਕ ਐਸੀ ਉਪਮਾਵਾਂ ਦੀ ਛਟਾ ਦ੍ਰਿਸ਼ਟੀਗੋਚਰ ਹੁੰਦੀ ਹੈ ਜੋ ਲੋਕ- ਤੱਤਾਂ ਨਾਲ ਭਰਪੂਰ ਹੈ। ਇਹ ਉਪਮਾਵਾਂ ਜਿਥੇ ਗੂੜ੍ਹੇ ਭਾਵਾਂ ਨੂੰ ਸਹਿਜ ਸਰਲ ਬਣਾਉਂਦੀਆਂ ਹਨ, ਉਥੇ ਗੁਰੂ ਕਵੀ ਦੀ ਕਾਵਿ- ਪ੍ਰਤਿਭਾ ਦੀਆਂ ਵੀ ਸੂਚਕ ਹਨ।

ਕਾਫ਼ੀ ਹੈ ਅਸੀਂ ਕੁਝ ਇਕ ਅਲੰਕਾਰਾਂ ਦੀਆਂ ਵੰਨਗੀਆਂ ਪ੍ਰਸਤੁਤ ਕਰਨ ਜੋ ਗੁਰੂ ਅਰਜਨ ਸਾਹਿਬ ਦੀ ਬਾਣੀ ਵਿਚੋਂ ਉਪਲਬਧ ਹਨ।

**ਸ਼ਬਦ ਅਲੰਕਾਰ:**

ਜਿਵੇਂ ਉੱਪਰ ਦੱਸਿਆ ਹੈ, ਜਿਥੇ ਸ਼ਬਦਾਂ ਦੀ ਵਿਉਂਤ ਨਾਲ ਰਚਨਾ ਦੀ ਸੁੰਦਰਤਾ ਵਿਚ ਵਾਧਾ ਹੋਵੇ, ਸ਼ਬਦ ਅਲੰਕਾਰ ਚਾਰ ਪ੍ਰਕਾਰ ਹੈ: ਅਨੁਪ੍ਰਾਸ, ਸ਼ਲੇਸ਼, ਜਮਕ ਤੇ ਵੀਪਸਾ। ਅਨੁਪ੍ਰਾਸ ਦੇ ਅੱਗੋਂ ਪੰਜ ਭੇਦ ਹਨ: - ਛੇਕ, ਵ੍ਰਿਤੀ, ਸ਼ਰੁਤੀ, ਲਾਟ ਤੇ ਅੰਤ।

<u>ਛੇਕ ਅਨੁਪ੍ਰਾਸ ਅਲੰਕਾਰ :</u>

ਜਿੱਥੇ ਅੱਖਰ ਮੁੱਢ ਵਿਚ ਅਤੇ ਵਿਚਕਾਰ ਕਈ ਵਾਰੀ ਵਰਤਿਆ ਜਾਂਦਾ ਹੈ ਜਿਵੇਂ :-

> ਹੈਵਰ ਗੈਵਰ ਰਾਜ ਰੰਗ
> ਤਿਆਗ ਚਲਿਓ ਹੈ ਮੂੜ ਨੰਗ ॥[48]

ਹੈਵਰ, ਗੈਵਰ (ਹਾਥੀ ਘੋੜੇ) ਇਸ ਵਿਚ ਛੇਕ ਅਨੁਪ੍ਰਾਸ ਹੈ। ਮਨੁਖ ਨੂੰ ਉਪਦੇਸ਼ ਕੀਤਾ ਗਿਆ ਹੈ ਕਿ ਕੁਝ ਵੀ ਨਾਲ ਨਹੀ ਜਾਂਦਾ। ਹੈਵਰ- ਗੈਵਰ ਕਹਿ ਕੇ ਪ੍ਰਭਾਵ ਵਿਚ ਵਾਧਾ ਕੀਤਾ ਗਿਆ ਹੈ।

<u>ਵ੍ਰਿਤੀ ਅਨੁਪ੍ਰਾਸ:</u>

ਜਿੱਥੇ ਅੱਖਰ ਜਾਂ ਕੁਝ ਅੱਖਰਾਂ ਦਾ ਸਮੂਹ ਤੁਕਾਂ ਦੇ ਅਖੀਰ ਵਿਚ ਆਵੇ ਅਤੇ ਤੁਕਾਂ ਦੀ ਲੈਅ ਅਤੇ ਤੋਲ ਮਿਲਦੇ ਹੋਣ ਤਾਂ ਵ੍ਰਿਤੀ ਅਨੁਪ੍ਰਾਸ ਹੁੰਦਾ ਹੈ। ਇਸ ਦੀਆਂ ਅਨੇਕ ਸੁੰਦਰ ਉਦਾਹਰਣਾਂ ਗੁਰੂ ਅਰਜਨ- ਬਾਣੀ ਵਿਚ ਪ੍ਰਾਪਤ ਹਨ। ਕੁਝ ਨਮੂਨੇ ਪ੍ਰਸਤੁਤ ਹਨ:

ੳ) ਦਰਸਨ ਪਰਸਨ ਸਰਸਨ ਹਰਸਨ ਰੰਗਿ ਰੰਗੀ ਕਰਤਾਰੀ ਹੈ ॥
ਖਿਨੁਰਮ ਗੁਰਗਮ ਹਰਿਦਮ ਨਹਜਮ ਹਰਿ ਕੰਠਿ ਨਾਨਕ ਉਰਿਹਾਰੀ ਹੈ ॥[49]

ਅ) ਸਿਮਰਉ ਸਿਮਰ ਸਿਮਰਿ ਸੁਖ ਪਾਵਉ ॥[50]

ੲ) ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚ ਵਣਾ ॥[51]

<u>ਸ੍ਰੁਤੀ ਅਨੁਪ੍ਰਾਸ :</u>

ਇਸ ਵਿੱਚ ਤੁਕਾਂ ਦੇ ਅੱਖਰਾਂ ਦਾ ਉਚਾਰਣ ਮੂੰਹ ਦੇ ਇੱਕੋ ਹਿੱਸੇ ਵਿਚ ਹੁੰਦਾ ਹੈ ਜਿਵੇਂ :-

> ਪਾਰਬ੍ਰਹਮ ਪ੍ਰਭ ਭਏ ਦਇਆਲਾ,
> ਦੁਖ ਮਿਟਿਆ ਸਭ ਪਰਵਾਰੀ ॥[52]

## ਲਾਟ ਅਨੁਪ੍ਰਾਸ :

ਜਿਥੇ ਵਿਸਰਾਮ ਬਦਲ ਕੇ ਨਾਲ ਅਰਥ ਹੋਰ ਹੀ ਹੋ ਜਾਣ, ਉਥੇ ਲਾਟ-ਅਨੁਪ੍ਰਾਸ ਹੁੰਦਾ ਹੈ । ਗੁਰੂ ਅਰਜਨ ਬਾਣੀ 'ਚੋਂ ਹੇਠ ਲਿਖੀ ਮਿਸਾਲ ਪੇਸ਼ ਹੈ :-

ਗੁਰੂ ਸਰਣ ਆਵੈ ਨਹੀਂ, ਲਾਗੈ ਦੁਖ ਪੀੜ ॥
ਗੁਰੂ ਸਰਣ ਆਵੈ, ਨਹੀਂ ਲਾਗੈ ਦੁਖ ਪੀੜ ॥[53]

ਇਸ ਵਿਚ ਪਹਿਲੀ ਤੁਕ ਦਾ ਅਰਥ ਹੈ ਕਿ ਜੋ ਲੋਕ ਗੁਰੂ ਦੀ ਸ਼ਰਣ ਵਿਚ ਨਹੀਂ ਆਉਂਦੇ ਉਨ੍ਹਾਂ ਨੂੰ ਦੁਖ ਤੇ ਪੀੜ ਦਾ ਸ਼ਿਕਾਰ ਹੋਣਾ ਪੈਂਦਾ ਹੈ ਅਤੇ ਦੂਸਰੀ ਤੁਕ ਜਿਹੜੀ ਸ਼ਬਦਰੂਪੀ ਤੌਰ ਤੇ ਪਹਿਲੀ ਤੁਕ ਦਾ ਹੀ ਦੁਹਰਾਉ ਜਾਪਦੀ ਹੈ ਦਾ ਅਰਥ ਹੈ ਕਿ ਜਿਹੜੇ ਲੋਕ ਗੁਰੂ ਦੀ ਸ਼ਰਣ ਆਉਂਦੇ ਹਨ, ਉਨ੍ਹਾਂ ਨੂੰ ਦੁਖ ਅਤੇ ਪੀੜ ਦਾ ਸ਼ਿਕਾਰ ਨਹੀਂ ਹੋਣਾ ਪੈਂਦਾ ।

## ਵੀਪਸਾ ਸ਼ਬਦ ਅਲੰਕਾਰ :

ਇਸ ਵਿਚ ਇਕੋ ਸ਼ਬਦ ਜਾਂ ਸ਼ਬਦਾਂ ਦਾ ਸਮੂਹ ਅਦਭੁਤੀ ਭਾਵ ਉਪਜੇ ਹੀ ਅਰਥ ਦੀ ਪੁਸ਼ਟੀ ਲਈ ਵਰਤਿਆ ਜਾਂਦਾ ਹੈ,

ੳ) ਸਤਿ ਸਤਿ ਹਰਿ ਸਤਿ ਸੁਆਮੀ,
ਸਤਿ ਸਾਧ ਸੰਗੈ ॥[54]

ਅ) ਧੁਖ ਧੁਖ ਧੁਖ ਧੁਖ ਧੁਖ ਤੇਰਾ ਨਾਮ ॥
ਕੂਨ ਕੂਨ ਕੂਨ ਕੂਨ ਕੂਨੋ ਕੁਮਾਨ ॥[55]

ੲ) ਸਫਲ ਸਫਲ ਸਫਲ ਦਰਸ ਰੇ ।
ਪਰਸਿ ਪਰਸਿ ਗੁਣ ਗਾਵੈਂ ।
ਨਾਨਕ ਤਤਿ ਤਤਿ ਸਿਉ ਮਿਲੀਐ ।
ਹੀਰੈ ਹੀਰੁ ਬਿਧਾਇਓਸਿ ॥[56]

ਸ) ਹਰਿ ਹਰੇ ਹਰਿ ਗੁਣਿ ਹਰਿ ਜਨ ਉਤਮ ।
ਕਿਆ ਉਪਮਾ ਤਿਨ ਥੋਰੀ ॥
ਰਾਮ ਨਾਮ ਤੁਲ ਅਉਰੁ ਨ ਉਪਮਾ,
ਜਨ ਨਾਨਕ ਕ੍ਰਿਪਾ ਕਰੀਜੈ ॥[57]

ਜਿਨ੍ਹਾਂ ਤੋਂ ਛੁੱਟ ਹੋਰ ਅਨੇਕ ਸ਼ਬਦ ਅਲੰਕਾਰ ਤੇ ਅਰਥ ਅਲੰਕਾਰ ਗੁਰੂ ਅਰਜਨ ਬਾਣੀ ਵਿਚ ਪ੍ਰਾਪਤ ਹਨ ਜਿਨ੍ਹਾਂ ਦੁਆਰਾ ਜਿਥੇ ਕਾਵਿ-ਸੌਂਦਰਜ ਵਿਚ ਵਾਧਾ ਹੋਇਆ ਹੈ, ਉਥੇ ਲੋਕ-ਧਾਰਾ ਵਿਚੋਂ ਇਨ੍ਹਾਂ ਦੀ ਚੋਣ ਹੋਣ ਕਾਰਨ ਤੇ ਲੋਕ-ਜੀਵਨ ਨਾਲ ਸਿੱਧਾ ਸੰਬੰਧ ਹੋਣ ਕਾਰਨ ਇਹ ਲੋਕ-ਰਸ ਨਾਲ ਓਤ-ਪੋਤ ਹਨ। ਇਸੇ ਲਈ ਸੂਖਮ ਤੋਂ ਸੂਖਮ ਤੇ ਗੰਭੀਰ ਵਿਸ਼ੇ ਵੀ ਲੋਕ-ਮਨ ਦੀ ਪਹੁੰਚ ਵਿਚ ਸਹਿਜ ਹੀ ਆ ਜਾਂਦੇ ਹਨ।

***

## ਟਿਪਣੀਆਂ ਤੇ ਹਵਾਲੇ

1- ਬੇਦੀ, ਕਰਤਾਰ ਸਿੰਘ, ਡਾ., ਗੁਰੂ ਅਰਜਨ ਦੇਵ ਤੇ ਦਾਦੂ ਦਿਆਲ, ਪੰਨਾ 291-92

2- ਰੂਪਕ- ਅਲੰਕਾਰ ( 2: 85)

3- ਸੰਦੇਹ- ਅਲੰਕਾਰ ।

4- ਸ਼ੁਕਲ, ਪ੍ਰੇਮ ਨਾਰਾਇਣ, ਡਾ., ਸੰਤ ਸਾਹਿਤਯ, ਪੰਨਾ- 357.

5- ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ, ਪੰਨਾ 292-93

6- ਦੇ ਕ੍ਰਿਟੀਕਲ ਸਟੱਡੀ ਆਫ਼ ਆਦਿ ਗ੍ਰੰਥ ।

7- ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ, ਪੰਨਾ 294-95

8- ਗੁਰੂ ਅਰਜਨ ਦੇਵ ਦੀ ਬਾਣੀ ਵਿਚ ਲੋਕ- ਤੱਤ, ਪੰਨਾ 12- 13.

9- ਉਹੀ, ਪੰਨਾ 13-14.

10- ਮਾਰੂ ਮਹਲਾ, 5.

11- ਮਾਰੂ ਸੋਲਹੇ ਮ: 5

12- ਕਰਮਜੀਤ ਸਿੰਘ : ਗੁਰੂ ਅਰਜਨ ਬਾਣੀ ਵਿਚ ਸਰੋਦੀ ਬਿੰਬ, ਪੰਨਾ- 49

13- ਮਾਰੂ ਕੀ ਵਾਰ, ਪਉੜੀ ਮਹਲਾ 5

14- ਸਿਰੀ ਰਾਗ ਮਹਲਾ 5

15- ਉਹੀ ।

16- ਆਸਾ ਮਹਲਾ 5

17- ਗੁਰੂ ਨਾਨਕ ਤੇ ਲੋਕ - ਪ੍ਰਵਾਹ, ਪੰਨਾ 68- 69

18- ਉਹੀ ।

19- ਉਹੀ ।

20- ਮਾਝ ਮਹਲਾ 5.

21- ਮਾਰੂ ਮਹਲਾ 5.

22- ਸਾਰੰਗ ਮਹਲਾ 5, ਅਸਟਪਦੀ

23- ਗੁਰੂ ਨਾਨਕ ਤੇ ਲੋਕ- ਪ੍ਰਵਾਹ, ਪੰਨਾ- 70

24- ਰਾਗ ਸੂਹੀ ਮ: 5, ਘਰ 1, ਪੰਨਾ 736.

25- ਗੁਰੂ ਨਾਨਕ ਤੇ ਲੋਕ- ਪ੍ਰਵਾਹ, ਪੰਨਾ- 70

26- ਗਉੜੀ ਸੁਖਮਨੀ ਮ: 5.

27- ਆਸਾ ਮਹਲਾ 5

28- ਮਹਲਾ 5, ਵਾਰ ਰਾਮਕਲੀ- 2

29- ਗੁਰੂ ਨਾਨਕ ਤੇ ਲੋਕ ਪ੍ਰਮਾਣ, ਪੰਨਾ- 71

30- ਸੂਹੀ ਮਹਲਾ 5, ਘਰ 1, ਪੰਨਾ- 737.

31- ਗੁਨ ਅਵਗੁਨ ਮੇਰੋ ਕਛੁ ਨ ਬੀਚਾਰੋ ॥
ਨਹ ਦੇਖਿਓ ਰੂਪ ਰੰਗ ਸੀਗਾਰੋ ॥
ਚਜ ਅਚਾਰ ਕਿਛੁ ਬਿਧਿ ਨਹੀ ਜਾਨੀ ॥
ਬਾਹ ਪਕਰਿ ਪ੍ਰਿਅ ਸੇਜੈ ਆਨੀ ॥
(ਆਸਾ ਮਹਲਾ 5 )

32- ੳ) ਅਨਿਕ ਭਾਂਤਿ ਮਾਇਆ ਕੇ ਹੇਤ ॥
ਸਰਪਰ ਹੋਵਤ ਜਾਨੁ ਅਨੇਤ ॥
ਬਿਰਖ ਕੀ ਛਾਇਆ ਸਿਉ ਰੰਗੁ ਲਾਵੈ ॥
ਓਹ ਬਿਨਸੈ ਉਹੁ ਮਨਿ ਪਛੁਤਾਵੈ ॥
( 5/3 )

ਅ) ਜਿਹ ਪੈਡੈ ਮਹਾ ਅੰਧ ਗੁਬਾਰਾ ॥
ਹਰਿ ਕਾ ਨਾਮੁ ਸੰਗਿ ਉਜੀਆਰਾ ॥
( 2/4)

ੲ) ਸੁਨਿ ਅੰਧਾ ਕੈਸੇ ਮਾਰਗੁ ਪਾਵੈ ॥
ਕਰੁ ਗਹਿ ਲੇਹੁ ਓੜਿ ਨਿਬਹਾਵੈ ॥
ਕਹਾ ਬੁਝਾਰਤਿ ਬੂਝੈ ਡੋਰਾ ॥
ਨਿਸਿ ਕਹੀਐ ਤਉ ਸਮਝੈ ਭੋਰਾ ॥
ਕਹਾ ਬਿਸਨਪਦ ਗਾਵੈ ਗੁੰਗ ॥
ਜਤਨ ਕਰੈ ਤਉ ਭੀ ਸੁਰ ਭੰਗ ॥
ਕਹ ਪਿੰਗੁਲ ਪਰਬਤ ਪਰ ਭਵਨ ॥
ਨਹੀ ਹੋਤ ਊਹਾ ਉਸੁ ਗਵਨ ॥
ਕਰਤਾਰ ਕਰੁਣਾ ਮੈ ਦੀਨੁ ਬੇਨਤੀ ਕਰੈ ॥
ਨਾਨਕ ਤੁਮਰੀ ਕ੍ਰਿਪਾ ਤਰੈ ॥
( 4/ 6 )

33- ਸਿਰੀ ਰਾਗ ਮਹਲਾ- 5.

34- ਆਸਾ ਮ: 5, ਅਸ਼ਟਪਦੀਆਂ

35- ਸਿਰੀ ਰਾਗੁ ਮ: 5

36- ਬਿਲਾਵਲ ਮ: 5, ਚਉਪਦੇ ਦੁਪਦੇ ਘਰ 7

37- ਰਾਮਕਲੀ ਮ: 5

38- ਆਸਾ ਮ: 5

39- ਸੋਰਠ ਮ: 5

40- ਸੂਹੀ ਮ: 5, ਛੰਤ

41- ਧਨਾਸਰੀ ਮ: 5

42- ਮਾਝ ਮ: 5

43- ਆਸਾ ਮ: 5, ਛੰਤ, ਘਰ 6

44- ਰਾਗੁ ਤੁਖਾਰੀ, ਮ: 5, ਘਰ 6

45- ਆਸਾ ਮ: 5

46- ਗਉੜੀ ਸੁਖਮਨੀ ਮ: 5

47- ਸਾਰੰਗ ਮ: 5

48- ਰਾਗੁ ਗਉੜੀ ਚੇਤੀ ਮ: 5

49- ਆਸਾ ਛੰਤ ਮ: 5

50- ਗਉੜੀ ਸੁਖਮਨੀ ਮ: 5

51- ਬਾਰਹਮਾਹਾ ਮਾਝ ਮਹਲਾ 5, ਘਰ 4

52- ਸੋਰਠ ਮ: 5

53- ਉਹੀ ।

54- ਮ: 5, ਆਦਿ ਗ੍ਰੰਥ, ਪੰਨਾ 1226.

55- ਉਹੀ, ਪੰਨਾ 1138

56- ਉਹੀ, ਪੰਨਾ 1322.

57- ਉਹੀ, ਪੰਨਾ 1324

* * *

## ਅਧਿਆਇ ਸਤਵਾਂ

# ਗੁਰੂ ਅਰਜਨ ਬਾਣੀ ਵਿਚ ਸੰਗੀਤਾਤਮਕਤਾ

## ਗੁਰੂ ਅਰਜਨ ਬਾਣੀ ਵਿਚ ਸੰਗੀਤਾਤਮਕਤਾ

ਸੰਗੀਤ ਮਨ ਦਿਆਂ ਭਾਵਾਂ ਨੂੰ ਅਤੇ ਵਿਚਾਰਾਂ ਨੂੰ ਤਰਲਤਾ ਪ੍ਰਦਾਨ ਕਰਦਾ ਹੈ। ਸੰਗੀਤ, ਮਨੁੱਖ ਨੂੰ ਹੀ ਨਹੀਂ, ਸਗੋਂ ਪਸ਼ੂ- ਪੰਛੀਆਂ ਨੂੰ ਵੀ ਇਕ ਅਦ੍ਰਿਸ਼ਟ ਜਹੀ ਸ਼ਕਤੀ ਬਖਸ਼ਦਾ ਹੈ। ਕਵਿਤਾ ਤੇ ਸੰਗੀਤ ਦਾ ਬਹੁਤ ਡੂੰਘਾ ਸੰਬੰਧ ਹੈ। ਸੰਗੀਤਮਈ ਕਾਵਿ ਸਿੱਧੇ ਤੌਰ ਤੇ ਮਨ ਨੂੰ ਟੁੰਬਦਾ ਤੇ ਸਿੱਧਾ ਆਪਣੀ ਪਕੜ ਵਿਚ ਲੈ ਲੈਂਦਾ ਹੈ। ਭਾਰਤੀ ਸਿਧਾਂਤ ਅਨੁਸਾਰ ਰਾਗ ਨੂੰ ਆਪਣੇ ਆਪ ਵਿਚ ਸੰਪੂਰਨ ਕਲਾ ਮੰਨਿਆ ਗਿਆ ਹੈ ਤੇ ਕਵਿਤਾ ਨੂੰ ਆਪਣੇ ਆਪ ਵਿਚ। ਪਰ ਭਗਤ ਕਵੀਆਂ ਵਿਚ ਇਕ ਸੰਜੋਗਾਤਮਕ ਪ੍ਰਕਿਰਿਆ ਸੀ। ਜਿਵੇਂ ਉਨ੍ਹਾਂ ਨੇ ਗਿਆਨ ਤੇ ਭਗਤੀ ਨੂੰ ਮਿਲਾ ਦਿੱਤਾ ਤਿਵੇਂ ਉਨ੍ਹਾਂ ਨੇ ਕਵਿਤਾ ਤੇ ਰਾਗ ਨੂੰ ਇਕੱਠਾ ਕਰਕੇ ਇਸ ਗੱਲ ਦਾ ਪ੍ਰਗਟਾਵਾ ਕੀਤਾ ਹੈ ਕਿ ਇਹ ਸੰਜੋਗ ਸੁਭਾਵਿਕ ਢੰਗ ਤੇ ਵਧੇਰੇ ਪ੍ਰਭਾਵਸ਼ਾਲੀ ਹੈ। ਨਾਦ- ਬਿੰਦ ਜੋੜੀ ਅਤੇ ਰਚਨਾ ਕੁਦਰਤ ਦੀ ਅਨੋਖਾ ਨਾਲ ਜੁੜੇ ਸਨ।

ਗੁਰੂ ਸਾਹਿਬਾਨ ਦੀ ਬਾਣੀ ਵਿਚ ਪ੍ਰਮੁਖਤਾ ਤੇ ਪ੍ਰਾਥਮਿਕਤਾ ਰਾਗ ਨੂੰ ਦਿੱਤੀ ਗਈ ਹੈ, ਰਸ ਨੂੰ ਨਹੀਂ। ਹਾਲਾਂਕਿ ਭਾਰਤੀ-ਕਾਵਿ ਵਿਚ ਰਸ ਨੂੰ ਮੁਖ ਆਧਾਰ ਮੰਨਿਆ ਗਿਆ ਹੈ। ਇਹੋ ਕਾਰਣ ਹੈ ਕਿ ਰਸ ਨੂੰ ਉਤਪੰਨ ਕਰਨ ਲਈ ਭਾਰਤੀ ਆਚਾਰੀਆਂ ਨੇ ਕਵਿਤਾ ਵਿਚ ਛੰਦਾਂ ਦੀ ਚੋਣ ਅਤੇ ਅਲੰਕਾਰ ਆਦਿ ਰਸ ਦੇ ਅਨੁਕੂਲ ਕਰਨ ਦੇ ਨਿਯਮ ਦੱਸੇ ਹਨ। ਪਰ ਗੁਰੂ ਗ੍ਰੰਥ ਸਾਹਿਬ ਵਿਚ ਇਹ ਸਭ ਕੁਝ ਉਸ ਰਾਗ ਅਨੁਸਾਰ ਨਿਭਾਇਆ ਜਾਂਦਾ ਹੈ ਜਿਸ ਵਿਚ ਕਿਸੇ ਸ਼ਬਦ ਦੀ ਰਚਨਾ ਹੋਈ ਹੈ। ਇਸੇ ਲਈ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਨੂੰ ਰਾਗਾਂ ਅਨੁਸਾਰ ਵੰਡਿਆ ਗਿਆ ਹੈ, ਰਸ ਅਨੁਸਾਰ ਨਹੀਂ। ਡਾਕਟਰ ਤਾਰਨ ਸਿੰਘ ਦੇ ਸ਼ਬਦਾਂ ਵਿਚ 'ਇਉਂ ਪ੍ਰਤੀਤ ਹੁੰਦਾ ਹੈ ਕਿ 'ਰਸ', 'ਰਾਗ' ਦਾ ਕੇਵਲ ਇਕ ਪੱਖ ਹੈ ਤੇ 'ਰਾਗ' ਕੋਈ ਵਧੇਰੇ ਮਹਾਨਤਾ ਵਾਲੀ ਚੀਜ਼ ਹੈ।'[1]

ਗੁਰੂ ਅਰਜਨ ਦੇਵ ਜੀ ਨੂੰ ਦੈਵੀ, ਕਲਾਤਮਕ ਤੇ ਲੌਕਿਕ, ਸਭ ਤਰ੍ਹਾਂ ਦੇ ਸੰਗੀਤ ਵਿਚ ਨਿਪੁੰਨਤਾ ਪ੍ਰਾਪਤ ਸੀ। ਉਨ੍ਹਾਂ ਦਾ ਗੁਰੂ ਗ੍ਰੰਥ ਸਾਹਿਬ ਦਾ ਰਾਗਾਂ ਅਨੁਸਾਰ ਕੀਤਾ ਸੰਪਾਦਨ ਹੀ ਇਸ ਗੱਲ ਦਾ ਵੱਡਾ ਪ੍ਰਮਾਣ ਹੈ ਕਿ ਸੰਗੀਤ ਨੂੰ ਉਨ੍ਹਾਂ ਦੀ ਕਾਵਿ-ਭੂਮੀ ਵਿਚ ਪ੍ਰਮੁਖ ਸਥਾਨ ਪ੍ਰਾਪਤ ਸੀ। ਗੁਰੂ ਅਰਜਨ ਦੇਵ ਵਲੋਂ ਕੁਝ ਵਾਰਾਂ ਉੱਤੇ ਧੁਨੀਆਂ ਦਾ ਚਾੜ੍ਹਿਆ ਜਾਣਾ, ਉਨ੍ਹਾਂ ਦਾ ਲੋਕ-ਧਾਰਨਾ ਨਾਲ ਡੂੰਘਾ ਸੰਬੰਧ ਸਥਾਪਿਤ ਕਰਦਾ ਹੈ। ਗੁਰਮਤਿ ਸੰਗੀਤ ਦਾ ਖੂਬਸੂਰਤੀ ਤੇ ਦੇਸੀ ਸੰਗੀਤ ਨਾਲ ਸੁਮੇਲ ਹੈ ਅਤੇ ਇਸ ਦਾ ਮੂੰਹ ਲੋਕ-ਧਾਰਨਾ ਵੱਲ ਹੈ।[2]

ਗੁਰੂ ਅਰਜਨ- ਬਾਣੀ ਮੂਲ ਰੂਪ ਵਿਚ ਰਾਗਾਤਮਕ ਹੈ । ਆਦਿ ਗ੍ਰੰਥ ਵਿਚ 31 ਰਾਗ ਆਏ ਹਨ, ਜਿਨ੍ਹਾਂ ਵਿਚੋਂ 30 ਰਾਗਾਂ ਵਿਚ ਗੁਰੂ ਅਰਜਨ ਦੇਵ ਨੇ ਬਾਣੀ ਉਚਾਰੀ ਹੈ । ਇਨ੍ਹਾਂ ਰਾਗਾਂ ਦਾ ਮੂਲ- ਆਧਾਰ ਲੋਕ- ਸੰਗੀਤ ਹੈ, ਤਾਂਹੀ ਪ੍ਰਚਲਤ ਰੂਪ ਵੀ ਮਿਲਦੇ ਹਨ । ਟੋਡੀ, ਮਾਲਕਾ ਤੇ ਆਸਾਵਰੀ, ਇਨ੍ਹਾਂ ਤਿੰਨਾਂ ਰਾਗਾਂ ਦੀ ਰਚਨਾ ਕੇਵਲ ਗੁਰੂ ਅਰਜਨ ਦੇਵ ਜੀ ਨੇ ਹੀ ਕੀਤੀ ਹੈ । ਗੁਰੂ ਅਰਜਨ ਦੇਵ ਤਕ ਸੰਪਾਦਿਤ ਹੋਈ ਬੀੜ ਦਾ ਅੰਤਿਮ ਰਾਗ ਪ੍ਰਭਾਤੀ ਹੈ। ਇਹ ਰਾਗ ਪ੍ਰਭਾਤਕਾਲੀ ਰਾਗ ਹੈ ।

ਪ੍ਰੋਫੈਸਰ ਤਾਰਨ ਸਿੰਘ ਅਨੁਸਾਰ ਹਰ ਰਾਗ ਅਧੀਨ ਅੱਠ ਚੀਜ਼ਾਂ ਕਿਸੇ ਵੀ ਸੰਗੀਤਕਾਰ ਜਾਂ ਰਾਗਾਂ ਵਿਚ ਰਚਨਾ ਕਰਨ ਵਾਲੇ ਕਵੀ ਨੂੰ ਜਾਨਣੀਆਂ ਜ਼ਰੂਰੀ ਹਨ:-

1- ਹਰ ਰਾਗ ਦਾ ਆਪਣਾ ਪਰਵਾਰ ਹੈ । ਹਿੰਦੋਸਤਾਨੀ ਸੰਗੀਤ ਵਿਚ ਕੁਝ ਰਾਗ ਮੰਨੇ ਗਏ ਹਨ ਤੇ ਬਾਕੀ ਰਾਗ- ਰਾਗਣੀਆਂ ਨੂੰ ਉਨ੍ਹਾਂ ਦੇ ਪਰਵਾਰ ਵਿਚ ਰਖਿਆ ਗਿਆ ਹੈ ।

2- ਹਰ ਰਾਗ ਦਾ ਆਪਣਾ ਗੁਣ- ਪ੍ਰਬੰਧ ਹੈ। ਕੋਈ ਸੰਪੂਰਨ ਰਾਗ ਤੇ ਕੋਈ ਨਹੀਂ । ਜਿਸ ਲਈ ਕਿਸੇ ਵਿਚ ਸੱਤ ਸੁਰਾਂ ਲਗਦੀਆਂ ਹਨ ਤੇ ਕਿਸੇ ਵਿਚ ਘਟ ।

3- ਹਰ ਰਾਗ ਕਈ 'ਘਰਾਂ' ਵਿਚ ਗਾਇਆ ਜਾ ਸਕਦਾ ਹੈ ।

4- ਹਰ ਰਾਗ ਦੇ ਗਾਉਣ ਦਾ ਮੌਸਮ ਮੁਕੱਰਰ ਹੈ, ਜਿਵੇਂ ,

ਸਿਰੀ ਰਾਗ - ਕੇਵਲ ਸਖ਼ਤ ਗਰਮੀ ਜਾਂ ਸਖ਼ਤ ਸਰਦੀ ਵਿਚ ।
ਗਉੜੀ ਰਾਗ - ਹਰ ਮੌਸਮ ਵਿਚ,
ਬਸੰਤ ਰਾਗ- ਕੇਵਲ ਸਰਦੀਆਂ ਵਿਚ
ਹਿੰਡੋਲ ਰਾਗ - ਕੇਵਲ ਬਰਖਾ ਰੁਤ ਵਿਚ
ਮਲ੍ਹਾਰ ਰਾਗ - ਕੇਵਲ ਬਰਖਾ ਰੁਤ ਵਿਚ ।

5- ਕਿਸੇ ਮੌਸਮ ਦਾ ਰਾਗ ਵੀ ਉਸ ਮੌਸਮ ਵਿਚ ਖ਼ਾਸ ਸਮੇਂ ਤੇ ਹੀ ਗਾਇਆ ਜਾ ਸਕਦਾ ਹੈ । ਜਿਵੇਂ

ਸੋਰਠਿ - ਰਾਤ ਦੇ ਸਮੇਂ
ਧਨਾਸਰੀ- ਢਲਦੀ ਧੁਪ ਵਿਚ
ਸੂਹੀ - ਕਿਸੇ ਵੀ ਵਕਤ ।

6- ਹਰ ਸ਼ਬਦ ਕਿਸੇ ਨਾ ਕਿਸੇ ਖਾਸ ਕੌਮ ਜਾਂ ਸੂਬੇ ਨਾਲ ਸੰਬੰਧ ਰਖਦਾ ਹੈ । ਇਸ ਲਈ ਉਸ ਵਿਚ ਚੰਗੀ ਕਵਿਤਾ ਰਚਣ ਲਈ ਉਸ ਕੌਮ ਜਾਂ ਸੂਬੇ ਦੇ ਲੋਕਾਂ ਦੀ ਰਹਿਣੀ- ਬਹਿਣੀ, ਉਨ੍ਹਾਂ ਦਾ ਸਭਿਆਚਾਰ, ਉਨ੍ਹਾਂ ਦੇ ਰਸਮੋ ਰਿਵਾਜ ਤੇ ਉਨ੍ਹਾਂ ਦੀਆਂ ਹੋਰ ਵਿਸ਼ੇਸ਼ ਸਮਾਜੀ, ਧਾਰਮੀ ਤੇ ਸਭਿਆਚਾਰਕ ਗਲਾਂ ਦਾ ਖਿਆਲ ਰਖਣਾ ਪਵੇਗਾ ।

ਮਾਝ ਰਾਗ ਵਿਸ਼ੇਸ਼ ਪੰਜਾਬ ਦਾ ਰਾਗ ਹੈ, ਮਾਝੇ ਦਿਆਂ ਇਲਾਕਿਆਂ ਨਾਲ ਸੰਬੰਧਤ ਹੈ ।

7- ਇਸ ਤਰ੍ਹਾਂ ਰਾਗ ਕਿਸੇ ਖਾਸ ਕੌਮ, ਫ਼ਿਰਕੇ ਜਾਂ ਧਾਰਮਿਕ ਫਿਰਕੇ ਨਾਲ ਵੀ ਸੰਬੰਧਤ ਹਨ। ਜਾਂ ਖਾਸ ਖਾਸ ਲੋਕਾਂ ਨੇ ਕੋਈ ਖਾਸ ਖਾਸ ਰਾਗ ਵਧੇਰੇ ਅਪਨਾਇਆ ਹੈ । ਜਿਵੇਂ ਗੂਜਰੀ ਗੁੱਜਰ ਲੋਕਾਂ ਨੇ, ਆਸਾ, ਤਿਲੰਗ, ਤੁਖਾਰੀ ਮੁਸਲਮਾਨਾਂ ਨੇ ਵਰਤੇ ਹਨ । ਰਾਮਕਲੀ ਜੋਗੀਆਂ ਨੇ ਵਰਤਿਆ ਹੈ ਤੇ ਬਸੰਤ, ਮਲ੍ਹਾਰ ਆਦਿ ਸਾਰੀ ਕੌਮ ਦੇ ਰਾਗ ਹਨ ।

8- ਹਰ ਰਾਗ ਦਾ ਆਪਣਾ ਰਸ ਮੰਨਿਆ ਗਿਆ ਹੈ, ਜਿਵੇਂ ਆਸਾ, ਤੁਖਾਰੀ, ਬਸੰਤ, ਸਾਰੰਗ ਤੇ ਮਲ੍ਹਾਰ ਸਭ ਖੁਸ਼ੀ ਦੇ ਰਾਗ ਹਨ। ਵਡਹੰਸ ਸੋਰਠ, ਤੇ ਤਿਲੰਗ ਵੈਰਾਗ ਦੇ ਰਾਗ ਹਨ । ਧਨਾਸਰੀ ਤੇ ਬਿਲਾਵਲ ਕੁਝ ਗੰਭੀਰਤਾ ਉਦਾਸੀ ਦੇ ਰਾਗ ਹਨ ।

ਇਸ ਵਿਸ਼ਲੇਸ਼ਣ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਜਿਸ ਚੀਜ਼ ਨੂੰ ਰਸ ਕਿਹਾ ਗਿਆ ਹੈ, ਉਹ ਰਾਗ ਦਾ ਇਕ ਅੰਗ ਹੈ ਤੇ ਰਾਗ ਇਕ ਬਹੁਤ ਖੁਲ੍ਹੀ ਚੀਜ਼ ਹੈ ਜਿਸ ਦੀ ਪ੍ਰਾਪਤੀ ਕੇਵਲ ਕਾਵਿ- ਕਲਾ ਰਾਹੀਂ ਮਨੁਖ ਤੋਂ ਕਿਸੇ ਹੱਦ ਤਕ ਵਿਗਿਆਨਕ ਕਲਾ ਬਣ ਸਕਦੀ ਹੈ । ਕਾਵਿ- ਕਲਾ ਵਿਚ ਸਮੁੱਚੇ ਤੌਰ ਤੇ ਇਹ ਤਿੰਨੇ ਅੰਗ ਹੋ ਸਕਦੇ ਹਨ।[3]

1- ਵਿਸ਼ਾ ਤੇ ਰਸ

2- ਸ਼ਬਦ ਜੋੜ ਤੇ ਅਲੰਕਾਰ

3- ਛੰਦਾਬੰਦੀ ।

ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ, ਗੁਰੂ ਗ੍ਰੰਥ ਸਾਹਿਬ ਦੇ ਸਮੁੱਚੇ ਪੈਟਰਨ ਅਨੁਸਾਰ ਸ਼ਬਦ ਖਾਸ ਵਿਚ ਦਿੱਤੇ ਗਏ ਹਨ । ਕੁਝ ਇੱਕੋ ਰਾਗ ਵਿਚ ਕਈ ਛੰਦ ਵਰਤੇ ਗਏ ਹਨ । ਪਰ ਛੰਦਾਬੰਦੀ ਆਪਣੇ ਆਪ ਵਿਚ ਸੁਤੰਤਰ ਚੀਜ਼ ਨਹੀਂ । ਉਸ ਦਾ ਮੰਤਵ ਕਵਿਤਾ ਨੂੰ ਵਧੇਰੇ ਮਧੁਰ ਤੇ ਰਾਗਾਤਮਕ ਬਣਾਉਣਾ ਹੈ। ਬਾਣੀ ਰਾਗ ਅਨੁਸਾਰੀ ਹੋਣ ਕਾਰਣ ਮਾਤ੍ਰਾਵਾਂ

ਦੀ ਬਿਰਤੀ ਨੂੰ ਬਹੁਤਾ ਮਹੱਤਵ ਨਹੀਂ ਦਿੰਦੀ । ਡਾ. ਗੋਪਾਲ ਸਿੰਘ ਅਨੁਸਾਰ, 'ਹਰੱਸ ਦੀਰਘ ਦੇ ਸਰਫ਼ੇ ਦੀ ਬਾਣੀ ਵਿਚ ਛੰਦ ਰਚਨਾ ਬਹੁਤੀ ਆਪਣੀ ਅੰਦਰਲੀ ਲੈਅ ਦੇ ਸਹਾਰੇ ਤੁਰਦੀ ਹੈ ਤੇ ਮਾਤ੍ਰਿਕ ਨਿਯਮਾਂ ਤੋਂ ਬੇਨਿਆਜ਼ ਹੈ '[4]। ਪਰ ਇਹ ਕਥਨ ਗੁਰੂ ਅਰਜਨ ਬਾਣੀ ਵਿਚ ਤੋਲ-ਤੁਕਾਂਤ ਅਤੇ ਅਨੁਪ੍ਰਾਸ ਤੋਂ ਨਿਰਲੇਪ ਨਹੀਂ । ਬਾਣੀ ਵਿਚ ਤੋਲ ਅਤੇ ਤੁਕਾਂਤ ਦੇ ਘੇਰੇ ਵਿਚ ਵਿਚਰਦਿਆਂ ਮਾਤ੍ਰਿਕ ਖੁਲ੍ਹਾਂ ਲਈਆਂ ਗਈਆਂ ਹਨ ।

ਗੁਰੂ ਅਰਜਨ ਬਾਣੀ ਵਿਚ ਦੋਹਰਾ, ਛੰਤ, ਚਉਪਈ, ਸਿਰਖੰਡੀ, ਸਵੱਯਾ, ਸੋਰਠਾ, ਨਿਸ਼ਾਨੀ, ਝੂਲਣਾ ਤੇ ਤ੍ਰਿਭੰਗ ਆਦਿ ਅਨੇਕਾਂ ਤੋਲ ਨਿਭਾਏ ਗਏ ਹਨ। ਇਹ ਤੋਲ ਸਾਰੀ ਬਾਣੀ ਵਿਚ ਪ੍ਰਾਪਤ ਹਨ । ਤੋਲ ਅਤੇ ਤੁਕਾਂਤ ਕਵਿਤ ਗੁਣ ਸੁਭਾਵ ਅਪਵਾਦ ਰੂਪ ਵਿਚ ਮਿਲਦੇ ਹਨ । ਜਿਵੇਂ :

ਤਿਆਗੀਐ ਗੁਮਾਨ ਮਾਨੁ,
ਪੇਖਤਾ ਦਇਆਲ ਲਾਲ,
ਹਾਂ ਹਾਂ ਮਨ ਚਰਨ ਰੇਨ ।
ਹਰਿ ਸੰਤ ਮੰਤ ਗੁਪਾਲ ਗਿਆਨ ਧਿਆਨ[5] ।

ਪਰ ਸੁਚੇਤ ਤੁਕਾਂਤ ਲੈਅ ਵਿਚ ਵੀ ਕਾਇਮ ਹੈ ਅਤੇ ਸੰਗੀਤਾਤਮਕ ਧੁਨੀ ਉਤਪੰਨ ਕਰਦੀ ਹੈ । ਕੁਝ ਇਕ ਛੰਦ ਤੋਲਾਂ ਦੀ ਵੰਨਗੀ ਪ੍ਰਸਤੁਤ ਹੈ :-

<u>ਦੋਹਿਰਾ</u> :

ਸਾਥਿ ਨ ਚਾਲੈ ਬਿਨੁ ਭਜਨ,
ਬਿਖਿਆ ਸਗਲੀ ਛਾਰੁ ॥
ਹਰਿ ਹਰਿ ਨਾਮੁ ਕਮਾਵਨਾ,
ਨਾਨਕ ਇਹੁ ਧਨੁ ਸਾਰੁ ॥[6]

ਇਸ ਵਿਚ 13+11 = 24 ਮਾਤਰਾਂ ਹਨ ।

<u>ਸੋਰਠਾ</u> :

ਬਿਨਤੀ ਕਰਉ ਅਰਦਾਸਿ, ਸੁਨਹੁ ਜੇ ਠਾਕੁਰ ਭਾਵੈ ॥
ਦੇਹੁ ਦਰਸੁ ਮਨਿ ਚਾਉ, ਭਗਤਿ ਇਹੁ ਮਨੁ ਠਹਰਾਵੈ ॥[7]

ਇਹ 11 + 13 = 24 ਮਾਤਰਾ ਸੋਰਠਾ ਛੰਦ ਹੈ ।

ਸਵੈਯਾ :

ੳ) ਗੁਣ ਸਮੂਹ ਫਲ ਸਗਲ ਮਨੋਰਥ ਪੂਰਨ ਹੋਈ ਆਸ ਹਮਾਰੀ ॥
ਅਉਖਧ ਮੰਤ੍ਰ ਤੰਤ੍ਰ ਪਰ ਦੁਖਹਰ ਸਰਬ ਰੋਗ ਖੰਡਣ ਗੁਣਕਾਰੀ ॥[8]

ਇਥੇ ਹਰ ਚਰਣ ਵਿਚ 32 ਮਾਤਰਾਂ ਹਨ , 16 + 16 ਮਾਤਰਾਂ ਤੇ ਵਿਸਰਾਮ ਹੈ ।

ਅ) ਬ੍ਰਹਮਾਦਿਕ ਸਿਵ ਛੰਦ ਮੁਨੀਸੁਰ ਰਸਕਿ ਰਸਕਿ ਠਾਕੁਰ ਗੁਨ ਗਾਵਤ ॥[9]
ਇੰਦ੍ਰ ਮੁਨਿੰਦ੍ਰ ਖੋਜਤੇ ਗੋਰਖ ਧਰਣਿ ਗਗਨ ਆਵਤ ਫੁਨਿ ਧਾਵਤ ॥

ਦਵੈਯਾ :

ਸ੍ਰੀਧਰ ਮੋਹਨ ਸਗਲ ਉਪਾਵਨ ਨਿਰੰਕਾਰ ਸੁਖਦਾਤਾ ॥
ਐਸਾ ਪ੍ਰਭੁ ਛੋਡਿ ਕਰਹਿ ਅਨ ਸੇਵਾ ਕਵਨ ਬਿਖਿਆ ਰਸ ਮਾਤਾ ॥
ਜੀਉ ਪਿੰਡ ਤਨੁ ਧਨੁ ਸਭੁ ਪ੍ਰਭ ਕਾ ਸਾਕਤ ਕਹਤੇ ਮੇਰਾ ॥
ਅਹੰਬੁਧਿ ਦੁਰਮਤਿ ਹੈ ਮੈਲੀ ਬਿਨੁ ਗੁਰ ਭਵਜਲਿ ਫੇਰਾ ॥[10]

ਇਸ ਵਿਚ 28 ਮਾਤਰਾਂ , 16 + 12 ਤੇ ਵਿਸਰਾਮ ਅਤੇ ਅੰਤ ਵਿਚ ਗੁਰੂ ਹੈ ।

ਚੌਪਈ :

ਰਾਮਦਾਸ ਸਰੋਵਰ ਨਾਤੇ ॥
ਸਭਿ ਉਤਰੇ ਪਾਪ ਕਮਾਤੇ ॥
ਨਿਰਮਲ ਹੋਏ ਕਰਿ ਇਸਨਾਨਾ ॥[11]
ਗੁਰਿ ਪੂਰੈ ਕੀਨੇ ਦਾਨਾ ॥

ਗੁਰੂ ਅਰਜਨ ਬਾਣੀ ਦੇ ਛੰਦਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਨ੍ਹਾਂ ਦਾ ਸੰਬੰਧ ਰਾਗ ਵਿਦਿਆ ਦੀਆਂ ਪ੍ਰਚਲਤ ਸੀਮਾਵਾਂ ਨਾਲ ਅਤੇ ਲੋਕ-ਜੀਵਨ ਨਾਲ ਜੁੜਦਾ ਹੈ । ਇਸ ਲਈ ਕਈ ਰਾਗ ਰਚਨਾਵਾਂ ਵੀ ਇਸ ਬਾਣੀ ਵਿਚ ਪ੍ਰਾਪਤ ਹੋ ਗਈਆਂ ਹਨ, ਜਿਵੇਂ ਮਾਝ , ਦੁਖਣੀ ਅਤੇ ਪ੍ਰਭਾਤੀ ਆਦਿ ।

ਗੁਰੂ ਅਰਜਨ ਦੇਵ ਨੇ ਆਪਣੇ ਬਹੁਤੇ ਸ਼ਬਦਾਂ ਵਿਚ ਸੰਗੀਤ ਪੈਦਾ ਕਰਨ ਲਈ ਅਨੁਪ੍ਰਾਸ ਦੀ ਵਰਤੋਂ ਕੀਤੀ ਹੈ। ਇਸ ਦੀਆਂ ਅਨੇਕ ਸੁੰਦਰ ਉਦਾਹਰਣਾਂ ਆਪਦੀ ਬਾਣੀ ਵਿਚ ਉਪਲਬਧ ਹਨ, ਉਦਾਹਰਣ ਵਜੋਂ :

ਪੂਰ ਰਹਨ, ਸਹਨ, ਦਹਨ, ਕਹਨ,
ਕੁਝ ਨਿਕੇ ਆਨ ਨਹੀ ਉਪਾਉ ॥
ਤਰਨ, ਅਰਨ, ਸਰਨ ਸੋਮਨ,
ਨਾਹੀ ਦੰਡ ਧਾਰ ਸੁਆਉ ॥
ਸਰਨ ਗੋਤਮ ਤਪਨ ਸੁਮਨ ਅਨਿਕ,
ਤਬ ਨ ਲਗਤੇ ਨਹੀ ਚਾਰ ਪਾਈ ਨਾਉ ॥
ਜੋਧਿ ਸਕਲ ਜੋਤਨਾ ਸੁਖ,
ਨਾਨਕ ਸਭੁ ਨਾਉ ॥[12]

ਆਪਣੀ ਬਾਣੀ ਵਿਚ ਨਾ ਕੇਵਲ ਸ਼ਬਦਾਂ ਦੇ ਦੁਹਰਾਉ ਰਾਹੀਂ ਸੰਗੀਤਾਤਮਕਤਾ ਉਤਪੰਨ ਕੀਤੀ ਗਈ ਹੈ, ਸਗੋਂ ਬਹੁਤ ਸਾਰੀ ਤੁਕਾਂ- ਅੰਸ਼ਾਂ ਦਾ ਦੁਹਰਾਉ ਵੀ ਸੰਗੀਤਕ ਧੁਨੀ ਪੈਦਾ ਕਰਦਾ ਹੈ। ਜਿਵੇਂ :

ਹਰਿ ਸੰਗਿ ਰਾਤੇ ਭਾਹਿ ਨ ਜਲੈ ॥
ਹਰਿ ਸੰਗਿ ਰਾਤੇ ਮਾਇਆ ਨਹੀ ਛਲੈ ॥
ਹਰਿ ਸੰਗਿ ਰਾਤੇ ਨਹੀ ਡੂਬੈ ਜਲਾ ॥
ਹਰਿ ਸੰਗਿ ਰਾਤੇ ਸੁਫਲ ਫਲਾ ॥[13]

'ਸੰਗੀਤ ਦਾ ਮੂਲ ਅਧਾਰ ਹੀ ਦੁਹਰਾਉ ਹੈ। ਕੁਝ ਮੂਲ ਸੁਰਾਂ ਦੇ ਗਣਿਤਕ ਤੇ ਤਾਲਬੱਧ ਦੁਹਰਾਉ ਨਾਲ ਹੀ ਸੰਗੀਤ ਦੀ ਉਤਪੱਤੀ ਹੁੰਦੀ ਹੈ। ਲੋਕ- ਗੀਤ ਨੇ ਸੰਗੀਤ ਦੀ ਦੁਹਰਾਉ ਦੀ ਵਿਧੀ ਨੂੰ ਸ਼ੈਲੀ ਦੇ ਰੂਪ ਵਿਚ ਅਪਣਾ ਲਿਆ ਹੈ। ਇਹੋ ਕਾਰਣ ਹੈ ਕਿ ਲੋਕ-ਗੀਤ ਦੀ ਸ਼ੈਲੀ ਸਰੋਦੀ ਹੁੰਦੀ ਹੈ।

ਗੁਰੂ ਅਰਜਨ ਦੇਵ ਨੇ ਆਪਣੀ ਬਾਣੀ ਵਿਚ ਦੁਹਰਾਉ ਦੀ ਵਿਧੀ ਦੀ ਵਰਤੋਂ ਬਹੁਤ ਵਿਆਪਕ ਕੀਤੀ ਹੈ, ਜਿਸ ਕਰਕੇ ਇਸ ਵਿਧੀ ਨੇ ਗੀਤ ਦੇ ਰੂਪ ਨੂੰ ਵਧਾਇਆ, ਜਿਸ ਨੇ ਨੂੰ ਸਰੋਦੀ ਸ਼ੈਲੀ ਵਿੱਚ ਅਤੇ ਪ੍ਰਭਾਵ ਨੂੰ ਡੂੰਘਾ ਕੀਤਾ ਹੈ। ਤੁਕਾਂ ਦੇ ਦੁਹਰਾਉ ਦੀਆਂ ਕਈ ਵਿਧੀਆਂ ਵਰਤੀਆਂ ਗਈਆਂ ਹਨ, ਜਿਨ੍ਹਾਂ ਰਾਹੀਂ ਤਾਂ ਕਿਸੇ ਮੂਲ ਪ੍ਰਭਾਵ ਨੂੰ ਸੁਰ ਦੁਹਰਾਇਆ ਹੈ, ਜਿਨ੍ਹਾਂ ਕਿਸੇ ਤੁਕਾਂਤ ਨੂੰ ਅਤੇ ਜਿਨ੍ਹਾਂ ਪੂਰੀ ਤੁਕ ਅਥਵਾ ਅੰਤਰੇ ਨੂੰ ਦੁਹਰਾ ਕੇ ਕਵਿਤਾ ਵਿਚ ਨਵੀਂ ਸੁਰ ਭਰੀ ਗਈ ਹੈ। ਸੁਰਾਂ ਤੇ ਵਿਅੰਜਨਾਂ ਦੀਆਂ ਧੁਨੀਆਂ ਦੁਹਰਾ ਕੇ ਸੰਗੀਤ ਦੀਆਂ ਮਧੁਰ ਲਹਿਰੀਆਂ ਉਪਜਾਈਆਂ ਹਨ।[14] ਅਨੁਪ੍ਰਾਸ ਨੇ ਅੰਤਰ- ਤੁਕਾਂਤ ਨਾਲ ਵੀ ਸ਼ਬਦ ਨੂੰ ਬਲ ਦਿੱਤਾ ਹੈ।

ਇਹ ਗੁਣ ਜਿਸ ਕਦਰ ਸੁਚੱਜਤਾ ਨਾਲ ਸੁਖਮਨੀ ਵਿਚ ਮਿਲਦਾ ਹੈ, ਸਾਰੀ ਸਾਹਿਤ ਵਿਚ ਇਸ ਦੀ ਹੋਰ ਕਿਧਰੇ ਮਿਸਾਲ ਨਹੀ ਮਿਲਦੀ । ਕੁਝ ਉਦਾਹਰਨਾਂ ਪ੍ਰਸਤੁਤ ਹਨ :-

ੳ) ਪ੍ਰਭ ਕੈ ਸਿਮਰਨਿ ਗਰਭਿ ਨ ਬਸੈ ॥
ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥
ਪ੍ਰਭ ਕੈ ਸਿਮਰਨਿ ਕਾਲੁ ਪਰਹਰੈ ॥
ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥
ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥
ਪ੍ਰਭ ਕੈ ਸਿਮਰਨਿ ਅਨਦਿਨੁ ਜਾਗੈ ॥
ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥
ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥
ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥
ਸਰਬ ਨਿਧਾਨ ਨਾਨਕ ਹਰਿ ਰੰਗਿ ॥ - 15

ਅ) ਕਈ ਕੋਟਿ ਖਾਣੀ ਅਰੁ ਖੰਡ ॥
ਕਈ ਕੋਟਿ ਅਕਾਸ ਬ੍ਰਹਮੰਡ ॥
ਕਈ ਕੋਟਿ ਹੋਏ ਅਵਤਾਰ ॥
ਕਈ ਜੁਗਤਿ ਕੀਨੋ ਬਿਸਥਾਰ ॥
ਕਈ ਬਾਰ ਪਸਰਿਓ ਪਾਸਾਰ ॥
ਸਦਾ ਸਦਾ ਇਕੁ ਏਕੰਕਾਰ ॥
ਕਈ ਕੋਟਿ ਕੀਨੇ ਬਹੁ ਭਾਤਿ ॥
ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ॥
ਤਾ ਕਾ ਅੰਤੁ ਨ ਜਾਨੈ ਕੋਇ ॥
ਆਪੇ ਆਪਿ ਨਾਨਕ ਪ੍ਰਭੁ ਸੋਇ ॥ - 16

ੲ) ਸੰਤ ਕੈ ਦੂਖਨਿ ਆਰਜਾ ਘਟੈ ॥
ਸੰਤ ਕੈ ਦੂਖਨਿ ਜਮ ਤੇ ਨਹੀ ਛੁਟੈ ॥
ਸੰਤ ਕੈ ਦੂਖਨਿ ਸੁਖੁ ਸਭੁ ਜਾਇ ॥
ਸੰਤ ਕੈ ਦੂਖਨਿ ਨਰਕ ਮਹਿ ਪਾਇ ॥

ਸੰਤ ਕੈ ਦੂਖਨਿ ਮਤਿ ਹੋਇ ਮਲੀਨ ॥
ਸੰਤ ਕੈ ਦੂਖਨਿ ਸੋਭਾ ਤੇ ਹੀਨ ॥
ਸੰਤ ਕੇ ਹਤੇ ਕਉ ਰਖੈ ਨ ਕੋਇ ॥
ਸੰਤ ਕੈ ਦੂਖਨਿ ਥਾਨ ਭ੍ਰਸਟੁ ਹੋਇ ॥
ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ ॥
ਨਾਨਕ ਸੰਤ ਸੰਗਿ ਨਿੰਦਕੁ ਭੀ ਤਰੈ ॥ 17

ਉਪਰੋਕਤ ਉਦਾਹਰਣਾਂ ਵਿਚ 'ਪ੍ਰਭ ਕੈ ਸਿਮਰਨਿ', 'ਕਰਣੀ ਹੋਇ ਆਣੀ' ਅਤੇ 'ਸੰਤ ਕੈ ਦੂਖਨਿ' ਵਾਕੰਸ਼ਾਂ ਨੂੰ ਹਰ ਤੁਕ ਵਿਚ ਦੁਹਰਾਇਆ ਗਿਆ ਹੈ। ਇਨ੍ਹਾਂ ਵਿਚ ਪਹਿਲੀ ਉਦਾਹਰਣ ਵਿਚ ਵਿਸ਼ੇ ਦੀ ਲਿਆਤਮਿਕ-ਪੂਰਣ ਉਸਾਰੀ ਕੀਤੀ ਗਈ ਹੈ ਜਿਸ ਨਾਲ ਮੂਲ ਭਾਵ ਦਾ ਸਪਸ਼ਟੀਕਰਣ ਹੁੰਦਾ ਹੈ ਅਤੇ ਕੰਨਾਂ ਨੂੰ ਇਕ ਸੰਗੀਤਕ ਲੈਅ ਸੁਣਾਈ ਦਿੰਦੀ ਹੈ। ਇਸ ਵਿਚ ਪ੍ਰਭੂ ਦੇ ਸਿਮਰਨ ਦੇ ਨਾਲ ਪ੍ਰਾਪਤ ਹੋਣ ਵਾਲੇ ਲਾਭਾਂ ਦਾ ਵਿਸਥਾਰ ਵੀ ਹੁੰਦਾ ਜਾਂਦਾ ਹੈ।

'ਕਰਣੀ ਹੋਇ' ਵਾਕੰਸ਼ ਨੂੰ ਮੁੜ ਮੁੜ ਦੁਹਰਾਉਣ ਨਾਲ ਜਿਥੇ ਹਰ ਵਾਰ ਇਕ ਨਵਾਂ ਚਿੱਤਰ ਅੱਖਾਂ ਅੱਗੇ ਆ ਉਭਰਦਾ ਹੈ, ਉਥੇ ਇਹ ਦੁਹਰਾਉ ਅਦਭੁਤ ਰਸ ਪੈਦਾ ਕਰਦਾ ਅਤੇ ਸੰਗੀਤਕ ਧੁਨੀਆਂ ਦੀ ਸਿਰਜਨਾ ਕਰਦਾ ਹੈ।

ਤੀਸਰੀ ਉਦਾਹਰਣ 'ਸੰਤ ਕੈ ਦੂਖਨਿ' ਵਿਚ 'ਪ੍ਰਭ ਕੈ ਸਿਮਰਨਿ' ਤੋਂ ਉਲਟ ਸੰਤ ਦੇ ਦੋਖੀ ਨੂੰ ਮਿਲਣ ਵਾਲੀ ਸਜ਼ਾ ਦਾ ਵਖ ਵਖ ਤੁਕ ਵਿਚ ਵੱਖ ਵੱਖ ਚਿਤਰ ਖਿਚਿਆ ਗਿਆ ਹੈ। ਇਸ ਤਰ੍ਹਾਂ ਇਸ ਵਿਚ ਹਰ ਵਾਰ ਅਰਥ ਨਵਾਂ ਰਾਗ-ਰਸ ਅਤੇ ਨਵਾਂ ਬਿੰਬ ਪੇਸ਼ ਕਰਦੇ ਜਾਂਦੇ ਹਨ ਤੇ ਹਰ ਵਾਰ ਨਵਾਂ ਚਿਤਰ ਉਭਰਦਾ ਜਾਂਦਾ ਹੈ, ਜਿਸ ਨਾਲ ਸੰਗੀਤਾਤਮਕਤਾ ਵਿਚ ਵਾਧਾ ਹੁੰਦਾ ਹੈ।

ਸੁਖਮਨੀ ਤੋਂ ਇਲਾਵਾ ਗੁਰੂ ਅਰਜਨ ਦੇਵ ਦੀਆਂ ਦੂਸਰੀਆਂ ਬਾਣੀਆਂ ਵਿਚ ਦੁਹਰਾਉ ਵਾਲੀ ਸੰਗੀਤ ਉਤਪੰਨ ਕੀਤਾ ਗਿਆ ਹੈ ਅਤੇ ਕਲਾ ਤੇ ਸੁਹਜ ਦਾ ਅਦਭੁਤ ਸੁਮੇਲ ਹੈ।

ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ ॥
ਨਾ ਤੂੰ ਆਵਹਿ ਵਸਿ ਬੇਦ ਪੜਾਵਣੇ ॥
ਨਾ ਤੂ ਆਵਹਿ ਵਸਿ ਤੀਰਥਿ ਨਾਈਐ ॥
ਨਾ ਤੂ ਆਵਹਿ ਵਸਿ ਧਰਤੀ ਧਾਈਐ ॥
ਨਾ ਤੂ ਆਵਹਿ ਵਸਿ ਕਿਤੈ ਸਿਆਣਪੈ ॥
ਨਾ ਤੂ ਆਵਹਿ ਵਸਿ ਬਹੁਤਾ ਦਾਨ ਦੇ ॥

ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥
ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥ [18]

ਗੁਰਬਾਣੀ ਦੀ ਇਸ ਵਿਧੀ ਦੁਆਰਾ ਇੱਕੋ ਵਿਚਾਰ ਦਾ ਨਕਾਰਾਤਮਕ ਤੇ ਨਿਸ਼ਚੈ-ਆਤਮਕ ਪ੍ਰਗਟਾਉ ( negative and positive expression ) ਕੀਤਾ ਗਿਆ ਹੈ। ਇੱਕੋ ਗਲ ਨੂੰ ਵਿਰੋਧੀ ਰੂਪਾਂ ਨਾਲ ਅਭਿਵਿਅਕਤ ਕੀਤਾ ਗਿਆ ਹੈ। ਪੰਕਤੀਆਂ ਦੇ ਤੁਕਾਂ ਵਿਚ ਵਰਤੇ 'ਨਾ ਤੂ ਆਵਹਿ ਵਸਿ' ਵਿਚ ਸਾਫ ਨੂੰ ਸਮਝਾਇਆ ਗਿਆ ਹੈ ਕਿ ਵੇਦ ਪਾਠ ਨਾਲ, ਤੀਰਥਾਂ ਦੇ ਨਾਵਣ ਨਾਲ, ਧਰਤੀਆਂ ਭਵਣ ਨਾਲ, ਸਿਆਣਪਾਂ ਨਾਲ ਅਤੇ ਬਹੁਤਾ ਪੁੰਨ-ਦਾਨ ਕਰਨ ਨਾਲ ਪ੍ਰਭੂ ਨੂੰ ਵਸ ਵਿਚ ਨਹੀਂ ਕੀਤਾ ਜਾ ਸਕਦਾ। ਅਗਲੀਆਂ ਦੋ ਤੁਕਾਂ ਵਿਚ ਇਸ ਤੋਂ ਉਲਟ ਦੱਸਿਆ ਗਿਆ ਹੈ ਕਿ ਉਹ ਪ੍ਰਭੂ ਜਿਸ ਦੇ ਵਸ ਸਭ 'ਅਗਮ ਅਗੋਚਰ' ਹੈ, ਉਹ ਆਪ ਭਗਤਾਂ ਦੇ ਵੱਸ ਵਿਚ ਹੈ। ਇਸ ਤਰ੍ਹਾਂ ਇੱਥੇ ਇਹ ਗੁਰਬਾਣੀ ਨਾਟਕੀ, ਅਦਭੁਤ ਤੇ ਰੋਚਕ ਹੈ, ਉੱਥੇ ਸੰਗੀਤ ਦੇ ਪੱਖ ਤੋਂ ਵੀ ਮਹੱਤਵਪੂਰਣ ਹੈ।

ਇਸ ਇਸੇ ਸ਼ਬਦ ਵਿਚ 'ਹਰਿ ਸੰਗਿ ਰਾਤੇ' ਦੀ ਪ੍ਰਕਾਰ ਆਵ੍ਰਿਤੀ ਦੁਆਰਾ ਸੰਗੀਤਕ ਧੁਨੀ ਉਪਜਾਈ ਗਈ ਹੈ।

ਹਰਿ ਸੰਗਿ ਰਾਤੇ ਭਾਹਿ ਨ ਜਲੈ ॥
ਹਰਿ ਸੰਗਿ ਰਾਤੇ ਮਾਇਆ ਨਹੀ ਛਲੈ ॥
ਹਰਿ ਸੰਗਿ ਰਾਤੇ ਨਹੀ ਡੂਬੈ ਜਲਾ ॥ [19]
ਹਰਿ ਸੰਗਿ ਰਾਤੇ ਸੁਫਲ ਫਲਾ ॥

ਇਸ ਤੋਂ ਇਲਾਵਾ ਗੁਰੂ ਅਰਜਨ ਬਾਣੀ ਵਿਚ ਪੰਕਤੀਆਂ ਦੇ ਅੰਤ ਵਿਚ 'ਜੀਉ', 'ਰਾਮ ਰਾਜੇ', 'ਹੇ' ਆਦਿ ਸ਼ਬਦ ਜੋੜ ਕੇ ਲੈਅ ਵਿਚ ਰੋਚਕਤਾ ਪੈਦਾ ਕੀਤਾ ਗਿਆ ਹੈ। [20]
ਰਾਗ ਗਉੜੀ ਮਾਝ ਦੇ ਚਉਥੇ ਸ਼ਬਦ ਵਿਚ ਇਹ ਵਿਧੀ ਵਰਤੀ ਗਈ ਹੈ :-

ਦੀਨ ਦਿਆਲ ਦਮੋਦਰ ਰਾਇਆ ਜੀਉ ॥
ਕੋਟਿ ਜਨਾ ਕਰਿ ਸੇਵ ਲਗਾਇਆ ਜੀਉ ॥
ਭਗਤ ਵਛਲੁ ਤੇਰਾ ਬਿਰਦੁ ਰਖਾਇਆ ਜੀਉ ॥ [21]
ਪੂਰਨ ਸਭਨੀ ਜਾਈ ਜੀਉ ॥

ਵਿਸ਼ੇਸ਼ ਪ੍ਰਕਾਰ ਦੇ ਛੰਦ ਦੇ ਪ੍ਰਯੋਗ ਤੇ ਸੰਗੀਤ ਦੀ ਵਿਕੋਲਿਤਰੀ ਵੰਨਗੀ ਪ੍ਰਸਤੁਤ ਹੈ :-

ਗੋਬਿੰਦ ਗੋਬਿੰਦ ਕਰਿ ਹਾਂ ॥
ਹਰਿ ਹਰਿ ਮਨਿ ਪਿਆਰਿ ਹਾਂ ॥
ਗੁਰਿ ਕਹਿਆ ਸੁਚਿਤਿ ਧਰਿ ਹਾਂ ॥
ਅਨ ਸਿਉ ਤੋਰਿ ਫੇਰਿ ਹਾਂ ॥
ਐਸੇ ਲਾਲਨ ਪਾਇਓ ਰੀ ਸਖੀ ॥ [22]

ਗੁਰੂ ਅਰਜਨ ਬਾਣੀ ਵਿਚ ਕਈ ਥਾਈਂ ਸ਼ਬਦਾਂ ਦੀਆਂ ਧੁਨੀਆਂ ਨੂੰ ਕਈ ਸੰਗੀਤਮਈ ਜ਼ਰੂਰਤ ਲਈ ਉਨ੍ਹਾਂ ਦੇ ਰੂਪ ਵਿਚ ਪਰਿਵਰਤਨ ਕਰ ਲਿਆ ਗਿਆ ਹੈ। ਜਿਵੇਂ ਮਾਣ ਸ਼ਬਦ ਤੋਂ ਮਾਣਾ, ਪਹਿਲਵਾਨ ਤੋਂ ਪਹਿਲਵਾਨੜਾ, ਰੈਣ ਤੋਂ ਰੈਣੜੀਏ, ਮਿੱਠਾ ਤੋਂ ਮਿਠੜਾ, ਫਿਰ ਤੋਂ ਫੇਰ ਆਦਿ।

ਕਈ ਥਾਵਾਂ ਤੇ ਵਾਦ- ਯੰਤਰਾਂ ਦੀ ਨਾਮਾਵਲੀ ਸੰਗੀਤਕ ਪ੍ਰਭਾਵ ਪਾਂਦੀ ਹੈ: -

ਤੇਰਾ ਜਨੁ ਨਿਰਤਿ ਕਰੇ ਗੁਨ ਗਾਵੈ ॥
ਰਬਾਬ ਪਖਾਵਜ ਤਾਲ ਘੁੰਘਰੂ ॥
ਅਨਹਦ ਸਬਦ ਵਜਾਵੈ ॥

<u>ਕੀਰਤਨ :</u>

ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਰਾਗ- ਬੱਧ ਹੈ। ਗੁਰੂ ਨਾਨਕ ਦੇਵ ਜੀ ਨੂੰ ਰਾਗ ਅਤੇ ਕੀਰਤਨ ਨਾਲ ਬਹੁਤ ਪਿਆਰ ਸੀ। ਭਾਈ ਮਰਦਾਨਾ ਕੀਰਤਨ ਲਈ ਰਬਾਬ ਵਜਾਣ ਵਾਸਤੇ ਸਦਾ ਉਨ੍ਹਾਂ ਦੇ ਨਾਲ ਰਹਿੰਦਾ ਸੀ। ਸਿਖ ਧਰਮ ਵਿਚ ਕੀਰਤਨ ਦਾ ਪ੍ਰਮੁਖ ਸਥਾਨ ਹੈ। ਗੁਰਬਾਣੀ ਨੂੰ ਰਾਗ ਵਿਚ ਗਾਉਣ ਦਾ ਨਾਮ ਕੀਰਤਨ ਹੈ।

ਗੁਰੂ ਅਰਜਨ ਦੇਵ ਜੀ ਨੇ ਹਰਿ ਭਗਤੀ ਵਿਚ ਕੀਰਤਨ ਦੇ ਮਹੱਤਵ ਨੂੰ ਪ੍ਰਗਟ ਕਰਦਿਆਂ ਕਿਹਾ ਹੈ;

ੳ) ਗੁਨ ਗੋਬਿੰਦ ਗਾਵਹੁ ਸਭਿ ਹਰਿਜਨ ॥
ਰਾਗ ਰਤਨ ਰਸਨਾ ਆਲਾਪ ॥ [23]

ਅ) ਸਾਧ ਸੰਗਤਿ ਕੀ ਜਾਵਹੁ ਟੇਕ ॥
ਕਹੁ ਨਾਨਕ ਤਿਸੁ ਕੀਰਤਨ ਏਕ ॥ [24]

ਮੱਧ-ਯੁਗ ਵਿਚ ਲਗਭਗ ਸਾਰੇ ਸੰਤ ਅਤੇ ਭਗਤ ਕਵੀ ਕੀਰਤਨ ਰਾਹੀਂ ਪਰਮਾਤਮਾ ਨੂੰ ਕ੍ਰਿਪਾ ਕਰਨ ਲਈ ਦ੍ਰਵਿਤ ਕਰਨ ਦਾ ਯਤਨ ਕਰਦੇ ਰਹੇ ਹਨ, ਪਰ ਗੁਰੂ ਗ੍ਰੰਥ ਸਾਹਿਬ ਵਿਚ ਰਾਗਾਂ ਅਤੇ ਉਨ੍ਹਾਂ ਦੇ ਲੈਅ, ਸੁਰ, ਤਾਲ, ਘਰ ਆਦਿ ਦਾ ਨਿਰਦੇਸ਼ ਕਰਕੇ ਸੰਗੀਤ ਪ੍ਰਤੀ ਵਿਸ਼ੇਸ਼ ਰੁਚੀ ਅਪਣਾਈ ਗਈ ਹੈ। ਰਾਗਾਂ ਨਾਲ ਹੀ ਲੋਕ-ਧਾਰਾ ਦੀਆਂ ਧੁਨੀਆਂ ਨੂੰ ਅਪਨਾਉਣ ਦੀ ਤਾਕੀਦ ਹੈ ।

ਗੁਰੂ ਅਰਜਨ ਦੇਵ ਜੀ ਆਪ ਇਕ ਉੱਚ ਕੋਟਿ ਦੇ ਸੰਗੀਤਕਾਰ ਸਨ ਅਤੇ ਸੱਤੇ ਬਲਵੰਡ ਦੇ ਰੁੱਸ ਕੇ ਦੂਰ ਜਾਣ ਤੇ ਆਪ ਖੁਦ ਕੀਰਤਨ ਕਰਿਆ ਕਰਦੇ ਸਨ । ਆਪ ਅਨੁਸਾਰ ਉਹ ਝੌਂਪੜੀ ਜਿਸ ਵਿਚ ਪ੍ਰਭੂ ਦੇ ਗੁਣਾਂ ਦਾ ਗਾਨ ਹੁੰਦਾ ਹੈ, ਉਸ ਰਾਜ-ਮਹਿਲ ਨਾਲੋਂ ਖੂਬਸੂਰਤੀ ਤੇ ਸੁੰਦਰ ਹੈ, ਜਿਸ ਵਿਚ ਰਹਿਣ ਵਾਲਿਆਂ ਨੇ ਪ੍ਰਭੂ ਨੂੰ ਵਿਸਾਰ ਦਿੱਤਾ ਹੋਵੇ ।[25]

ਜਿਸ ਤਰ੍ਹਾਂ ਸਭ ਤੱਤਾਂ ਵਿਚੋਂ ਤੱਤ-ਗਿਆਨ ਸਰੇਸ਼ਠ ਹੈ ਤੇ ਸਭ ਧਿਆਨਾਂ ਵਿਚੋਂ ਇਕ ਪ੍ਰਭੂ ਦਾ ਧਿਆਨ ਸਰਵੋਤਮ ਹੈ, ਉਸੇ ਤਰ੍ਹਾਂ ਸਭ ਪ੍ਰਕਾਰ ਦੀਆਂ ਧੁਨੀਆਂ ਵਿਚੋਂ ਕੀਰਤਨ ਸਰੋਮਣੀ ਹੈ ਜੋ ਗੁਰੂ ਨਾਲ ਮਿਲ ਕੇ ਗਾਇਆ ਜਾਂਦਾ ਹੈ :[26]

ਸਗਲ ਤਤ ਮਹਿ ਤਤ ਗਿਆਨ ॥
ਸਰਬ ਧਿਆਨ ਮਹਿ ਏਕੁ ਧਿਆਨ ॥
ਹਰਿ ਕੀਰਤਨ ਮੈ ਊਤਮ ਧੁਨਾ,
ਨਾਨਕ ਗੁਰ ਮਿਲਿ ਗਾਇ ਗੁਨਾ ॥[27]

ਗੁਰੂ ਅਰਜਨ ਦੇਵ ਅਨੁਸਾਰ ਵਾਸਤਵਿਕ ਪ੍ਰੇਮ-ਭਗਤੀ ਵਿਚ ਓਤ-ਪੋਤ ਹੋਕੇ ਕੀਤਾ ਹੋਇਆ ਕੀਰਤਨ, ਮਨੁਖ ਦੀਆਂ ਆਤਮਾ ਦੀਆਂ ਗੁੰਝਲਾਂ ਤਕ ਪ੍ਰਭਾਵ ਪਾਂਦਾ ਹੈ। ਮਨੁਖੀ ਮਨ ਉੱਤੇ ਪਈ ਯੁਗਾਂ ਦੀ ਮੈਲ ਉਤਰ ਜਾਂਦੀ ਹੈ। ਮਾਇਆ ਵਿਚ ਗ੍ਰਸਿਆ ਮਨੁਖ ਜੋ ਆਤਮਿਕ ਤੌਰ ਤੇ ਜਨਮ-ਜਨਮਾਂਤਰਾਂ ਤੇ ਸੁੱਤਾ ਹੋਇਆ ਹੈ, ਜਾਗ ਉਠਦਾ ਹੈ । ਉਸ ਦੀ ਆਤਮਾ ਵਿਚ ਜਮੀਆਂ ਹੋਈਆਂ ਮਾਨਸਿਕ ਤਹਿਆਂ ਉਤਰ ਜਾਂਦੀਆਂ ਹਨ ਅਤੇ ਭਰਮ ਤੇ ਭੁਲੇਖਿਆਂ ਦਾ ਪਰਦਾ ਦੂਰ ਹੋ ਜਾਂਦਾ ਹੈ ।[28]

'ਕੀਰਤਨ ਦੁਆਰਾ ਮਨੁਖ ਦੇ ਮਨ ਨੂੰ ਸੁੱਤੀ ਹੋਈ ਦਸ਼ਾ ਵਿਚੋਂ ਕੱਢ ਕੇ ਜਾਗਰੂਕਤਾ ਦੀ ਅਵਸਥਾ ਵਿਚ ਲਿਆਉਣ ਦੀ ਗੱਲ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਕਈ ਥਾਵਾਂ ਤੇ ਕਹੀ ਹੈ । ਅਤੇ ਨਾਲ ਹੀ ਇਸ ਗੱਲ ਉੱਤੇ ਵੀ ਜ਼ੋਰ ਦਿੱਤਾ ਹੈ ਕਿ ਮਨੁਖ ਨੂੰ ਅਜਿਹੇ ਕਰਮ ਕਰਨੇ ਚਾਹੀਦੇ ਹਨ, ਜਿਨ੍ਹਾਂ ਨੂੰ ਕਰਦਿਆਂ ਮਨ ਨੂੰ ਮੈਲ ਨਾ ਲੱਗੇ ਅਤੇ ਮਨ ਸਦਾ ਹਰੀ ਦੇ ਕੀਰਤਨ ਵਿਚ ਜਾਗਦਾ ਰਹੇ ।[29]

ਸੋ ਕਿਉ ਨਰਕ ਜਿਤੁ ਮਿਨ ਨ ਲਾਗੈ ॥
ਹਰਿ ਕੀਰਤਨ ਮਹਿ ਏਹੁ ਮਨੁ ਜਾਗੈ ॥[30]

ਕੀਰਤਨ ਨੂੰ ਗੁਰੂ ਅਰਜਨ ਦੇਵ ਜੀ ਨੇ ਕਲਜੁਗੀ ਦੇ ਸਭ ਸਾਧਨਾਂ ਨਾਲੋਂ ਸ੍ਰੇਸ਼ਟ ਮੰਨਿਆ ਹੈ। ਕਲਿਜੁਗ ਵਿਚ ਭਗਤੀ ਦਾ ਇਹੋ ਇਕ ਪ੍ਰਮੁਖ ਸਾਧਨ ਹੈ ਜਿਸ ਦੁਆਰਾ ਜੀਵ ਨਾ ਕੇਵਲ ਆਪ ਹੀ ਇਸ ਸੰਸਾਰ ਸਾਗਰ ਤੋਂ ਪਾਰ ਹੋ ਸਕਦਾ ਹੈ, ਸਗੋਂ ਸਾਥੀਆਂ ਨੂੰ ਤਾਰ ਸਕਦਾ ਹੈ। ਅਜਿਹਾ ਮਨੁਖ ਹੀ ਪ੍ਰਭੂ ਦੀ ਦਰਗਾਹ ਵਿਚ ਇੱਜ਼ਤ ਤੇ ਮਾਣ ਨਾਲ ਕਬੂਲ ਹੁੰਦਾ ਹੈ :-

ਕਲਿਜੁਗ ਮਹਿ ਕੀਰਤਨੁ ਪਰਧਾਨਾ ॥
ਗੁਰਮੁਖਿ ਜਪੀਐ ਲਾਇ ਧਿਆਨਾ ॥
ਆਪਿ ਤਰੈ ਸਗਲੇ ਕੁਲ ਤਾਰੈ ॥
ਹਰਿ ਦਰਗਹ ਪਤਿ ਸਿਉ ਜਾਇਦਾ ॥[31]

ਪ੍ਰਭੂ ਦਾ ਕੀਰਤਨ ਸ੍ਰਵਣ ਕਰਨਾ ਕੇਵਲ ਉਨ੍ਹਾਂ ਮਨੁੱਖਾਂ ਨੂੰ ਪ੍ਰਾਪਤ ਹੁੰਦਾ ਹੈ ਜਿਨ੍ਹਾਂ ਤੇ ਪ੍ਰਭੂ ਆਪ ਮਿਹਰ ਕਰੇ। ਪ੍ਰਭੂ ਦੀ ਕ੍ਰਿਪਾ ਬਿਨਾਂ ਕੀਰਤਨ ਵਿਚ ਮਨੁਖ ਦਾ ਮਨ ਲੀਨ ਨਹੀਂ ਹੋ ਸਕਦਾ। ਸ੍ਰੀ ਗੁਰੂ ਅਰਜਨ ਦੇਵ ਉਹਨਾਂ ਲੋਕਾਂ ਦੀ ਕਿਸਮਤ ਦੀ ਪ੍ਰਸੰਸਾ ਕਰਦੇ ਹਨ ਜਿਨ੍ਹਾਂ ਨੂੰ ਪ੍ਰਭੂ ਦਾ ਗੁਣ-ਗਾਨ ਕਰਨਾ ਨਸੀਬ ਹੋਇਆ ਹੈ ਤੇ ਜਿਨ੍ਹਾਂ ਨੇ ਸੰਤਾਂ ਦੀ ਸੰਗਤ ਦੁਆਰਾ ਪ੍ਰਭੂ ਦੀ ਨਿਕਟਤਾ ਨੂੰ ਅਨੁਭਵ ਕਰ ਲਿਆ ਹੈ :-

ਵਡੈ ਭਾਗਿ ਪ੍ਰਭ ਕੀਰਤਨੁ ਗਾਇਆ ॥
ਸੰਤ ਸੰਗਿ ਨਾਨਕ ਪ੍ਰਭੁ ਪਾਇਆ ॥[32]

ਮਾਇਆ ਦੇ ਧੰਧਿਆਂ ਵਿੱਚੋਂ ਨਿਕਲ ਕੇ ਤੇ ਇਸ ਦੇ ਬਾਸਾਂ ਨਾਸਾਂ ਤੋਂ ਉੱਚਾ ਉਠ ਕੇ ਹਰੀ ਦੇ ਕੀਰਤਨ ਵਿਚ ਜੁੜਨ ਵਾਲੇ ਵਿਅਕਤੀ ਹੀ ਸਰਵੋਤਮ ਹਨ।[33] ਕੀਰਤਨ ਦੁਆਰਾ ਇਕ ਅਗੰਮੀ ਤੇ ਅਚੂਰੀ ਰਸ ਦੀ ਝਰਨਾਟ ਛਿੜ ਜਾਂਦੀ ਹੈ। ਮਨੁਖ ਦਾ ਮਨ ਨਿਰਮਲ ਹੋ ਜਾਂਦਾ ਹੈ ਤੇ ਆਤਮਾ ਖਿੜ ਉਠਦੀ ਹੈ। ਸਭ ਪ੍ਰਕਾਰ ਦੇ ਦੁਖ-ਕਲੇਸ਼ ਮਿਟ ਜਾਂਦੇ ਹਨ। ਮਨੁੱਖ ਇਸ ਯੋਗ ਹੋ ਜਾਂਦਾ ਹੈ ਕਿ ਉਸ ਨੂੰ ਪ੍ਰਭੂ ਦੀ ਦਰਗਹ ਵਿਚ ਵੀ ਮਾਣ ਸਤਿਕਾਰ ਮਿਲ ਸਕੇ।[34]

ਜਿੱਥੇ ਕੀਰਤਨ ਕਰਨ ਦੇ ਉੱਤਮ ਫਲ ਮਨੁੱਖ ਨੂੰ ਪ੍ਰਾਪਤ ਹੁੰਦੇ ਹਨ, ਉੱਥੇ ਕੀਰਤਨ ਸੁਣਨ ਦੇ ਫਲ ਵੀ ਗੁਰੂ ਅਰਜਨ ਨੇ ਵਰਣਨ ਕੀਤੇ ਹਨ । ਆਪ ਦਸਦੇ ਹਨ ਕਿ ਗੁਰਮੁਖ ਹਰੀ ਦਾ ਕੀਰਤਨ ਸੁਣਦੇ ਹਨ, ਉਨ੍ਹਾਂ ਦੇ ਮਨ ਤੋਂ ਹਰ ਪ੍ਰਕਾਰ ਦੇ ਵੈਰ- ਵਿਰੋਧ ਮਿਟ ਜਾਂਦੇ ਹਨ :-

ਵੈਰ ਵਿਰੋਧ ਮਿਟੇ ਤਿਹ ਮਨ ਤੇ ॥
ਹਰਿ ਕੀਰਤਨੁ ਗੁਰਮੁਖ ਜੋ ਸੁਨਤੇ ॥[35]

ਹਰੀ ਦਾ ਕੀਰਤਨ ਕਰਨ ਵਾਲਾ ਅਤੇ ਕੀਰਤਨ ਸੁਣਨ ਵਾਲਾ ਦੋਵੇਂ ਹੀ ਪ੍ਰਭੂ ਦੇ ਪ੍ਰੇਮ- ਪਾਤਰ ਬਣਦੇ ਹਨ :-

ਹਰਿ ਕੀਰਤਨੁ ਕਰਹ ਹਰਿ ਜਸੁ ਸੁਣਹ ਤਿਸ ਕਵਲਾ ਕੰਤਾ ॥[36]

ਗੁਰੂ ਅਰਜਨ ਦੇਵ ਜੀ, ਕੀਰਤਨ ਨੂੰ ਕਿਤਨਾ ਉੱਚਾ ਦਰਜਾ ਦੇਂਦੇ ਹਨ, ਇਸ ਦਾ ਪਤਾ ਇਸ ਗੱਲ ਤੋਂ ਵੀ ਲਗਦਾ ਹੈ ਕਿ ਆਪ ਆਪਣੇ ਪ੍ਰੀਤਮ ਦੀ ਮਿਲਣ- ਸਿੱਕ ਵਿਚ ਅਰਦਾਸ ਕਰਦੇ ਹੋਏ ਕੀਰਤਨ ਦਾ ਦਾਨ ਹੀ ਮੰਗਦੇ ਹਨ ।

ਇਕ ਜਾਚਿਕੁ ਮੰਗੈ ਦਾਨ ਦੁਆਰੈ ॥
ਜਾ ਪ੍ਰਭ ਭਾਵੈ ਤਾ ਕਿਰਪਾ ਧਾਰੈ ॥
ਦੇਹੁ ਦਰਸੁ ਜਿਤੁ ਮਨ ਤ੍ਰਿਪਤਾਸੈ ॥
ਹਰਿ ਕੀਰਤਨਿ ਮਨ ਠਹਿਰਾਇਦਾ ॥[37]

ਆਪ ਆਪਣੇ ਸਤਿਗੁਰੂ ਤੋਂ ਬਲਿਹਾਰ ਜਾਂਦੇ ਹਨ ਜਿਸ ਦੀ ਕ੍ਰਿਪਾ ਦੁਆਰਾ ਕੀਰਤਨ ਦੋਆਂ ਮਹਾਨ ਗੁਣਾਂ ਦਾ ਆਨੰਦਮਈ ਤੇ ਸੁਖਦਾਇਕ ਰਸ ਪ੍ਰਾਪਤ ਹੁੰਦਾ ਹੈ ਅਤੇ ਪ੍ਰਭੂ ਦੀ ਪ੍ਰਸੰਨਤਾ ਨਸੀਬ ਹੁੰਦੀ ਹੈ ਤੇ ਮਨ- ਇੱਛਤ ਫਲ ਮਿਲਦੇ ਹਨ ।[38]

ਉਪਰੋਕਤ ਸਾਰੇ ਵਿਚਾਰ ਤੋਂ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਗੁਰੂ ਅਰਜਨ ਦੇਵ ਦੀ ਬਾਣੀ ਵਿਚ ਸੰਗੀਤ ਨੂੰ ਪ੍ਰਮੁਖ ਸਥਾਨ ਪ੍ਰਾਪਤ ਹੈ ਅਤੇ ਇਹ ਬਾਣੀ ਲੋਕ- ਮੁਖੀ ਹੋਣ ਕਾਰਣ ਲੋਕ- ਸੰਗੀਤ ਦੋਆਂ ਗੁਣਾਂ ਨਾਲ ਓਤ-ਪੋਤ ਹੈ । ਉਹ ਸਾਰੇ ਰਾਗ ਤੇ ਧਾਰਨਾਵਾਂ ਜੋ ਲੋਕ-ਧਾਰਾ ਦਾ ਅੰਗ ਬਣ ਗਏ ਸਨ, ਗੁਰੂ ਸਾਹਿਬ ਨੇ ਬੜੀ ਖੂਬਸੂਰਤੀ ਅਤੇ ਕਲਾਮਈ ਸੂਝਤਾਂ ਨਾਲ ਆਪਣੇ ਅਧਿਆਤਮਕ ਵਿਚਾਰਾਂ ਨੂੰ ਪ੍ਰਗਟਾਉਣ ਦਾ ਮਾਧਿਅਮ ਬਣਾਏ ਹਨ। ਕਾਵਿ ਤੇ ਸੰਗੀਤ ਦੇ ਸਮਨਵੈ ਦੁਆਰਾ ਹਰੀ ਆਪਣੀ ਅਦਭੁਤ ਬਾਣੀ ਦਾ ਸੰਦੇਸ਼ ਅਮਰ ਹੈ ।

•••

## ਟਿੱਪਣੀਆਂ ਤੇ ਹਵਾਲੇ

1- ਪੰਜਾਬੀ ਸਾਹਿਤ ਤੇ ਸਾਹਿਤਕਾਰ, ਪੰਨਾ- 61

2- ਬੇਦੀ, ਡਾ. ਸੋਹਿੰਦਰ ਸਿੰਘ, ਗੁਰੂ ਅਰਜਨ ਦੇਵ ਦੀ ਬਾਣੀ ਵਿਚ ਲੋਕ- ਤੱਤ, ਪੰਨਾ-38

3- ਡਾ. [illegible] ਸਿੰਘ, [illegible] ਤੇ [illegible], ਪੰਨਾ 75- 77

4- ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ- 255

4- ਹਰਮਜੀਤ ਸਿੰਘ, ਗੁਰੂ ਅਰਜਨ ਬਾਣੀ ਵਿਚ ਸਹੇਲੀ ਅੰਗ, ਪੰਨਾ- 43

5- [illegible] ਮਹਲਾ 5, ਘਰ 7

6- ਮਹਲਾ 5, ਆਦਿ ਗ੍ਰੰਥ, ਪੰਨਾ- 288

7- ਮਹਲਾ 5, ਉਹੀ, ਪੰਨਾ ~~[illegible]~~ 1387

8- ਉਹੀ, ਪੰਨਾ 1388- 89.

9- ਉਹੀ, ਪੰਨਾ- 1388.

10- ਰਾਗ ਭੈਰਉ ਮਹਲਾ 5, ਚਉਪਦੇ ਘਰ 2, ਪੰਨਾ 1138- 39.

11- ਸੋਰਠ ਮ: 5, ਘਰ ਤੀਜਾ, ਦੁਪਦੇ ।

12- ਕਾਨੜਾ ਮ:5

13- ਗਉੜੀ ਮ:5

14- ਗੁਰੂ ਨਾਨਕ ਤੇ ਲੋਕ- ਪ੍ਰਵਾਹ, ਪੰਨਾ- 158

15- ਗਉੜੀ ਸੁਖਮਨੀ ( 1/2)

16- ਉਹੀ, (10/7 )

17- ਉਹੀ, (13/1)

18- ਰਾਮਕਲੀ ਮ: 5

19- ਗਉੜੀ ਮ:5

20- ਦੇਖੋ ਰਾਗ ਗਉੜੀ ਮਾਝ ਦੇ ਸ਼ਬਦ ਨੰਬਰ 166, 167 ਅਤੇ 168.

21- ਗਉੜੀ ਮਾਝ ਮ:5

22- ਆਸਾਵਰੀ ਮ: 5, ਘਰ 17

23- ਬਿਲਾਵਲ ਮ: 5

24- ਰਾਮਕਲੀ ਮ: 5

25- ਗਲੀ ਸੁਹਾਵੀ ਸਾਧਰੀ ਜਾਮਹਿ ਗੁਨ ਗਾਏ ॥
ਤਿਨਹੀ ਨਾਮ ਨ ਚਿਤਾਵਰ ਜਿਤ ਹਰਿ ਬਿਸਰਾਏ ॥
( ਸੂਹੀ ਮ: 5)

26- <u>ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ</u>, ਪੰਨਾ 276.

27- ਬਸੰਤ ਮ: 5.

28- ਸਫਲ ਜਨਮ ਤਿਸਕਾ ਪਰਵਾਣੁ ॥
ਪਾਰਬ੍ਰਹਮੁ ਨਿਕਟਿ ਕਰਿ ਜਾਣੁ ॥
ਭਾਇ ਭਗਤਿ ਪ੍ਰਭ ਕੀਰਤਨ ਲਾਗੈ ॥
ਜਨਮ ਜਨਮ ਕਾ ਸੋਇਆ ਜਾਗੈ ॥
( ਗੋਂਡ ਮਹਲਾ 5 )

29- <u>ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ</u>, ਪੰਨਾ- 277

30- ਗਉੜੀ ਮਹਲਾ: 5.

31- ਮਾਰੂ ਮਹਲਾ 5 ਸੋਲਹੇ

32- ਬਿਲਾਵਲ ਮਹਲਾ 5

33- ਭਲੋ ਭਲੋ ਰੇ ਕੀਰਤਨੀਆ ॥
ਰਾਮ ਰਮਾ ਰਾਮਾ ਗੁਨ ਗਾਉ ॥
ਛੋਡਿ ਮਾਇਆ ਕੇ ਧੰਧ ਸੁਆਉ ॥
( ਰਾਮਕਲੀ ਮ:5 )

34- ਗੁਰਸੁਖਾਈ ਹਰਿ ਕੀਰਤਨੁ ਸੁਣੀਐ ॥
ਸਤਿਗੁਰੁ ਭੇਟਿ ਹਰਿ ਜਸੁ ਮੁਖਿ ਭਣੀਐ ॥
ਕਲਿ ਕਲੇਸ ਮਿਟਾਏ ਸਤਿਗੁਰੁ ॥
ਹਰਿ ਦਰਗਹ ਦੇਵੈ ਮਾਨਾ ਹੇ ॥
( ਮਾਰੂ ਮ: 5, ਸੋਲਹੇ )

35- ਗਉੜੀ, ਬਾਵਨ ਅੱਖਰੀ ਮ:5.

36- ਸੋਰਠ ਵਾਰ 4, ਪਉੜੀ

37- ਮਾਰੂ ਮ: 5, ਸੋਲਹੀ ।

38- ਬਲਿਹਾਰੀ ਗੁਰ ਆਪਣੇ ਚਰਨਨ ਬਲਿ ਜਾਉ ॥
ਅਨੰਦ ਸੂਖ ਮੰਗਲ ਬਨੇ ਪੇਖਤ ਗੁਨ ਗਾਉ ॥
ਕਥਾ ਕੀਰਤਨ ਨਾਦ ਧੁਨਿ ਇਹੁ ਬਨਿਓ ਸੁਆਉ ॥
ਨਾਨਕ ਪ੍ਰਭ ਸੁਪ੍ਰਸੰਨ ਭਏ ਬਾਂਛਤ ਫਲ ਪਾਉ ॥

( ਬਿਲਾਵਲ ਮ: 5 )

•••

## ਅਧਿਆਇ ਅਠਵਾਂ

# ਗੁਰੂ ਅਰਜਨ ਬਾਣੀ ਤੇ ਲੋਕ-ਬੋਲੀ

## ਗੁਰੂ ਅਰਜਨ ਬਾਣੀ ਤੇ ਲੋਕ- ਬੋਲੀ

ਗੁਰੂ ਅਰਜਨ ਦੇਵ ਦੀ ਬਾਣੀ ਦਾ ਲੋਕ- ਬੋਲੀ ਦੇ ਪੱਖੋ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਸਾਨੂੰ ਇਹ ਨਿਰਣਾ ਕਰ ਲੈਣਾ ਜ਼ਰੂਰੀ ਹੈ ਕਿ ਲੋਕ-ਬੋਲੀ[1] ਕਿਸ ਨੂੰ ਕਹਿੰਦੇ ਹਨ ਅਤੇ ਇਸ ਦੀ ਸਾਮਰੱਥਾ ਕਿਤਨੀ ਹੈ। ਡਾ. ਵਣਜਾਰਾ ਬੇਦੀ ਅਨੁਸਾਰ, 'ਲੋਕ ਬੋਲੀ ਦੀ ਬੜੀ ਸਿੱਧੀ ਤੇ ਸਰਲ ਪਰਿਭਾਸ਼ਾ ਤਾਂ ਇਹ ਹੈ ਕਿ ਭਾਸ਼ਾ ਦਾ ਜੋ ਰੂਪ ਜਨ- ਸਾਧਾਰਨ ਵਿਚ ਪ੍ਰਚਲਿਤ ਹੁੰਦਾ ਹੈ, ਅਰਥਾਤ ਜੋ ਭਾਸ਼ਾ ਲੋਕਾਂ ਦੀ ਨਿੱਤ ਬੋਲ-ਚਾਲ ਵਿਚ ਵਰਤੀਂਦੀ ਹੈ, ਉਹ ਲੋਕ ਬੋਲੀ ਹੈ। ਪਰ ਜ਼ਰਾ ਵਧੇਰੇ ਗਹੁ ਨਾਲ ਵੇਖਿਆਂ, ਇਹ ਨਿਰਣਾ ਕਰਨਾ ਕਿ ਬੋਲ ਚਾਲ ਦੀ ਕਿਹੜੀ ਭਾਸ਼ਾ ਲੋਕ-ਬੋਲੀ ਹੈ, ਇਕ ਜਟਿਲ ਸਮੱਸਿਆ ਬਣ ਜਾਂਦੀ ਹੈ। ਪੰਜਾਬ ਵਿਚ ਕਈ ਸੰਪਰਦਾਵਾਂ ਤੇ ਜਾਤੀਆਂ ਦੇ ਲੋਕ ਵਸਦੇ ਹਨ ਤੇ ਉਨ੍ਹਾਂ ਸਭਨਾਂ ਦੀ ਭਾਸ਼ਾ ਇਕ ਰੂਪ ਨਹੀਂ ਹੁੰਦੀ। ਜਿਵੇਂ ਕਿਸੇ ਪਿੰਡ ਵਿਚ ਵਸਦੇ ਕੰਮੀਆਂ-ਕਮੀਣਾਂ ਜਾਂ ਠੱਠਿਆਂ ਵਿਚ ਰਹਿੰਦੇ ਅਛੂਤਾਂ ਤੇ ਟਪਰੀਵਾਸਾਂ ਦੀ ਭਾਸ਼ਾ, ਉਸੇ ਪਿੰਡ ਵਿਚ ਵਸਦੇ ਜੱਟਾਂ ਨਾਲੋਂ ਕੁਝ ਅੱਡਰੀ ਹੋਵੇਗੀ। ਸਿੱਖਿਅਕਾਂ ਦੀ ਬੋਲੀ ਵਿਚ 'ਗੁਰੂ' ਦਾ ਰੰਗ ਹੋਵੇਗਾ ਤੇ ਕੰਮੀਆਂ ਕਮੀਣਾਂ ਵਿਚ ਦਾਸਤਾ ਦਾ, ਪੰਡਤਾਂ ਦੀ ਬੋਲੀ ਅਨਪੜ੍ਹਾਂ ਨਾਲੋਂ ਵਧੇਰੇ ਪੰਡਤਾਊ ਹੋਵੇਗੀ, ਮੁਸਲਮਾਨਾਂ ਦੀ ਬੋਲੀ ਉਰਦੂ ਫ਼ਾਰਸੀ ਸ਼ਬਦਾਂ ਦੇ ਜ਼ੋਰ ਨਾਲ ਲੱਦੀ ਤੇ ਸਨਾਤਨੀ ਹਿੰਦੂਆਂ ਦੀ ਬ੍ਰਜ-ਭਾਸ਼ਾ ਨਾਲ ਲੱਦੀ ਹੋਵੇਗੀ। ਪਿੰਡ ਤੇ ਸ਼ਹਿਰੀ ਬੋਲ-ਚਾਲ ਵਿਚ ਵੀ ਪ੍ਰਗਟ ਅੰਤਰ ਵੇਖਿਆ ਜਾ ਸਕਦਾ ਹੈ। ਬੋਲੀ ਦਾ ਮੂਲ-ਪ੍ਰਵਾਹ ਇਕ ਹੁੰਦਿਆਂ ਹੋਇਆਂ ਵੀ ਹਰ ਸੰਪ੍ਰਦਾ, ਜਾਤੀ ਤੇ ਵਰਣ ਦੀਆਂ ਮਾਨਸਿਕ ਰੁਚੀਆਂ ਤੇ ਬੌਧਿਕ ਪੱਧਰ ਦੇ ਅੰਕੁਰ ਸਦਕਾ, ਲੋਕਾਂ ਦੀ ਭਾਸ਼ਾ ਵਿਚ ਕੁਝ ਨਵੇਕਲੇ ਰੂਪ ਤੇ ਪ੍ਰਵਿਰਤੀਆਂ ਹੁੰਦੀਆਂ ਹਨ। ਉਂਜ ਇਨ੍ਹਾਂ ਸਭਨਾਂ ਦੀ ਬੋਲੀ ਦਾ ਸਾਂਝਾ ਪਿੰਡਾ ਇੱਕੋ ਹੁੰਦਾ ਹੈ ਜਿਸ ਉਤੇ ਹਰ ਸੰਪ੍ਰਦਾ ਜਾਤੀ ਤੇ ਵਰਣ ਆਪਣੀਆਂ ਨਿੱਜੀ ਪ੍ਰਵਿਰਤੀਆਂ ਤੇ ਰੁਚਾਂ ਦੀ ਮੋਹਰ-ਛਾਪ ਲਾ ਦਿੰਦੀ ਹੈ। ਫਿਰ ਕਿਸ ਸੰਪ੍ਰਦਾ, ਜਾਤੀ ਜਾਂ ਵਰਣ ਦੀ ਬੋਲ-ਚਾਲ ਦੀ ਭਾਸ਼ਾ ਨੂੰ ਆਮ ਲੋਕਾਂ ਦੀ ਭਾਸ਼ਾ ਮੰਨ ਕੇ ਪ੍ਰਮਾਣਿਕ ਲੋਕ-ਬੋਲੀ ਦਾ ਦਰਜਾ ਦਿੱਤਾ ਜਾਵੇ।

ਜੇ ਕਿਸੇ ਬੋਲੀ ਦੇ ਮੂਲ ਪਿੰਡੇ ਨੂੰ ਨਿਖੇੜ ਕੇ ਉਸ ਨੂੰ ਹੀ ਲੋਕ- ਬੋਲੀ ਦਾ ਦਰਜਾ ਦਿੱਤਾ ਜਾ ਸਕਦਾ ਹੈ ? ਨਹੀਂ, ਜਦੋਂ ਤਕ ਜਨ- ਸਮੂਹ ਦੀਆਂ ਭਾਸ਼ਾ ਸੰਬੰਧੀ ਪ੍ਰਵਿਰਤੀਆਂ ਤੇ ਰੁਚਾਂ ਦੀ ਮੁਹਰ-ਛਾਪ ਕਿਸੇ ਭਾਸ਼ਾ ਉਤੇ ਲੱਗੀ ਨਹੀਂ ਹੋਵੇਗੀ, ਉਦੋਂ ਤਕ ਉਹ ਲੋਕ- ਬੋਲੀ

ਕਿਵੇਂ ਅਪਣਾ ਸਕਦੀ ਹੈ । ਲੋਕ- ਬੋਲੀ ਦੀ ਪਰਿਭਾਸ਼ਾ ਕਰਨੀ ਤਾਂ ਸੌਖੀ ਹੈ,ਪਰ ਇਸ ਦੀ ਸਹੀ ਜਾਂਚ ਕਰਨੀ ਬੜੀ ਕਠਨ ਹੈ । ਲੋਕ ਬੋਲੀ ਦਾ ਨਿਰਣਾ ਕਰਨ ਦੀ ਸੱਮਸਿਆ ਹੋਰ ਵੀ ਜਟਿਲ ਬਣ ਜਾਂਦੀ ਹੈ,ਜਦੋਂ ਸਾਡਾ ਧਿਆਨ ਇਸ ਗੱਲ ਵੱਲ ਜਾਂਦਾ ਹੈ ਕਿ ਪੰਜਾਬੀ ਦੀਆਂ ਅਨੇਕ ਉਪ-ਭਾਸ਼ਾਵਾਂ ਹਨ । ਸਾਰੇ ਪੂਰਬੀ ਤੇ ਪੱਛਮੀ ਪੰਜਾਬ ਵਿਚ ਭਾਸ਼ਾ ਦਾ ਮੂਲ ਪ੍ਰਕਾਰ ਇਕੋ ਹੀ ਸੀ ਪਰ ਵੱਖ ਵੱਖ ਖੇਤਰਾਂ ਦੇ ਜਨ- ਸਮੂਹਾਂ ਦੀ ਬੋਲ-ਚਾਲ ਵਿਚ ਸਥਾਨਕ ਪ੍ਰ/ ਪ੍ਰਵਿਰਤੀਆਂ,ਭੂਗੋਲਿਕ ਤੇ ਇਤਿਹਾਸਕ ਕਾਰਨਾਂ ਕਰਕੇ ਕੁਝ ਭਾਸ਼ਾਈ ਅੰਤਰ ਆ ਗਏ ਹਨ ਅਤੇ ਹਰ ਉਪ- ਭਾਸ਼ਾਈ ਖੇਤਰ ਦੇ ਲੋਕਾਂ ਦੀ ਬੋਲੀ ਦੂਜੇ ਉਪ-ਭਾਸ਼ਾਈ ਖੇਤਰ ਵਿਚ ਵਸਦੇ ਲੋਕਾਂ ਨਾਲੋਂ ਕੁਝ ਅੱਡਰੀ ਹੈ । ਇਸ ਦ੍ਰਿਸ਼ਟੀ ਤੋਂ ਵਿਚਾਰਿਆਂ ਕਿਸੇ ਭਾਸ਼ਾ ਦੀਆਂ ਜਿਤਨੀਆਂ ਉਪ-ਭਾਸ਼ਾਵਾਂ ਹਨ, ਉਤਨੀਆਂ ਹੀ ਉਸ ਦੀਆਂ ਲੋਕ- ਬੋਲੀਆਂ ਹੋ ਜਾਣਗੀਆਂ ।

ਪਰ ਕਿਉਂਕਿ ਪੰਜਾਬੀ ਦੀਆਂ ਉਪ-ਭਾਸ਼ਾਵਾਂ ਅਨੇਕਾਂ ਹਨ, ਇਸ ਲਈ ਇਹ ਨਿਰਣਾ ਕਰਨਾ ਪਵੇਗਾ ਕਿ ਕਿਸ ਉਪ-ਭਾਸ਼ਾ ਨੂੰ ਲੋਕ- ਬੋਲੀ ਮੰਨਿਆ ਜਾਵੇ । ਡਾਕਟਰ ਵਣਜਾਰਾ ਬੇਦੀ ਦੇ ਵਿਚਾਰ ਵਿਚ ਮਾਝੇ ਦੇ ਇਲਾਕੇ ਦੇ ਲੋਕ- ਸਾਹਿਤ ਵਿਚ ਵਰਤੀ ਬੋਲੀ ਨੂੰ ਪ੍ਰਮਾਣਿਕ ਲੋਕ- ਬੋਲੀ ਮਿਥ ਸਕਦੇ ਹਾਂ ।

ਪਰ ਲੋਕ- ਬੋਲੀ ਦੀ ਆਪਣੀ ਸੀਮਾ ਹੈ,ਉਸ ਵਿਚ ਉਚੇਰੇ ਦਾਰਸ਼ਨਿਕ ਤੇ ਅਧਿਆਤਮਿਕ ਵਿਚਾਰਾਂ ਨੂੰ ਸਮੇਟ ਸਕਣਾ ਕਠਨ ਸੀ। ਇਸ ਲਈ ਲੋਕ-ਬੋਲੀ ਪੂਰੀ ਤਰ੍ਹਾਂ ਗੁਰੂ ਅਰਜਨ ਦੇਵ ਦੇ ਭਾਵਾਂ ਨੂੰ ਆਪਣੇ ਵਿਚ ਸਮਾ ਲੈਣ ਤੋਂ ਅਸਮਰੱਥ ਸੀ । ਇਹੀ ਕਾਰਣ ਹੈ ਕਿ ਗੁਰੂ ਅਰਜਨ ਦੇਵ ਜੀ ਨੂੰ ਦਾਰਸ਼ਨਿਕ ਸਿਧਾਂਤਾਂ ਨੂੰ ਪ੍ਰਗਟ ਕਰਨ ਲਈ ਪਰਿਭਾਸ਼ਕ ਸ਼ਬਦਾਵਲੀ ਸੰਸਕ੍ਰਿਤ, ਅਪਭ੍ਰੰਸ਼ ਤੇ ਸਾਧ-ਭਾਸ਼ਾ ਤੋਂ ਲੈਣੀ ਪਈ । 'ਇਹ ਸ਼ਬਦਾਵਲੀ ਪੰਜਾਬ ਦੇ ਲੋਕਾਂ ਦੀ ਬੋਲ- ਚਾਲ ਵਿਚ ਭਾਵੇਂ ਨਿਤ ਨਹੀਂ ਸੀ ਵਰਤੀਂਦੀ,ਪਰ ਇਹ ਅਧਿਆਤਮਕ ਚਰਚਾ,ਕਰਮ-ਕਾਂਡਾਂ ,ਕਥਾ-ਵਾਰਤਾ,ਸਮੇਂ ਆਮ ਵਰਤੀ ਜਾਂਦੀ ਸੀ ਤੇ ਇਸ ਸ਼ਬਦਾਵਲੀ ਦੇ ਅਰਥਾਂ ਨੂੰ ਲੋਕ ਚੰਗੀ ਤਰ੍ਹਾਂ ਸਮਝਦੇ ਸਨ ।'[2]

ਗੁਰੂ ਅਰਜਨ ਦੀਆਂ ਰਚਨਾਵਾਂ ਦਾ ਸਮਾਂ ਉਹ ਸੀ ਜਦ ਲਗਭਗ ਸਾਰੀਆਂ ਭਾਰਤੀ ਆਧੁਨਿਕ ਭਾਸ਼ਾਵਾਂ ਪ੍ਰਾਕ੍ਰਿਤ- ਅਪਭ੍ਰੰਸ਼ ਆਦਿ ਅਵਸਥਾ ਵਿਚੋਂ ਨਿਕਲ ਕੇ ਨਵੀਨ ਰੂਪ ਧਾਰਣ ਕਰ ਰਹੀਆਂ ਸਨ । ਉਸ ਸਮੇਂ ਉੱਤਰੀ ਭਾਰਤ ਦੇ ਸੰਤ ਕਵੀ ਭਾਵੇਂ ਆਪੋ ਆਪਣੀ ਪ੍ਰਾਦੇਸ਼ਿਕ ਭਾਸ਼ਾ ਵਿਚ ਰਚਨਾ ਕਰ ਰਹੇ ਸਨ,ਪਰ ਇਹਨਾਂ ਦੀਆਂ ਭਾਸ਼ਾਵਾਂ ਵਿਚ ਬੜੀ ਨਿਕਟਤਾ ਅਤੇ ਸਾਂਝ ਦਿਖਾਈ ਦੇਂਦੀ ਹੈ। ਇਸ ਸਾਂਝ ਦਾ ਇਕ ਕਾਰਣ ਤਾਂ ਇਹਨਾਂ ਭਾਸ਼ਾਵਾਂ ਵਿਚ ਇੱਕੋ ਸਾਂਝੀ ਜੜ੍ਹ ਵਿੱਚੋਂ ਉਤਪੰਨ ਹੋਣਾ ਸੀ ਅਤੇ ਦੂਸਰਾ ਇਨ੍ਹਾਂ ਸੰਤ-ਕਵੀਆਂ ਦਾ ਦੇਸ਼-ਰਟਨ

ਰਟਨ ਸਮੇਂ ਦੂਸਰੇ ਪ੍ਰਾਂਤਾਂ ਦੇ ਸੰਤਾਂ ਦੇ ਸੰਪਰਕ ਵਿਚ ਆਉਂਦਾ ਸੀ। ਦੂਸਰੀਆਂ ਸੰਬੰਧਿਤ ਭਾਸ਼ਾਵਾਂ ~~ਵਿਚ ਵੀ ਕਵਿਤਾ ਰਚਦੇ ਸਨ~~ ਦੀ ਚੋਖੀ ਭਰਪੂਰ ਜਾਣਕਾਰੀ ਇਨ੍ਹਾਂ ਨੂੰ ਹੋਣ ਕਾਰਣ ਇਹ ਆਪਣੀ ਮਾਤਰੀ ਭਾਸ਼ਾ ਤੋਂ ਛੁੱਟ ਦੂਸਰੀਆਂ ਭਾਸ਼ਾਵਾਂ ਵਿਚ ਵੀ ਕਵਿਤਾ ਰਚਦੇ ਸਨ। ਇਹੋ ਕਾਰਣ ਹੈ ਕਿ ਇਨ੍ਹਾਂ ਸੰਤਾਂ[3] ਦੀ ਭਾਸ਼ਾ ਨੂੰ ਕਿਸੇ ਨਿਸਚਿਤ ਚੌਖਟੇ ਵਿਚ ਰਖਣ ਵਿਚ ਕੁਝ ਕਠਿਨਾਈ ਪੇਸ਼ ਆਉਂਦੀ ਹੈ।

ਗੁਰੂ ਅਰਜਨ ਦੇਵ ਦੀ ਭਾਸ਼ਾ ਸੰਬੰਧੀ ਵੱਖ ਵੱਖ ਵਿਦਵਾਨਾਂ ਦੀਆਂ ਵੱਖ ਵੱਖ ਰਾਵਾਂ ਹਨ। ਪ੍ਰਿੰਸੀਪਲ ਤੇਜਾ ਸਿੰਘ ਸੁਖਮਨੀ ਦੀ ਭਾਸ਼ਾ ਦੇ ਸੰਦਰਭ ਵਿਚ ਲਿਖਦੇ ਹਨ :-

> "ਅਸਲ ਗੱਲ ਇਹ ਹੈ ਕਿ ਨਾ ਇਹ ਪੰਜਾਬੀ ਵਿਚ ਹੈ ਤੇ ਨਾ ਹੀ ਹਿੰਦੀ ਵਿਚ। ਇਹ ਇਕ ਰਲਵੀਂ ਬੋਲੀ ਵਿਚ ਹੈ ਜੋ ਹਿੰਦੀ ਅਤੇ ਪੰਜਾਬੀ ਦੀ ਸਾਂਝੀ-ਵਰਤਣ ਅਖਵਾ ਸਕਦੀ ਹੈ। ਉਸ ਦੇ ਵਿਚ ਹਿੰਦੀ ਦੇ ਰੂਪ ਵਰਤੇ ਹਨ ਜੋ ਪੰਜਾਬੀ ਦੇ ਜੇਹੇ ਹਨ ਤੇ ਪੰਜਾਬੀ ਦੇ ਵਿਚ ਉਹ ਰੂਪ ਵਰਤੇ ਹਨ ਜੋ ਹਿੰਦੀ ਦੇ ਜੇਹੇ ਹਨ।"[4]

ਡਾ. ਗੋਪਾਲ ਸਿੰਘ, ਗੁਰੂ ਅਰਜਨ ਦੇਵ ਦੀ ਭਾਸ਼ਾ ਬਾਰੇ ਆਪਣੇ ਵਿਚਾਰ ਇਸ ਪ੍ਰਕਾਰ ਪ੍ਰਗਟ ਕਰਦੇ ਹਨ।

> "ਇਸ ਵਿਚ ਸੰਸਕ੍ਰਿਤ ਦਾ ਜ਼ੋਰ ਰਲਾ ਹੈ। ਲਹਿੰਦੀ, ਫ਼ਾਰਸੀ, ਅਰਬੀ, ਸਿੰਧੀ, ਰਾਜਸਥਾਨੀ,[5] ਕੌਰਵੀ, ਪੰਜਾਬੀ ਆਦਿਕ ਦੇ ਨਮੂਨੇ ਆਮ ਮਿਲਦੇ ਹਨ।"

ਸੰਤ[6] ਸਿੰਘ ਸੇਖੋਂ, ਗੁਰੂ ਅਰਜਨ ਦੇਵ ਦੀ ਭਾਸ਼ਾ ਨੂੰ ਬ੍ਰਜ-ਭਾਸ਼ਾ ਜਾਂ ਹਿੰਦਵੀ ਮੰਨਦੇ ਹਨ।

ਡਾ. ਸੁਰਿੰਦਰ ਸਿੰਘ ਕੋਹਲੀ ਨੇ ਇਸ[7] ਭਾਸ਼ਾ ਨੂੰ ਸ਼ੌਰਸੈਨੀ ਅਪਭ੍ਰੰਸ਼ ਤੋਂ ਵਿਕਸਤ ਹੋਈ ਉਸ ਸਮੇਂ ਦੀ ਸਾਧ- ਭਾਸ਼ਾ ਆਖਿਆ ਹੈ। ਡਾ. ਸਰੋਤਾ ਰਾਮ ਬਾਹਰੀ ਨੇ ਲਿਖਿਆ ਹੈ ਕਿ "ਗੁਰੂ ਅਰਜਨ ਦੀ ਬਾਣੀ ਦਾ ਝੁਕਾਅ ਉਨ੍ਹਾਂ ਦੇ ਪਿਤਾ ਜੀ ਦੀ ਰਚਨਾ ਵਰਗਾ ਬ੍ਰਜ ਭਾਸ਼ਾ ਵਲ ਵਧੀਕ ਪ੍ਰਤੀਤ ਹੁੰਦਾ ਹੈ। ਪਰ ਇਕ ਵਿਸ਼ੇਸ਼[8] ਦ੍ਰਿਸ਼ਟੀਕੋਣ ਨਾਲ ਸਮੁੱਚੇ ਤੌਰ ਤੇ ਉਹਨਾਂ ਦੀ ਬਾਣੀ ਨੂੰ ਪੰਜਾਬੀ ਹੀ ਮੰਨਿਆ ਜਾਵੇਗਾ।

ਉਪਰੋਕਤ ਵਿਚਾਰਾਂ ਦਾ ਸਾਰ ਇਸ ਤਰ੍ਹਾਂ ਹੈ[9] :

1- ਗੁਰੂ ਅਰਜਨ ਦੀ ਭਾਸ਼ਾ ਹਿੰਦੀ ਅਤੇ ਪੰਜਾਬੀ ਦਾ ਸੁਮੇਲ ਹੈ

2- ਇਹ ਭਾਸ਼ਾ ਸੰਸਕ੍ਰਿਤ ਪ੍ਰਧਾਨ ਪੰਜਾਬੀ ਹੈ

3- ਇਹ ਬ੍ਰਜ ਭਾਸ਼ਾ ਜਾਂ ਹਿੰਦਵੀ ਪ੍ਰਧਾਨ ਭਾਸ਼ਾ ਹੈ ।

4- ਇਹ ਪ੍ਰੇਮਸੰਗੀ ਤੇ ਬਣੀ ਉਸ ਸਮੇਂ ਦੀ ਸਾਧ ਭਾਸ਼ਾ ਹੈ ।

5- ਇਹ ਪੰਜਾਬੀ ਭਾਸ਼ਾ ਹੈ, ਜਿਸ ਦਾ ਝੁਕਾ ਬ੍ਰਜ ਭਾਸ਼ਾ ਵੱਲ ਵਧੇਰੇ ਹੈ ।

ਇਨ੍ਹਾਂ ਵਿਚੋਂ ਪਹਿਲੇ ਤਿੰਨਾਂ ਵਿਚਾਰਾਂ ਦੀ ਤਾਰਕਿਕ ਸੰਗਤੀ ਬਾਰੇ ਸਾਨੂੰ ਕੋਈ ਸੰਦੇਹ ਨਹੀਂ ਹੈ । ਪਰ ਸਾਰੇ ਵਿਚਾਰ ਵਿਚ ਪਿਛਲੇ ਦੋਵੇਂ ਵਿਚਾਰ ਸੰਗਤੀ ਦੇ ਧਿਆਨਯੋਗ ਹਨ, ਜਿਨ੍ਹਾਂ ਨੂੰ ਮਿਲਾਕੇ ਅਸੀਂ ਇੰਜ ਆਖ ਸਕਦੇ ਹਾਂ ਕਿ ਗੁਰੂ ਅਰਜਨ ਦੇਵ ਦੀ ਭਾਸ਼ਾ ਵਿਚ ਪ੍ਰਮੁਖਤਾ ਉਸ ਸਮੇਂ ਦੀ ਅਪਭ੍ਰੰਸ਼ ਤੋਂ ਵਿਕਸਿਤ ਹੋ ਰਹੀ ਪੰਜਾਬੀ ਬੋਲੀ ਦੀ ਹੈ ਜੋ ਆਧੁਨਿਕ ਪੰਜਾਬੀ ਦਾ ਹੀ ਇਕ ਪੁਰਾਣਾ ਰੂਪ ਸੀ ਅਤੇ ਜਿਸ ਨੂੰ ਸੰਤ- ਕਾਵਿ ਦਾ ਮਾਧਿਅਮ ਹੋਣ ਕਾਰਣ ਸਾਧ-ਭਾਸ਼ਾ ਦਾ ਨਾਮ ਦਿੱਤਾ ਜਾ ਸਕਦਾ ਹੈ । ਇਸ ਭਾਸ਼ਾ ਵਿਚ ਬ੍ਰਜ-ਭਾਸ਼ਾ ਅਤੇ ਹਿੰਦਵੀ ਦਾ ਪ੍ਰਭਾਵ ਹੈ ਅਤੇ ਸੰਸਕ੍ਰਿਤ ਸ਼ਬਦਾਵਲੀ ਦੀ ਮਿਲਾਵਟ ਵੀ ਹੈ। ਪੰਜਾਬੀ ਤੋਂ ਛੁੱਟ ਬ੍ਰਜ ਭਾਸ਼ਾ, ਹਿੰਦਵੀ, ਮੁਲਤਾਨੀ, ਪੂਠੋਹਾਰੀ, ਸਿੰਧੀ, ਸੰਸਕ੍ਰਿਤ ਅਤੇ ਫ਼ਾਰਸੀ ਆਦਿ ਭਾਸ਼ਾਵਾਂ ਤੇ ਉਪ- ਭਾਸ਼ਾਵਾਂ ਵਿਚ ਵੀ ਆਪ ਦੀਆਂ ਰਚਨਾਵਾਂ ਮਿਲਦੀਆਂ ਹਨ[10] ।

**ਗੁਰੂ ਅਰਜਨ- ਬਾਣੀ ਦਾ ਵਿਆਕਰਣਕ ਅਤੇ ਭਾਸ਼ਾ-ਵਿਗਿਆਨਕ ਵਿਸ਼ਲੇਸ਼ਣ:**

ਹੁਣ ਅਸੀਂ ਗੁਰੂ ਅਰਜਨ ਦੀ ਭਾਸ਼ਾ ਦਾ ਅੰਗ - ਨਿਖੇੜ ਕਰਕੇ ਇਸ ਦੇ ਵੱਖ ਵੱਖ ਰੂਪਾਂ- ਸੁਰਾਂ, ਵਿਅੰਜਨਾਂ, ਕ੍ਰਿਆਵਾਂ ਅਤੇ ਵਿਭਕਤੀਆਂ ਆਦਿ ਵਿਚ ਆਏ ਪਰਿਵਰਤਨਾਂ ਦੇ ਮੁਢਲੇ ਢੰਗਾਂ ਅਤੇ ਨਿਯਮਾਂ ਦਾ ਅਧਿਐਨ ਕਰਾਂਗੇ ।

**ਸੁਰ-ਭੇਦ :**

1- ਗੁਰੂ ਅਰਜਨ ਦੇਵ ਦੀ ਭਾਸ਼ਾ ਵਿਚ ਸ਼ਬਦ ਦਾ ਪਹਿਲਾ, ਵਿਚਲਾ ਜਾਂ ਅੰਤਲਾ 'ਅ' ਬਦਲਕੇ 'ਇ' ਹੋ ਗਿਆ ਹੈ, ਜਿਵੇਂ :

ਲੈਹ, ਦੇਹ, ਜਾਹ ਦੀ ਥਾਂ ਲੈਹਿ, ਦੇਹਿ, ਜਾਹਿ ।

ਮਾਰਗ, ਪਰਬ ਦੀ ਥਾਂ ਮਗਿ, ਪਗਿ ।

ਪੁਨਹ , ਬੁਨਹ ਦੀ ਥਾਂ ਪੁਨਿ, ਬੁਨਿ ।

ਸਤਕ ਦੀ ਥਾਂ ਸਤਿ ।

ਏਹੁ, ਏਕ ਦੀ ਥਾਂ ਇਹ, ਇਕ ।

2- 'ਅ' ਦੇ ਪਿੱਛੇ ਜਦੋਂ 'ਯ' ਆਉਂਦਾ ਹੈ ਤਾਂ ਇਹ ਦੋਵੇਂ ਅ+ਯ ਮਿਲਕੇ 'ਐ' ਬਣ ਗਏ ਹਨ, ਜਿਵੇਂ :

ਤ੍ਰਯ ਤੋਂ ਤ੍ਰੈ

ਨਯ ਤੋਂ ਨੈ

ਨਯਨ ਤੋਂ ਨੈਨ

ਨਿਸ਼ਚਯ ਤੋਂ ਨਿਸ਼ਚੈ ।

3- ਜਦੋਂ 'ਅ' ਦੇ ਪਿੱਛੇ 'ਵ' ਆਉਂਦਾ ਹੈ ਤਾਂ ਦੋਵੇਂ ਮਿਲਕੇ 'ਔ' ਦੇ ਬਣੇ ਹਨ, ਜਿਵੇਂ :

ਅਵਸਰ ਤੋਂ ਔਸਰ

ਭਵ ਸਾਗਰ ਤੋਂ ਭੌ ਸਾਗਰ

ਅਵਧੂਤ ਤੋਂ ਔਧੂਤ

ਨਵ ਤੋਂ ਨੌ

ਪਵਨ ਤੋਂ ਪੌਣ ( ਕਈ ਥਾਂ ਤੇ ਪਵਨ ਹੀ ਰਹਿਣ ਦਿੱਤਾ ਹੈ)

4- ਜਿੱਥੇ 'ਅ' ਦੇ ਨਾਲ 'ਇ' ਜਾਂ 'ਉ' ਮਿਲ ਜਾਂਦੇ ਹਨ, ਉਥੇ 'ਐ' ਜਾਂ 'ਔ' ਬਣ ਜਾਂਦੇ ਹਨ ਜਿਵੇਂ

ਚਲਇ ਤੋਂ ਚਲੈ

ਕਹਉ ਤੋਂ ਕਹੌ

ਮਿਸਟਰ ਈ. ਐਫ. ਚੈਟਰਜੀ[11] ਨੇ ਅਤੇ ਮਿਸਟਰ ਤਿਲਕ[12] ਨੇ ਵੀ ਇਸ ਨਿਯਮ ਨੂੰ ਭਾਸ਼ਾ- ਵਿਗਿਆਨਕ ਦ੍ਰਿਸ਼ਟੀ ਤੋਂ ਠੀਕ ਮੰਨਿਆ ਹੈ ।

<u>ਵਿਅੰਜਨ-ਭੇਦ :</u>

ਗੁਰੂ ਅਰਜਨ ਦੇਵ ਦੇ ਵਿਅੰਜਨਾਂ ਦੇ ਅਧਿਐਨ ਤੋਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਦਾ ਗਿਆਨ ਹੁੰਦਾ ਹੈ :-

1- ਬਹੁਤੀ ਵਾਰ ਸ਼ਬਦ ਦੇ ਵਿਚਕਾਰਲਾ ਅਤੇ ਕਈ ਵਾਰ ਅੰਤਲਾ 'ਕ' 'ਗ' ਵਿਚ ਬਦਲ ਗਿਆ ਹੈ, ਜਿਵੇਂ :

ਪ੍ਰਕਟ ਤੋਂ ਪ੍ਰਗਟ ਜਾਂ ਪਰਗਟ

ਵਿਕਾਸ ਤੋਂ ਵਿਗਾਸ

ਭਕਤੀ ਤੋਂ ਭਗਤੀ

ਪ੍ਰਕਿਰਤਿ ਤੇ ਪ੍ਰਕ੍ਰਤ

ਬਲ ਤੇ ਬੰਧ ।

2- 'ਯ' ਦੀ ਥਾਂ 'ਜ' ਦੀ ਵਰਤੋਂ ਜਿਵੇਂ ਆਮ ਕੀਤੀ ਮਿਲਦੀ ਹੈ। ਇਸ ਦੀਆਂ ਅਨੇਕਾਂ ਉਦਾਹਰਣਾਂ ਹਨ। ਜਿਵੇਂ

ਪ੍ਰਕ੍ਰਿਤਿ ਦੀ ਥਾਂ ਪ੍ਰਕ੍ਰਤ,

ਸੂਰਯ ਦੀ ਥਾਂ ਸੂਰਜ

ਯੋਨਿ ਦੀ ਥਾਂ ਜੋਨਿ

ਯੋਗ ਦੀ ਥਾਂ ਜੋਗ ਆਦਿ

ਇਸ ਪ੍ਰਕਾਰ ਦੇ ਸ਼ਬਦਾਂ ਦੀਆਂ ਅਨੇਕਾਂ ਉਦਾਹਰਣਾਂ ਹਨ।

3- ਗੁਰੂ ਅਰਜਨ ਦੇਵ ਜੀਆਂ ਰਚਨਾਵਾਂ ਵਿਚ 'ਣ' ਦੀ ਥਾਂ 'ਨ' ਦਾ ਪ੍ਰਯੋਗ ਬਹੁਤ ਮਿਲਦਾ ਹੋਇਆ ਹੈ। ਜਿਵੇਂ

ਪ੍ਰਾਨੀ ( ਪ੍ਰਾਣੀ ਲਈ )

ਨਾਰਾਇਨ (ਨਾਰਾਇਣ ਲਈ )

ਰਮਨ (ਰਮਣ ਲਈ )

ਸਿਮਰਨ (ਸਿਮਰਣ ਲਈ)

ਅਗਨ ( ਅਗਣ ਲਈ)

ਉਪਜਨਿ ( ਉਪਜਣ ਲਈ)

ਜਾਨੈ (ਜਾਣੈ ਲਈ )

ਸੁਨੈ ( ਸੁਣੈ ਲਈ )

4- ਕਈ ਸੰਗਿਆਵਾਚੀ ਸ਼ਬਦਾਂ ਦੇ ਅੰਤ ਵਿਚ ਕੰਨਾ 'ਾ' ਲਗਦਾ ਹੈ ਗੁਰੂ ਅਰਜਨ ਦੇਵ ਨੇ ਪਹਿਲੇ ਅੱਖਰ ਨੂੰ ਸਿਹਾਰੀ ਅਤੇ ਅੰਤ ਵਿਚ 'ਆ' ਲਗਾਇਆ ਹੈ। ਜਿਵੇਂ :-

ਧਨਾ ਤੇ ਧਨਿਆ

ਜਿੰਦਾ ਤੇ ਜਿੰਦਿਆ ( ਜਿਵੇਂ ਜਿੰਦਾ ਦੀ ਰਚਿਤ ਕਿਤਾ ਹੈ )

5- ਸੰਸਕ੍ਰਿਤ ਵਿਚ ਜਿਥੇ 'ਸ਼' ਅਤੇ ' ' ( ਦਾ ਉਚਾਰਣ ਹੁੰਦਾ ਹੈ, ਉਥੇ ਗੁਰੂ ਅਰਜਨ ਦੇਵ ਨੇ ਜਾਂ ਤਾਂ 'ਸ' ਵਰਤਿਆ ਹੈ ਜਿਵੇਂ 'ਪ੍ਰਕਾਸ' ਸਬਦ, ਪੁਰਖ ਤੋਂ ਪੁਰਖਿ, ਲਿਖੇ ਤੋਂ ਲਿਖਿ, ਵੇਤਾ ਤੇ ਪ੍ਰਗਤਾ ਜਾਂ 'ਥ' ਨੂੰ 'ਖ' ਵਿਚ ਬਦਲ ਦਿਤਾ ਹੈ। ਜਿਵੇਂ ਧਰਖ ਤੇ 'ਧਰਖ' ਆਦਿ ।

**ਸੰਯੁਕਤ ਅੱਖਰਾਂ ਦਾ ਬਦਲਨਾ:**

ਪ੍ਰਾਕ੍ਰਿਤ ਤੇ ਅਪਭ੍ਰੰਸ਼ ਦੀ ਇਹ ਰੁਚੀ ਰਹੀ ਹੈ ਕਿ ਸੰਸਕ੍ਰਿਤ ਦੇ ਸੰਯੁਕਤ ਅੱਖਰਾਂ ਨੂੰ ਤੋੜ ਕੇ ਜਾਂ ਬਦਲ ਕੇ ਵੱਖਰੇ ਰੂਪ ਵਿਚ ਲਿਖਿਆ ਜਾਂਦਾ ਸੀ। ਗੁਰੂ ਅਰਜਨ ਦੇਵ ਦੀ ਬੋਲੀ ਵਿਚ ਇਹ ਰੁਚੀ ਮਿਲਦੀ ਹੈ:

1- 'ਕ੍ਸ਼' ਦੀ ਥਾਂ 'ਖ' ਜਾਂ 'ਛ' ਜਿਵੇਂ:

| | | |
|---|---|---|
| ਅਕਸ਼ਰ | ਤੋਂ | ਅੱਖਰ |
| ਸ਼ਿਕਸ਼ਾ | ਤੋਂ | ਸਿਖਿਆ ਜਾਂ ਸਿਛਿਆ |
| ਕਸ਼ੇਮ | ਤੋਂ | ਖੇਮ |
| ਕਸ਼ੀਰ | ਤੋਂ | ਖੀਰ |
| ਰਕਸ਼ਾ | ਤੋਂ | ਰਖਿਆ ਜਾਂ ਰੱਛਾ |
| ਵ੍ਰਿਕਸ਼ | ਤੋਂ | ਬ੍ਰਿਖ, ਬਿਰਖ |
| ਸੂਕਸ਼ਮ | ਤੋਂ | ਸੂਖਮ ਆਦਿ |

2- ਆਦਿ ਵਿਅੰਜਨ ਲੋਪ:

ਜਿਹੜੇ ਸੰਸਕ੍ਰਿਤ ਸ਼ਬਦਾਂ ਦੇ ਸ਼ੁਰੂ ਵਿਚ 'ਸ' ਦੇ ਨਾਲ ਦੂਸਰਾ ਵਿਅੰਜਨ ਹੁੰਦਾ ਹੈ, ਉਥੇ 'ਸ' ਦਾ ਲੋਪ ਹੋ ਗਿਆ ਹੈ, ਜਾਂ ਉਸ ਤੋਂ ਪਹਿਲਾਂ 'ਅ', 'ਉ' ਜਾਂ ਹੋਰ ਸੁਰ ਲਾ ਦਿਤਾ ਹੈ। ਜਿਵੇਂ

| | | |
|---|---|---|
| ਸਥਿਰ | ਤੋਂ | ਥਿਰ |
| ਸਥਲ | ਤੋਂ | ਥੱਲ |
| ਸਤਨ | ਤੋਂ | ਥਣ |
| ਸ੍ਤੁਤੀ | ਤੋਂ | ਉਸਤਤਿ |
| ਸਪਰਸ਼ | ਤੋਂ | ਪਰਸ |
| ਸਮਰਣ | ਤੋਂ | ਸਿਮਰਣ |
| ਸਥਾਪਨ | ਤੋਂ | ਥਾਪਣ, ਥਾਪ ਆਦਿ। |

ਮੁਧ

3- ਅੰਤ ਵਿਅੰਜਨ ਲੋਪ: ਸ਼ਬਦਾਂ ਦੇ ਵਿਚਕਾਰਲੇ 'ਦ' ਅਤੇ 'ਗ' ਦਾ ਲੋਪ ਹੋ ਜਾਂਦਾ ਹੈ। ਜਿਵੇਂ:

ਸ੍ਵਾਸ ਤੋਂ ਸਾਸ
ਉੱਜਵਲ ਤੋਂ ਉੱਜਲ
ਸਵਰਗ ਤੋਂ ਸੁਰਗ
ਪਰਮੇਸ਼੍ਵਰ ਤੋਂ ਪਰਮੇਸਰ
ਸਰਸਵਤੀ ਤੋਂ ਸੁਰਸਤੀ,
ਰਾਘਵ ਤੋਂ ਰਘ ਆਦਿ।

4- ਅੰਤ ਵਿਅੰਜਨ ਲੋਪ:

ਜਦੋਂ ਕਿਸੇ ਸ਼ਬਦ ਦੇ ਅਖੀਰ ਤੇ ਦਯ ਜਾਂ ਤਯ ਆਦਿ ਇਕੱਠਾ ਵਰਣ ਆਵੇ ਤਾਂ ਆਮ ਤੌਰ ਤੇ ਗੁਰੂ ਅਰਜਨ ਦੀਆਂ ਰਚਨਾਵਾਂ ਵਿਚ 'ਯ' ਦਾ ਲੋਪ ਜਾਂਦਾ ਹੈ, ਜਿਵੇਂ:

ਵੈਦਯ ਤੋਂ ਵੈਦ
ਸਤਯ ਤੋਂ ਸੱਤ ਜਾਂ ਸਤਿ ਆਦਿ।

5- ਸੰਸਕ੍ਰਿਤ ਅਤੇ ਹਿੰਦੀ ਦੇ ਸੰਯੁਕਤ ਅੱਖਰਾਂ ਵਿਚ ਜਿਹੜੇ ਅੱਧੇ ਅੱਖਰ ਲਿਖੇ ਜਾਂਦੇ ਹਨ ਉਨ੍ਹਾਂ ਦੀ ਥਾਂ ਗੁਰੂ ਅਰਜਨ ਨੇ ਪੂਰੇ ਅੱਖਰਾਂ ਦਾ ਪ੍ਰਯੋਗ ਕੀਤਾ ਹੈ, ਜਿਵੇਂ:-

'ਆਤਮ', 'ਸਰੀਰ', 'ਧਰਮ', 'ਪਰਲੋ',
'ਪ੍ਰਕਿਰਤਿ', 'ਭਗਤਿ', 'ਪਰਗਟ' ਆਦਿ।

ਵਿਭਕਤੀ:

1- ਕਰਮ ਅਤੇ ਸੰਪ੍ਰਦਾਨ ਦੀ ਵਿਭਕਤੀ ਵਿਚ ਗੁਰੂ ਅਰਜਨ ਦੇਵ ਨੇ 'ਕੂੰ' 'ਕੈ' ਜਾਂ 'ਕੋ' ਦਾ ਪ੍ਰਯੋਗ ਕੀਤਾ ਹੈ।

2- ਕਰਣ ਦੀ ਵਿਭਕਤੀ ਵਿਚ 'ਅ' ਅਤੇ ਅਕਾਰਾਂਤ ਸੰਗਿਆਵਾਂ ਦੇ ਅੰਤ ਵਿਚ ਗੁਰੂ ਅਰਜਨ ਦੇਵ ਨੇ 'ਅੈ' ਦੀ ਮਾਤਰਾ ਲਾਈ ਹੈ, ਜਿਵੇਂ:

'ਸਹਿਜੈ, ਕਿਰਪੈ, ਸੰਖਾਏ, ਗਿਆਨਿ' ਆਦਿ।

3- ਸੰਬੰਧ ਦੀ ਵਿਭਕਤੀ ਵਿਚ ਗੁਰੂ ਅਰਜਨ ਨੇ 'ਦਾ' ਦੇ ਨਾਲ ਨਾਲ 'ਕੈ' ਜਾਂ 'ਕੇ' ਦਾ ਵੀ ਪ੍ਰਯੋਗ ਕੀਤਾ ਹੈ।

4- xxxxxx ਅਧਿਕਰਣ ਵਿਚ ਗੁਰੂ ਅਰਜਨ ਨੇ 'ਵਿਚ' 'ਮਾਹਿ' ਜਾਂ 'ਮਿ' ਦੀ ਵਰਤੋਂ ਕੀਤੀ ਹੈ।

**ਮਾਤਰਾ - ਭੇਦ।**

ਗੁਰੂ ਅਰਜਨ ਦੀਆਂ ਰਚਨਾਵਾਂ ਵਿਚ ਮਾਤਰਾ- ਭੇਦ ਦੀਆਂ ਕਈਆਂ ਉਦਾਹਰਣਾਂ ਮਿਲਦੀਆਂ ਹਨ, ਜਿਨ੍ਹਾਂ ਵਿਚ ਹ੍ਰਸਵ ਤੋਂ ਦੀਰਘ ਤੇ ਦੀਰਘ ਤੋਂ ਹ੍ਰਸਵ ਕਰ ਦਿੱਤਾ ਗਿਆ ਹੈ।

**ਹ੍ਰਸਵ ਤੋਂ ਦੀਰਘ।**

| | | |
|---|---|---|
| ਜਗ | ਤੋਂ | ਜਾਗ |
| ਘਿਨਾਵ | ਤੋਂ | ਘਿਨਾਵਾ |
| ਮਨ | ਤੋਂ | ਮਨਾ |
| ਪੱਥਰ | ਤੋਂ | ਪਾਥਰ |
| ਜਮ | ਤੋਂ | ਜਾਮ |
| ਚਿਤ | ਤੋਂ | ਚੀਤ |
| ਹਿਤ | ਤੋਂ | ਹੀਤ |
| ਸੁਖ | ਤੋਂ | ਸੂਖ |
| ਤੰਨ | ਤੋਂ | ਤਾਨ ਆਦਿ। |

**ਦੀਰਘ ਤੋਂ ਹ੍ਰਸਵ।**

| | | |
|---|---|---|
| ਚਾਨਣਾ | ਤੋਂ | ਚਾਨਣ |
| ਆਨੰਦ | ਤੋਂ | ਅਨੰਦ |
| ਅੰਦਰੀ | ਤੋਂ | ਅੰਦਰ |
| ਪੂਰਨ | ਤੋਂ | ਪੁਰਨ |
| ਪ੍ਰਭੂ | ਤੋਂ | ਪ੍ਰਭ ਆਦਿ। |

ਗੁਰੂ ਅਰਜਨ ਦੇਵ ਦੀ ਸਾਰੀ ਬਾਣੀ ਉਸ ਸਮੇਂ ਦੀ ਬੋਲੀ ਦੇ ਵਿਆਕਰਣਕ ਨਿਯਮਾਂ ਅਨੁਸਾਰ ਰਚੀ ਗਈ ਹੈ। 'ਲਗਾਂ-ਮਾਤਰਾਂ' ਦੀ ਸੰਜੋਗਾਤਮਕ ਬੋਲੀ ਵਿਚ, ਜਿਹੜੀ ਵਿਚ ਕਿਸੇ ਸ਼ਬਦ ਦਾ ਕਾਰਕ ਆਦਿ ਨਿਸ਼ਚਿਤ ਕਰਦੀਆਂ ਹਨ। ਅਤੇ ਉਸ ਕਾਰਕ ਅਨੁਸਾਰ ਸ਼ਬਦ ਅਰਥ ਨਿਸ਼ਚਿਤ ਹੁੰਦੇ ਹਨ[13]।

ਗੁਰੂ ਅਰਜਨ ਦੇਵ ਨੇ ਆਪਣੀਆਂ ਰਚਨਾਵਾਂ ਵਿਚ ਗੁਰਬਾਣੀ- ਵਿਆਕਰਣ ਦਾ ਉਹੀ ਢੰਗ ਅਪਣਾਇਆ ਹੈ ਜੋ ਗੁਰੂ ਨਾਨਕ ਦੇਵ ਤੇ ਦੂਜੇ ਗੁਰੂਆਂ ਦੀ ਬਾਣੀ ਵਿਚ ਮਿਲਦਾ ਹੈ। ਆਪ

ਨੇ ਗੁਰੂਆਂ ਦੀ ਬਾਣੀ ਤੋਂ ਛੁੱਟ ਭਗਤਾਂ ਅਤੇ ਭੱਟਾਂ ਆਦਿ ਦੀਆਂ ਜਿਹੜੀਆਂ ਰਚਨਾਵਾਂ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀਆਂ ਹਨ, ਉਨ੍ਹਾਂ ਸਭਨਾਂ ਦੇ ਸ਼ਬਦਜੋੜਾਂ ਨੂੰ ਇਸੇ ਪੱਧਤੀ ਅਨੁਸਾਰ ਸ਼ੁੱਧ ਕੀਤਾ ਹੈ। ਪ੍ਰੋਫੈਸਰ ਸਾਹਿਬ ਸਿੰਘ ਅਤੇ ਪ੍ਰਿੰਸੀਪਲ ਤੇਜਾ ਸਿੰਘ ਨੇ 'ਗੁਰਬਾਣੀ ਵਿਆਕਰਣ' ਵਿਚ ਅਤੇ 'ਸ਼ਬਦਾਰਥ'ਨਾਮੀ ਪੁਸਤਕਾਂ' ਵਿਚ ਵਿਸਥਾਰ ਪੂਰਵਕ ਇਸ ਵਿਸ਼ੇ ਦਾ ਵਿਸ਼ਲੇਸ਼ਣ ਕੀਤਾ ਹੈ।

ਗੁਰੂ ਅਰਜਨ ਦੇਵ ਦੀਆਂ ਰਚਨਾਵਾਂ ਵਿਚ ਹੇਠ ਲਿਖੀਆਂ ਭਾਸ਼ਾਵਾਂ ਦੀ ਸ਼ਬਦਾਵਲੀ ਦਾ ਪ੍ਰਯੋਗ ਹੋਇਆ ਹੈ।

**ਸੰਸਕ੍ਰਿਤ :**

ਗੁਰੂ ਅਰਜਨ- ਬਾਣੀ ਵਿਚ ਸੰਸਕ੍ਰਿਤ ਦੇ ਤਤਸਮ ਸ਼ਬਦ ਵੀ ਬਹੁਤ ਗਿਣਤੀ ਵਿਚ ਮਿਲਦੇ ਹਨ, ਜਿਨ੍ਹਾਂ ਦੀਆਂ ਨਿਮਨ- ਲਿਖਤ ਉਦਾਹਰਣਾਂ ਪ੍ਰਸਤੁਤ ਹਨ :

'ਅਨੁਭੂਤਿ, ਪ੍ਰਾਪਤਿ, ਕਰਨ (ਕੰਨ) ਨਰ-ਹਰੀ, ਕਰੁਣਾਮੈ, ਅਜਰ, ਅਮਰ, ਪੁਨੀਤ, ਉਦਿਆਨ, ਅੰਤਰਗਤਿ, ਪਰ ਨਿੰਦਾ, ਰਸਨਾ, ਦ੍ਰਿਸਟਿ, ਕੋਟਿ, ਅਗਨਿ, ਗਤਿ, ਬੁਧਿ, ਕੀਟ, ਨਿਰਤਿ, ਚਰਨਾਰਬਿੰਦ, ਉਸਨ, ਅਭੂਤ, ਸੁਵਰਨ, ਉਤਪਤਿ, ਰੈਨ, ਕ੍ਰਿਤਘਨ, ਪਾਖਾਣ, ਦ੍ਰਿਸਟਿ, ਸੂਲ, ਸਮ੍ਰਿਤਿ, ਪਾਵਤ, ਦੁਰਮਤਿ, ਅਚਿਰਨ, ਕੰਪ, ਸੂਤ, ਜਠਰ, ਪ੍ਰਭੂਮੀ, ਨਿਧਾਨ, ਦੀਪਕ, ਕੁਸਲ, ਸਖਤ, ਤਤਕਾਲ, ਨਿਰੰਜਨ, ਸਰਵਤ੍ਰ, ਸੂਕਰ, ਸਾਧਨਾ, ਕਰਤਬ, ਅੰਧਕੂਪ, ਆਭੂਖਣ, ਪਰਾਇਨ ਆਦਿ।

ਗੁਰੂ ਅਰਜਨ ਦੇਵ ਨੇ ਸਹਸਕ੍ਰਿਤੀ[14] ( ਸੰਸਕ੍ਰਿਤ ਦਾ ਹੀ ਅਪਭ੍ਰੰਸ਼ ਰੂਪ ) ਵਿਚ ਵੀ ਰਚਨਾ ਕੀਤੀ ਹੈ।

**ਪੰਜਾਬੀ :**

ਗੁਰੂ ਅਰਜਨ ਦੇਵ ਦੀ ਕਵਿਤਾ ਵਿਚ ਪ੍ਰਮੁਖਤਾ ਕਿਉਂਕਿ ਉਸ ਸਮੇਂ ਦੀ ਪੰਜਾਬੀ ਦੀ ਹੈ, ਇਸ ਲਈ ਆਪ ਦੀ ਬਾਣੀ ਵਿਚੋਂ ਪੰਜਾਬੀ ਸ਼ਬਦਾਂ ਦੀਆਂ ਅਨੇਕਾਂ ਉਦਾਹਰਣਾਂ ਪ੍ਰਸਤੁਤ ਕੀਤੀਆਂ ਜਾ ਸਕਦੀਆਂ ਹਨ। ਇਥੇ ਨਮੂਨੇ ਵਜੋਂ ਕੁਝ ਕੁ ਸ਼ਬਦ ਦਿੱਤੇ ਜਾ ਰਹੇ ਹਨ:

'ਅੰਞਾਣ-ਭੋਲਾ, ਰਾਤਿ, ਠੱਗੀ, ਲਾਵੀ, ਕਟੁੰਬ, ਸਜਣ, ਅਗਨ, ਕਸਟ, ਰਾਜਨ, ਸੋਣੀ, ਕੰਮ, ਸਮਝਣਾ, ਮਾਹੁਰਿ, ਕਚਰੀਆਂ, ਗੁੰਝਿ, ਸਜਣ, ਵਿਣਸਹਿ, ਮੁਠਿਆ, ਪਿੱਛੈ, ਬੈਠ, ਇਕੱਠੇ, ਆਸ, ਪਿਆਸੀ, ਕੰਤ, ਵਿਡਾਣੀਆਂ, ਸਾਜਿਆ,

ਬਿਰਥਾ, ਮੈਲੈ, ਚੂਪਾ, ਊਤ (ਊਂਤ), ਧਰਿਆ, ਜਾਈਐ, ਰੰਗ ਤਮਾਸਾ,
ਚੋਲਾ (ਚਿੱਲ), ਹੁਇ, ਨਿਤ ਜਪੀਐ, ਕਾਹੂ, ਦਾ, ਉਪਦੇਸਦਾਸ,
ਜਿਸਨੈ, ਉਪਾਵਣਾ, ਕੇਤੈ, ਧਾਰਣਾ, ਇਕਿ, ਪਤਿ, ਜਾਣਾ, ਮੇਟ ਨ ਸਕੈ,
ਅੰਦਰਿ, ਵਸਾਈਐ, ਧਿਆਨ, ਮਤਿ, ਸਕਨਾ, ਸਭੁ ਖਾਇਆ, ਮੂੰਹ, ਪਲੰਘਿਆ,
ਜਿਉ ਜਿਉ, ਤਿਵੈ ਤਿਵ, ਕੇਵਣਾ, ਖਰੇਵਣਾ, ਪੇਵਣਾ, ਨੇਰ, ਰੇਵਣਾ, ਪਰੇਵਣਾ,
ਸਮੋਇਆ, ਮਰੰਜਿਆ, ਰਖਣਾ, ਵਾਹਿਆ, ਪਾਸਾਰਿਆ, ਊਣਾ, ਸਾਰਿਆ
ਆਪੀ ਹੀ, ਬੇਅੰਤ, ਰਖਿਆ, ਖੁਰਿ, ਮਿਤ, ਸੁਣੈ, ਸੁਤੈ, ਵਡਭਾਗੀ, ਭਾਲਦਾ,
ਅਨੇਕ ਜਨ, ਕਉੜਾ, ਆਦਿ ।

ਪੰਜਾਬੀ ਭਾਸ਼ਾ ਦਾ ਇਕ ਅਤਿ ਸੁੰਦਰ ਨਮੂਨਾ ਹੇਠ ਲਿਖੇ ਛੰਦ ਵਿਚ ਵੇਖੋ :-

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥
ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ ॥
ਕਉੜਾ ਬੋਲਿ ਨ ਜਾਨੈ ਪੂਰਨ ਭਗਵਾਨੈ
ਅਉਗੁਣ ਕੋ ਨ ਚਿਤਾਰੇ ॥
ਪਤਿਤ ਪਾਵਨੁ ਹਰਿ ਬਿਰਦੁ ਸਦਾਏ
ਇਕੁ ਤਿਲੁ ਨਹੀਂ ਭੰਨੈ ਘਾਲੇ ॥
ਘਟ ਘਟ ਵਾਸੀ ਸਰਬ ਨਿਵਾਸੀ ਨੇੜੈ ਹੀ ਤੇ ਨੇੜਾ ॥
ਨਾਨਕ ਦਾਸੁ ਸਦਾ ਸਰਣਾਗਤਿ ਹਰਿ ਅੰਮ੍ਰਿਤ ਸਜਣੁ ਮੇਰਾ ॥[15]

<u>ਲਹਿੰਦੀ</u> :

ਗੁਰੂ ਅਰਜਨ ਦੇਵ ਜੀਆਂ ਰਚਨਾਵਾਂ ਵਿਚ ਲਹਿੰਦੀ ਬੋਲੀ ਦੇ ਪਦ ਵੀ ਮਿਲਦੇ ਹਨ ਅਤੇ ਅਨੇਕਾਂ ਲਹਿੰਦੀ ਸ਼ਬਦਾਂ ਦਾ ਪ੍ਰਯੋਗ ਹੋਇਆ ਹੈ, ਜਿਨ੍ਹਾਂ ਤੋਂ ਆਪ ਦੀ ਲਹਿੰਦੀ ਦੀ ਜਾਣਕਾਰੀ ਦਾ ਗਿਆਨ ਹੁੰਦਾ ਹੈ । ਉਦਾਹਰਣਾਂ ਹੇਠ ਲਿਖੇ ਅਨੁਸਾਰ ਹਨ :

'ਵਿਚਲੇ, ਘਿਓ, ਜਮੀਰੀ, ਸੁਖੰਦ, ਡਿਠੜੇ, ਕਰ, ਠਾਇ, ਲਧਾ
ਵੰਞਾਈ, ਤੈਡੀ, ਕੀਏ, ਲੱਗਾ, ਚਿੰਤਾ, ਜਾਸਾ, ਸਰਪਰ, ਜਾਣਾ,
ਦਰਗੀਆ, ਮਿੱਤ੍ਰਿਆ, ਇਕ ਆਦਿ ।

ਆਪ ਨੇ ਮਾਝ ਰਾਗ ਦੀ ਵਾਰ, ਗੂਜਰੀ ਕੀ ਵਾਰ, ਰਾਮਕਲੀ ਕੀ ਵਾਰ, ਸਲੋਕ, ਵਾਰਾਂ ਤੇ ਫੁਨਹੇ ਆਦਿ ਵਿਚ ਲਹਿੰਦੀ ਉਪ-ਭਾਸ਼ਾ ਦੀ ਵਰਤੋਂ ਕੀਤੀ ਹੈ । ਸੁਖਮਨੀ ਸਾਹਿਬ ਵਿਚ

ਲਹਿੰਦੀ ਦਾ ਪ੍ਰਯੋਗ ਘਟ ਹੋਇਆ ਹੈ।[16] ਨਮੂਨੇ ਪ੍ਰਸਤੁਤ ਹਨ :-

ੳ) ਪੰਥ ਨਿਹਾਰੀ ਜੇ ਲਹਾਂ ਪਿੰਨਾ ਸਜਣੀ ਮੇਲ ॥
ਤਨ ਜਲਾਈ ਆਪਣੇ ਲਹਾਂ ਤੂ ਸਜਣ ਮੇਲ ॥
ਸਜਣ ਸੱਚਾ ਪਾਤਿਸਾਹੁ ਸਿਰਿ ਸਾਹਾਂ ਦੇ ਸਾਹੁ ॥
ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾਂ ਦਾ ਵੇਸਾਹੁ ॥[17]

ਅ) ਉਸਤਤਿ ਕੈਹਾ ਨਾਨਕ ਜੀ
ਮੈ ਵਰ ਰੰਗਣੀ ਵੇਖਿਆ ॥
ਵਸੁ ਜਿਨ ਇਆਣੀ ॥
ਜ਼ ਚੜੇ ਮਾਣ ਦੁਰਾਵੈ ਡਿਠੈ
ਤਹੁ ਪਰੈ ਤੈਰੈ ਲਾਗੀ ॥
ਵਿਰਲੀ ਚਿਰਲੀ ਨਾਨਕ ਜੀਉ
ਵਹੁ ਲਾਗੀ ਕੋਈ ॥
ਬਹੁਤ ਜਿਨਾਵਰ ਪੰਧਾ
ਤਾ ਕਉ ਦੁਖਿ ਦੁਖਾਲੀ ਗੁੰਜੀ
ਜਾ ਗੁਰ ਮਿਲਿ ਸਜਣ ਮਿ ਨਦਾ ॥[18]

ਲਹਿੰਦੀ ਦੇ ਹੋਰ ਨਮੂਨੇ ਮਾਝ ਦੀ ਵਾਰ, (ਪਉੜੀ 6 ਅਤੇ 12) ਅਤੇ ਗਉੜੀ ਦੀ ਵਾਰ 3 ਸਲੋਕ 5, 15 ਵਿਚ ਵੇਖੇ ਜਾ ਸਕਦੇ ਹਨ ।

<u>ਪੁਠੋਹਾਰੀ :</u>

ਲਹਿੰਦੀ ਤੇ ਪੁਠੋਹਾਰੀ // ਵਿਚ ਕਈ ਥੋੜ੍ਹਾ ਹੀ ਅੰਤਰ ਹੈ, ਇਸ ਦੀ ਇਹ ਦੋਵੇਂ ਵੱਖ ਵੱਖ ਉਪ-ਭਾਸ਼ਾਵਾਂ ਹਨ ਅਤੇ ਗੁਰੂ ਅਰਜਨ ਦੇਵ ਜੀ ਨੇ ਲਹਿੰਦੀ ਦੇ ਨਾਲ ਨਾਲ ਪੁਠੋਹਾਰੀ ਉਪ-ਭਾਸ਼ਾ ਦੀ ਵਰਤੋਂ ਵੀ ਕਰਦੀ ਹੈ। ਬਾਣੀ ਗੁਰਬਾਣੀ ਵਿਚ ਇਸ ਦੀਆਂ ਕਈ ਉਦਾਹਰਣਾਂ ਮਿਲਦੀਆਂ ਹਨ ।

<u>ਸਿੰਧੀ :</u>

ਮਾਝ ਦੀ ਵਾਰ ਵਿਚ ਗੁਰੂ ਅਰਜਨ ਦੇਵ ਜੀ ਨੇ ਰੱਖਣੇ ਹਨ ਜਿਨ੍ਹਾਂ ਦੀ ਬੋਲੀ ਸਿੰਧੀ ਨਾਲ ਮਿਲਦੀ ਜੁਲਦੀ ਹੈ, ਪਰ ਨਿਰੋਲ ਸਿੰਧੀ ਨਹੀਂ, ਸਗੋਂ ਪੰਜਾਬੀ ਦੇ ਬਹੁਤ ਨੇੜੇ

ਹੈ । ਇਸ ਸਪਸ਼ਟ ਹੈ ਕਿ ਸਿੰਧੀ ਬੋਲੀ ਤੇ ਮੁਲਤਾਨੀ ਬੋਲੀ ਦੇ ਸੰਗਮ ਵਾਲੀ ਇਲਾਕੇ ਦਾ ਨਕਸ਼ਾ ਬਣਾਇਆ ਗਿਆ ਹੈ । ਕਿਤਨੇ ਕਿਤਨੇ ਠੇਠ ਪੰਜਾਬੀ ਦੇ ਸ਼ਬਦ ਵੀ ਮੁਲਤਾਨਿਕ ਹੀ ਆ ਗਏ ਹਨ[19] । ਗੁਰਬਾਣੀ ਉਸ ਸਮੇਂ ਸਿੰਧੀ ਬੋਲੀ ਪੰਜਾਬੀ ਨਾਲ ਬਹੁਤ ਕੁਝ ਮਿਲਦੀ ਜੁਲਦੀ ਸੀ । ਸਿੰਧੀ ਸ਼ਬਦ- ਪ੍ਰਧਾਨਤਾ ਦੀਆਂ ਉਦਾਹਰਣਾਂ ਪੇਸ਼ ਹਨ ।

'ਕੋਇਣ, ਕਿਨਹੁ, ਕਦੀ, ਕਿਤੇਕ, ਆਸਾਣੇ
ਕਿਸੰਦੇ, ਕਿਤੇ, ਤੂੰ ਆਦਿ ॥

<u>ਸਿੰਧੀ ਸ਼ਬਦਾਂ ਦਾ ਨਮੂਨਾ :</u>

ਤੂ ਸੁਣਿ ਸਜਣ ਪਿਆਰਿਆ ਮੈਡੀ ਜਿੰਦ ਉਡਾਇ ॥
ਨੈਣ ਮਟੰਬੈ ਤਰਸਦੇ ਕਦਿ ਪਸੀ ਦੀਦਾਰੁ ॥
ਕੋਝੁ ਮਟਕਿਆ ਤੂੰ ਕਾਇ ਕਿਆ ਮੈਡ ਕੁਵਾਲੇ ਸੋਇ ॥
ਕਵਣ ਮੈਡ ਸਜਣੈ ਜਿਨਹੁ ਪਿਰੀ ਨ ਸੋਇ ॥
ਉਨੀ ਕਾਨ੍ਹੁ ਕੰਤੜੀ ਤੂੰ ਪਸੀ ਤੂੰ ਦੀਦਾਰੁ ॥
ਨਾਨਕੁ ਆਖ ਤਰੋਲ ਕਹੁ ਕਿਨ ਅਸੀ ਕਹਿ ਕਸ ਛਾਵ ॥[20]

<u>ਪ੍ਰਾਕ੍ਰਿਤ- ਸ਼ਬਦ :</u>

ਡਾ. ਮੋਹਨ ਸਿੰਘ ਦੀਵਾਨਾ ਅਨੁਸਾਰ ਪੰਜਾਬੀ ਭਾਸ਼ਾ ਦੇ ਕੁਝ ਵਿਅੰਜਨਾਂ ਨੂੰ ਵਿਗਾੜਿਆ ਕਰਦੇ ਅਤੇ ਕੁਝ ਨੂੰ ਲੋਪ ਕਰਦੇ ਸਨ ਕ, ਖ, ਗ, ਚ, ਟ, ਤ, ਸ, ਧ ਆਦਿ ਦੀ ਕੁਝ ਅਵਾਜ਼ ਬਦਲੀ ਕਰਦੇ ਕੁਝ ਸ਼ਬਦਾਂ ਦੇ ਨੇੜੇ ਲਿਆਉਣ ਦਾ ਯਤਨ ਉਸ ਸਮੇਂ ਹੋ ਰਿਹਾ ਸੀ । ਇਸ ਤੌਰ ਦਾ ਪਤਾ ਵਿਆਕਰਣ ਪੁਸਤਕ ਦੀ 'ਪ੍ਰਾਕ੍ਰਿਤ ਭਾਸ਼ਾ' ਤੋਂ ਵੀ ਲਗਦਾ ਹੈ[21] ।

ਗੁਰੂ ਨਾਨਕ ਦੇਵ ਦੀਆਂ ਰਚਨਾਵਾਂ ਵਿਚ ਪ੍ਰਾਕ੍ਰਿਤ-ਸ਼ਬਦਾਂ ਦੀ ਪ੍ਰਧਾਨਤਾ ਬੜੀ ਮਿਲਦੀ ਹੈ । ਜਿਵੇਂ : ਪਤੁਲਾ, ਕਰਿਆ, ਨਥਣ, ਮੱਛੀ, ਕਾਂਧਿ, ਮਾਣਕੀ, ਮੋਰ, ਨਾਵਣ, ਆਚਾਰਿ, ਤੈਅਥੀ, ਵਾਵਨਾਰਾਵ, ਮੁਕਤਿ, ਸਵਰੇ, ਕਦੇ, ਵਿਗਸਿ, ਕਦੇ, ਨਰਹੂੰ ਜਾਣੀ, ਆਖਦੇ, ਤੈਟੇ, ਸੰਬਧੁ, ਮਾਇ, ਵਿਗਸਬੁ, ਕੇਵਲ, ਪਾਵਤ, ਦੂਟਤ, ਉਵਰੇ, ਕਰਿਆ ਵਿਸਾਰਿ ਸਾਧੁਣ ਆਦਿ ।

ਜਿਵੇਂ- ਰਾਗੁ ਵਿਚ ਰਚੇ ਸ਼ਬਦ ਦਾ ਨਮੂਨਾ ਪ੍ਰਸਤੁਤ ਹੈ :-

ਜਾਗੋ ਰੇ ਮੋਹ ਕੂਪਿ ਪ੍ਰਾਨੀ ॥
ਮਨ ਕਠੋਰ ਕੁਚੀਲ ਕੁਗਿਆਨੀ ॥
ਧਾਵਤ ਭ੍ਰਮਤ ਰਹਨੁ ਨਹੀ ਪਾਵਤ ॥
ਪਾਰਬ੍ਰਹਮ ਕੀ ਗਤਿ ਨਹੀ ਜਾਨੀ ॥
ਜੋਬਨ ਰੂਪ ਮਾਇਆ ਮਦ ਮਾਤਾ,
ਬਿਚਰਤ ਬਿਕਲ ਬਡੋ ਅਗਿਆਨੀ ॥
ਪਰਧਨ ਪਰ ਅਪਵਾਦ ਨਾਰ ਨਿੰਦਾ,
ਇਹੁ ਮੀਠੀ ਜੀਅ ਮਾਹਿ ਹਿਤਾਨੀ ॥
ਬਲ ਬੰਚ ਛਪਿ ਕਰਤ ਉਪਾਵਾ,
ਪੇਖਤ ਸੁਨਤ ਪ੍ਰਭ ਅੰਤਰਜਾਮੀ ॥
ਸੀਲ ਧਰਮ ਦਯਾ ਸੁਚ ਨਾਸਤਿ,
ਆਇਓ ਸਰਨਿ ਜੀਅ ਕੇ ਦਾਨੀ ॥
ਕਾਰਣ ਕਰਣ ਸਮਰਥ ਸਿਰੀਧਰ,
ਰਾਖਿ ਲੇਹੁ ਨਾਨਕ ਕੇ ਸੁਆਮੀ ॥[22]

<u>ਫ਼ਾਰਸੀ</u> :

ਗੁਰੂ ਅਰਜਨ ਦੇਵ ਦਾ ਜਿਵੇਂ ਸੰਸਕ੍ਰਿਤ, ਪ੍ਰਸਿੱਧ ਛੰਦਾਂ ਅਤੇ ਰਚਨਾਵਾਂ, ਜਿੰਦੀ ਆਦਿ ਛੰਦਾਂ ਅਤੇ ਉਪ-ਛੰਦਾਂ ਉੱਤੇ ਅਧਿਕਾਰ ਸੀ, ਉਵੇਂ ਫ਼ਾਰਸੀ ਛੰਦਾਂ ਦੀ ਵੀ ਆਪ ਨੂੰ ਜਾਣਕਾਰੀ ਸੀ। ਆਪ ਨੇ ਜਿਵੇਂ ਸੰਸਕ੍ਰਿਤ ਦਾ ਉਸ ਸਮੇਂ ਪ੍ਰਚਲਿਤ ਰੂਪ ਸਹਿਸਕ੍ਰਿਤੀ ਵਰਤਿਆ ਹੈ, ਉਵੇਂ ਤਾਂ ਫ਼ਾਰਸੀ ਦੇ ਪ੍ਰਚਲਿਤ ਰੂਪ ਰੇਖ਼ਤਾ ਦਾ ਪ੍ਰਯੋਗ ਕੀਤਾ ਹੈ।[23] ਉਦਾਹਰਣ ਵਜੋਂ :

ਖ਼ਾਕ ਨੂਰ ਕਰਦੰ ਆਲਮ ਦੁਨੀਆਇ ॥
ਅਸਮਾਨ ਜ਼ਿਮੀ ਦਰਖ਼ਤ ਆਬ ਪੈਦਾਇਸ ਖ਼ੁਦਾਇ ॥
ਬੰਦੇ ਚਸ਼ਮ ਦੀਦੰ ਫ਼ਨਾਇ ॥
ਦੁਨਿਆ ਮੁਰਦਾਰ ਖ਼ੁਰਦਨੀ ਗ਼ਾਫ਼ਲ ਹਵਾਇ ॥
ਗੈਬਾਨ ਹੈਵਾਨ, ਹਰਾਮ ਕੁਸਤਨੀ ਮੁਰਦਾਰ ਬਖੋਰਾਇ ॥
ਦਿਲ ਕਬਜ ਕਬਜਾ ਕਾਦਰੋ ਦੋਜ਼ਕ ਸਜਾਇ ॥

ਵਲੀ ਨਿਆਮਤਿ ਬਿਰਾਦਰਾ ਦਰਬਾਰ ਮਿਲਕ ਖਾਨਾਇ ॥
ਜਬ ਅਜਰਾਈਲੁ ਬਸਤਨੀ ਤਬ ਚਿ ਕਾਰੇ ਬਿਦਾਇ ॥
ਹਵਾਲ ਮਾਲੂਮੁ ਕਰਦੰ ਪਾਕ ਅਲਾਹ ॥
ਬੁਗੋ ਨਾਨਕ ਅਰਦਾਸਿ ਪੇਸਿ ਦਰਵੇਸ ਬੰਦਾਹ ॥[24]

ਫ਼ਾਰਸੀ ਮਿਲਵੀਂ ਕੁਝ-ਕੁਝ ਬੋਲੀ ਨੂੰ ਵੀ ਗੁਰੂ ਅਰਜਨ ਦੇਵ ਜੀ ਨੇ ਅਪਣਾਇਆ ਹੈ, ਜਿਵੇਂ ਕਿ

ਮੀਆਂ ਦਾਨਾਂ ਦਿਲ ਸੋਚ ।
ਮੁਹਬਤੇ ਮਨਿ ਤਨਿ ਬਸੈ ਸਚੁ ਸਾਹ ਬੰਦੀ ਮੋਚ ।
ਦੀਦਨੇ ਦੀਦਾਰ ਸਾਹਿਬ ਕਛੁ ਨਹੀ ਇਸੁ ਕਾ ਮੋਲ ।
ਪਾਕ ਪਰਵਦਗਾਰ ਤੂ ਖੁਦਿ ਖਸਮੁ ਵੱਡਾ ਅਤੋਲ ।
ਦਸਤਗੀਰੀ ਦੇਹਿ ਦਿਲਾਵਰ ਤੂਹੀ ਤੂਹੀ ਏਕ ।
ਕਰਤਾਰ ਕੁਦਰਤਿ ਕਰਣ ਖਾਲਕ ਨਾਨਕ ਤੇਰੀ ਟੇਕ ॥[25]

ਉਪਰੋਕਤ ਉਦਾਹਰਣਾਂ ਦੇ ਆਧਾਰ ਤੇ ਅਸੀਂ ਇਹ ਕਹਿ ਸਕਦੇ ਹਾਂ ਕਿ ਗੁਰੂ ਅਰਜਨ ਦੇਵ ਜੀ ਦੀ ਬੋਲੀ ਵਿਚ ਲੋਕ- ਬੋਲੀ ਦੀਆਂ ਸਾਰੀਆਂ ਪ੍ਰਵਿਰਤੀਆਂ ਤੇ ਖੂਬੀਆਂ ਪੂਰੀ ਤਰ੍ਹਾਂ ਪ੍ਰਗਟ ਹੋਈਆਂ ਹਨ । ਇਸ ਸਮੇਂ ਦੀ ਲੋਕ- ਬੋਲੀ ਦਾ ਮੁਖ ਗੁਣ ਮਿਸ਼ਰਣ ਸੀ । ਗੁਰੂ ਅਰਜਨ ਦੇਵ ਦੀ ਬੋਲੀ ਵਿਚ ਇਸ ਖੂਬੀ ਦੀ ਪੂਰੀ ਪ੍ਰਤੀਨਿਧਤਾ ਹੈ ।

ਇਸ ਸਮੇਂ ਦੀ ਲੋਕ- ਬੋਲੀ ਦੀ ਦੂਜੀ ਮੁਖ ਪ੍ਰਵਿਰਤੀ ਇਹ ਸੀ ਕਿ ਦੂਜੀਆਂ ਭਾਸ਼ਾਵਾਂ— ਸੰਸਕ੍ਰਿਤ ਤੇ ਅਰਬੀ ਫ਼ਾਰਸੀ ਵਿਚੋਂ ਸ਼ਬਦ ਅਪਣਾਉਣ ਲੱਗਿਆਂ ਉਨ੍ਹਾਂ ਨੂੰ ਪੰਜਾਬੀ ਉਚਾਰਣ ਦੇ ਅਨੁਕੂਲ ਢਾਲ ਲਿਆ ਜਾਂਦਾ ਤੇ ਮੂਲ ਦੇ ਨੇੜੇ ਧੁਨੀਆਂ ਵਿਚ ਪਰਿਵਰਤਨ ਕਰ ਲਿਆ ਜਾਂਦਾ । ਕਈ ਸ਼ਬਦਾਂ ਵਿਚ ਤਤਸਮ ਸ਼ਬਦਾਂ ਦੀ ਥਾਂ ਤੇ ਤਦਭਵ ਸ਼ਬਦਾਂ ਦਾ ਵਧੇਰੇ ਪ੍ਰਯੋਗ ਕੀਤਾ ਜਾਂਦਾ ਸੀ । ਇਹੋ ਖੂਬੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਵਰਤੀ ਸ਼ਬਦਾਵਲੀ ਵਿਚ ਪ੍ਰਮੁਖ ਹੈ । ਭਾਵੇਂ ਗੁਰੂ ਅਰਜਨ ਦੇਵ ਸੰਸਕ੍ਰਿਤ ਤੇ ਫ਼ਾਰਸੀ ਦੀ ਮੂਲ ਸ਼ਬਦਾਵਲੀ ਤੋਂ ਜਾਣੂ ਸਨ, ਪਰ ਉਨ੍ਹਾਂ ਸੰਸਕ੍ਰਿਤ ਤੇ ਫ਼ਾਰਸੀ ਦੇ ਸ਼ਬਦਾਂ ਦੇ ਉਹੋ ਤਦਭਵ ਰੂਪ ਲਏ ਜਿਹੜੇ ਲੋਕ-ਬੋਲੀ ਵਿਚ ਰਚ-ਮਚ ਚੁਕੇ ਸਨ ਅਥਵਾ ਜੋ ਮੂਲ ਤੋਂ ਭਿੰਨ ਕਰਕੇ ਲੋਕਾਂ ਨੇ ਪੰਜਾਬੀ ਉਚਾਰਣ ਦੇ ਅਨੁਕੂਲ ਢਾਲ ਲਏ ਸਨ। ਇਸੇ ਤਰ੍ਹਾਂ ਅਰਬੀ ਫ਼ਾਰਸੀ ਦੇ ਸ਼ਬਦਾਂ ਦੇ ਉਹੀ ਰੂਪ ਬਾਣੀ ਵਿਚ ਵਰਤੇ ਜੋ ਲੋਕਾਂ ਦੀ ਨਿਤ ਦੀ ਬੋਲ-ਚਾਲ ਦੀ ਭਾਸ਼ਾ ਵਿਚ ਪ੍ਰਚਲਿਤ ਹੋ ਗਏ ਸਨ ।[26]

'ਪ੍ਰਬੋਧ ਨਾਟਕ ਰਾਜ' ਵਿਚ, ਮੁਲਤਾਨ ਪੰਜਾਬ ਦਾ ਸਭਿਆਚਾਰਕ, ਪ੍ਰ ਸਾਂਸਕ੍ਰਿਤਕ, ਵਪਾਰਕ ਤੇ ਸਾਹਿਤਕ ਕੇਂਦਰ ਹੋਣ ਕਰਕੇ, ਉਥੋਂ ਦੀ ਭਾਸ਼ਾ ਲਹਿੰਦੀ ਨੂੰ ਸਾਹਿਤਕ ਰਚਨਾ ਲਈ ਪ੍ਰਮਾਣਿਕ ਮੰਨਿਆ ਜਾਂਦਾ ਸੀ । ਫਰੀਦ ਸ਼ਕਰਗੰਜ ਦੇ ਸ਼ਲੋਕਾਂ ਦੀ ਭਾਸ਼ਾ ਵੀ ਲਹਿੰਦੀ ਹੀ ਹੈ । ਜਿਹੜੇ ਸ਼ਲੋਕ ਤੇ ਹੋਰ ਲਹਿੰਦੀ ਰਚਨਾਵਾਂ ਸਾਰੇ ਪੰਜਾਬ ਵਿਚ ਆਪਣੀ ਮਿਠਤ ਕਾਰਣ ਬੜੀਆਂ ਪ੍ਰਸਿੱਧ ਸਨ । ਲਹਿੰਦੀ ਦੇ ਅਨੇਕਾਂ ਲੋਕ-ਗੀਤ ਅਤੇ ਖ਼ਾਸ ਕਰ ਤੇ ਕਾਫ਼ੀਆਂ ਪੰਜਾਬ ਦੇ ਦੂਜੇ ਇਲਾਕਿਆਂ ਵਿਚ ਵੀ ਪ੍ਰਚਲਿਤ ਸਨ । ਕਾਫ਼ੀ ਦਾ ਮੁੱਢ ਲਹਿੰਦੀ ਵਿਚ ਹੀ ਬੱਝਿਆ ਸੀ ਤੇ ਅਰੰਭ ਵਿਚ ਇਸ ਦਾ ਨਾਂ 'ਕਾਫ਼ੀ ਮੁਲਤਾਨੀ' ਹੀ ਸੀ । ਗੁਰੂ ਨਾਨਕ ਦੇ ਸਮੇਂ ਲਹਿੰਦੀ ਦਾ ਰੋਅਬ ਦਾਬ ਸਾਰੀ ਪੰਜਾਬੀ ਉੱਤੇ ਵੀ ਚੜ੍ਹਿਆ ਹੋਇਆ ਸੀ । ਕਾਫ਼ੀਆਂ ਤਾਂ ਉਦੋਂ ਜ਼ਿਆਦਾ ਹੀ ਲਹਿੰਦੀ ਵਿਚ ਗਾਈਆਂ ਸਨ ਇਸੇ ਲਈ ਗੁਰੂ ਨਾਨਕ ਦੇਵ ਨੇ ਵੀ ਕਾਫ਼ੀ ਨੂੰ ਲਹਿੰਦੀ ਵਿਚ ਹੀ ਰਚਿਆ ।

ਲਹਿੰਦੀ ਦੀ ਉਪ-ਭਾਸ਼ਾ ਦੀ ਉਘੜਵੀਂ ਰੁਚੀ ਇਸ ਵਿਚ ਉਚਾਰਣ-ਅੰਤ ਦੀ ਪ੍ਰਧਾਨਤਾ ਸੀ । ਲਹਿੰਦੀ ਵਿਚ ਉਚਾਰਣ ਸਮੇਂ ਲੋਕੀ ਅੰਤ ਵਿਚ ਮੁਕਤਾ ਅੱਖਰਾਂ ਨਾਲ ਅੰਤਰ ਬੋਲਦੇ ਹਨ । ਗੁਰੂ ਸਾਹਿਬ... ਵਿਚ ਇਹ ਰੁਚੀ ਆਮ ਦੇਖੀ ਜਾ ਸਕਦੀ ਹੈ ।

ਉਸ ਸਮੇਂ ਜੋਗੀ ਤੇ ਸਿੱਧ ਜੋ ਸਾਹਿਤ ਰਚ ਰਹੇ ਸਨ, ਉਨ੍ਹਾਂ ਵਿਚ ਅਪਭ੍ਰੰਸ਼ ਦੀ ਸ਼ਬਦਾਵਲੀ ਦੀ ਵਰਤੋਂ ਜ਼ਿਆਦਾ ਹੁੰਦੀ ਸੀ, ਪਰ ਆਮ ਬੋਲ-ਚਾਲ ਵਿਚ ਅਪਭ੍ਰੰਸ਼ ਦੀ ਸ਼ਬਦਾਵਲੀ ਦੀ ਵਰਤੋਂ ਘਟਦੀ ਜਾ ਰਹੀ ਸੀ । ਗੁਰੂ ਨਾਨਕ ਦੇਵ ਨੇ ਇਸ ਲੋਕ-ਰੁਚੀ ਅਨੁਸਾਰ ਅਪਭ੍ਰੰਸ਼ ਦੇ ਸ਼ਬਦਾਂ ਦੀ ਘਟ ਵਰਤੋਂ ਕੀਤੀ ਹੈ। ਉਨ੍ਹਾਂ ਦਾ ਝੁਕਾ ਉਸ ਲੋਕ- ਬੋਲੀ ਨੂੰ ਅਪਨਾਉਣ ਦਾ ਸੀ ਜੋ ਅਪਭ੍ਰੰਸ਼ ਤੋਂ ਵਿਮੁਕਤ ਹੁੰਦੀ ਜਾ ਰਹੀ ਸੀ । ਜਿਹੜੇ ਜਿਹੜੇ ਸਮੇਂ ਸਮਾਜ ਤੇ ਸਰੋਤਾ-ਗਣ ਨੂੰ ਮੁਖ ਰਖਦਿਆਂ ਹੋਇਆਂ ਉਨ੍ਹਾਂ ਨੇ ਜ਼ਰੂਰ ਅਪਭ੍ਰੰਸ਼ ਸ਼ਬਦਾਵਲੀ ਵਾਲੇ ਸ਼ਬਦਾਂ ਦੀ ਵਰਤੋਂ ਕੀਤੀ ਹੈ ।

ਛੰਤ, ਪਹਿਰੇ, ਘੋੜੀਆਂ ਮਾਝ ਆਦਿ ਦੀ ਬੋਲੀ ਉਸ ਸਮੇਂ ਦੇ ਪ੍ਰਚਲਿਤ ਲੋਕ-ਗੀਤਾਂ ਦੀ ਬੋਲੀ ਦੇ ਕਾਫ਼ੀ ਨੇੜੇ ਜਾਪਦੀ ਹੈ । ਕਈ ਛੰਤਾਂ ਦੇ ਤਾਂ ਲੋਕ-ਗੀਤ ਰੰਗ ਦਾ ਝੁਲਕਾ ਵੀ ਮਿਲਦਾ ਹੈ । ਛੰਤਾਂ ਵਿਚ ਲਹਿੰਦੀ ਦਾ ਪ੍ਰਭਾਵ ਕਾਫ਼ੀ ਹੈ ਤੇ ਇੰਜ ਲਗਦਾ ਹੈ ਕਿ[27] ਇਹ ਲਹਿੰਦੀ ਵਿਚ ਪ੍ਰਚਲਿਤ ਲੋਕ- ਗੀਤ ਛੰਦਾਂ ਦੇ ਪ੍ਰਭਾਵ ਹੇਠ ਲਿਖੇ ਗਏ ਹਨ ।

ਅਖਾਣ ਤੇ ਮੁਹਾਵਰੇ।

ਡਾ. ਵਣਜਾਰਾ ਬੇਦੀ ਅਨੁਸਾਰ[28] ਸੰਜਮ ਤੇ ਸਿੱਖ ਭਰਪੂਰ ਕੁਮਤ ਵਾਕ, ਜਿਨ੍ਹਾਂ ਵਿਚ ਜੀਵਨ ਬਾਰੇ ਲੋਕਾਂ ਤੋਂ ਜਾਂ ਨਿਰਣਾ ਪ੍ਰਭਾਵਸ਼ਾਲੀ ਵਿਧੀ ਨਾਲ ਸਮੋਇਆ ਹੁੰਦਾ ਹੈ, ਅਖਾਣ ਹਨ। ਅਖਾਣਾਂ ਨਾਲ ਮਨੁੱਖ ਦੀ ਸਾਂਝ ਬੜੀ ਪੁਰਾਣੀ ਹੈ। ਕੁਝ ਵਿਦਵਾਨ ਤਾਂ ਅਖਾਣਾਂ ਨੂੰ ਹੀ ਸਾਹਿਤ ਦਾ ਮੂਲ-ਆਧਾਰ ਮੰਨਦੇ ਹਨ। ਇਨ੍ਹਾਂ ਵਿਚ ਹੀ ਮਨੁੱਖ ਨੂੰ ਸਭ ਤੋਂ ਪਹਿਲਾਂ ਸੁੱਚੇ ਰੂਪਕ ਤੇ ਉਪਮਾਵਾਂ ਪ੍ਰਾਪਤ ਹੋਈਆਂ। ਪ੍ਰਾਚੀਨ ਸਾਹਿਤ ਵਿਚ ਧਾਰਮਿਕ, ਅਖਾਣਾਂ ਵਰਗੇ ਸੂਤਰਕ ਵਾਕਾਂ ਰਾਹੀਂ ਹੀ ਆਪਣੇ ਵਿਚਾਰਾਂ ਤੇ ਸਿਧਾਂਤਾਂ ਨੂੰ ਪ੍ਰਗਟਾਉਂਦੇ ਰਹੇ ਹਨ। ਮਨੁੱਖ ਨੇ ਰੋਜ਼ਾਨਾ ਜੀਵਨ ਵਿਚ, ਦੁਨੀਆਂ ਵਿਚ ਹੋਏ ਅਨੁਭਵ ਨੂੰ ਅਖਾਣਾਂ ਵਿਚ ਸਮੋਕੇ ਆਪਣਾ ਤੇ ਆਉਣ ਵਾਲੀਆਂ ਪੀੜ੍ਹੀਆਂ ਦਾ ਇਸ ਪ੍ਰਕਿਰਿਆ ਤੇ ਅਗਵਾਈ ਕੀਤੀ। ਇਹੋ ਸਭ ਤੋਂ ਪਹਿਲਾ ਗਿਆਨ ਸੀ ਜੋ ਮੂੰਹੋ ਮੂੰਹ ਅਗਲੀਆਂ ਪੀੜ੍ਹੀਆਂ ਤਕ ਹੁੰਦਾ ਪਰੰਪਰਾ ਦੇ ਪਰਵਾਹ ਦਾ ਜ਼ਰੂਰੀ ਅੰਗ ਬਣ ਗਿਆ।

ਅਖਾਣਾਂ ਦਾ ਸਦਾਚਾਰਕ ਜੀਵਨ ਨਾਲ ਨਹੁੰ-ਮਾਸ ਦਾ ਸੰਬੰਧ ਹੈ। ਅਨੇਕਾਂ ਅਖਾਣ ਮਨੁੱਖ ਨੂੰ ਸੁਚੱਜਾ ਜੀਵਨ ਬਤੀਤ ਕਰਨ, ਮਿੱਠਾ ਬੋਲਣ, ਮਿਹਨਤ ਕਰਨ, ਦੁਖੀਆਂ ਦਾ ਦੁੱਖ ਵੰਡਾਣ, ਉੱਚੀ ਕੁਲਾਂ ਨੂੰ ਸੁਚਿਤ ਕਰਨ ਅਤੇ ਸਮਾਜਿਕ ਵਿਕਾਰਾਂ ਦਾ ਤਿਆਗ ਕਰਨ ਉਤੇ ਬਲ ਦਿੰਦੇ ਹਨ। ਧਰਮ ਦੀ ਮੁਢਲੀ ਪੌੜੀ ਵੀ ਸਦਾਚਾਰ ਹੀ ਹੈ। ਧਰਮ ਤੇ ਸਦਾਚਾਰ ਦੇ ਆਪਸੀ ਰਿਸ਼ਤੇ ਕਰਕੇ, ਧਰਮ ਦਾ ਨਾਤਾ ਅਖਾਣਾਂ ਨਾਲ ਵੀ ਜਾ ਜੁੜਦਾ ਹੈ। ਅਖਾਣਾਂ ਵਿਚ ਸਦਾਚਾਰਕ ਤੱਤ ਕਾਫ਼ੀ ਮਾਤਰਾ ਵਿਚ ਹੁੰਦਾ ਹੈ ਅਤੇ ਜਦ ਸਾਡੀ ਲੋਕਿਕ ਜੀਵਨ ਵਿਚ ਅਖਾਣਾਂ ਦੇ ਉਹੀ ਤੱਤ ਉਜਾਗਰ ਮਿਲਦੇ ਰਹੇ ਹਨ ਜਿਸ ਤੱਤ ਪਰਮਾਰਥਕ ਜੀਵਨ ਵਿਚ ਧਰਮ ਹੁੰਦਾ ਹੈ। ਇਸ ਤਰ੍ਹਾਂ ਧਰਮ ਦੇ ਆਗੂਆਂ ਨੇ ਅਖਾਣਾਂ ਦੀ ਲੋਕ-ਪ੍ਰੀਤਤਾ ਨੂੰ ਮੁੱਖ ਰਖਦਿਆਂ ਇਨ੍ਹਾਂ ਦੀ ਪ੍ਰਗਟਾ-ਵਿਧੀ ਨੂੰ ਅਪਣਾਇਆ ਹੈ।

ਅਖਾਣਾਂ ਦੋਹਾਂ ਰੂਪਾਂ ਤੇ ਪ੍ਰਣਾਲੀਆਂ ਪ੍ਰਚਲਤ ਹਨ— ਲੋਕਿਕ ਤੇ ਸਾਹਿਤਕ। ਲੋਕਿਕ ਅਖਾਣ ਆਮ ਲੋਕਾਂ ਦੀ ਕਿਰਤ ਹੁੰਦੇ ਹਨ ਤੇ ਇਹ ਜੀਵਨ ਵਿਚੋਂ ਸੁਤੇ ਸਿਧ ਉਪਜਦੇ ਤੇ ਮੂੰਹੋ ਮੂੰਹ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤਕ ਤੁਰਦੇ ਹੋਏ ਪਰੰਪਰਾ ਦੇ ਪ੍ਰਵਾਹ ਦਾ ਅੰਗ ਬਣ ਜਾਂਦੇ ਹਨ। ਸਾਹਿਤਕ ਅਖਾਣ ਵਿਦਵਾਨਾਂ ਦੀ ਕਿਰਤ ਹੁੰਦੇ ਹਨ ਤੇ ਇਹ ਪੱਕੀ ਸੋਚ ਸੂਝ ਦੀ ਉਪਜ ਹਨ। ਇਨ੍ਹਾਂ ਦੋਹਾਂ ਵਿਚ ਉਹੀ ਅੰਤਰ ਹੈ ਜੋ ਜੰਗਲ ਵਿਚ ਆਪ ਮੁਹਾਰੇ ਖਿੜੇ ਤੇ ਘਰ ਵਿਚ ਖੁਦ ਲਗਾਏ ਫੁੱਲ ਵਿਚ ਹੈ। ਪਹਿਲੇ ਦਾ ਸੁਹਜ ਕੁਦਰਤੀ ਹੁੰਦਾ ਹੈ, ਦੂਜੇ ਉਤੇ

ਲੋਕਿਕ ਦੀ ਪ੍ਰਕਿਰਿਆ ਦਾ । ਪਰ ਇਹ ਕੋਈ ਸ਼ੈਲੀਆਂ ਇਕ ਦੂਜੀ ਵਿਚ ਘੁਲ ਮਿਲ ਕੇ ਵੀ ਲੋਕਾਂ ਵਿਚ ਵਰਤੀਦੀਆਂ ਰਹਿੰਦੀਆਂ ਹਨ ।

ਪੰਜਾਬੀ ਵਿਚ ਗੁਰੂ ਨਾਨਕ ਦੇਵ ਤੋਂ ਪਹਿਲਾਂ ਬਾਬਾ ਫਰੀਦ ਸ਼ਕਰਗੰਜ ਦੀ ਰਚਨਾ ਬੜੀ ਮਕਬੂਲ ਹੋ ਚੁੱਕੀ ਸੀ ਤੇ ਉਨ੍ਹਾਂ ਦੇ ਸ਼ਲੋਕਾਂ ਦੀ ਸ਼ੈਲੀ ਵੀ ਉਭਰਦੀਆਂ ਰਹੀ ਸੀ । ਇਹੋ ਕਾਰਨ ਸੀ ਕਿ ਉਨ੍ਹਾਂ ਦੀਆਂ ਅਨੇਕਾਂ ਤੁਕਾਂ ਲੋਕਾਂ ਵਿਚ ਅਖਾਣਾਂ ਵਾਂਗ ਪ੍ਰਚਲਤ ਹੋ ਗਈਆਂ[29] ।

ਗੁਰੂ ਨਾਨਕ ਦੇਵ ਨੇ ਬਾਣੀ ਦੀ ਰਚਨਾ ਕਰਨ ਲਗਿਆਂ ਇਸ ਪ੍ਰਕਾਰ ਦੀ ਸ਼ੈਲੀ ਨੂੰ ਧਿਆਨ ਵਿਚ ਰਖਿਆ ਤੇ ਅਨੇਕਾਂ ਅਖਾਣਾਂ ਦੀ ਸਿਰਜਣਾ ਕੀਤੀ ਜਿਨ੍ਹਾਂ ਦੁਆਰਾ ਗੁਰੂ ਨੇ ਰਹੱਸਮਈ ਗਿਆਨ ਤੋਂ ਦੂਰ ਸਦਾਚਾਰਕ ਜੀਵਨ ਦੇ ਆਦਰਸ਼ਾਂ ਦਾ ਨਿਰੂਪਣ ਵੀ ਕੀਤਾ ।

ਗੁਰੂ ਅਰਜਨ ਦੇਵ ਨੇ ਵੀ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਲਈ, ਲੋਕ-ਭਾਸ਼ਾ ਨਾਲ ਜੁੜੇ ਰਹਿਣ ਦੀ ਇੱਛਾ ਨਾਲ ਲੋਕਾਂ ਵਿਚ ਪ੍ਰਚਲਿਤ ਸ਼ੈਲੀਆਂ ਤੇ ਰੂਪ-ਵਿਧੀਆਂ ਨੂੰ ਵੀ ਸਾਹਿਤਕ ਪੱਧਰ ਤੇ ਅਪਨਾਇਆ । ਇਹੋ ਕਾਰਨ ਹੈ ਕਿ ਉਨ੍ਹਾਂ ਦੀ ਬਾਣੀ ਵਿਚ, ਲੋਕ-ਕਾਵਿ ਦੀ ਸ਼ੈਲੀ ਵਿਚ ਰਚੀਆਂ ਬਹੁਤ ਸਾਰੀਆਂ ਅਜਿਹੀਆਂ ਸੁੰਦਰ ਸੂਤਰਕ ਤੁਕਾਂ ਮਿਲਦੀਆਂ ਹਨ ਜੋ ਅਖਾਣਾਂ ਵਾਂਗ ਢੁਕਤ, ਸੰਜਮ ਭਰਪੂਰ ਤੇ ਪ੍ਰਭਾਵਸ਼ਾਲੀ ਹਨ । ਕੋਈ ਨਿਪੁੰਨ ਪ੍ਰਤਿਭਾਸ਼ਾਲੀ ਕਲਾਕਾਰ ਹੀ ਇਤਨੇ ਸੁੰਦਰ, ਭਾਵਪੂਰਤ, ਢੁੱਕਵੇਂ ਤੇ ਰਸ ਭਰਪੂਰ ਅਖਾਣਾਂ ਦੀ ਸਿਰਜਣਾ ਕਰ ਸਕਦਾ ਹੈ[30] । ਆਪ ਦੀ ਬਾਣੀ ਵਿਚ ਸਾਨੂੰ ਅਨੇਕਾਂ ਅਜਿਹੀਆਂ ਤੁਕਾਂ ਅਤੇ ਸ਼ਬਦ ਮਿਲਦੇ ਹਨ ਜਿਨ੍ਹਾਂ ਵਿਚ ਆਪਣੇ ਜੀਵਨ ਦੀਆਂ ਪਰਮ ਸੱਚਾਈਆਂ ਬੰਦ ਕਰਕੇ ਉਨ੍ਹਾਂ ਨੂੰ ਅਖਾਣ ਬਣਾ ਦਿੱਤਾ ਹੈ। ਅਖਾਣ ਛੋਟਾ ਸ਼ਬਦ ਦੀ ਸਮਾਸਿਕਤਾ ਉਸੇ ਕਵੀ ਦੀ ਰਚਨਾ ਵਿਚ ਹੁੰਦੀ ਹੈ ਜਿਸ ਦਾ ਗਿਆਨ ਉੱਤੇ ਪੂਰਨ ਅਧਿਕਾਰ ਹੋਵੇ ਅਤੇ ਉਹ ਆਪਣੇ ਮਨ ਜੀਵਨ-ਤਜਰਬਨ ਨੂੰ ਅਤਿਅੰਤ ਸੰਜਮ ਭਰੀ ਭਾਸ਼ਾ ਵਿਚ ਅਭਿਵਿਅਕਤ ਕਰ ਸਕਣ ਦੀ ਯੋਗਤਾ ਰਖਦਾ ਹੋਵੇ ।

ਹੁਣ ਕੁਝ ਕੁ ਗੁਰੂ ਅਰਜਨ - ਬਾਣੀ ਵਿਚ ਪ੍ਰਯੁਕਤ ਅਖਾਣਾਂ ਦੀਆਂ ਉਦਾਹਰਣਾਂ ਪ੍ਰਸਤੁਤ ਹਨ :-

ੳ) <u>ਸਿਰੀ ਰਾਗੁ ਵਿਚੋਂ :</u>

1- ਜਿੰਦੋ ਜਾਹਿ ਗੁਰੁ ਦਰਸਨਾ ਤਿਸ ਕੀ ਚਿੰਤਾ ਨਾਹਿ ॥

2- ਕਈ ਕੋਟੀ ਨਿਕਲੇ ਜਿ ਗੁਰ ਕੀ ਪੈਰੀ ਪਾਹਿ ॥

3- ਨਾਨਕ ਸੰਤੇ ਪਾਤਸਾਹਿ ਕੁਬਦਾ ਨਹਿਆ ਕਰਾਹਿ ॥

4- ਦੁਖ ਸੁਖ ਨ ਵਿਆਪਈ ਸੇ ਸੁਖਦਾਤਾ ਮਨ ਰੋਹਿ ॥

5- ਫਿਰ ਵੀ ਕੰਮਿ ਨ ਛਿਜਈ ਜਾ ਪਿਰਹੋ ਸੰਗਾ ਮੋਹਿ ॥

6- ਜਿਸੁ ਤੂੰ ਰਖਹਿ ਹਥ ਦੇ, ਤਿਸੁ ਮਾਰਿ ਨ ਸਕੈ ਕੋਇ ॥

7- ਸੁਖਦਾਤਾ ਗੁਰੁ ਸੇਵੀਐ, ਸਭਿ ਅਵਗੁਣ ਕਢੈ ਧੋਇ ॥

8- ਸਭੁ ਕਿਛੁ ਵਸਗਤਿ ਸਾਹਿਬੈ ਆਪੇ ਕਰਣ ਕਰੇਇ ॥

9- ਜਨਮ ਪਦਾਰਥੁ ਸਫਲੁ ਹੈ ਜੇ ਸੱਚਾ ਸਬਦੁ ਕਥਿ ॥

10- ਦੁਖ ਸੰਤਾਪੁ ਨ ਲਗਈ ਜਿਸੁ ਹਰਿ ਕਾ ਨਾਮੁ ਅਧਾਰੁ ॥

11- ਥਾਨ ਸੁਹਾਵਾ ਪਵਿਤ੍ਰ ਹੈ ਜਿਥੈ ਸੰਤ ਸਭਾ ॥
ਢੋਈ ਤਿਸ ਹੀ ਨੋ ਮਿਲੈ ਜਿਨਿ ਪੂਰਾ ਗੁਰੂ ਲੱਭਾ ॥

12- ਜਿਸੁ ਸਿਮਰਤ ਸੁਖੁ ਹੋਇ ਘਣਾ ਦੁਖੁ ਦਰਦੁ ਨ ਮੂਲੇ ਹੋਇ ॥
ਸਦਾ ਸਦਾ ਕਰਿ ਚਾਕਰੀ ਪ੍ਰਭੁ ਸਾਹਿਬੁ ਸੱਚਾ ਸੋਇ ॥

13- ਸਾਧ ਸੰਗਤਿ ਹੋਇ ਨਿਰਮਲਾ ਕਟੀਐ ਜਮ ਕੀ ਫਾਸ ॥

14- ਸਿਫਤ ਕਰੈ ਜਿਸੁ ਸਿਰਜਣਹਾਰੁ ਤਾਂ ਕਾਰਜੁ ਆਵੈ ਰਾਸ ॥

15- ਨਾਮ ਧਿਆਈਐ ਸੋ ਸੁਖੀ ਤਿਸੁ ਮੁਖੁ ਊਜਲੁ ਹੋਇ ॥

16- ਸਤਿਗੁਰ ਕੀ ਸੇਵਾ ਸੋ ਕਰੇ ਜਿਸ ਬਿਨਸੈ ਹਉਮੈ ਤਾਪ ॥

17- ਮਾਇਆ ਮੋਹ ਪਰੀਤਿ ਧ੍ਰਿਗੁ ਸੁਖੀ ਨ ਦੀਸੈ ਕੋਇ ॥

18- ਏਹੁ ਸਭੋ ਸਭ ਕੂੜ ਹੈ, ਝੂਠੇ ਹੋਇ ਬਿਨਾਸ ॥

19- ਕਾਮ ਕ੍ਰੋਧ ਮਹਿ ਵਿਆਪਿਆ ਫਿਰਿ ਫਿਰਿ ਜੋਨੀ ਜ ਪਾਇ ॥

20- ਸਚੁ ਕਰਤਾ ਸਚੁ ਕਰਣਹਾਰੁ ਸਚੁ ਸਾਹਿਬੁ ਸੱਚ ਟੇਕ ॥
ਸਚੋ ਸਚੁ ਵਖਾਣੀਐ ਸਚੋ ਬੁਧਿ ਬਿਬੇਕ ॥

21- ਵਿਣੁ ਭਾਵੈ ਓਹੁ ਪਾਰਬ੍ਰਹਮ ਕਰੀ ਨ ਤਰੀ ਬਾਹੁ ॥

**(ਖ) ਮਾਝ ਰਾਗ ਵਿਚੋਂ :**

22- ਤੁਧ ਤੁਠੇ ਜਾਂ ਵਿਸਰਿ ਜਾਵੈ ॥
ਤੁਧ ਵਿਸਾਰੇਂ ਬਹੁ ਵਿਗਿਆਪੈ ॥

23- ਤੁਧ ਅੰਜਨ ਨਿਰੰਜਨ ਅਮੋਲੈ ॥
ਨਿਰਭਉ ਨਿਰਵੈਰ ਅਥਾਹ ਅਤੋਲੈ ॥

24- ਜਿਥੈ ਨਾਮੁ ਜਪੀਐ ਪ੍ਰਭ ਪਿਆਰੇ ॥
ਸੇ ਅਸਥਲ ਸੋਇਨ ਚਉਬਾਰੇ ॥
ਜਿਥੈ ਨਾਮ ਨ ਜਪੀਐ ਮੇਰੇ ਗੋਇੰਦਾ
ਸੇਈ ਨਗਰ ਉਜਾੜੀ ਜੀਉ ॥

25- ਪ੍ਰੇਮ ਭਗਤਿ ਜਿਸ ਕੈ ਮਨਿ ਲਾਗੀ ॥
ਗੁਣ ਗਾਵੈ ਅਨਦਿਨੁ ਨਿਤਿ ਜਾਗੀ ॥

26- ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥

**(ਗ) ਰਾਗ ਗਉੜੀ ਗੁਆਰੇਰੀ ਵਿਚੋਂ :**

27- ਜਿਸੁ ਰਾਖੈ ਆਪਿ ਰਾਮੁ ਦਇਆਰਾ ॥
ਤਿਸੁ ਨਹੀ ਦੂਜਾ ਕੋ ਪਹੁਚਨਹਾਰਾ ॥

28- ਸਤਿਗੁਰ ਚਰਨਹਿ ਲਗਹਿ ਨਿਵਾਰੀ ॥
ਸਤਿਗੁਰ ਕੈਰਨ ਬਹੁਮਿ ਅਪਾਰੀ ॥

29- ਬਿਨੁ ਹਰਿ ਭਜੁ ਕਾਹੇ ਕਾ ਮਾਨਹਿ ॥
ਹਰਿ ਬਿਸਰਤ ਕਾਹੇ ਸੁਖ ਜਾਨਹਿ ॥

**(ਘ) ਰਾਗ ਗਉੜੀ ਵਿਚੋਂ :**

30- ਸਗਲੇ ਸੁਖ ਸੁਖ ਜਸ ਕਰਿ ਜਾਪੈ ॥
ਤਾ ਕਉ ਦਾਤਾ ਕਰਤਾ ਵਿਆਪੈ ॥

31- ਕੁਟੰਬ ਦੇਖਿ ਪਾਲੀ ਹਰਖਾਵੀ
ਕਾਮ ਨ ਆਵਹਿ ਹੈ ਆਤਮਘਾਤੀ ॥

32- ਰੰਗੇ ਰੰਗੇ ਜੋ ਦੀਸਹਿ ਲੋਕ ॥
ਤਿਨ ਕਉ ਬਿਆਪੈ ਚਿੰਤਾ ਰੋਗ ॥

33- ਕੋਊ ਨ ਵੱਡਾ ਮਾਇਆ ਵਡਿਆਈ ॥
ਸੋ ਵੱਡਾ ਜਿਨਿ ਰਾਮ ਲਿਵ ਲਾਈ ॥

34- ਜਾਣੈ ਚਲਿ ਚਲੁ ਜੋ ਸਭੁ ਸਾਥੁ ॥
ਗੁਰਿ ਪੂਰੈ ਨਾਲਿ ਲੀਨੈ ਬਿਸਾਥੁ ॥

35- ਮਿਰਤਕ ਦੇਹ ਸਾਧ ਸੰਗ ਬਿਹੂਨਾ ॥
ਆਵਤ ਜਾਤ ਜੋਨੀ ਦੁਖ ਖੀਨਾ ॥

36- ਕੂੜੈ ਰਾਤੇ ਲੀਏ ਬਿਨ ਮਾਰੀ ॥
ਅੰਮ੍ਰਿਤ ਦ੍ਰਿਸਟਿ ਸਚਿ ਜਲੇਆਰੀ ॥

37- ਹਰਿ ਸਿਮਰਤ ਤੇਰੀ ਜਾਇ ਬਲਾਇ ॥
ਸਰਬ ਕਲਿਆਣ ਵਸੈ ਮਨਿ ਆਇ ॥

38- ਬਿਨੁ ਕਰਤੂਤੀ ਮੁਕਤਿ ਨ ਪਾਈਐ ॥
ਮੁਕਤਿ ਪਦਾਰਥੁ ਨਾਮੁ ਧਿਆਈਐ ॥

39- ਬਿਨੁ ਸਿਮਰਨ ਜੈਸੇ ਸਰਪ ਆਰਜਾਰੀ ॥
ਤਿਉ ਜੀਵਹਿ ਸਾਕਤ ਨਾਮੁ ਬਿਸਾਰੀ ॥

40- ਬਿਨੁ ਸਿਮਰਨ ਕੂਕਰ ਹਰਕਾਇਆ ॥
ਸਾਕਤ ਲੋਭੀ ਬੰਧੁ ਨ ਪਾਇਆ ॥

41- ਬਿਨੁ ਸਿਮਰਨ ਹੈ ਆਤਮਘਾਤੀ ॥
ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ ॥

42- ਰਤਨ ਤਿਆਗਿ ਕਉਡੀ ਸੰਗਿ ਰਚੈ ॥
ਸਾਚੁ ਛੋਡਿ ਝੂਠ ਸੰਗਿ ਮਚੈ ॥

43- ਕਰਤੂਤਿ ਪਸੂ ਕੀ ਮਾਨਸ ਜਾਤਿ ॥
ਲੋਕ ਪਚਾਰਾ ਕਰੈ ਦਿਨੁ ਰਾਤਿ ॥

44- ਜਮ ਜਮਦੂ ਕੈ ਪਾਈ ਪਈ ॥
ਇਕ ਜਮਦੂ ਲਾਗਹਿ ਪਿਛੋਹਿ ਕਰਾਈ ॥
ਇਕ ਜੀ ਨ ਦੇਹਿ ਜਮ ਜੀ ਵਿਚਿ ਦੇਹਿ
ਜੇ ਮੂਰਾ ਕਰੁ ਕਰਾ ਕਰੀਹਿ ॥

45- ਬਿਰਧ ਜੋ ਤਾਹਿਆ ਸਿਉ ਰੰਗੁ ਲਾਵੈ ॥
ਓਹੁ ਬਿਨਸੈ ਉਹੁ ਮਨਿ ਪਛੁਤਾਵੈ ॥

46- ਕਾਦਰੁ ਸਿਉ ਜੇ ਲਾਵੈ ਨੇਹ ॥
ਤਾ ਕਉ ਹਾਥਿ ਨ ਆਵੈ ਕੇਹ ॥

47- ਬਿਰਥਾ ਨਾਮ ਬਿਨਾ ਤਨੁ ਅੰਧ ॥
ਮੁਖਿ ਆਵਤ ਤਾ ਕੈ ਦੁਰਗੰਧ ॥

48- ਬਿਨੁ ਸਿਮਰਨ ਦਿਨੁ ਰੈਨਿ ਬ੍ਰਿਥਾ ਬਿਹਾਇ ॥
ਮੇਘ ਬਿਨਾ ਜਿਉ ਖੇਤੀ ਜਾਇ ॥

(ਚ) ਵਾਰਾਂ ਵਿਚੋਂ :

49- ਅੰਦਰਹੁ ਅੰਨਾ ਬਾਹਰਹੁ ਅੰਨਾ
ਕੂੜੀ ਕੂੜੀ ਗਾਵੈ ॥

50- ਅੰਨੇ ਵਿਚ ਭੈਣਾ ਬਹੁ ਨ ਕਰਣੀ,
ਇਤ ਭੈਣਾ ਮਨੀ ਨੇ ਤਾਰ ਲਾਵੈ ॥

51- ਜਿਸਨੋ ਤੂ ਰਖਵਾਲਾ ਮਾਰੇ ਤਿਸੁ ਕਉਣੁ ॥

52- ਜੋ ਦੀਸੈ ਸੋ ਵਿਣਸਣਾ ਸਭ ਬਿਨਸਿ ਬਿਨਾਸੀ ॥

53- ਤਿਨਾ ਸਹੂ ਸੰਸਾਰ ਸੁਖ ਨਾ ਨਾਮ ਬਿਨੁ ॥

(ਕ) ਮਨੁੱਖੀ ਜੀਵਨ ਰਾਹ ਮਾਰਗ ਵਿਚੋਂ :

54- ਸਿਰੁ ਧੜਿ ਕਿਹਿ ਕੰਨੂ ਨ ਪ੍ਰਭਣੀ
ਅਹਿ ਨਕਲ ਸੋ ਕੁਸਿ ॥

55- ਜਿਨਾ ਭੁਖੀ ਸੇ ਮੁਏ ਨਦਾਮਾ ਸੰਦੜਾ ਪੋਤ ॥

ਉਪਰੋਕਤ ਉਦਾਹਰਣਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਸਥਾਨਕ ਦੀ ਬੋਲੀ ਨੂੰ ਸੁਚੇਤ ਰੂਪ ਵਿਚ ਬੜੀ ਸਫਲਤਾ ਨਾਲ ਵਰਤਿਆ ਹੈ। ਜਿਨ੍ਹਾਂ ਵਿਚ ਜਾਂਚਣ ਜੋਗੀਆਂ ਅਨੇਕ ਪੱਖੀ ਪਰਮ- ਸੱਚਾਈਆਂ ਨੂੰ ਸੂਤਰ ਰੂਪ ਵਿਚ ਲੋਕ- ਪੱਧਰ ਉੱਤੇ ਪ੍ਰਗਟਾਇਆ ਗਿਆ ਹੈ।

ਸਮੁੱਚੇ ਤੌਰ ਤੇ ਗੁਰੂ ਅਰਜਨ ਦੇਵ ਜੀ ਬੋਲੀ ਸੰਬੰਧੀ ਅਸੀਂ ਆਖ ਸਕਦੇ ਹਾਂ ਕਿ ਗੁਰਮਤਿ ਸਿਧਾਂਤਾਂ ਨੂੰ ਪ੍ਰਗਟਾਉਣ ਲਈ ਆਪ ਨੇ ਭਾਸ਼ਾਈ ਤੇ ਲੋਕਿਕ ਦੋਹਾਂ ਪਰੰਪਰਾਵਾਂ ਤੋਂ ਪ੍ਰਭਾਵਿਤ ਹੋਕੇ ਇਕ ਸਾਂਝਰੂਪ ? ਸਹੈਤਕ ਭਾਸ਼ਾ ਦੀ ਥਾਂ ਜਨ- ਭਾਸ਼ਾ ਤੇ ਸਾਹਿਤਕ ਭਾਸ਼ਾ ਦਾ ਅਤਿ ਸੁੰਦਰ ਸਮਨਵੈ ਕੀਤਾ ਹੈ।

•••

## ਟਿਪਣੀਆਂ ਤੇ ਹਵਾਲੇ


1- ਗੁਰੂ ਨਾਨਕ ਤੇ ਲੋਕ-ਪ੍ਰਵਾਹ, ਪੰਨਾ- 180.

2- ਉਹੀ, ਪੰਨਾ 184.

3- ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ, ਪੰਨਾ 325.

4- ਪੰਜਾਬੀ ਦੁਨੀਆਂ, ਜੁਲਾਈ 1952, 'ਬੋਲੀਆਂ ਦਾ ਮੇਲ'।

5- ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ- 95

6- ਪੰਜਾਬੀ ਦੁਨੀਆਂ, ਜਨਵਰੀ 1953, 'ਉਧ ਕਰੋੜ'

7- ਏ ਕ੍ਰਿਟੀਕਲ ਸਟੱਡੀ ਆਫ਼ ਆਦਿ ਗ੍ਰੰਥ, ਪੰਨਾ- 49

8- ਪੰਜਾਬੀ ਦੁਨੀਆਂ, ਜੂਨ-ਜੁਲਾਈ 1953, ਗੁਰੂ ਅਰਜਨ ਅੰਕ।

9- ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ, ਪੰਨਾ- 326.

10- ਉਹੀ।

11- John Beames C.S., Comparative Grammar of the Modern Arya Languages. Vol. I, p. 143.

12- A.F. Rudolph Hoernle: A Comparative Grammar of the Indian Languages. pp. 48 & 50.

13- ਡਾ. ਤਾਰਨ ਸਿੰਘ, ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਪੰਨਾ-21.

14- ਮੰਤ੍ਰੁ ਰਾਮ ਨਾਮੰ ਜਿਨਹਿ ਸਤਿਗੁਰੂ ਪ੍ਰਗਟਉ ॥
ਜਿਨਹਿ ਸਮ ਧੁਜ ਧੁਜੰ, ਸੁਮਤਿ ਵਿਮਲ ਨਿਰਵੈਰਉ ॥
ਜਿਨਹਿ ਸਤਿਗੁਰੁ ਸਮਾ ਪੰਥ ਦੇਖ ਵਿਦਰਜਿਤਉ ॥
ਜਿਨਹੰ ਗੋਪਾਲ ਨਾਦਿਤਹੰ, ਕਰਿਅ ਮਾਇਆ ਸਭ ਤਜਨ ਕਰਤਉ ॥
ਪੂਜਰੈਂ ਸਮ ਮਿਤ੍ਰ, ਸਤ੍ਰੁ, ਸਰਬੰਗ ਸਕਤਿ ਜਾਪਣੀ ॥
ਪਰ ਲਿੰਗਾ ਨਰ ਮੋਰਿ ਸੁਰਹੰ ਆਪਿ ਤਿਆਗਿ ਸਕਲ ਵੇਹੁਕਰ ॥
ਘਟ ਤਮਕਣ ਪੂਰਨੰ ਪੁਰਖੁ ਨਾਨਕ ਨਾਮ ਸਾਧ ਸਰਬਸਰ ॥

15- ਸਿਰੀ ਰਾਗ ਮ: 5.

16- ਗੁਰੂ ਅਰਜਨ ਤੇ ਸੰਤ ਦਾਦੂ ਦਿਆਲ, ਪੰਨਾ- 335.

17- ਸਲੋਕ ਵਾਰਾਂ ਤੇ ਵਧੀਕ ।

18- ਰਾਮਕਲੀ ਕੀ ਵਾਰ ।

19- ਡਾ. ਸਤਿਆ ਰਾਮ ਵਾਜਪਈ ; ਪੰਜਾਬੀ ਦੁਨੀਆ, ਗੁਰੂ ਅਰਜਨ ਅੰਕ ।

20- ਮਾਰੂ ਮਹਲਾ 5, ਡਖਣੇ 3.

21- ਪੰਜਾਬੀ ਦੁਨੀਆਂ , ਗੁਰੂ ਅਰਜਨ ਅੰਕ ।

22- ਸਵਈਏ ਸ੍ਰੀ ਮੁਖਵਾਕ ਮਹਲਾ 5.

23- ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ, ਪੰਨਾ 340.

24- ਤਿਲੰਗ ਮ: 5.

25- ਉਹੀ ।

26- ਗੁਰੂ ਨਾਨਕ ਤੇ ਲੋਕ-ਪ੍ਰਵਾਹ, ਪੰਨਾ- 191

27- ਉਹੀ, ਪੰਨਾ 193.

28- ਉਹੀ, ਪੰਨਾ- 218

29- ੳ) ਜਿਨ੍ਹਾਂ ਖਾਧੀ ਚੋਪੜੀ ਘਣੇ ਸਹਿਣਗੇ ਦੁਖ ॥

ਅ) ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥
ਫਰੀਦਾ ਦੇਖਿ ਪਰਾਈ ਚੋਪੜੀ ਨ ਤਰਸਾਈ ਜੀਉ ॥

ੲ) ਸਾਹੁਰੈ ਢੋਈ ਨ ਲਹੈ ਪੇਈਐ ਨਾਹੀ ਥਾਉ ॥
ਪਿਰ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ ॥

ਸ) ਜਾ ਕੁਆਰੀ ਤਾ ਚਾਉ ਵੀਵਾਹੀ ਤਾ ਮਾਮਲੇ ॥

ਹ) ਫਰੀਦਾ ਜਿਨੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥

30- ਗੁਰੂ ਨਾਨਕ ਤੇ ਲੋਕ-ਪ੍ਰਵਾਹ, ਪੰਨਾ 222-23.

***

## ਨਿ ਸ਼ ਕ ਰ ਸ਼

ਸਿਖ ਧਰਮ ਇਕ ਅਜਿਹੀ ਲੋਕ-ਲਹਿਰ ਦਾ ਪਰਿਣਾਮ ਸੀ ਜਿਸ ਦਾ ਸਿੱਧਾ ਸੰਬੰਧ ਜਨ-ਸਾਧਾਰਣ ਨਾਲ ਸੀ । ਗੁਰੂ ਨਾਨਕ ਦੇਵ ਦਾ ਇਹ ਧਰਮ ਅਸਲੀ ਅਰਥਾਂ ਵਿਚ ਮਾਨਵ ਧਰਮ ਹੈ, ਜਿਸ ਵਿਚ ਕਿਸੇ ਪ੍ਰਕਾਰ ਦੀ ਊਚ-ਨੀਚ ਜਾਂ ਜਾਤ-ਪਾਤ ਦਾ ਕੋਈ ਵਿਤਕਰਾ ਨਹੀਂ ਹੈ। ਇਹ ਧਰਮ 'ਏਕ ਪਿਤਾ ਏਕਸ ਕੇ ਹਮ ਬਾਰਿਕ' ਅਤੇ 'ਸਭੇ ਸਾਂਝੀਵਾਲ ਸਦਾਇਨਿ ਕੋਇ ਨ ਦਿਸੈ ਬਾਹਰਾ ਜੀਉ' ਦੇ ਸਿਧਾਂਤ ਉਤੇ ਤੁਰਦਾ ਹੈ। ਗੁਰੂ ਅਰਜਨ ਦੇਵ ਦੁਆਰਾ ਗੁਰੂ ਗ੍ਰੰਥ ਸਾਹਿਬ ਵਿਚ ਬਗੈਰ ਕਿਸੇ ਜਾਤੀ ਜਾਂ ਊਚ-ਨੀਚ ਦੇ ਹਰ ਉਸ ਸੰਤ ਅਤੇ ਭਗਤ ਦੀ ਰਚਨਾ ਦਾ ਸ਼ਾਮਲ ਕੀਤੇ ਜਾਣਾ, ਜਿਸ ਦੇ ਵਿਚਾਰ ਸਿਖ-ਆਸ਼ੇ ਦੇ ਅਨੁਕੂਲ ਸਨ, ਇਹ ਸਿੱਧ ਕਰਦਾ ਹੈ ਕਿ ਇਸ ਧਰਮ ਦਾ ਸਿੱਧਾ ਸੰਬੰਧ ਆਮ ਲੋਕਾਂ ਨਾਲ ਸੀ । ਉਸ ਸਮੇਂ ਦੇ ਸਮਾਜ ਵਿਚ ਸ਼ੂਦਰ ਅਛੂਤ ਬੁਰੀ ਤਰ੍ਹਾਂ ਲਤਾੜਿਆ ਹੋਇਆ ਸੀ, ਬ੍ਰਾਹਮਣ ਉਸਨੂੰ ਘ੍ਰਿਣਾ ਕਰਦਾ ਅਤੇ ਆਪਣੇ ਸਮਾਜ ਵਿਚ ਅਛੂਤ ਗਿਣਦਾ ਸੀ । ਸਿਖ ਧਰਮ ਨੇ ਅਜਿਹੇ ਨੀਚ ਸਮਝੇ ਜਾਣ ਵਾਲੇ ਲੋਕਾਂ ਨੂੰ ਸਮਾਜ ਵਿਚ ਆਦਰ ਤੇ ਮਾਣ ਬਖਸ਼ਿਆ । ਸਿਖਾਂ ਦੇ ਸਾਂਝੇ ਲੰਗਰ ਵਿਚ ਬਗੈਰ ਕਿਸੇ ਜਾਤੀ-ਭੇਦ ਤੇ ਊਚ-ਨੀਚ ਦੇ ਵਿਚਾਰ ਤੋਂ ਸਭ ਸੰਗਤ ਦਾ ਇਕੋ ਥਾਂ ਬੈਠ ਕੇ ਖਾਣਾ ਇਸ ਧਰਮ ਦੀ ਸਾਂਝੀਵਾਲਤਾ ਦੀ ਸਭ ਤੋਂ ਵੱਡੀ ਪ੍ਰਮਾਣ ਹੈ ਜੋ ਲੋਕਾਂ ਨਾਲ ਇਸ ਦਾ ਅਟੁੱਟ ਨਾਤਾ ਸਿੱਧ ਕਰਦੀ ਹੈ ।

ਗੁਰੂ ਅਰਜਨ ਦੇਵ ਜੀ ਇਸੇ ਲੋਕ-ਲਹਿਰ ਨਾਲ ਜੁੜੇ ਹੋਏ ਸਨ । ਉਨ੍ਹਾਂ ਦੀ ਬਾਣੀ ਲੋਕ-ਕਲਿਆਣ ਲਈ ਤੇ ਲੋਕ-ਹਿਤਾਂ ਲਈ ਲਿਖੀ ਗਈ ਸੀ । ਆਪਦੀ ਬਾਣੀ ਵਿਚਲਾ ਰਹੱਸਵਾਦੀ ਅਤੇ ਸਦਾਚਾਰਕ ਸੰਦੇਸ਼ ਲੋਕਾਂ ਲਈ ਸੀ । ਅਤੇ ਇਹ ਬਾਣੀ ਸਿੱਧੇ ਤੌਰ ਤੇ ਲੋਕ-ਧਾਰਾ ਨਾਲ ਜੁੜੀ ਹੋਈ ਸੀ । ਇਸ ਵਿਚ ਕੋਈ ਸੰਦੇਹ ਨਹੀਂ ਕਿ ਗੁਰੂ ਅਰਜਨ ਦੇਵ ਇਕ ਉੱਚ-ਵਿਦਵਾਨ ਤੇ ਮਹਾਨ ਪ੍ਰਤਿਭਾਸ਼ਾਲੀ ਸੰਤ ਕਵੀ ਸਨ । ਆਪ ਨੇ ਵੇਦਾਂ, ਪੁਰਾਣਾਂ ਅਤੇ ਸਿਮ੍ਰਤੀਆਂ ਆਦਿ ਗ੍ਰੰਥਾਂ ਦਾ ਡੂੰਘਾ ਅਧਿਐਨ ਕੀਤਾ ਹੋਇਆ ਸੀ, ਇਸ ਲਈ ਆਪਦੀ ਬਾਣੀ ਵਿਚ ਅਨੇਕ ਥਾਈਂ ਆਪ ਦਾ ਡੂੰਘਾ ਚਿੰਤਨ, ਵਿਵੇਕ ਅਤੇ ਗੰਭੀਰ-ਬੁੱਧੀ ਦੀ ਛਾਪ ਦਿਸਦੀ ਹੈ। ਪਰ ਫਿਰ ਵੀ ਆਪ ਦੀ ਸਮੁੱਚੀ ਬਾਣੀ ਦਾ ਪਾਠ ਇਹ ਤੱਥ ਪ੍ਰਗਟ ਕਰਦਾ ਹੈ ਕਿ ਆਪ ਦੀ ਰਚਨਾ ਵਿਚ ਲੋਕ-ਮਨ ਦੀ ਅਭਿਵਿਅੰਜਨਾ ਵੀ ਬੜੀ ਪ੍ਰਬਲਤਾ ਨਾਲ ਹੋਈ ਹੈ ।

ਗੁਰੂ ਅਰਜਨ ਦੇਵ ਵਲੋਂ ਕੁਝ ਲੋਕ-ਕਾਵਿ ਦੀਆਂ ਧੁਨੀਆਂ ਉੱਤੇ ਗੁਰੂ ਗ੍ਰੰਥ ਸਾਹਿਬ ਵਿਚਲੀਆਂ ਵਾਰਾਂ ਨੂੰ ਗਾਉਣ ਦਾ ਉਪਦੇਸ਼ ਇਹ ਗੱਲ ਭਲੀ ਪ੍ਰਕਾਰ ਸਪਸ਼ਟ ਕਰਦਾ ਹੈ ਕਿ ਆਪ ਨੇ ਲੋਕ ਮਨ ਦੀ ਅਭਿਵਿਅਕਤੀ ਸੁਚੇਤ ਰੂਪ ਵਿਚ ਕੀਤੀ ਹੈ ।

ਗੁਰੂ ਅਰਜਨ ਦੇਵ ਦੀਆਂ ਰਚਨਾਵਾਂ ਦੀ ਨਾਮਾਵਲੀ ਤੇ ਕਾਵਿ-ਰੂਪਾਂ ਦੇ ਅਧਿਐਨ ਤੋਂ ਸਪਸ਼ਟ ਹੁੰਦਾ ਹੈ ਕਿ ਲਗਭਗ ਸਭਨਾਂ ਰਚਨਾਵਾਂ ਦੇ ਨਾਮ ਤੇ ਸਭਨਾਂ ਬਾਣੀਆਂ ਦੇ ਕਾਵਿ-ਰੂਪ ਲੋਕ-ਧਾਰਾ ਵਿਚੋਂ ਲਏ ਗਏ ਹਨ । ਅਸਟਪਦੀ ਪਦੇ, ਅਸਟਪਦੀਆਂ ਤੇ ਛੰਤਾਂ ਨੂੰ ਛੱਡ ਕੇ ਬਾਕੀ ਸਾਰੇ ਕਾਵਿ-ਰੂਪ ਲੋਕ-ਧਾਰਾ ਨਾਲ ਸੰਬੰਧਿਤ ਹਨ :- ਪਹਿਰੇ, ਬਾਰਾਂਮਾਹ, ਦਿਨ-ਰੈਣ, ਬਾਵਨ ਅੱਖਰੀ, ਸੁਖਮਨੀ, ਥਿਤੀ, ਬਿਰਹੜੇ, ਗੁਣਵੰਤੀ, ਰੁਤੀ, ਅੰਜੁਲੀਆਂ, ਸੋਹਿਲੇ, ਡਖਣਾ, ਫੁਨਹੇ, ਚਉਬੋਲੇ, ਸਵਈਏ, ਮੁੰਦਾਵਣੀ ਤੇ ਵਾਰਾਂ ਇਹ ਸਾਰੇ ਕਾਵਿ-ਰੂਪ ਪੰਜਾਬ ਦੀਆਂ ਰੁਤਾਂ, ਮੌਸਮਾਂ, ਰਸਮਾਂ-ਰਿਵਾਜਾਂ, ਧਾਰਮਿਕ ਸੰਸਕਾਰਾਂ, ਪ੍ਰਥਾਵਾਂ ਜਾਂ ਲੋਕ-ਪ੍ਰਵਿਰਤੀਆਂ ਨਾਲ ਸੰਬੰਧਿਤ ਹਨ ।

ਗੁਰੂ ਅਰਜਨ ਬਾਣੀ ਵਿਚ ਉਸ ਸਮੇਂ ਦੇ ਧਰਮ ਵਿਚ ਵਿਆਪਕ ਪੌਰਾਣਿਕ ਅਵਤਾਰ ਮਿਥਿਹਾਸਕ ਕਥਾਵਾਂ, ਮਾਨਤਾਵਾਂ ਤੇ ਘਟਨਾਵਾਂ ਵੱਲ ਥਾਂ ਥਾਂ ਸੰਕੇਤ ਕਈ ਥਾਈਂ ਮਿਲਦੇ ਹਨ ਜੋ ਲੋਕ-ਧਾਰਾ ਦਾ ਅਨਿਖੜ ਅੰਗ ਮੰਨੇ ਜਾਂਦੇ ਹਨ । ਪੁਰਾਣਾਂ ਨਾਲ ਸੰਬੰਧਿਤ ਇਕ ਲੋਕ-ਤੱਤ ਰਹੁ-ਰੀਤਾਂ ਤੇ ਕਰਮ-ਕਾਂਡਾਂ ਦਾ ਹੈ, ਜਿਸ ਦੀ ਗੁਰੂ ਅਰਜਨ ਦੇਵ ਨੇ ਭਰਵੀਂ ਨਿਖੇਧੀ ਕੀਤੀ ਹੈ ਤੇ ਕਰਮ ਕਾਂਡੀਆਂ ਉੱਤੇ ਥਾਂ ਥਾਂ ਤੇ ਕਰਾਰੇ ਵਿਅੰਗ ਕੀਤੇ ਹਨ ।

ਪ੍ਰਭੂ ਦੇ ਅਨੇਕ ਪੌਰਾਣਿਕ ਨਾਵਾਂ ਦਾ ਪ੍ਰਯੋਗ ਜਿਵੇਂ ਨਾਰਾਇਣ, ਦਾਮੋਦਰ, ਮਧੁਸੂਦਨ ਗੋਵਰਧਨਧਾਰੀ, ਨਰਸਿੰਘ, ਰਿਖੀਕੇਸ, ਮੁਰਲੀ ਮਨੋਹਰ ਆਦਿ ਜੋ ਵਿਸ਼ਨੂੰ ਤੇ ਉਸ ਦੇ ਅਵਤਾਰਾਂ ਨਾਲ ਸੰਬੰਧਿਤ ਹਨ, ਗੁਰੂ ਅਰਜਨ ਦੇਵ ਦੀ ਬਾਣੀ ਵਿਚਲੇ ਲੋਕ-ਤੱਤ ਦਾ ਸੂਚਕ ਹਨ । ਇਨ੍ਹਾਂ ਸਾਰਿਆਂ ਨਾਵਾਂ ਦਾ ਸੰਬੰਧ ਪੁਰਾਣ ਕਥਾਵਾਂ ਨਾਲ ਹੈ। ਆਪ ਨੇ ਪੌਰਾਣਿਕ ਬਿੰਬਾਂ ਦੀ ਸਿਰਜਣਾ ਕਰਕੇ, ਲੋਕ-ਸੰਕਲਪਾਂ ਦੀ ਅਭਿਵਿਅੰਜਨਾ ਕੀਤੀ ਹੈ । ਆਪ ਦੀ ਬਾਣੀ ਵਿਚ ਬਹੁਤ ਸਾਰੇ ਪੌਰਾਣਿਕ ਪਾਤਰਾਂ ਅਤੇ ਘਟਨਾਵਾਂ ਦੇ ਸੰਕੇਤ ਵੀ ਮਿਲਦੇ ਹਨ ।

ਉਸ ਸਮੇਂ ਦੇ ਧਰਮ ਵਿਚਲੇ ਵਿਆਪਕ ਢੋਂਗਾਂ ਦਾ ਥਾਂ ਥਾਂ ਖੰਡਨ ਕਰਕੇ ਆਪ ਨੇ ਲੋਕ-ਤੱਤਾਂ ਨੂੰ ਉਜਾਗਰ ਕੀਤਾ ਹੈ। ਧਰਮ ਨਾਲ ਸੰਬੰਧਿਤ ਰਹੁ-ਰੀਤਾਂ, ਪੂਜਾ-ਪਾਠ ਦੀਆਂ ਵਿਧੀਆਂ, ਦੇਵੀ-ਦੇਵਤਿਆਂ ਦੀ ਉਪਾਸਨਾ ਤੇ ਮੂਰਤੀ-ਪੂਜਾ, ਧਾਰਮਿਕ ਸੰਸਕਾਰਾਂ ਜਿਵੇਂ ਕਿ ਜੰਞੂ, ਪਿੰਡ ਅਤੇ ਪਤਲ ਦੀ ਕ੍ਰਿਆ, ਸਰਾਧ, ਦੇਵ-ਪੂਜਾ, ਸੂਤਕ-ਪਾਤਕ ਆਦਿ ਲੋਕ-ਜੀਵਨ ਤੇ ਲੋਕ-ਮਨ ਵਿਚ ਆ ਚੁੱਕੀਆਂ ਧਾਰਮਿਕ ਕੁਰੀਤੀਆਂ ਦਾ ਜ਼ੋਰਦਾਰ ਸ਼ਬਦਾਂ ਵਿਚ ਨਿਖੇਧ ਹੋਇਆ ਹੈ। ਇਨ੍ਹਾਂ ਸਭਨਾਂ ਦੁਆਰਾ ਲੋਕ-ਤੱਤ ਦਾ ਪ੍ਰਗਟਾਉ ਕੀਤਾ ਹੈ ।

ਉਸ ਸਮੇਂ ਦੇ ਲੋਕ ਜੀਵਨ ਦੇ ਵੱਖ ਵੱਖ ਪਹਿਲੂਆਂ ਨੂੰ ਅਣਗਿਣਤ ਸੁੰਦਰ ਬਿੰਬਾਂ ਅਤੇ ਪ੍ਰਤੀਕਾਂ ਰਾਹੀਂ ਚਿਤ੍ਰਮਾਨ ਕੀਤਾ ਗਿਆ ਹੈ। ਅਲੌਕਿਕ ਤੇ ਅਗੰਮੀ ਭਾਵਾਂ ਨੂੰ ਬ੍ਰਿਛ, ਸਾਗਰ, ਬੁਲਬੁਲਾ, ਬੂਤ, ਮਣੀ, ਕੰਵਲ ਤੇ ਪਰਬਤ ਆਦਿ ਕੁਦਰਤੀ ਬਿੰਬਾਂ ਤੇ ਪ੍ਰਤੀਕਾਂ ਦੁਆਰਾ ਪ੍ਰਗਟ ਕਰਨਾ, ਅਤੇ ਪ੍ਰਕ੍ਰਿਤੀ ਦੇ ਅਨੇਕ-ਪੱਖੀ ਬਿੰਬਾਂ ਨੂੰ ਉਜਾਗਰ ਕਰਨਾ, ਧਰਤੀ, ਖੇਤੀ, ਬੀਜ, ਹਲ ਆਦਿ ਦੇ ਕਿਰਸਾਣੀ ਜੀਵਨ ਦੀ ਬਿੰਬਾਵਲੀ ਦਾ ਪ੍ਰਯੋਗ ਕਰਨਾ, ਹਟਵਾਣੀਏ, ਸੁਨਿਆਰੇ, ਜਾਮਨੀ, ਸਰਾਫ਼ ਆਦਿ ਦੇ ਪ੍ਰਤੀਕਾਂ ਨੂੰ ਵਰਤਣਾ, ਹੰਸ ਸਰੋਵਰ, ਜਲ, ਮੋਤੀ, ਕੰਵਲ, ਭੌਰਾ ਆਦਿ ਚਿੰਨ੍ਹਾਂ ਦਾ ਵਰਤਣਾ ਤੇ ਦੰਪਤੀ ਜੀਵਨ ਦੇ ਬਿੰਬਾਂ ਦੀ ਸਿਰਜਨਾ ਕਰਨੀ ਆਪ ਦੀ ਬਾਣੀ ਦੇ ਲੋਕ-ਮੁਖੀ ਰੰਗ ਦੇ ਪ੍ਰਮਾਣ ਹਨ।

ਗੁਰੂ ਅਰਜਨ ਦੇਵ ਜੀ ਨੂੰ ਕਵੀ, ਕਲਾਕਾਰ ਤੇ ਲੌਕਿਕ, ਸਭ ਤਰ੍ਹਾਂ ਦੇ ਸੰਗੀਤ ਵਿਚ ਨਿਪੁੰਨਤਾ ਪ੍ਰਾਪਤ ਸੀ। ਉਨ੍ਹਾਂ ਦਾ ਗੁਰੂ ਗ੍ਰੰਥ ਸਾਹਿਬ ਦਾ ਰਾਗਾਂ ਅਨੁਸਾਰ ਕੀਤਾ ਸੰਪਾਦਨ ਇਸ ਗੱਲ ਦਾ ਵੱਡਾ ਪ੍ਰਮਾਣ ਹੈ ਕਿ ਆਪ ਨੂੰ ਤਤਕਾਲੀਨ ਰਾਗਾਂ, ਰਾਗਨੀਆਂ ਅਤੇ ਵਿਭਿੰਨ ਲੋਕ- ਸੰਗੀਤ ਦੀਆਂ ਧਾਰਨਾਵਾਂ ਦੀ ਕਿੰਨੀ ਡੂੰਘੀ ਸੂਝ ਸੀ। ਇਨ੍ਹਾਂ ਰਾਗਾਂ ਦਾ ਮੂਲ ਆਧਾਰ ਲੋਕ- ਸੰਗੀਤ ਹੈ, ਭਾਵੇਂ ਸੂਖਮਤਰ ਰੂਪ ਵੀ ਮਿਲਦੇ ਹਨ। ਥਿਤੀ, ਮਾਂਝਾਂ ਤੇ ਬਾਰਹਮਾਹੇ ਜਿਹੇ ਰੂਪ ਸ਼ੈਲੀ ਅਤੇ ਲੋਕ-ਕਾਵਿ ਰੂਪ ਦੀ ਵਰਤੋਂ ਕੇਵਲ ਅਰਜਨ ਦੇਵ ਜੀ ਨੇ ਹੀ ਕੀਤੀ ਹੈ।

ਗੁਰੂ ਅਰਜਨ ਦੇਵ ਦੁਆਰਾ ਪ੍ਰਯੁਕਤ ਛੰਦਾਂ ਦਾ ਅਧਿਐਨ ਵੀ ਇਹ ਗੱਲ ਸਿੱਧ ਕਰਦਾ ਹੈ ਕਿ ਆਪ ਦੀ ਬਾਣੀ ਵਿਚ ਲੋਕ- ਤੱਤ ਕਿੰਨੇ ਉਭਰ ਕੇ ਸਾਹਮਣੇ ਆਏ ਹਨ। ਦੋਹਰਾ, ਸ੍ਵਈਆ, ਚੌਪਈ, ਸਿਰਖੰਡੀ, ਸਵਯਾ, ਸੋਰਠਾ, ਨਿਸ਼ਾਨੀ, ਛੰਤ, ਝੂਲਣਾ ਆਦਿ ਅਨੇਕਾਂ ਲੋਕ- ਪ੍ਰਚਲਿਤ ਛੰਦ ਆਪ ਨੇ ਆਪਣੀਆਂ ਰਚਨਾਵਾਂ ਵਿਚ ਨਿਭਾਏ ਹਨ।

ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲੋਕ- ਬੋਲੀ ਦੇ ਅੰਸ਼ ਵੱਡੀ ਮਾਤਰਾ ਵਿਚ ਵਿਦਮਾਨ ਹਨ। ਭਾਸ਼ਾ ਵਿਗਿਆਨਕ ਤੇ ਵਿਆਕਰਣਕ ਅਧਿਐਨ ਦੁਆਰਾ ਇਹ ਗੱਲ ਭਲੀ ਪ੍ਰਕਾਰ ਸਿੱਧ ਹੋ ਜਾਂਦੀ ਹੈ ਕਿ ਆਪ ਦੁਆਰਾ ਪ੍ਰਯੁਕਤ ਸੁਰਾਂ, ਵਿਅੰਜਨਾਂ, ਕ੍ਰਿਆਵਾਂ ਤੇ ਵਿਭਕਤੀਆਂ ਆਦਿ ਵਿਚ ਤਤਸਮ ਤੇ ਤਦਭਵ ਰੂਪਾਂਤਰਣ ਦੇ ਜਿਹੜੇ ਨਿਯਮ ਅਪਣਾਏ ਗਏ ਹਨ, ਉਹ ਲੋਕ- ਨਿਯਮ ਹੀ ਸਨ।

ਆਪ ਨੇ ਉਸ ਸਮੇਂ ਦੇ ਵੱਖ ਵੱਖ ਸਰੋਤਾਂ-ਵਰਗਾਂ ਲਈ ਉਨ੍ਹਾਂ ਦੀ ਹੀ ਸਥਾਨਕ ਭਾਸ਼ਾ ਵਿਚ ਬਾਣੀ ਦੀ ਰਚਨਾ ਕੀਤੀ, ਜਿਸ ਤੋਂ ਸਿੱਧ ਹੁੰਦਾ ਹੈ ਕਿ ਇਹ ਬਾਣੀ ਹਰ ਵਰਗ

ਅਤੇ ਹਰ ਧਰਮ ਦੇ ਲੋਕਾਂ ਲਈ ਰਚੀ ਗਈ ਹੈ । ਪੰਜਾਬੀ, ਹਿੰਦੀ, ਸੰਸਕ੍ਰਿਤ ਤੋਂ ਛੁੱਟ ਲਹਿੰਦੀ, ਪੁਠੋਹਾਰੀ, ਸਿੰਧੀ, ਬ੍ਰਜ-ਭਾਸ਼ਾ, ਫ਼ਾਰਸੀ (ਰੇਖਤਾ) ਆਦਿ ਵਿਚ ਵੀ ਆਪ ਦੇ ਅਨੇਕ ਸ਼ਬਦ ਮਿਲਦੇ ਹਨ, ਜੋ ਆਪਣੀ ਬਾਣੀ ਵਿਚਲੇ ਲੋਕ- ਤੱਤ ਵੱਲ ਸੰਕੇਤ ਕਰਦੇ ਹਨ ।

ਗੁਰੂ ਅਰਜਨ ਦੇਵ ਨੇ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਲਈ ਲੋਕ-ਧਾਰਾ ਵਿਚ ਪ੍ਰਚਲਿਤ ਸ਼ੈਲੀਆਂ ਤੇ ਰੂਪ-ਵਿਧੀਆਂ ਨੂੰ ਅਪਣਾਇਆ ਹੈ। ਉਸ ਸਮੇਂ ਲੋਕ ਸਾਹਿਤ ਵਿਚ ਅਖਾਣਾਂ ਦਾ ਬੜਾ ਮਹੱਤਵ ਸੀ । ਗੁਰੂ ਅਰਜਨ ਦੇਵ ਦੀ ਬਾਣੀ ਵਿਚ ਸਾਨੂੰ ਅਨੇਕਾਂ ਅਜਿਹੀਆਂ ਤੁਕਾਂ ਅਤੇ ਸ਼ਬਦ ਮਿਲਦੇ ਹਨ ਜਿਨ੍ਹਾਂ ਵਿਚ ਆਪ ਨੇ ਸਾਧਾਰਨ ਜਿਹੀਆਂ ਪਰਮ- ਸਚਿਆਈਆਂ ਬਿਆਨ ਕਰਕੇ ਉਨ੍ਹਾਂ ਨੂੰ ਅਖਾਣ ਬਣਾ ਦਿੱਤਾ ਹੈ। ਸਿਰੀ ਰਾਗ, ਮਾਝ-ਰਾਗ, ਰਾਗ ਗਉੜੀ ਗੁਆਰੇਰੀ, ਰਾਗ ਗਉੜੀ ਅਤੇ ਸੁਖਮਨੀ ਆਦਿ ਬਾਣੀਆਂ ਵਿਚ ਅਖਾਣਾਂ ਦੀ ਸੁੰਦਰ ਛਟਾ ਦੇਖੀ ਅਤੇ ਮਾਣੀ ਜਾ ਸਕਦੀ ਹੈ ।

ਸਮੁੱਚੇ ਤੌਰ ਤੇ ਅਸੀਂ ਆਖ ਸਕਦੇ ਹਾਂ ਕਿ ਗੁਰੂ ਅਰਜਨ-ਬਾਣੀ ਵਿਚ ਲੋਕ-ਜੀਵਨ ਓਤ- ਪੋਤ ਹੈ ਅਤੇ ਇਸ ਵਿਚ ਲੋਕ-ਤੱਤਾਂ ਦੀ ਅਭਿਵਿਅਕਤੀ ਬੜੇ ਵਿਆਪਕ ਰੂਪ ਵਿਚ ਹੋਈ ਹੈ ।

***

## पुस्तक - सूची

•••

(ੲ) ਪੰਜਾਬੀ ਪੁਸਤਕਾਂ :

1- ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨੇ 1430.
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

2- ਸ਼ਬਦਾਰਥ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਚਾਰ ਭਾਗ)
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ । 1959

3- ਸ੍ਰੀ ਗੁਰੂ ਗ੍ਰੰਥ ਕੋਸ਼
ਖਾਲਸਾ ਟ੍ਰੈਕਟ ਸੋਸਾਇਟੀ, ਅੰਮ੍ਰਿਤਸਰ ।

4- ਗੁਰੂ ਅਰਜਨ ਜੀਵਨ ਤੇ ਰਚਨਾ,
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.

5- ਵੱਡੀ ਪੰਜਾਬੀ ਡਿਕਸ਼ਨਰੀ (ਸੰਪਾ. ਮਾਇਆ ਸਿੰਘ),
ਲਾਹੌਰ ਬੁਕ ਸ਼ਾਪ ਲੁਧਿਆਣਾ, ਮਿਤੀ ਹੀਨ ।

6- ਸੂਰੀ, ਜਗਤਾਰ ਸਿੰਘ, ਡਾ., ਵਿਦਵਾਨ
'ਗੁਰੂ ਅਰਜਨ ਦੇਵ ਤੇ ਸੰਤ ਤੁਲਸੀ ਦਾਸ ਵਿਚ ਤੁਲਨਾਤਮਿਕ ਅਧਿਐਨ', ਪੰਜਾਬੀ ਲੇਖਕ ਸਦਨ, ਚੰਡੀਗੜ੍ਹ, 1969.

7- ਸੂਰੀ, ਜਗਤਾਰ ਸਿੰਘ, ਡਾ.,
ਵਿਚਾਰ ਵਿਮਰਸ਼, ਜਵਾਹਰ ਸਿੰਘ ਪੁਸਤਕਾਂ ਵਾਲਾ, ਪ੍ਰੋਫੈਸਰ, ਅੰਮ੍ਰਿਤਸਰ, 1976.

8- ਸੂਰੀ, ਜਗਤਾਰ ਸਿੰਘ, ਡਾ.,
ਪੰਜਾਬੀ ਭਾਸ਼ਾ - ਵਿਗਿਆਨ, ਲਾਹੌਰ ਬੁਕ ਸ਼ਾਪ, ਲੁਧਿਆਣਾ, 1978.

9- ਸੰਤੋਖ ਸਿੰਘ
ਸੂਰਜ ਪ੍ਰਕਾਸ਼

10- ਸਾਹਿਬ ਸਿੰਘ ਪ੍ਰੋ.
ਗੁਰ ਦੇਵ ਧਾਰਮਕ ਲੇਖ, ਲਾਹੌਰ ਬੁਕ ਸ਼ਾਪ, ਲਾਹੌਰ, 1946.

11- ਸਾਹਿਬ ਸਿੰਘ ਪ੍ਰੋ.,
ਗੁਰਮਤ ਪ੍ਰਕਾਸ਼, ਕਾਲੇਜੀਏਟ ਬੁਕ ਡਿਪੋ, ਅੰਮ੍ਰਿਤਸਰ, 1947.

12- ਸਾਹਿਬ ਸਿੰਘ ਪ੍ਰੋ.
ਸੁਖਮਨੀ ਸਾਹਿਬ ਸਟੀਕ,

13- ਸਾਹਿਬ ਸਿੰਘ ਪ੍ਰੋ.,
ਗੁਰਬਾਣੀ ਵਿਆਕਰਣ, ਸਿੰਘ ਪ੍ਰੈਸ, ਕੋਰਟ ਰੋਡ, ਅੰਮ੍ਰਿਤਸਰ, 1951.

14- ਸ਼ੇਰ ਸਿੰਘ, ਡਾ.,
ਗੁਰਮਤ ਦਰਸ਼ਨ, ਅੰਮ੍ਰਿਤਸਰ, 1962

15- ਸ਼ੇਰ ਸਿੰਘ, ਡਾ.,
ਵਿਚਾਰ ਧਾਰਾ, ਲਾਹੌਰ ਬੁਕ ਸ਼ਾਪ, ਲੁਧਿਆਣਾ, 1951

16- ਸ਼ੇਰ ਸਿੰਘ, ਡਾ.,
[illegible] ਵਿਚਾਰਧਾਰਾ - -

17- ਸਾਵਣ ਸਿੰਘ (ਬਾਬਾ)
ਗੁਰਮਤ ਸਿਧਾਂਤ, ਰਾਧਾ ਸੁਆਮੀ ਸਤਿਸੰਗ, ਬਿਆਸ, ਸੰਸਕਰਣ ਪਹਿਲਾ, 1959.

18- ਅੰਗ੍ਰੇਜ਼ੀ ਟ੍ਰਾਂਸਲੇਸ਼ਨ, ਜਿਨਪਾਲ ਸਿੰਘ ਸੂਦ
ਸੰਤ- ਮਤ ਦਰਸ਼ਨ, ਰਾਧਾ ਸੁਆਮੀ ਸਤਿਸੰਗ, ਬਿਆਸ, 1980

[illegible]
19- ਜੌਹਰ, ਤਰਨ ਸਿੰਘ,
ਓ ਸਵਰਨ , ਨੈਸ਼ਨਲ ਬੁੱਕ ਸ਼ਾਪ ਪਿੰਡੋਆ, ਚਾਂਦਨੀ ਚੌਕ, ਦਿੱਲੀ, 1977.

20- ਕੋਹਲੀ, ਸੁਰਿੰਦਰ ਸਿੰਘ, ਡਾ.,
ਪੰਜਾਬੀ ਸਾਹਿਤ ਵਸਤੂ ਤੇ ਵਿਕਾਸ

21- ਕੋਹਲੀ, ਸੁਰਿੰਦਰ ਸਿੰਘ, ਡਾ., (ਸੰਪਾਦਕ),
ਪੰਜਾਬੀ ਸਾਹਿਤ ਕੋਸ਼ ਭਾਗ ਪਹਿਲਾ ਤੇ ਦੂਜਾ,
ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, [illegible]

22- ਕੋਹਲੀ, ਸੁਰਿੰਦਰ ਸਿੰਘ, ਡਾ.,
ਪੰਜਾਬੀ ਸਾਹਿਤ ਦਾ ਇਤਿਹਾਸ, ਲਾਹੌਰ ਬੁਕ [illegible], ਸ਼ਾਪ, ਲੁਧਿਆਣਾ, 1955.

23- ਕਾਨ੍ਹ ਸਿੰਘ ਨਾਭਾ, (ਭਾਈ),
ਗੁਰਮਤ ਪ੍ਰਭਾਕਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970

24- -
ਗੁਰਸ਼ਬਦ ਰਤਨਾਕਰ ਮਹਾਨਕੋਸ਼, ਉਹੀ, 1960

25 - ਗੁਰਮਤ ਸੁਧਾਕਰ, [illegible], 1970

26- -
ਗੁਰਸ਼ਬਦ ਅਲੰਕਾਰ [illegible]

27- - ਗੁਰ ਛੰਦ ਦਿਵਾਕਰ

28- ਕਰਮਜੀਤ ਸਿੰਘ,
ਗੁਰੂ ਅਰਜਨ ਬਾਣੀ ਵਿਚ ਸਰੋਦੀ ਅੰਸ਼,
ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1978.

29- ਜੋਧ ਸਿੰਘ, (ਭਾਈ),
ਗੁਰਮਤ ਨਿਰਣਯ, ਲਾਲ ਚੰਦ ਕਪੂਰ ਐਂਡ ਸਨਜ਼, ਲਾਹੌਰ, 1944

30- ਜੱਗੀ ਰਤਨ ਸਿੰਘ, ਡਾ., ਦਸਮ ਗ੍ਰੰਥ ਦਾ ਪੌਰਾਣਿਕ ਅਧਿਐਨ,
ਸਿੱਖ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ 1965

31- " ਵਿਚਾਰਧਾਰਾ, ਮਦਾਨ ਪਬਲਿਸ਼ਰਜ਼, ਪਟਿਆਲਾ, 1966.

32- ਤਾਰਨ ਸਿੰਘ, ਡਾ., ਗੁਰੂ ਨਾਨਕ ਚਿੰਤਨ ਤੇ ਕਲਾ,
ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ, 1963.

33- " ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1963.

34- " ਅਧਿਆਤਮਕ ਸਰੂਪ,
ਭਾਈ ਗੁਲਾਬ ਸਿੰਘ ਐਂਡ ਸਨਜ਼, ਅੰਮ੍ਰਿਤਸਰ, 1962

35- " ਭਗਤੀ ਤੇ ਸ਼ਕਤੀ,
ਭਾਈ ਗੁਲਾਬ ਸਿੰਘ ਐਂਡ,ਸਨਜ਼, ਅੰਮ੍ਰਿਤਸਰ, 1962

36- " ਨੇਮ ਤੇ ਪ੍ਰੇਮ,
ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1964.

37- " ਸਿਖ ਧਰਮ ਦੇ ਚਾਨਣ ਤੇ ਸਾਧਨ,
ਭਾਈ ਗੁਲਾਬ ਸਿੰਘ ਐਂਡ ਸਨਜ਼,ਅੰਮ੍ਰਿਤਸਰ, 1965.

38- ਤਾਲਿਬ, ਗੁਰਬਚਨ ਸਿੰਘ, ਗੁਰੂ ਨਾਨਕ ਸੰਬੰਧੀ ਤਿੰਨ ਖੋਜ- ਪੱਤਰ ।

39- ਤੇਜਾ ਸਿੰਘ ਪ੍ਰੋ. ਸਿੱਖ ਧਰਮ,
ਪ੍ਰਕਾਸ਼ ਪੁਸਤਕ ਮਾਲਾ, ਪਟਿਆਲਾ, 1952.

40- ਥਿੰਦ, ਕਰਨੈਲ ਸਿੰਘ, ਡਾ., ਲੋਕਯਾਨ ਦਾ ਪੰਜਾਬੀ ਸਾਹਿਤ ਤੇ ਪ੍ਰਭਾਵ, 1971

41- ਦਰਦੀ, ਗੋਪਾਲ ਸਿੰਘ, ਡਾ., ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ,
ਪੰਜਾਬੀ [illegible] ਅਕਾਦਮੀ, ਦਿੱਲੀ, 1958

42- ਦੀਵਾਨਾ, ਮੋਹਨ ਸਿੰਘ, ਡਾ., ਪੰਜਾਬੀ ਭਾਖਾ ਵਿਗਿਆਨ ਅਤੇ ਗੁਰਮਤਿ ਗਿਆਨ,
ਕਸਤੂਰੀ ਲਾਲ ਅੰਮ੍ਰਿਤਸਰ, 1952.

43- ਦੀਵਾਨਾ, ਮੋਹਨ ਸਿੰਘ, ਡਾ., ਪੰਜਾਬੀ ਭਾਖਾ ਤੇ ਛੰਦਾਬੰਦੀ, ਅੰਮ੍ਰਿਤਸਰ।

44- ਪ੍ਰਤਾਪ ਸਿੰਘ ਗਿਆਨੀ, ਗੁਰਮਤ ਫ਼ਿਲਾਸਫ਼ੀ, ਸਿੱਖ ਪਬਲਿਸ਼ਿੰਗ ਹਾਊਸ, ਅੰਮ੍ਰਿਤਸਰ

45- ਪਦਮ, ਪਿਆਰਾ ਸਿੰਘ, ਪੰਜਾਬੀ ਬੋਲੀ ਦਾ ਇਤਿਹਾਸ

46- " ਸ੍ਰੀ ਗੁਰੂ ਗ੍ਰੰਥ ਕੋਸ਼, ਪਟਿਆਲਾ, 1963.

47- " (ਸੰਪਾਦਕ) ਪੰਜਾਬੀ ਬਾਰਾਂਮਾਹੇ, ਕਲਗੀਧਰ ਸਾਹਿਤ ਭਵਨ, ਪਟਿਆਲਾ, 1959.

48- ਪ੍ਰੇਮ ਪ੍ਰਕਾਸ਼ ਸਿੰਘ, ਡਾ., ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ

49- ਬੇਦੀ, ਸੁਰਿੰਦਰ ਸਿੰਘ, ਡਾ., ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲੋਕ-ਤੱਤ, (ਪੈਂਫਲਿਟ)
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਜੁਲਾਈ 1977.

50- ਬੇਦੀ, ਸੋਹਿੰਦਰ ਸਿੰਘ, ਡਾ. ਲੋਕ ਆਖਦੇ ਹਨ, ਪੰਜਾਬੀ ਸਾਹਿਤ ਅਕਾਦਮੀ

51- " ਮੱਧਕਾਲੀਨ ਪੰਜਾਬੀ ਕਥਾ-ਰੂਪ ਤੇ ਪਰੰਪਰਾ,
ਪਰੰਪਰਾ ਪ੍ਰਕਾਸ਼ਨ, ਨਵੀਂ ਦਿੱਲੀ, 1977.

52- " ਗੁਰੂ ਨਾਨਕ ਤੇ ਲੋਕ ਪ੍ਰਵਾਹ,
ਨੈਸ਼ਨਲ ਬੁਕ ਸ਼ਾਪ, ਦਿੱਲੀ, 1971.

53- " ਲੋਕ-ਧਾਰਾ ਵਿਸ਼ਵ ਕੋਸ਼, (ਪ੍ਰਕਿਰਿਆ ਦੇ ਸਿਲਸਲੇ )

54- ਬੇਦੀ, ਤਾਰਨ ਸਿੰਘ, ਡਾ., ਗੁਰੂ ਨਾਨਕ ਕਾਵਿ ਕਲਾ, ਪੰਜਾਬੀ ਬੁਕ ਸਟੋਰ, ਦਿੱਲੀ

55- ਮੈਣੀ, ਧਰਮਪਾਲ ਡਾ., ਸ੍ਰੀ ਗੁਰੂ ਗ੍ਰੰਥ ਸਾਹਿਬ-ਇਕ ਪਰਿਚਯ,
ਲਾਹੌਰ ਬੁਕ ਸ਼ਾਪ, ਲੁਧਿਆਣਾ, 1962.

56- ਰਾਧਾ ਕ੍ਰਿਸ਼ਨਨ, ਡਾ., ਧਰਮ ਇਕ ਤੁਲਨਾਤਮਕ ਅਧਿਐਨ, ਲੋਕ ਸਾਹਿਤ ਪ੍ਰਕਾਸ਼ਨ,
ਅੰਮ੍ਰਿਤਸਰ, 1965.

57- ਲਾਲ ਸਿੰਘ ਗਿਆਨੀ, ਗੁਰਮਤ ਨਿਰਣੈ ਭੰਡਾਰ, ਭਾਗ ਦੂਜਾ, ਗੁਰਮਤ ਪ੍ਰੈਸ, ਅੰਮ੍ਰਿਤਸਰ, 1944

58- ਵੈਦੀ, ਕੇ. ਐਸ., ਜਾਦੂ ਤੇ ਮਨੋਵਿਗਿਆਨ, ਆਮਰੀ ਪ੍ਰਕਾਸ਼ਨ, ਸ਼ੇਰਾਂਵਾਲਾ ਗੇਟ, ਪਟਿਆਲਾ,
ਪਟਿਆਲਾ, 1973.

<u>ਪੰਜਾਬੀ ਰਿਸਾਲੇ (ਪਤਰ-ਪਤ੍ਰਿਕਾਵਾਂ)</u>

1- <u>ਪਰਖ - ਰੀਸਰਚ ਬੁਲਿਟਿਨ,</u> ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ।

ੳ) ਗੁਰੂ ਤੇਗ ਬਹਾਦਰ ਸਿਮਰਤੀ ਅੰਕ

ਅ) ਗੁਰੂ ਤੇਗ ਬਹਾਦਰ ਸਿਮਰਤੀ ਅੰਕ (ਭਾਗ ਦੂਜਾ) 1969.

2- <u>ਪੰਜਾਬੀ ਦੁਨੀਆਂ</u> - ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ।

ੳ) ਜੁਲਾਈ, 1952.

ਅ) ਜਨਵਰੀ, 1953.

ੲ) ਜੂਨ-ਜੁਲਾਈ, 1953, ਗੁਰੂ ਅਰਜਨ ਅੰਕ ।

3- <u>ਆਲੋਚਨਾ</u> - ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ ।

4- <u>ਗੁਰਮਤ ਪ੍ਰਕਾਸ਼</u> - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ।

•••

(ਖ) ਹਿੰਦੀ ਪੁਸਤਕਾਂ

1- ਜੈ ਰਾਮ ਮਿਸ਼ਰ, ਡਾ.
ਸ੍ਰੀ ਗੁਰੂ ਗ੍ਰੰਥ ਦਰਸ਼ਨ,
ਸਾਹਿਤ ਭਵਨ, ਇਲਾਹਾਬਾਦ, ਪਹਿਲਾ ਸੰਸਕਰਣ, 1960.

2- "
ਨਾਨਕ ਬਾਣੀ,
ਮਿਤ੍ਰ ਪ੍ਰਕਾਸ਼ਨ, ਇਲਾਹਾਬਾਦ, 2018 ਬਿ।

3- ਦ੍ਵਿਵੇਦੀ ਹਜ਼ਾਰੀ ਪ੍ਰਸਾਦ,
ਕਬੀਰ

4- "
ਨਾਥ ਸੰਪਰਦਾਇ,
ਹਿੰਦੁਸਤਾਨੀ ਅਕੈਡਮੀ, ਇਲਾਹਾਬਾਦ, 1950.

5- "
ਵਿਚਾਰ ਔਰ ਵਿਤਰਕ

6- "
ਮਧਕਾਲੀਨ ਧਰਮ ਸਾਧਨਾ

7- ਨਗੇਂਦਰ, ਡਾ.,
ਰਸ ਸਿਧਾਂਤ

8- ਰਵਿੰਦਰ ਭ੍ਰਮਰ,
ਹਿੰਦੀ ਭਕਤੀ ਸਾਹਿਤਯ ਮੇਂ ਲੋਕ-ਤਤ

9- ਸਤਿੰਦਰ ਡਾ.,
ਮਧ ਯੁਗੀਨ ਹਿੰਦੀ ਸਾਹਿਤਯ ਕਾ ਲੋਕ ਤਾਤਵਿਕ ਅਧਿਐਨ

10- ਸੁਰਿੰਦਰ ਸਿੰਘ,
ਆਦਿ ਗ੍ਰੰਥ ਮੇਂ ਪਰੰਪਰਾਗਤ ਤਤੋਂ ਕਾ ਅਧਿਐਨ,
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1968.

ਰਿਸਾਲੇ:

1- ਆਲੋਚਨਾ
2- ਹਿੰਦੀ ਸਾਹਿਤਯ ਸੰਮੇਲਨ ਪਤ੍ਰਿਕਾ, ਹਿੰਦੀ ਸਾਹਿਤ ਸੰਮੇਲਨ ਪ੍ਰਯਾਗ।
3- ਜਨਪਦ ।


***

[illegible]

1. A.F. Rudolph – A Comparative grammer of the Indian Languages.

1- A.C. Bouquet, Penguin, *Comparative Religion*, England

2- Avtar Singh, *Ethics of the Sikhs*, Panjabi University, Patiala, 1970.

3- B.N. Jha, *Modern Educational Psychology*

4- Bhattacharya, Hari Dass, (Editor) *The Cultural Heritage of India*, Vol. III 1953.

5- C.D. Lewis, *Poetic Image*

6- Duncan Greenlees, *The Gospels of the Guru Granth*, The Theosophical Publishing House, Adyar, Madras, 1962.

7- Ernest Trumpp, *Adi Granth*, H. Allen and Co. (London), 1877.

8- Gokal Chand Narang, *Transformation of Sikhism*, Gujrat Press, Karol Bagh, New Delhi, 1960.

9- Ganda Singh, Dr. *The Sikhs and Sikhism*, G.S. Press, Madrass.

10- Hardayal, *Hints for self culture*, Raj Kamal Publication Ltd, New Delhi.

11- James Hastings, *Encyclopaedia of Religion and Ethics*, Vols. III, VI, IX, XII, New York, 1917.

12- Jodh Singh Dr., *Some Studies in Sikhism*, Lahore Book Shop, Ludhiana, 1953.

13- J.C. Oman, *Mystics, Ascetics and Saints of India*

14- John Beams C.S., *Comparative Grammar of the Modern Arya Languages*, Vol. I.

15- Krappe, A.H. *The Science of Folklore*, Methuen & Co. Ltd. London, 1962.

16- Kohli, Surinder Singh (Dr), *A Critical Study of Adi Granth*, Panjabi Writers Cooperative Industrial Society Ltd., Karol Bagh, Delhi, 1961.

17- " " *Out Lines of Sikh Thoughts*, Panjabi Parkashak, Karol Bagh, New Delhi-5, 1966.

18- " " *Philosophy of Guru Nanak*

19. Khazan Singh — History & Philosophy of the Sikh Religion, Vol. I & II, Newal Kishore Press, Lahore, 1914.

20. M.A.Macauliffe, — The Sikh Religion, Vol.III 1909

21. Puran Singh, Prof. — The Ten Masters, Singh Brothers, Amritsar.

22. " " — The Message of Guru Arjan, Lahore Book Shop, Lahore, 1946.

23. Radhakrishnan S. — Hindu View of Life, London, 1948

24. " — Indian Philosophy, London, 1948.

25. " — Eastern Religion and Western Thought.

26. Sokolov, Y.M., — Russian Folklore, Macmillan & Co, New York.

27. Sher Singh (Dr) — Philosophy of Sikhism, Sikh University Press Lahore, 1944.

JOURNALS

1. Folklore, Indian Publication, Calcutta.

2. Folklore, University of London, London.

3. Journal of American Folklore, American Folklore Society, New York.

4. Southern Folklore Quarterly.

***